ਐਤਵਾਰ, 13 ਜੁਲਾਈ, 2025
29 ਹਾੜ੍ਹ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 42

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 13 JULY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

## ਹਾਦਸਾ ਕੰਪਨੀ ਦੀ ਥਾਂ ਪਾਇਲਟਾਂ ਸਿਰ ਮੜ੍ਹਨ ਦੀ ਕੋਸ਼ਿਸ਼

**ਨਵੀਂ ਦਿੱਲੀ** : ਅਹਿਮਦਾਬਾਦ ਵਿੱਚ ਏਅਰ ਇੰਡੀਆ ਦੇ ਹਾਦਸਗ੍ਰਸਤ ਹੋਏ ਜਹਾਜ਼ ਦੇ ਮਾਮਲੇ ਦੀ ਜਾਂਚ ਦੀ ਸ਼ੁਰੂਆਤੀ ਰਿਪੋਰਟ ਨੂੰ ਲੈ ਕੇ ਆਪੋਜ਼ੀਸ਼ਨ ਨੇ ਸਰਕਾਰ 'ਤੇ ਤਿੱਖਾ ਹਮਲਾ ਕੀਤਾ ਹੈ। ਤ੍ਰਿਣਮੂਲ ਕਾਂਗਰਸ ਦੇ ਸਾਂਸਦ ਸਾਕੇਤ ਗੋਖਲੇ ਨੇ ਜਾਂਚ ਰਿਪੋਰਟ ਜਾਰੀ ਹੋਣ ਦੀ ਟਾਈਮਿੰਗ ਨੂੰ ਲੈ ਕੇ ਕਿਹਾ ਹੈ ਕਿ ਜਿਵੇਂ ਕਿ ਮੋਦੀ ਸਰਕਾਰ ਕਰਦੀ ਹੈ, ਉਸੇ ਤਰ੍ਹਾਂ ਰਿਪੋਰਟ ਰਾਤ ਦੋ ਵਜੇ ਹਨੇਰੇ ਤੇ ਸੰਨਾਟੇ ਦਰਮਿਆਨ ਜਾਰੀ ਕੀਤੀ ਗਈ। ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ (ਏ ਏ ਆਈ ਬੀ) ਤੇ ਸਰਕਾਰ ਨੇ ਇੱਕ ਮਹੀਨਾ ਕੁਝ ਨਹੀਂ ਦੱਸਿਆ। ਅਮਰੀਕਾ, ਯੂ ਕੇ ਤੇ ਯੂਰਪੀ ਯੂਨੀਅਨ ਦੇ ਉਲਟ ਭਾਰਤ ਦਾ ਏਅਰ ਐਕਸੀਡੈਂਟ ਬਿਊਰੋ ਆਜ਼ਾਦ ਨਹੀਂ ਤੇ ਪੂਰੀ ਤਰ੍ਹਾਂ ਸਰਕਾਰ ਦੇ ਕੰਟਰੋਲ ਵਿੱਚ ਹੈ। ਕੁਦਰਤੀ ਹੈ ਕਿ ਇਹ ਸਰਕਾਰ ਦੀ ਨਾਕਾਮੀ ਵੱਲ ਧਿਆਨ ਨਹੀਂ ਦਿਵਾਏਗਾ, ਸਰਕਾਰ ਦੀ ਨਾਅਹਿਲੀ 'ਤੇ ਪਰਦਾ ਹੀ ਪਾਏਗਾ। ਰਾਜਦ ਦੇ ਸਾਂਸਦ ਮਨੋਜ ਝਾਅ ਨੇ ਕਿਹਾ ਕਿ ਮਾਮਲੇ ਵਿੱਚ ਬਹੁਤ ਵੱਡੀ ਜਹਾਜ਼ ਕੰਪਨੀ (ਬੋਇੰਗ) ਸ਼ਾਮਲ ਹੈ। ਅਸਲ ਵਿੱਚ ਬਹੁਤ ਵੱਡੀ ਰਕਮ ਸ਼ਾਮਲ ਹੈ। ਕੀ ਕੋਈ ਤਕਨੀਕੀ ਨੁਕਸ ਪਿਆ ਕਿ ਤੇਲ ਸਪਲਾਈ ਕਰਨ ਵਾਲਾ ਸਵਿੱਚ ਆਪ ਹੀ ਬੰਦ ਹੋ ਗਿਆ? ਕੌਣ ਪੁੱਛੇਗਾ? ਜਾਨਾਂ ਤਾਂ ਚਲੇ ਗਈਆਂ, ਸਰਕਾਰਾਂ ਧਨ-ਕੁਬੇਰਾਂ ਦੇ ਕੰਟਰੋਲ ਵਿੱਚ ਹਨ।

ਮੁਢਲੀ ਜਾਂਚ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜਹਾਜ਼ ਦੇ ਦੋਵੇਂ ਇੰਜਣਾਂ ਨੂੰ ਤੇਲ ਸਪਲਾਈ ਕਰਨ ਵਾਲੇ ਦੋਵੇਂ ਸਵਿੱਚ ਬੰਦ ਕਰ ਦਿੱਤੇ ਗਏ ਸਨ, ਜਿਸ ਤੋਂ ਬਾਅਦ ਪਾਇਲਟ ਉਲਝਣ ਵਿੱਚ ਪੈ ਗਏ ਅਤੇ ਹਾਦਸਾ ਵਾਪਰ ਗਿਆ। ਜਾਂਚ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇੱਕ ਪਾਇਲਟ ਨੇ ਦੂਜੇ ਨੂੰ ਪੁੱਛਿਆ ਕਿ ਉਸ ਨੇ ਤੇਲ ਸਵਿੱਚ ਕਿਉਂ ਬੰਦ ਕੀਤਾ, ਤਾਂ ਦੂਜੇ ਨੇ ਜਵਾਬ ਦਿੱਤਾ ਕਿ ਉਸ ਨੇ ਅਜਿਹਾ ਨਹੀਂ ਕੀਤਾ।

12 ਜੂਨ ਨੂੰ ਹੋਏ ਇਸ ਹਾਦਸੇ ਵਿੱਚ 260 ਲੋਕ ਮਾਰੇ ਗਏ ਸਨ ਅਤੇ ਜਹਾਜ਼ ਵਿਚ ਸਵਾਰ ਸਿਰਫ ਇੱਕ ਵਿਅਕਤੀ ਹੀ ਬਚ ਸਕਿਆ ਸੀ। ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ (ਏ ਏ ਆਈ ਬੀ) ਵੱਲੋਂ ਸਨਿੱਚਰਵਾਰ ਜਾਰੀ ਕੀਤੀ ਗਈ ਸ਼ੁਰੂਆਤੀ ਰਿਪੋਰਟ ਵਿੱਚ ਬੋਇੰਗ 787-8 ਜਹਾਜ਼ਾਂ ਦੇ ਸੰਚਾਲਕਾਂ ਲਈ ਫਿਲਹਾਲ ਕੋਈ ਕਾਰਵਾਈ ਦੀ ਸਿਫਾਰਸ਼ ਨਹੀਂ ਕੀਤੀ ਗਈ। ਜਿਸ ਸਮੇਂ ਜਹਾਜ਼ ਨੇ ਉਡਾਣ ਭਰੀ





ਪਾਇਲਟ ਸੁਮੀਤ ਸੱਭਰਵਾਲ (56) ਤੇ ਕੋ-ਪਾਇਲਟ ਕਲਾਈਵ ਕੁੰਡਰ (32)।

ਤਾਂ ਕੋ-ਪਾਇਲਟ ਜਹਾਜ਼ ਉਡਾ ਰਿਹਾ ਸੀ, ਜਦੋਂ ਕਿ ਕੈਪਟਨ ਨਿਗਰਾਨੀ ਕਰ ਰਿਹਾ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ, 'ਜਹਾਜ਼ ਨੇ ਲਗਭਗ 08:08:42 ਵਜੇ ਯੂ ਟੀ ਸੀ 'ਤੇ 180 ਨੌਟਸ ਆਈ ਏ ਐੱਸ ਦੀ ਵੱਧ ਤੋਂ ਵੱਧ ਰਿਕਾਰਡ ਕੀਤੀ ਏਅਰ ਸਪੀਡ ਪ੍ਰਾਪਤ ਕੀਤੀ ਅਤੇ ਇਸ ਤੋਂ ਤੁਰੰਤ ਬਾਅਦ ਇੰਜਣ-1 ਅਤੇ ਇੰਜਣ-2 ਦੇ ਫਿਊਲ ਕੱਟ ਆਫ ਸਵਿੱਚ 01 ਸਕਿੰਟ ਦੇ ਸਮੇਂ ਦੇ ਅੰਤਰ ਨਾਲ ਇੱਕ ਤੋਂ ਬਾਅਦ ਇੱਕ ਰਨ ਤੋਂ ਕੱਟ ਆਫ ਸਥਿਤੀ ਵਿੱਚ ਤਬਦੀਲ ਹੋ ਗਏ (ਭਾਵ ਬੰਦ ਹੋ ਗਏ)।'

ਰਿਪੋਰਟ ਅਨੁਸਾਰ ਜਿਵੇਂ ਹੀ ਇੰਜਣਾਂ ਨੂੰ ਈਂਧਣ ਦੀ ਸਪਲਾਈ ਬੰਦ ਕਰ ਦਿੱਤੀ ਗਈ ਤਾਂ ਇੰਜਣ ਐੱਨ 1 ਅਤੇ ਐੱਨ 2 ਆਪਣੇ ਟੇਕ ਆਫ ਤੋਂ ਥੱਲੇ ਆਉਣੇ ਸ਼ੁਰੂ ਹੋ ਗਏ। ਇਸ ਵਿੱਚ ਕਿਹਾ ਗਿਆ ਹੈ, 'ਕਾਕਪਿਟ ਵਾਇਸ ਰਿਕਾਰਡਿੰਗ ਵਿੱਚ ਇੱਕ ਪਾਇਲਟ ਨੂੰ ਦੂਜੇ ਨੂੰ ਇਹ ਪੁੱਛਦੇ ਸੁਣਿਆ ਗਿਆ ਕਿ ਉਸ ਨੇ ਕੱਟ ਆਫ ਕਿਉਂ ਕੀਤਾ। ਦੂਜੇ ਪਾਇਲਟ ਨੇ ਜਵਾਬ ਦਿੱਤਾ ਕਿ ਉਸ ਨੇ ਅਜਿਹਾ ਨਹੀਂ ਕੀਤਾ।'

ਜਹਾਜ਼ ਨੇ 08:08:39 ਯੂ ਟੀ ਸੀ (13:38:39 ਆਈ ਐੱਸ ਟੀ) 'ਤੇ ਟੇਕ ਆਫ ਕੀਤਾ ਅਤੇ ਲਗਭਗ 08:09:05 ਯੂ ਟੀ ਸੀ (13:39:05 ਆਈ ਐੱਸ ਟੀ) 'ਤੇ ਇੱਕ ਪਾਇਲਟ ਨੇ 'ਮੇਅਡੇ ਮੇਅਡੇ ਮੇਅਡੇ' ਪ੍ਰਸਾਰਤ ਕੀਤਾ। ਰਿਪੋਰਟ ਵਿੱਚ ਕਿਹਾ ਗਿਆ ਹੈ, 'ਏ ਟੀ ਸੀ ਓ (ਏਅਰ ਟਰੈਫਿਕ ਕੰਟਰੋਲਰ) ਨੇ ਕਾਲ ਸਾਈਨ ਬਾਰੇ ਪੁੱਛਗਿੱਛ ਕੀਤੀ। ਏ ਟੀ ਸੀ ਓ ਨੂੰ ਕੋਈ ਜਵਾਬ ਨਹੀਂ ਮਿਲਿਆ, ਪਰ ਉਸ ਨੇ ਜਹਾਜ਼ ਨੂੰ ਹਵਾਈ ਅੱਡੇ ਦੀ ਹੱਦ ਤੋਂ ਬਾਹਰ ਕਰੈਸ਼ ਹੁੰਦੇ ਦੇਖਿਆ ਅਤੇ ਐਮਰਜੈਂਸੀ ਪ੍ਰਤੀਕਿਰਿਆ ਨੂੰ ਸਰਗਰਮ ਕੀਤਾ।'

ਰਿਪੋਰਟ ਵਿੱਚ ਏ ਏ ਆਈ ਬੀ ਨੇ ਇਹ ਵੀ ਕਿਹਾ ਕਿ ਜਹਾਜ਼ ਨੂੰ ਰੀਫਿਊਲ ਕਰਨ ਲਈ ਵਰਤੇ ਗਏ ਬੋਅਸਰਾਂ ਅਤੇ ਟੈਂਕਾਂ ਤੋਂ ਲਏ ਗਏ ਈਂਧਣ ਦੇ ਨਮੂਨੇ ਡੀ ਜੀ ਸੀ ਏ (ਡਾਇਰੈਕਟੋਰੇਟ ਜਨਰਲ ਆਫ ਸਿਵਲ ਐਵੀਏਸ਼ਨ) ਲੈਬ ਵਿੱਚ ਟੈਸਟ ਕੀਤੇ ਗਏ ਸਨ ਅਤੇ ਤਸੱਲੀਬਖਸ਼ ਪਾਏ ਗਏ ਸਨ।

ਏ ਏ ਆਈ ਬੀ ਨੇ ਕਿਹਾ ਕਿ ਮਲਬੇ ਵਾਲੀ ਥਾਂ 'ਤੇ ਗਤੀਵਿਧੀਆਂ, ਜਿਸ ਵਿੱਚ ਡਰੋਨ ਫੋਟੋਗ੍ਰਾਫੀ/ ਵੀਡੀਓਗ੍ਰਾਫੀ ਸ਼ਾਮਲ ਹੈ, ਪੂਰੀਆਂ ਹੋ ਚੁੱਕੀਆਂ ਹਨ ਅਤੇ ਮਲਬਾ ਹਵਾਈ ਅੱਡੇ ਦੇ ਨੇੜੇ ਇੱਕ ਸੁਰੱਖਿਅਤ ਖੇਤਰ ਵਿੱਚ ਲਿਜਾਇਆ ਗਿਆ ਹੈ। ਇਸ ਵਿੱਚ ਕਿਹਾ ਗਿਆ ਹੈ, 'ਦੋਵੇਂ ਇੰਜਣ ਮਲਬੇ ਵਾਲੀ ਥਾਂ ਤੋਂ ਬਰਾਮਦ ਕੀਤੇ ਗਏ ਸਨ ਅਤੇ ਹਵਾਈ ਅੱਡੇ ਦੇ ਇੱਕ ਹੈਂਗਰ ਵਿੱਚ ਕੁਆਰੰਟੀਨ ਕੀਤੇ ਗਏ ਸਨ। ਅੱਗੇ ਦੀ ਜਾਂਚ ਲਈ ਮੁੱਖ ਹਿੱਸਿਆਂ ਦੀ ਪਛਾਣ ਕੀਤੀ ਗਈ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ, 'ਜਾਂਚ ਦੇ ਇਸ ਪੜਾਅ 'ਤੇ, ਬੀ 787-8 ਅਤੇ/ਜਾਂ ਜੀ ਈ ਜੀ ਐੱਨ ਐੱਕਸ-1ਬੀ ਇੰਜਣ ਸੰਚਾਲਕਾਂ ਅਤੇ ਨਿਰਮਾਤਾਵਾਂ ਲਈ ਕੋਈ ਸਿਫਾਰਸ਼ੀ ਕਾਰਵਾਈਆਂ ਨਹੀਂ ਹਨ।' ਕਰੈਸ਼ ਹੋਇਆ ਜਹਾਜ਼ ਜੀ ਐੱਨ ਐੱਕਸ-1ਬੀ ਇੰਜਣਾਂ ਨਾਲ ਸੰਚਾਲਤ ਸੀ। ਗਵਾਹਾਂ • ਬਾਕੀ ਸਫਾ 2 'ਤੇ

### ਪਾਇਲਟ ਐਸੋਸੀਏਸ਼ਨ ਨੇ ਚੁੱਕਿਆ ਸਵਾਲ

**ਨਵੀਂ ਦਿੱਲੀ** : ਅਹਿਮਦਾਬਾਦ ਜਹਾਜ਼ ਹਾਦਸੇ ਦੀ ਮੁਢਲੀ ਰਿਪੋਰਟ 'ਤੇ ਏਅਰਲਾਈਨ ਪਾਇਲਟ ਐਸੋਸੀਏਸ਼ਨ ਨੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਐਸੋਸੀਏਸ਼ਨ ਦੇ ਪ੍ਰਧਾਨ ਸੈਮ ਥਾਮਸ ਨੇ ਜਾਂਚ ਦੀ ਆਲੋਚਨਾ ਕਰਦਿਆਂ ਕਿਹਾ ਕਿ ਰਿਪੋਰਟ ਵਿੱਚ ਪਾਇਲਟਾਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਥਾਮਸ ਨੇ ਅੱਗੇ ਕਿਹਾ ਕਿ ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ ਨੇ ਪਾਇਲਟਾਂ ਨੂੰ ਹਨੇਰੇ ਵਿੱਚ ਰੱਖਦੇ ਹੋਏ ਮੀਡੀਆ ਨਾਲ ਮੁੱਢਲੀ ਰਿਪੋਰਟ ਸਾਂਝੀ ਕੀਤੀ ਹੈ। ਉਨ੍ਹਾ ਕਿਹਾ, 'ਅਸੀਂ ਇੱਕ ਵਾਰ ਫਿਰ ਇਨ੍ਹਾਂ ਜਾਂਚਾਂ ਵਿੱਚ ਬਣਾਏ ਗਏ ਭੇਦ ਤੋਂ ਹੈਰਾਨ ਹਾਂ।' ਉਨ੍ਹਾ 10 ਜੁਲਾਈ ਦੇ 'ਵਾਲ ਸਟਰੀਟ ਜਰਨਲ' ਦੇ ਇੱਕ ਲੇਖ ਦਾ ਵੀ ਹਵਾਲਾ ਦਿੱਤਾ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਇਹ ਹਾਦਸਾ ਇੰਜਣ ਫਿਊਲ ਕੰਟਰੋਲ ਸਵਿੱਚ ਦੀ ਅਣਜਾਣੇ ਵਿੱਚ ਹਰਕਤ ਕਾਰਨ ਹੋਇਆ ਸੀ। ਉਨ੍ਹਾ ਕਿਹਾ ਕਿ ਏਨੀ ਸੰਵੇਦਨਸ਼ੀਲ ਜਾਣਕਾਰੀ ਪ੍ਰੈੱਸ ਤੱਕ ਕਿਵੇਂ ਪਹੁੰਚੀ? ਉਨ੍ਹਾ ਕਿਹਾ, 'ਅਸੀਂ ਹੈਰਾਨ ਹਾਂ ਕਿ ਏਨਾ ਮਹੱਤਵਪੂਰਨ ਦਸਤਾਵੇਜ਼ ਮੀਡੀਆ ਨੂੰ ਕਿਸੇ ਵੀ ਜ਼ਿੰਮੇਵਾਰ ਵਿਅਕਤੀ ਦੇ ਦਸਤਖਤ ਤੋਂ ਬਿਨਾਂ ਜਾਰੀ ਕੀਤਾ ਗਿਆ। ਇਨ੍ਹਾਂ ਗੱਲਾਂ ਦੇ ਮੱਦੇਨਜ਼ਰ ਅਸੀਂ ਇੱਕ ਵਾਰ ਫਿਰ ਅਧਿਕਾਰੀਆਂ ਨੂੰ ਬੇਨਤੀ ਕਰਦੇ ਹਾਂ ਕਿ ਸਾਨੂੰ ਨਿਗਰਾਨਾਂ ਵਜੋਂ ਸ਼ਾਮਲ ਕੀਤਾ ਜਾਵੇ, ਤਾਂ ਜੋ ਜਾਂਚ ਵਿੱਚ ਪਾਰਦਰਸ਼ਤਾ ਬਣਾਈ ਰੱਖੀ ਜਾ ਸਕੇ।'

## ਪਾਣੀਆਂ ਦੀ ਰਾਖੀ ਤੇ ਲੈਂਡ ਪੂਲਿੰਗ ਵਿਰੁੱਧ ਕਿਸਾਨ ਸੰਘਰਸ਼ ਤਿੱਖਾ ਹੋਵੇਗਾ : ਕਿਸਾਨ ਸਭਾ

### ਸੰਦੀਪ ਅਰੋੜਾ 'ਤੇ ਪਾਇਆ ਝੂਠਾ ਕੇਸ ਵਾਪਸ ਲਿਆ ਜਾਵੇ : ਨਿਹਾਲਗੜ੍ਹ



**ਜਲੰਧਰ (ਗਿਆਨ ਸੈਦਪੁਰੀ)**

ਕੁੱਲ ਹਿੰਦ ਕਿਸਾਨ ਸਭਾ ਦੀ ਸੂਬਾ ਕੌਂਸਲ ਮੀਟਿੰਗ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਵਿਖੇ ਬਲਦੇਵ ਸਿੰਘ ਨਿਹਾਲਗੜ੍ਹ, ਮਹਾਂਬੀਰ ਸਿੰਘ ਗਿੱਲ ਤੇ ਸੂਰਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਜਾਰੀ ਕਰਦਿਆਂ ਜਨਰਲ ਸਕੱਤਰ ਬਲਕਰਨ ਸਿੰਘ ਬਰਾੜ ਤੇ ਪ੍ਰੈੱਸ ਸਕੱਤਰ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਫ਼ੈਸਲਾ ਕੀਤਾ ਗਿਆ ਹੈ ਕਿ ਰਿਪੇਰੀਅਨ ਸੰਧੀਆਂ ਦੇ ਅਧਾਰ 'ਤੇ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਸਾਂਝਾ ਸੰਘਰਸ਼ ਪੂਰਨ ਯੋਗਦਾਨ ਪਾਇਆ ਜਾਵੇਗਾ। ਸੂਬਾ ਕੌਂਸਲ ਦੀ ਸਮਝ ਹੈ ਕਿ ਮਾਨ ਸਰਕਾਰ 'ਤੇ ਸ਼ੱਕ ਹੈ ਕਿ ਇਹ ਪਾਣੀਆਂ ਦੀ ਰਾਖੀ ਲਈ ਸੰਜੀਦਾ ਨਹੀਂ, ਗੱਲਾਂ ਜੋ ਮਰਜ਼ੀ ਕਰੀ ਜਾਵੇ।ਇਸ ਕਰਕੇ ਪੰਜਾਬ ਦੇ ਸਮੁੱਚੇ ਲੋਕਾਂ ਨੂੰ ਪੰਜਾਬ ਨਾਲ ਹੋਣ ਜਾ ਰਹੇ ਧੱਕੇ ਵਿਰੁੱਧ ਡਟਣਾ ਪਵੇਗਾ। ਲੈਂਡ ਪੂਲਿੰਗ ਨੀਤੀ 'ਤੇ ਕਿਸਾਨ ਸਭਾ ਦੀ ਇਹ ਪੱਕੀ ਸਮਝ ਹੈ ਕਿ ਪੰਜਾਬ ਸਰਕਾਰ ਦਾ ਇਹ ਫੈਸਲਾ 2013 ਦੇ ਖੇਤੀ ਜ਼ਮੀਨ ਲੈਣ ਨੀਤੀ ਦੇ ਵਿਰੁੱਧ ਹੈ ਅਤੇ ਇਹ ਕਿਸਾਨ ਉਜਾੜੂ ਦਿੱਲੀ ਦੇ ਵਿਸ਼ੇਸ਼ ਸਰਮਾਏਦਾਰਾਂ ਨੂੰ ਲੁੱਟ ਦੀ ਖੁੱਲ੍ਹ ਦੇਣਾ ਹੈ। ਸ਼ਹਿਰੀ ਵਸੋਂ ਲਈ ਕੰਪਨੀਆਂ ਵੱਲੋਂ ਪਹਿਲਾਂ ਖ਼ਰੀਦੀ ਜ਼ਮੀਨ ਹੀ ਵੱਡੇ ਪੱਧਰ 'ਤੇ ਵਿਹਲੀ ਪਈ ਹੈ। ਕਿਸਾਨ ਸਭਾ ਨੇ ਇਹ ਵੀ ਮੰਗ ਕੀਤੀ ਕਿ ਵਾਹਗਾ ਅਤੇ ਹੁਸੈਨੀਵਾਲਾ ਬਾਰਡਰ ਰਾਹੀਂ ਹਿੰਦ-ਪਾਕਿ ਯੂਰਪੀ ਸੰਘ ਵਪਾਰ ਬਿਨਾਂ ਦੇਰ ਸ਼ੁਰੂ ਕਰਨਾ ਚਾਹੀਦਾ ਹੈ, ਜਿਸ ਨਾਲ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ ਤੇ ਵਪਾਰੀਆਂ ਨੂੰ ਬਹੁਤ ਫਾਇਦਾ ਹੁੰਦਾ ਹੈ। ਕਿਸਾਨ ਸਭਾ ਨੇ ਇਹ ਵੀ ਮੰਗ ਕੀਤੀ ਕਿ ਸੰਭਾਵਤ ਹੜ੍ਹਾਂ ਦੇ ਖ਼ਤਰੇ ਨੂੰ ਮੁੱਖ ਰੱਖਦਿਆਂ ਦਰਿਆ ਨੇੜੇ ਤੇ ਹੋਰ ਸੰਭਾਵਤ ਇਲਾਕਿਆਂ ਵਿੱਚ ਅਗਾਊਂ ਬਚਾਅ ਪ੍ਰਬੰਧ ਕੀਤੇ ਜਾਣ। ਸੰਯੁਕਤ ਕਿਸਾਨ ਮੋਰਚਾ ਵੱਲੋਂ ਉਲੀਕੇ ਸੰਘਰਸ਼ਾਂ ਪ੍ਰਤੀ ਪੂਰਨ ਸਹਿਮਤੀ ਜਿਤਾਉਂਦਿਆਂ ਫੈਸਲਾ ਕੀਤਾ ਕਿ ਹਰ ਐਕਸ਼ਨ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ ਜਾਵੇਗਾ। ਕਿਸਾਨ ਸਭਾ ਜਲੰਧਰ ਦੇ ਪ੍ਰਧਾਨ ਸੰਦੀਪ ਅਰੋੜਾ 'ਤੇ ਮਹਿਤਪੁਰ ਪੁਲਸ ਵੱਲੋਂ ਪਾਏ ਝੂਠੇ ਕੇਸ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਗਈ ਤੇ ਫ਼ੈਸਲਾ ਕੀਤਾ ਗਿਆ ਕਿ ਇਸ ਸੰਬੰਧੀ ਉਚ ਅਧਿਕਾਰੀਆਂ ਨੂੰ ਮਿਲਿਆ ਜਾਵੇਗਾ। ਜੇਕਰ ਮਸਲਾ ਹੱਲ ਨਾ ਹੋਇਆ ਤਾਂ ਕਿਸਾਨ ਸਭਾ ਸੰਘਰਸ਼ ਕਰੇਗੀ।ਪੰਜਾਬ ਦੀਆਂ ਮੰਡੀਆਂ ਵਿੱਚ ਰੁਲ ਰਹੀ ਮੱਕੀ ਤੇ ਸੂਰਜਮੁਖੀ ਦੀ ਫ਼ਸਲ ਵੱਲ ਸਰਕਾਰ ਦੀ ਬੇਧਿਆਨੀ ਦੀ ਨਿਖੇਧੀ ਕੀਤੀ ਗਈ। ਡੀ ਏ ਪੀ ਦੀ ਬਲੈਕ ਮਾਰਕੀਟ ਨਾਲ ਕਿਸਾਨਾਂ ਦੀ ਹੋ ਰਹੀ ਲੁੱਟ ਵੱਲ ਸਰਕਾਰ ਅੱਖਾਂ ਮੀਟੀ ਬੈਠੀ ਹੈ, ਇਸ ਕਰਕੇ ਸਰਕਾਰ ਕਿਸਾਨ ਵਿਰੋਧੀ ਸਾਬਤ ਹੋ ਰਹੀ ਹੈ।ਇਸ ਮੌਕੇ ਕਿਸਾਨ ਸਭਾ ਦੇ ਸੂਬਾਈ ਆਗੂ ਕੁਲਵੰਤ ਸਿੰਘ ਮੌਲਵੀਵਾਲਾ, ਲਖਬੀਰ ਸਿੰਘ ਨਿਜ਼ਾਮਪੁਰ, ਸੁਰਿੰਦਰ ਸਿੰਘ ਢੰਡੀਆਂ, ਚਮਕੌਰ ਸਿੰਘ, ਗੁਰਪ੍ਰੀਤ ਸਿੰਘ ਨੱਢਾ, ਮੁਕੰਦ ਸਿੰਘ, ਬਲਬੀਰ ਸਿੰਘ ਕੱਤੋਵਾਲ, ਗੁਰਦਿਆਲ ਸਿੰਘ ਭੰਗਲ, ਤਰਲੋਕ ਸਿੰਘ, ਬਰਿੱਜ ਲਾਲ, ਦਸੌਂਧਾ ਸਿੰਘ ਤੇ ਗੁਰਨਾਮ ਸਿੰਘ ਔਲਖ ਨੇ ਵੀ ਸੰਬੋਧਨ ਕੀਤਾ।

### 8 ਵੱਡੇ ਪੁਲਸ ਅਫਸਰਾਂ ਦੇ ਤਬਾਦਲੇ

**ਚੰਡੀਗੜ੍ਹ** : ਪੰਜਾਬ ਸਰਕਾਰ ਨੇ ਸਨਿੱਚਰਵਾਰ 8 ਆਈ ਪੀ ਐੱਸ ਅਧਿਕਾਰੀਆਂ ਦੇ ਤਬਾਦਲੇ ਕਰ ਦਿੱਤੇ। ਨੀਲਾਂਬਰੀ ਜਗਦਲੇ ਨੂੰ ਡੀ ਆਈ ਆਰ ਕਾਊਂਟਰ ਇੰਟੈਲੀਜੈਂਸ ਪੰਜਾਬ ਲਾਇਆ ਗਿਆ ਹੈ। ਕੁਲਦੀਪ ਸਿੰਘ ਚਹਿਲ ਨੂੰ ਡੀ ਆਈ ਜੀ ਤਕਨੀਕੀ ਸਰਵਿਸ ਪੰਜਾਬ ਦੇ ਨਾਲ ਡੀ ਆਈ ਜੀ ਪਟਿਆਲਾ ਰੇਂਜ ਦੀ ਵਾਧੂ ਜ਼ਿੰਮੇਵਾਰੀ ਦਿੱਤੀ ਗਈ ਹੈ। ਸਤਿੰਦਰ ਸਿੰਘ ਨੂੰ ਡੀ ਆਈ ਜੀ ਲੁਧਿਆਣਾ ਰੇਂਜ, ਡਾ. ਨਾਨਕ ਸਿੰਘ ਨੂੰ ਡੀ ਆਈ ਜੀ ਬਾਰਡਰ ਰੇਂਜ ਅੰਮ੍ਰਿਤਸਰ, ਗੁਰਮੀਤ ਸਿੰਘ ਚੌਹਾਨ ਨੂੰ ਡੀ ਆਈ ਜੀ ਐਂਟੀ ਗੈਂਗਸਟਰ ਟਾਸਕ ਫੋਰਸ ਪੰਜਾਬ ਲਾਇਆ ਗਿਆ ਹੈ। ਨਵੀਨ ਸੈਨੀ ਨੂੰ ਡੀ ਆਈ ਜੀ ਕਰਾਈਮ ਪੰਜਾਬ, ਧਰੁਵ ਦਹੀਆ ਨੂੰ ਏ ਆਈ ਜੀ ਕਾਊਂਟਰ ਇੰਟੈਲੀਜੈਂਸ ਪੰਜਾਬ ਅਤੇ ਡਾ. ਸੁਦਰਵਿਜ਼ੀ ਨੂੰ ਏ ਆਈ ਜੀ ਇੰਟਰਨਲ ਸਕਿਊਰਿਟੀ ਪੰਜਾਬ ਲਗਾਇਆ ਗਿਆ ਹੈ।

### ਮਾਨ ਦੀਆਂ ਟਿੱਪਣੀਆਂ ਗੈਰ-ਵਾਜਬ : ਸੈਣੀ

**ਚੰਡੀਗੜ੍ਹ** : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਦੇਸ਼ੀ ਦੌਰਿਆਂ ਬਾਰੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਾਲੀਆ ਟਿੱਪਣੀਆਂ ਨੂੰ ਗੈਰਵਾਜਬ ਅਤੇ ਜਮਹੂਰੀ ਕਦਰਾਂ-ਕੀਮਤਾਂ ਤੇ ਸੰਵਿਧਾਨਕ ਅਹੁਦਿਆਂ ਦੀ ਸ਼ਾਨ ਦਾ ਅਪਮਾਨ ਕਰਾਰ ਦਿੰਦਿਆਂ ਮਾਨ ਨੂੰ ਦੇਸ਼ ਤੋਂ ਮੁਆਫੀ ਮੰਗਣ ਲਈ ਕਿਹਾ ਹੈ। ਮਾਨ ਨੇ ਵੀਰਵਾਰ ਕਿਹਾ ਸੀ ਕਿ ਮੋਦੀ 10,000 ਦੀ ਆਬਾਦੀ ਵਾਲੇ ਕਿਸੇ ਦੇਸ਼ ਤੋਂ ਮਿਲੇ ਸਨਮਾਨ ਦਾ ਜਸ਼ਨ ਮਨਾ ਰਹੇ ਹਨ, ਜਦੋਂ ਕਿ 140 ਕਰੋੜ ਲੋਕਾਂ ਵਾਲੇ ਆਪਣੇ ਦੇਸ਼ ਦੇ ਜ਼ਰੂਰੀ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰ ਰਹੇ ਹਨ।

### ਇੰਸਪੈਕਟਰ ਗ੍ਰਿਫਤਾਰ



**ਗੁਰਦਾਸਪੁਰ** : ਸਿਟੀ ਪੁਲਸ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਪੁਲਸ ਸਾਂਝ ਕੇਂਦਰ ਦੀ ਇੰਚਾਰਜ ਇੰਸਪੈਕਟਰ ਇੰਦਰਬੀਰ ਕੌਰ ਨੂੰ ਗ੍ਰਿਫਤਾਰ ਕੀਤਾ ਹੈ। ਦੋਸ਼ ਹੈ ਕਿ ਉਹ ਕੇਂਦਰ ਵਿੱਚ ਤਾਇਨਾਤ ਕਰਮਚਾਰੀਆਂ ਤੋਂ ਡਿਊਟੀਆਂ ਸੌਂਪਣ ਦੇ ਬਦਲੇ ਪੈਸੇ ਮੰਗਦੀ ਸੀ। ਪੁਲਸ ਕਰਮਚਾਰੀ ਦੀ ਸ਼ਿਕਾਇਤ ਸਹੀ ਪਾਏ ਜਾਣ 'ਤੇ ਉਸ ਵਿਰੁੱਧ ਭ੍ਰਿਸ਼ਟਾਚਾਰ ਦਾ ਮਾਮਲਾ ਦਰਜ ਕੀਤਾ ਗਿਆ ਹੈ।

## ਭਾਰਤੀ ਕਾਨੂੰਨੀ ਪ੍ਰਣਾਲੀ ਨੂੰ ਠੀਕ ਕਰਨਾ ਜ਼ਰੂਰੀ : ਚੀਫ ਜਸਟਿਸ

### ਦਹਾਕਿਆਂਬੱਧੀ ਚੱਲਦੇ ਮੁਕੱਦਮਿਆਂ 'ਚ ਬੰਦੇ ਨਿਕਲਦੇ ਬੇਕਸੂਰ



**ਹੈਦਰਾਬਾਦ** : ਭਾਰਤ ਦੇ ਚੀਫ ਜਸਟਿਸ ਬੀ ਆਰ ਗਵਈ ਨੇ ਸਨਿੱਚਰਵਾਰ ਕਿਹਾ ਕਿ ਭਾਰਤੀ ਕਾਨੂੰਨੀ ਪ੍ਰਣਾਲੀ ਵਿਲੱਖਣ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ ਅਤੇ ਇਸ ਨੂੰ ਠੀਕ ਕਰਨਾ ਅੱਤ ਜ਼ਰੂਰੀ ਹੈ। ਨਲਸਰ ਯੂਨੀਵਰਸਿਟੀ ਆਫ ਲਾਅ ਹੈਦਰਾਬਾਦ ਵਿੱਚ ਕਨਵੋਕੇਸ਼ਨ ਭਾਸ਼ਣ ਦਿੰਦੇ ਹੋਏ ਜਸਟਿਸ ਗਵਈ ਨੇ ਵਿਦਿਆਰਥੀਆਂ ਨੂੰ ਮਾਪਿਆਂ 'ਤੇ ਦਬਾਅ ਪਾਉਣ ਦੀ ਬਜਾਏ ਸਕਾਲਰਸ਼ਿਪ 'ਤੇ ਪੜ੍ਹਾਈ ਲਈ ਵਿਦੇਸ਼ ਜਾਣ ਦੀ ਸਲਾਹ ਦਿੱਤੀ। ਉਨ੍ਹਾ ਕਿਹਾ, 'ਭਾਵੇਂ ਮੈਂ ਇਹ ਸਿੱਟਾ ਕੱਢਦਾ ਹਾਂ ਕਿ ਸਾਡੀ ਕਾਨੂੰਨੀ ਪ੍ਰਣਾਲੀ ਨੂੰ ਠੀਕ ਕਰਨ ਦੀ ਬਹੁਤ ਲੋੜ ਹੈ, ਮੈਂ ਆਸ਼ਾਵਾਦੀ ਹਾਂ ਕਿ ਮੇਰੇ ਸਾਥੀ ਨਾਗਰਿਕ ਚੁਣੌਤੀਆਂ ਦਾ ਸਾਹਮਣਾ ਕਰਨਗੇ।'

ਚੀਫ ਜਸਟਿਸ ਨੇ ਕਿਹਾ, 'ਸਾਡਾ ਦੇਸ਼ ਅਤੇ ਕਾਨੂੰਨੀ ਪ੍ਰਣਾਲੀ ਵਿਲੱਖਣ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਮੁਕੱਦਮਿਆਂ ਵਿੱਚ ਦੇਰੀ ਕਈ ਵਾਰ ਦਹਾਕਿਆਂ ਤੱਕ ਜਾ ਸਕਦੀ ਹੈ। ਅਸੀਂ ਅਜਿਹੇ ਮਾਮਲੇ ਦੇਖੇ ਹਨ, ਜਿੱਥੇ ਕੋਈ ਵਿਅਕਤੀ ਇੱਕ ਅੰਡਰ ਟਰਾਇਲ ਵਜੋਂ ਜੇਲ੍ਹ ਵਿੱਚ ਕਈ ਸਾਲ ਬਿਤਾਉਣ ਤੋਂ ਬਾਅਦ ਬੇਕਸੂਰ ਪਾਇਆ ਗਿਆ ਹੈ।

ਸਾਡੀ ਸਭ ਤੋਂ ਵਧੀਆ ਪ੍ਰਤਿਭਾ ਸਾਨੂੰ ਉਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਕਰ ਸਕਦੀ ਹੈ, ਜਿਨ੍ਹਾਂ ਦਾ ਅਸੀਂ ਸਾਹਮਣਾ ਕਰ ਰਹੇ ਹਾਂ।' ਇਸ ਮੌਕੇ ਜਸਟਿਸ ਗਵਈ ਨੇ ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਕਿ ਉਹ ਆਪਣੀ ਸ਼ਕਤੀ ਲਈ ਨਹੀਂ, ਸਗੋਂ ਇਮਾਨਦਾਰੀ ਲਈ ਸਲਾਹਕਾਰਾਂ ਦੀ ਭਾਲ ਕਰਨ।

ਮੁੱਖ ਮੰਤਰੀ ਏ ਰੇਵੰਤ ਰੈਡੀ ਅਤੇ ਸੁਪਰੀਮ ਕੋਰਟ ਦੇ ਜੱਜ ਜਸਟਿਸ ਪੀ ਐੱਸ ਨਰਸਿਮਹਾ ਨੇ ਵੀ ਕਨਵੋਕੇਸ਼ਨ ਵਿੱਚ ਹਿੱਸਾ ਲਿਆ, ਜਦੋਂ ਕਿ ਤਿਲੰਗਾਨਾ ਹਾਈ ਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਜਸਟਿਸ ਸੁਜੋਏ ਪਾਲ ਨੇ ਕਨਵੋਕੇਸ਼ਨ ਦੀ ਪ੍ਰਧਾਨਗੀ ਕੀਤੀ।

## ਕੌਮੀ ਝੰਡੇ ਦੀ ਪੱਖਪਾਤੀ ਵਰਤੋਂ ਖਿਲਾਫ ਸੁਣਵਾਈ ਭਲਕੇ

**ਨਵੀਂ ਦਿੱਲੀ** : ਕੇਂਦਰ ਅਤੇ ਚੋਣ ਕਮਿਸ਼ਨ ਨੂੰ ਪੱਖਪਾਤੀ ਜਾਂ ਧਾਰਮਕ ਉਦੇਸ਼ਾਂ ਲਈ ਕਿਸੇ ਵੀ ਸਿਆਸੀ ਪਾਰਟੀ ਜਾਂ ਧਾਰਮਕ ਸਮੂਹ ਨੂੰ ਕੌਮੀ ਝੰਡੇ ਦੀ ਵਰਤੋਂ ਕਰਨ ਤੋਂ ਰੋਕਣ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ ਦੇ ਨਿਰਦੇਸ਼ ਦੇਣ ਦੀ ਮੰਗ ਕਰਦੀ ਪਟੀਸ਼ਨ 'ਤੇ ਸੁਪਰੀਮ ਕੋਰਟ 14 ਜੁਲਾਈ ਨੂੰ ਸੁਣਵਾਈ ਕਰੇਗੀ। ਇਸ ਪਟੀਸ਼ਨ ਵਿੱਚ ਸੰਬੰਧਤ ਅਥਾਰਟੀਆਂ ਨੂੰ ਕੌਮੀ ਸਨਮਾਨ ਦੇ ਅਪਮਾਨ ਨੂੰ ਰੋਕਣ ਵਾਲੇ ਐਕਟ 1971 ਅਤੇ ਭਾਰਤ ਦੇ ਝੰਡਾ ਕੋਡ 2002 ਦੇ ਪ੍ਰਬੰਧਾਂ ਨੂੰ ਸਖਤੀ ਨਾਲ ਲਾਗੂ ਕਰਨ ਦੇ ਨਿਰਦੇਸ਼ ਦੇਣ ਦੀ ਵੀ ਮੰਗ ਕੀਤੀ ਗਈ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੌਮੀ ਝੰਡੇ ਨਾਲ ਪੂਰੇ ਸਤਿਕਾਰ ਨਾਲ ਪੇਸ਼ ਆਇਆ ਜਾਵੇ। ਪਟੀਸ਼ਨ 'ਤੇ ਚੀਫ ਜਸਟਿਸ ਬੀ ਆਰ ਗਵਈ, ਜਸਟਿਸ ਕੇ ਵਿਨੋਦ ਚੰਦਰਨ ਅਤੇ ਐੱਨ ਵੀ ਅੰਜਾਰੀਆ ਦੀ ਬੈਂਚ ਸੁਣਵਾਈ ਕਰੇਗੀ। ਪਟੀਸ਼ਨ ਵਿੱਚ ਕੀਤੀਆਂ ਗਈਆਂ ਬੇਨਤੀਆਂ ਵਿੱਚੋਂ ਇੱਕ ਵਿੱਚ ਕਿਹਾ ਗਿਆ ਹੈ, 'ਪ੍ਰਤੀਵਾਦੀਆਂ, ਖਾਸ ਕਰਕੇ ਭਾਰਤ ਸਰਕਾਰ ਅਤੇ ਭਾਰਤ ਦੇ ਚੋਣ ਕਮਿਸ਼ਨ ਨੂੰ ਇੱਕ ਢੁਕਵਾਂ ਰਿੱਟ, ਆਦੇਸ਼ ਜਾਂ ਨਿਰਦੇਸ਼ ਜਾਰੀ ਕੀਤਾ ਜਾਵੇ, ਤਾਂ ਜੋ ਕਿਸੇ ਵੀ ਸਿਆਸੀ ਪਾਰਟੀ ਜਾਂ ਧਾਰਮਕ ਸਮੂਹ ਨੂੰ ਪੱਖਪਾਤੀ ਜਾਂ ਧਾਰਮਕ ਉਦੇਸ਼ਾਂ ਲਈ ਰਾਸ਼ਟਰੀ ਝੰਡੇ ਦੀ ਵਰਤੋਂ ਕਰਨ ਤੋਂ ਰੋਕਣ ਲਈ ਤੁਰੰਤ ਅਤੇ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ, ਜਿਸ ਵਿੱਚ ਪਾਰਟੀ ਦੇ ਲੋਗੋ, ਧਾਰਮਕ ਚਿੰਨ੍ਹ ਜਾਂ ਲਿਖਤਾਂ ਨੂੰ ਰਾਸ਼ਟਰੀ ਝੰਡੇ 'ਤੇ ਲਗਾਉਣਾ ਸ਼ਾਮਲ ਹੈ।'

## ਟਰੰਪ ਨੇ ਮੈਕਸੀਕੋ ਤੋਂ ਦਰਾਮਦ ਚੀਜ਼ਾਂ 'ਤੇ 30 ਫੀਸਦੀ ਟੈਕਸ ਠੋਕਿਆ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਕਿ ਪਹਿਲੀ ਅਗਸਤ ਤੋਂ ਮੈਕਸੀਕੋ ਤੋਂ ਆਉਣ ਵਾਲੇ ਸਾਮਾਨ 'ਤੇ ਅਮਰੀਕਾ 30 ਫੀਸਦੀ ਟੈਕਸ ਲਾਵੇਗਾ। ਟਰੰਪ ਨੇ ਇਸ ਸੰਬੰਧੀ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਪੋਸਟ ਕਰ ਕੇ ਟੈਕਸ ਲਾਉਣ ਦੀ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਪਹਿਲਾਂ ਵੀ ਟਰੰਪ ਵੱਖ-ਵੱਖ ਦੇਸ਼ਾਂ 'ਤੇ ਟੈਕਸ ਲਾਉਣ ਦਾ ਐਲਾਨ ਕਰ ਚੁੱਕੇ ਹਨ। ਟਰੰਪ ਨੇ ਇਕ ਦਿਨ ਪਹਿਲਾਂ ਦੱਸਿਆ ਸੀ ਕਿ ਉਹ ਕੈਨੇਡੀਅਨ ਦਰਾਮਦ ਕੀਤੀਆਂ ਵਸਤਾਂ 'ਤੇ ਟੈਕਸ 35 ਫੀਸਦੀ ਤੱਕ ਵਧਾਉਣਗੇ। ਇਸ ਤੋਂ ਪਹਿਲਾਂ ਟਰੰਪ ਵੱਲੋਂ ਫਰਵਰੀ ਵਿੱਚ 25 ਫੀਸਦੀ ਟੈਕਸ ਐਲਾਨਿਆ ਗਿਆ ਸੀ।

ਟਰੰਪ ਨੇ ਚਾਰ ਦਿਨ ਪਹਿਲਾਂ ਜਾਪਾਨ ਅਤੇ ਦੱਖਣੀ ਕੋਰੀਆ ਤੋਂ ਦਰਾਮਦ ਹੋਣ ਵਾਲੀਆਂ ਵਸਤਾਂ 'ਤੇ 25 ਫੀਸਦੀ ਟੈਕਸ ਲਗਾਉਣ ਦੇ ਨਾਲ-ਨਾਲ ਇੱਕ ਦਰਜਨ ਹੋਰ ਮੁਲਕਾਂ 'ਤੇ ਨਵੀਆਂ ਟੈਕਸ ਦਰਾਂ ਲਗਾਉਣ ਦਾ ਐਲਾਨ ਕੀਤਾ ਸੀ, ਜੋ 1 ਅਗਸਤ ਤੋਂ ਅਮਲ ਵਿੱਚ ਆਉਣਗੀਆਂ। ਟਰੰਪ ਨੇ ਟਰੂਥ ਸੋਸ਼ਲ 'ਤੇ ਵੱਖ-ਵੱਖ ਮੁਲਕਾਂ ਦੇ ਆਗੂਆਂ ਨੂੰ ਸੰਬੋਧਤ ਪੱਤਰ ਪੋਸਟ ਕਰਕੇ ਨੋਟਿਸ ਦਿੱਤਾ ਸੀ।

## ਤਿੰਨ ਦਹਾਕਿਆਂ ਬਾਅਦ ਖਿੜੇ ਕਮਲ ਦੇ ਫੁੱਲ

**ਬਾਂਦੀਪੋਰਾ** : ਉੱਤਰੀ ਕਸ਼ਮੀਰ ਦੀ ਵੂਲਾਰ ਝੀਲ ਵਿੱਚ ਲੱਗਭੱਗ ਤਿੰਨ ਦਹਾਕਿਆਂ ਬਾਅਦ ਇੱਕ ਵਾਰ ਫਿਰ ਕਮਲ ਦੇ ਫੁੱਲ ਖਿੜੇ ਹਨ। ਇੱਥੇ 1992 ਵਿੱਚ ਵਿਨਾਸ਼ਕਾਰੀ ਹੜ੍ਹ ਆਏ ਸਨ, ਜਿਸ ਤੋਂ ਬਾਅਦ ਇਸ ਖੇਤਰ ਦਾ ਕਾਫੀ ਨੁਕਸਾਨ ਹੋਇਆ ਸੀ, ਪਰ ਇਸ ਖੇਤਰ ਨੂੰ ਵਾਤਾਵਰਨ ਪੱਖੀ, ਫਸਲਾਂ ਤੇ ਫੁੱਲਾਂ ਲਈ ਅਨੁਕੂਲ ਬਣਾਉਣ ਲਈ ਯਤਨ ਕੀਤੇ ਗਏ, ਜਿਸ ਦੇ ਨਤੀਜੇ ਵਜੋਂ ਤਿੰਨ ਦਹਾਕਿਆਂ ਬਾਅਦ ਕਮਲ ਖਿੜੇ ਹਨ।



ਇੱਥੋਂ ਦੇ ਨਿਵਾਸੀ ਅਬਦੁਲ ਹਮੀਦ ਨੇ ਦੱਸਿਆ ਕਿ ਗੁਲਾਬੀ ਕਮਲਾਂ ਦਾ ਖਿੜਨਾ ਨਾ ਸਿਰਫ ਵਾਤਾਵਰਨ ਲਈ, ਸਗੋਂ ਸਥਾਨਕ ਲੋਕਾਂ ਦੀ ਰੋਜ਼ੀ-ਰੋਟੀ ਲਈ ਵੀ ਮਹੱਤਵਪੂਰਨ ਹੈ। ਇਹ ਝੀਲ 200 ਵਰਗ ਕਿਲੋਮੀਟਰ ਦੇ ਖੇਤਰ ਵਿੱਚ ਫੈਲੀ ਹੋਈ ਹੈ। ਇਥੇ ਏਨੇ ਸਮੇਂ ਬਾਅਦ ਕਮਲ ਦੇ ਫੁੱਲ ਖਿੜਨਾ ਕਿਸੇ ਚਮਤਕਾਰ ਤੋਂ ਘੱਟ ਨਹੀਂ। ਜ਼ਿਕਰਯੋਗ ਹੈ ਕਿ ਇਹ ਝੀਲ ਏਸ਼ੀਆ ਦੀ ਦੂਜੀ ਸਭ ਤੋਂ ਵੱਡੀ ਤਾਜ਼ੇ ਪਾਣੀ ਦੀ ਝੀਲ ਹੈ। ਉਸ ਨੇ ਕਿਹਾ ਕਿ ਪਹਿਲਾਂ ਸਥਾਨਕ ਲੋਕਾਂ ਨੇ ਝੀਲ ਵਿੱਚ ਕਮਲ ਉਗਾਉਣ ਦੇ ਕਈ ਯਤਨ ਕੀਤੇ, ਪਰ ਸਭ ਵਿਅਰਥ ਗਏ।

ਹਮੀਦ ਨੇ ਕਿਹਾ ਕਿ ਕਸ਼ਮੀਰ ਘਾਟੀ ਵਿੱਚ 1992 ਵਿੱਚ ਵਿਨਾਸ਼ਕਾਰੀ ਹੜ੍ਹ ਆਇਆ ਸੀ, ਜਿਸ ਨੇ ਜੰਮੂ ਅਤੇ ਕਸ਼ਮੀਰ ਦੀ ਗਰਮੀਆਂ ਦੀ ਰਾਜਧਾਨੀ ਸ੍ਰੀਨਗਰ ਤੋਂ ਲਗਭਗ 70 ਕਿੱਲੋਮੀਟਰ ਦੂਰ ਸਥਿਤ ਵੂਲਾਰ ਝੀਲ ਦੇ ਈਕੋ ਸਿਸਟਮ ਨੂੰ ਨੁਕਸਾਨ ਪਹੁੰਚਾਇਆ ਸੀ। ਇਨ੍ਹਾਂ ਹੜ੍ਹਾਂ ਨੇ ਝੀਲ ਵਿੱਚ ਵੱਡੀ ਮਾਤਰਾ ਵਿੱਚ ਗਾਰਾ ਜਮ੍ਹਾਂ ਕਰ ਦਿੱਤਾ, ਜਿਸ ਕਾਰਨ ਕਮਲ ਉਗ ਨਾ ਸਕੇ। ਇਸ ਤੋਂ ਬਾਅਦ ਵੂਲਾਰ ਸੰਭਾਲ ਅਤੇ ਪ੍ਰਬੰਧਨ ਅਥਾਰਟੀ ਨੇ ਇਸ ਖੇਤਰ ਦੀ ਸੰਭਾਲ ਲਈ ਯਤਨ ਕੀਤੇ, ਜਿਸ ਦਾ ਨਤੀਜਾ ਸਭ ਦੇ ਸਾਹਮਣੇ ਹੈ।

### ਕਾਮਰੇਡ ਹਰਪਾਲ ਮਜਾਲੀਆਂ ਦੀ ਪੰਜਵੀਂ ਬਰਸੀ ਅੱਜ

**ਦੋਰਾਹਾ (ਹਰਮਿੰਦਰ ਸੇਠ)**

ਦੇਸ਼ ਦੀ ਏਕਤਾ, ਅਖੰਡਤਾ ਅਤੇ ਸਮਾਜਿਕ, ਆਰਥਿਕ ਨਿਆਂ ਦੀ ਰਾਖੀ ਲਈ ਸੰਘਰਸ਼ਸ਼ੀਲ ਰਹੇ ਕਾਮਰੇਡ ਹਰਪਾਲ ਸਿੰਘ ਮਜਾਲੀਆਂ ਦੀ ਪੰਜਵੀਂ ਬਰਸੀ ਮੌਕੇ ਯਾਦਗਾਰੀ ਸਮਾਗਮ 13 ਜੁਲਾਈ ਸਵੇਰੇ 10.30 ਵਜੇ ਹਿੰਦੂ ਧਰਮਸ਼ਾਲਾ, ਮੇਨ ਬਾਜ਼ਾਰ, ਦੋਰਾਹਾ (ਲੁਧਿਆਣਾ) ਵਿਖੇ ਕੀਤਾ ਜਾ ਰਿਹਾ ਹੈ।ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਦੇ ਸਕੱਤਰ ਡੀ ਪੀ ਮੌੜ ਨੇ ਦੱਸਿਆ ਕਿ ਸਮਾਗਮ ਵਿੱਚ ਬੰਤ ਸਿੰਘ ਬਰਾੜ, ਗੁਲਜ਼ਾਰ ਗੋਰੀਆ, ਰਮੇਸ਼ ਰਤਨ, ਡਾਕਟਰ ਅਰੁਣ ਮਿੱਤਰਾ, ਐੱਮ ਐੱਸ ਭਾਟੀਆ ਅਤੇ ਹੋਰ ਉਘੇ ਆਗੂ ਸ਼ਾਮਲ ਹੋਣਗੇ।

## ਅੱਜ-ਨਾਮਾ

ਰਾਜਨੀਤੀ ਵਿੱਚ ਆਉਂਦਾ ਜੇ ਕੋਈ ਬੰਦਾ,
ਦਾਅਵਾ ਸੇਵਾ ਦਾ ਜ਼ੋਰ ਨਾਲ ਕਰੀ ਜਾਂਦਾ।
ਥੋੜ੍ਹੇ ਦਿਨੀਂ ਜਦ ਚੋਣਾਂ ਦਾ ਸਮਾਂ ਆਉਂਦਾ,
ਬੱਸ ਇੱਕ ਟਿਕਟ ਦੇ ਵਾਸਤੇ ਮਰੀ ਜਾਂਦਾ।
ਜਿਹੜੇ ਲੀਡਰ ਦੀ ਥੋੜ੍ਹੀ ਵੀ ਪਹੁੰਚ ਹੋਵੇ,
ਉਸ ਦੇ ਪੈਰੀਂ ਉਹ ਸਿਰ ਜਾ ਧਰੀ ਜਾਂਦਾ।
ਬਾਂਹ ਫੜਨ ਦੀ ਜਿਹੜੇ ਕੋਈ ਹਾਂ ਕਹਿੰਦੇ,
ਹਾਜ਼ਰੀ ਉਨ੍ਹਾਂ ਦੀ ਰਾਤ ਦਿਨ ਭਰੀ ਜਾਂਦਾ।
ਤਦ ਵੀ ਟਿਕਟ ਜੇ ਮਿਲਣ ਤੋਂ ਰਹਿ ਜਾਂਦੀ,
ਮੁਸ਼ਕਲ ਬੜਾ ਫਿਰ ਢੱਕਣ ਮਲਾਲ ਮੀਆਂ।
ਜਿਹੜੇ ਲੀਡਰ ਦੇ ਪਰਸੇ ਸੀ ਪੈਰ ਪਹਿਲਾਂ,
ਕੱਢਦਾ ਉਹਨੂੰ ਹੈ ਲੱਖ-ਲੱਖ ਗਾਲ੍ਹ ਮੀਆਂ।

-ਤੀਸ ਮਾਰ ਖਾਂ

## ਅਮਰੀਕੀ ਅੰਬੈਸੀ ਵੱਲੋਂ ਵੀਜ਼ੇ ਰੱਦ ਕਰਨ ਦੀ ਚੇਤਾਵਨੀ

**ਨਵੀਂ ਦਿੱਲੀ** : ਭਾਰਤ ਵਿੱਚ ਸਥਿਤ ਅਮਰੀਕੀ ਅੰਬੈਸੀ ਨੇ ਅਮਰੀਕੀ ਵੀਜ਼ਾਧਾਰਕ ਭਾਰਤੀਆਂ ਨੂੰ ਤੈਅ ਇਮੀਗ੍ਰੇਸ਼ਨ ਨਿਯਮਾਂ ਦੀ ਸਖਤੀ ਨਾਲ ਪਾਲਣਾ ਕਰਨ ਦੀ ਚੇਤਾਵਨੀ ਦਿੱਤੀ ਹੈ। ਇਸ ਚੇਤਾਵਨੀ ਵਿਚ ਸਾਫ ਕਿਹਾ ਗਿਆ ਹੈ ਕਿ ਅਜਿਹਾ ਕਰਨ ਵਿੱਚ ਨਾਕਾਮ ਰਹਿਣ 'ਤੇ ਵੀਜ਼ਾ ਰੱਦ ਕਰ ਕੇ ਸੰਬੰਧਤ ਵਿਅਕਤੀ ਨੂੰ ਅਮਰੀਕਾ ਵਿੱਚੋਂ ਡਿਪੋਰਟ ਕੀਤਾ ਜਾ ਸਕਦਾ ਹੈ।

ਸੋਸ਼ਲ ਮੀਡੀਆ ਪਲੇਟਫਾਰਮ ਐੱਕਸ 'ਤੇ ਇੱਕ ਪੋਸਟ ਵਿੱਚ ਅੰਬੈਸੀ ਨੇ ਕਿਹਾ, 'ਵੀਜ਼ਾ ਜਾਰੀ ਹੋਣ ਤੋਂ ਬਾਅਦ ਵੀਜ਼ਾ ਸਕ੍ਰੀਨਿੰਗ ਬੰਦ ਨਹੀਂ ਹੁੰਦੀ। ਅਸੀਂ ਇਹ ਯਕੀਨੀ ਬਣਾਉਣ ਲਈ ਵੀਜ਼ਾਧਾਰਕਾਂ ਦੀ ਲਗਾਤਾਰ ਜਾਂਚ ਕਰਦੇ ਹਾਂ ਕਿ ਉਹ ਸਾਰੇ ਅਮਰੀਕੀ ਕਾਨੂੰਨਾਂ ਅਤੇ ਇਮੀਗ੍ਰੇਸ਼ਨ ਨਿਯਮਾਂ ਦੀ ਪਾਲਣਾ ਕਰਦੇ ਹਨ ਜਾਂ ਨਹੀਂ। ਜੇ ਉਹ ਅਜਿਹਾ ਨਹੀਂ ਕਰਦੇ ਤਾਂ ਅਸੀਂ ਉਨ੍ਹਾਂ ਦੇ ਵੀਜ਼ੇ ਰੱਦ ਕਰ ਦੇਵਾਂਗੇ ਅਤੇ ਉਨ੍ਹਾਂ ਨੂੰ ਦੇਸ਼ ਨਿਕਾਲਾ (ਡਿਪੋਰਟ) ਦੇ ਦੇਵਾਂਗੇ।'

ਇਸ ਤੋਂ ਪਹਿਲਾਂ ਅਮਰੀਕਾ ਨੇ ਇੱਕ ਸਲਾਹ ਜਾਰੀ ਕੀਤੀ ਸੀ, ਜਿਸ ਵਿੱਚ ਵੀਜ਼ਾ ਬਿਨੈਕਾਰਾਂ ਲਈ ਆਪਣੇ ਸੋਸ਼ਲ ਮੀਡੀਆ ਖਾਤਿਆਂ ਦੇ ਵੇਰਵੇ ਮੁਹੱਈਆ ਕਰਾਉਣੇ ਜ਼ਰੂਰੀ ਕੀਤੇ ਗਏ ਸਨ। ਇਸ ਦਾ ਮਕਸਦ ਇਨ੍ਹਾਂ ਖਾਤਿਆਂ ਦੀ ਅਮਰੀਕੀ ਕਾਨੂੰਨਾਂ ਦੇ ਉਲਟ ਕਿਸੇ ਵੀ ਸਮੱਗਰੀ ਜਾਂ ਵਿਚਾਰਾਂ ਲਈ ਇਨ੍ਹਾਂ ਦੀ ਪੜਤਾਲ ਕਰਨਾ ਹੈ।



ਉਧਰ ਅਮਰੀਕਾ ਦੇ ਸੰਘੀ ਇਮੀਗਰੇਸ਼ਨ ਅਧਿਕਾਰੀਆਂ ਨੇ ਕੈਲੀਫੋਰਨੀਆ ਵਿੱਚ ਭੰਗ (ਕੈਨਾਬਿਸ) ਦੇ ਦੋ ਖੇਤਾਂ 'ਤੇ ਛਾਪੇਮਾਰੀ ਕਰਦਿਆਂ ਲਗਭਗ 200 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ 'ਤੇ ਦੇਸ਼ ਵਿੱਚ ਗੈਰਕਾਨੂੰਨੀ ਢੰਗ ਨਾਲ ਰਹਿਣ ਦਾ ਸ਼ੱਕ ਹੈ। ਘਟਨਾ ਸਥਾਨ 'ਤੇ ਮੌਜੂਦ ਲੋਕਾਂ ਨੇ ਛਾਪੇਮਾਰੀ ਦਾ ਵਿਰੋਧ ਕੀਤਾ, ਜਿਸ ਕਾਰਨ ਕੁਝ ਦੇਰ ਲਈ ਹਾਲਾਤ ਤਣਾਅਪੂਰਨ ਹੋ ਗਏ। ਅੰਦਰੂਨੀ ਸੁਰੱਖਿਆ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਅਧਿਕਾਰੀਆਂ ਨੇ ਵੀਰਵਾਰ ਕੈਲੀਫੋਰਨੀਆ ਦੇ ਕਾਰਪਿਨਟੇਰੀਆ ਅਤੇ ਕੈਮਾਰੀਲੋ ਵਿੱਚ ਅਪਰਾਧਕ ਤਲਾਸ਼ੀ ਵਾਰੰਟ 'ਤੇ ਕਾਰਵਾਈ ਕੀਤੀ ਅਤੇ ਦੇਸ਼ ਵਿੱਚ ਗੈਰਕਾਨੂੰਨੀ ਢੰਗ ਨਾਲ ਰਹਿਣ ਦੇ ਸ਼ੱਕ ਵਿੱਚ ਕੁਝ ਪਰਵਾਸੀਆਂ ਨੂੰ ਗ੍ਰਿਫਤਾਰ ਕੀਤਾ। ਘਟਨਾ ਸਥਾਨ 'ਤੇ ਘੱਟੋ-ਘੱਟ 10 ਬੱਚੇ ਵੀ ਮੌਜੂਦ ਸਨ। ਮੰਤਰਾਲੇ ਨੇ ਕਿਹਾ ਕਿ ਚਾਰ ਅਮਰੀਕੀ ਨਾਗਰਿਕਾਂ ਨੂੰ ਅਧਿਕਾਰੀਆਂ 'ਤੇ ਹਮਲਾ ਕਰਨ ਜਾਂ ਉਨ੍ਹਾਂ ਦਾ ਵਿਰੋਧ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਛਾਪੇਮਾਰੀ ਦੌਰਾਨ ਕੈਮਾਰੀਲੋ ਸਥਿਤ ਗਲਾਸ ਹਾਊਸ ਫਾਰਮਜ਼ ਦੇ ਬਾਹਰ ਲੋਕਾਂ ਦੀ ਭੀੜ ਆਪਣੇ ਰਿਸ਼ਤੇਦਾਰਾਂ ਬਾਰੇ ਜਾਣਕਾਰੀ ਲੈਣ ਅਤੇ ਇਮੀਗ੍ਰੇਸ਼ਨ ਲਾਗੂ ਕਰਨ ਦਾ ਵਿਰੋਧ ਕਰਨ ਲਈ ਇਕੱਠੀ ਹੋ ਗਈ। ਕੈਲੀਫੋਰਨੀਆ ਦੀ ਲਾਇਸੈਂਸਸ਼ੁਦਾ ਭੰਗ ਉਤਪਾਦਕ ਕੰਪਨੀ 'ਗਲਾਸ ਹਾਊਸ' ਨੇ ਇੱਕ ਬਿਆਨ ਵਿੱਚ ਕਿਹਾ ਕਿ ਇਮੀਗ੍ਰੇਸ਼ਨ ਏਜੰਟਾਂ ਕੋਲ ਵਾਜਬ ਵਾਰੰਟ ਸਨ।

ਕੰਪਨੀ ਨੇ ਕਿਹਾ ਕਿ ਕਰਮਚਾਰੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ ਅਤੇ ਉਹ ਉਨ੍ਹਾਂ ਨੂੰ ਕਾਨੂੰਨੀ ਮਦਦ ਪ੍ਰਦਾਨ ਕਰਨ ਵਿੱਚ ਮਦਦ ਕਰ ਰਹੀ ਹੈ। ਇਸ ਫਾਰਮ ਵਿੱਚ ਟਮਾਟਰ ਅਤੇ ਖੀਰੇ ਵੀ ਉਗਾਏ ਜਾਂਦੇ ਹਨ। ਬਿਆਨ ਵਿੱਚ ਕਿਹਾ ਗਿਆ ਹੈ, 'ਗਲਾਸ ਹਾਊਸ ਨੇ ਕਦੇ ਵੀ ਜਾਣਬੁੱਝ ਕੇ ਨਿਯੁਕਤੀ ਪ੍ਰਥਾਵਾਂ ਦੀ ਉਲੰਘਣਾ ਨਹੀਂ ਕੀਤੀ ਅਤੇ ਨਾ ਹੀ ਕਦੇ ਨਾਬਾਲਗਾਂ ਨੂੰ ਨੌਕਰੀ 'ਤੇ ਰੱਖਿਆ ਹੈ।'

## ਜੋਸ਼ ਜੀ ਦੇ ਪੋਤਰੇ ਵੱਲੋਂ ਪਾਰਟੀ ਕਾਂਗਰਸ ਲਈ 25000 ਰੁਪਏ ਦਾ ਚੈੱਕ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**

ਭਾਰਤੀ ਕਮਿਊਨਿਸਟ ਪਾਰਟੀ ਦੀ ਨੈਸ਼ਨਲ ਕਾਂਗਰਸ, ਜੋ 21 ਸਤੰਬਰ ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿਖੇ ਹੋਣੀ ਹੈ, ਲਈ ਉੱਘੇ ਦੇਸ਼ ਭਗਤ, ਪ੍ਰਸਿੱਧ ਅਜ਼ਾਦੀ ਘੁਲਾਟੀਏ, ਪੰਜਾਬੀ ਪੱਤਰਕਾਰੀ ਦੇ ਪਿਤਾਮਾ ਅਤੇ ਕਮਿਊਨਿਸਟ ਪਾਰਟੀ ਦੇ ਬਾਨੀ ਕਾਮਰੇਡ ਸੋਹਨ ਸਿੰਘ ਜੋਸ਼ ਦੇ ਪੋਤਰੇ ਡਾਕਟਰ ਪਰਮਜੀਤ ਸਿੰਘ ਵੱਲੋਂ ਅੰਮ੍ਰਿਤਸਰ ਜ਼ਿਲ੍ਹਾ ਕਮਿਊਨਿਸਟ ਪਾਰਟੀ ਦੇ ਸਕੱਤਰ ਲਖਬੀਰ ਸਿੰਘ ਨਿਜ਼ਾਮਪੁਰਾ ਅਤੇ ਪਾਰਟੀ ਦੀ ਨੈਸ਼ਨਲ ਕੌਂਸਲ ਦੇ ਮੈਂਬਰ ਅਮਰਜੀਤ ਸਿੰਘ ਆਸਲ ਨੂੰ 25000 ਰੁਪਏ ਦਾ ਚੈੱਕ ਭੇਟ ਕੀਤਾ ਗਿਆ। ਡਾ. ਪਰਮਜੀਤ ਸਿੰਘ ਕਾਮਰੇਡ ਸੋਹਨ ਸਿੰਘ ਜੋਸ਼ ਦੇ ਛੋਟੇ ਬੇਟੇ ਦਵਿੰਦਰ ਸਿੰਘ ਦੇ ਸਪੁੱਤਰ ਹਨ, ਜੋ ਸਿਹਤ ਅਤੇ ਪਰਵਾਰ ਭਲਾਈ ਮਹਿਕਮੇ ਵਿੱਚ ਡਾਕਟਰੀ ਸੇਵਾਵਾਂ ਨਿਭਾ ਚੁੱਕੇ ਹਨ।



ਵਰਨਣਯੋਗ ਹੈ ਕਿ ਕਾਮਰੇਡ ਜੋਸ਼ ਉਹਨਾਂ ਕਮਿਊਨਿਸਟ ਆਗੂਆਂ ਵਿੱਚੋਂ ਇੱਕ ਸਨ, ਜਿਹਨਾਂ ਉਪਰ ਮੇਰਠ ਸਾਜ਼ਿਸ਼ ਕੇਸ ਚੱਲਿਆ ਅਤੇ ਲੰਮੀਆਂ ਸਜ਼ਾਵਾਂ ਭੁਗਤੀਆਂ। ਬਾਅਦ ਵਿੱਚ ਉਹ ਰਾਜਾਸਾਂਸੀ ਹਲਕੇ ਤੋਂ ਰਾਜਾਸਾਂਸੀ ਦੇ ਸਰਦਾਰ ਰਘਬੀਰ ਸਿੰਘ ਸੰਧਾਵਾਲੀਆ, ਜਿਨ੍ਹਾ ਨੂੰ ਅੰਗਰੇਜ਼ਾਂ ਦੀ ਹਮਾਇਤ ਪ੍ਰਾਪਤ ਸੀ, ਨੂੰ ਹਰਾ ਕੇ ਪੰਜਾਬ ਅਸੰਬਲੀ ਵਿੱਚ ਪਹੁੰਚੇ। ਉਸ ਸਮੇਂ ਉਹ ਇੱਕੋ-ਇੱਕ ਕਮਿਊਨਿਸਟ ਆਗੂ ਸਨ, ਜਿਹਨਾ ਕਮਿਊਨਿਸਟ ਪਾਰਟੀ ਦੀ ਟਿਕਟ 'ਤੇ ਚੋਣ ਲੜ ਕੇ ਜਿੱਤ ਪ੍ਰਾਪਤ ਕੀਤੀ।

13-JULY-PAGE-1.qxd 7/12/2025 10:53 PM Page 2



# ਖੇਤੀ ਵਿਭਿੰਨਤਾ ਤਹਿਤ ਲੰਡੇ ਰੋਡੇ ਦੇ ਕਿਸਾਨ ਨੇ ਸ਼ੁਰੂ ਕੀਤੀ ਸਬਜ਼ੀਆਂ ਦੀ ਕਾਸ਼ਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪ੍ਰਜਾ)**-ਪੰਜਾਬ ਸਰਕਾਰ ਵੱਲੋਂ ਕੁਦਰਤੀ ਸਰੋਤਾਂ ਨੂੰ ਬਚਾਉਣ ਲਈ ਚਲਾਏ ਜਾ ਰਹੇ ਕਾਰਜਾਂ ਤਹਿਤ ਸਥਾਨਕ ਜ਼ਿਲ੍ਹੇ ਦੇ ਪਿੰਡ ਲੰਡੇ ਰੋਡੇ ਵਿਖੇ ਡਾ: ਕਰਨਜੀਤ ਸਿੰਘ ਗਿੱਲ ਮੁੱਖ ਖੇਤੀਬਾੜੀ ਅਫ਼ਸਰ ਵੱਲੋਂ ਡਾ: ਗਗਨਦੀਪ ਸਿੰਘ ਮਾਨ ਡਿਪਟੀ ਪ੍ਰੋਜੈਕਟ ਡਾਇਰੈਕਟਰ (ਆਤਮਾ) ਮੁਕਤਸਰ ਸਾਹਿਬ ਨਾਲ ਅਗਾਂਹਵਧੂ ਕਿਸਾਨ ਸ੍ਰੀ ਪੂਰਨ ਸਿੰਘ ਤੇ ਉਨ੍ਹਾਂ ਦੇ ਪੁੱਤਰ ਬਲਜਿੰਦਰ ਸਿੰਘ ਦੇ ਖੇਤ ਦੀ ਵਿਜ਼ਿਟ ਕੀਤੀ ਗਈ, ਜਿਸ ਦੌਰਾਨ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਝੋਨੇ ਤੇ ਕਣਕ ਦੇ ਫ਼ਸਲੀ ਚੱਕਰ 'ਚੋਂ ਨਿਕਲ ਕੇ ਸਬਜ਼ੀਆਂ ਦੀ ਸਫ਼ਲ ਕਾਸ਼ਤ ਕਰਨ ਸਬੰਧੀ ਆਪਣਾ ਕੰਮ ਸ਼ੁਰੂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਉਹ ਘੱਟ ਜ਼ਹਿਰਾਂ ਤੇ ਖਾਦਾਂ ਨਾਲ ਨਰੋਈ ਪਾਣੀ ਵਰਤ ਕੇ ਗੁਣਵੱਤਾ ਭਰਪੂਰ ਸਬਜ਼ੀਆਂ ਦੀ ਕਾਸ਼ਤ ਕਰਨਗੇ ਤੇ ਆਪਣਾ ਇੱਕ ਵਿਸ਼ੇਸ਼ ਬ੍ਰਾਂਡ ਤਿਆਰ ਕਰਨਗੇ।ਉਨ੍ਹਾਂ ਦੱਸਿਆ ਕਿ ਉਹ ਆਪਣੀ ਕਾਸ਼ਤ ਕੀਤੀ ਸਬਜ਼ੀ ਦਾ ਮੰਡੀਕਰਨ ਆਪ ਕਰਨਗੇ ਤੇ ਖਪਤਕਾਰ ਦਾ ਵਿਸ਼ਵਾਸ ਬਰਕਰਾਰ ਰੱਖਣਗੇ।ਇਸ ਮੌਕੇ ਡਾ: ਗਿੱਲ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਇਸ ਸਮੇਂ ਸਾਡੇ ਮਹਿਕਮੇ ਵਿੱਚ ਸਵਾਂਕ ਤੇ ਬਾਜਰੇ ਦਾ ਉੱਨਤ ਬੀਜ ਘੱਟ ਰੇਟ 'ਤੇ ਆਇਆ ਹੋਇਆ ਹੈ, ਜਿਸ ਨੂੰ ਕਿਸਾਨ ਮੋਟੇ ਅਨਾਜ ਵਜੋਂ ਆਪਣੇ ਖੇਤਾਂ ਵਿੱਚ ਬੀਜਣ ਤੇ ਵੱਧ ਮੁਨਾਫ਼ਾ ਹਾਸਲ ਕਰਨ।ਉਨ੍ਹਾਂ ਕਿਹਾ ਕਿ ਹੋਰ ਕਿਸਾਨ ਵੀ ਪੂਰਨ ਸਿੰਘ ਦੀ ਤਰ੍ਹਾਂ ਆਪਣਾ ਫ਼ਸਲੀ ਚੱਕਰ ਘੱਟ ਪਾਣੀ ਲੈਣ ਵਾਲੀਆਂ ਫ਼ਸਲਾਂ, ਸਬਜ਼ੀਆਂ ਤੇ ਫ਼ਲਦਾਰ ਬੂਟਿਆਂ ਅਧੀਨ ਲਿਆਉਣ ਤਾਂ ਜੋ ਪਾਣੀ ਦੀ ਬਚਤ ਕਰ ਸਕੀਏ ਤੇ ਜ਼ਮੀਨ ਦੀ ਉਪਜਾਊ ਸ਼ਕਤੀ ਬਰਕਰਾਰ ਰੱਖ ਸਕੀਏ।

# ਮੋਗਾ ਪੁਲਸ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸੈਮੀਨਾਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਪੁਲਸ ਵੱਲੋਂ ਨਸ਼ਿਆਂ ਦੀ ਰੋਕਥਾਮ ਤੇ ਸਮਾਜ ਦੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਚਲਾਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਵਿਸ਼ੇਸ਼ ਸੈਮੀਨਾਰ ਸਕਾਈਰਿਗ ਪੈਲੇਸ ਮੋਗਾ ਵਿਖੇ ਕਰਵਾਇਆ ਗਿਆ। ਇਸ ਪ੍ਰੋਗਰਾਮ 'ਚ ਸ਼ਿਵ ਕੁਮਾਰ ਵਰਮਾ ਏ.ਡੀ.ਜੀ.ਪੀ. (ਇੰਟਰਨਲ ਸਕਿਉਰਿਟੀ) ਪੰਜਾਬ, ਅਸ਼ਵਨੀ ਕਪੂਰ ਡੀ.ਆਈ.ਜੀ. ਫਰੀਦਕੋਟ ਰੇਂਜ, ਐੱਸ.ਐੱਸ.ਪੀ. ਮੋਗਾ ਅਜੇ ਗਾਂਧੀ ਤੇ ਬਾਲ ਕ੍ਰਿਸ਼ਨ ਸਿੰਗਲਾ ਐੱਸ.ਪੀ. ਇਨਵੈਸਟੀਗੇਸ਼ਨ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਸੈਮੀਨਾਰ ਵਿੱਚ ਜ਼ਿਲ੍ਹਾ ਮੋਗਾ ਦੀਆਂ ਪੰਚਾਇਤਾਂ, ਮੋਹਤਬਰ ਵਿਅਕਤੀਆਂ ਤੇ ਹੋਰ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਭਾਗ ਲਿਆ।ਇਸ ਪ੍ਰੋਗਰਾਮ ਵਿੱਚ ਸ਼ਿਵ ਕੁਮਾਰ ਵਰਮਾ ਏ.ਡੀ.ਜੀ.ਪੀ. (ਇੰਟਰਨਲ ਸਕਿਉਰਿਟੀ) ਪੰਜਾਬ ਨੇ ਹਾਜ਼ਰ ਲੋਕਾਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਜਾਣੂੰ ਕਰਵਾਇਆ ਤੇ ਨਸ਼ਿਆਂ ਤੋਂ ਬਚਣ ਸਬੰਧੀ ਜਾਣਕਾਰੀ ਦਿੱਤੀ।ਉਨ੍ਹਾਂ ਪੰਜਾਬ ਪੁਲਸ ਵੱਲੋਂ ਨਸ਼ਿਆਂ ਦੀ ਰੋਕਥਾਮ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਜਾਣਕਾਰੀ ਦਿੱਤੀ ਤੇ ਆਮ ਪਬਲਿਕ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਸਬੰਧੀ ਕੋਈ ਵੀ ਜਾਣਕਾਰੀ ਸੇਫ ਪੰਜਾਬ ਹੈਲਪਲਾਈਨ ਨੰਬਰ 97791-00200 ਉੱਪਰ ਦੇ ਸਕਦੇ ਹਨ ਤੇ ਉਨ੍ਹਾਂ ਦੀ ਪਹਿਚਾਣ ਨੂੰ ਗੁਪਤ ਰੱਖਿਆ ਜਾਵੇਗਾ।ਮੋਗਾ ਪੁਲਸ ਨਸ਼ਿਆਂ ਸਬੰਧੀ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਲਈ ਦ੍ਰਿੜ੍ਹ ਹੈ।ਪੰਜਾਬ ਪੁਲਸ ਵੱਲੋਂ ਨਸ਼ਿਆਂ ਸਬੰਧੀ ਤੇ ਸਮਾਜ ਦੇ ਮਾੜੇ ਅਨਸਰਾਂ ਖਿਲਾਫ ਵਿੱਢੀ ਗਈ ਮੁਹਿੰਮ ਤਹਿਤ ਨਸ਼ਿਆਂ ਦੇ ਖ਼ਾਤਮੇ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।ਇਸ ਮੌਕੇ ਮੋਗਾ ਜ਼ਿਲ੍ਹਾ ਦੀਆਂ ਵੱਖ-ਵੱਖ ਪੰਚਾਇਤਾਂ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਨਸ਼ਿਆਂ ਵਿਰੁੱਧ ਪੰਚਾਇਤੀ ਮਤੇ ਵੀ ਏ.ਡੀ.ਜੀ.ਪੀ. ਕੋਲ ਪੇਸ਼ ਕੀਤੇ ਗਏ ਅਤੇ ਵਿਸ਼ਵਾਸ ਦਿਵਾਇਆ ਕਿ ਨਸ਼ੇ ਦੇ ਖ਼ਾਤਮੇ ਲਈ ਪੰਜਾਬ ਪੁਲਸ ਵਿਭਾਗ ਦੀ ਹਰ ਤਰ੍ਹਾਂ ਦੀ ਮਦਦ ਲਈ ਉਹ ਤਤਪਰ ਰਹਿਣਗੇ।ਸ਼ਿਵ ਕੁਮਾਰ ਨੇ ਵੀ ਪੰਚਾਇਤਾਂ ਦੇ ਉਕਤ ਕੰਮ ਦੀ ਸ਼ਲਾਘਾ ਕੀਤੀ।ਪੰਚਾਇਤਾਂ, ਮੋਹਤਬਰ ਪੁਰਸ਼ਾਂ ਤੇ ਹੋਰ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਨਸ਼ਿਆਂ ਖਿਲਾਫ ਪੰਜਾਬ ਪੁਲਸ ਦੀ ਕਾਰਵਾਈ ਦੀ ਵੀ ਸ਼ਲਾਘਾ ਕੀਤੀ।

# ਕਾਂਗਰਸ ਵੱਲੋਂ ਸਤਵੰਤ ਸਿੰਘ ਚੁਹਾਣਕੇ ਜ਼ੋਨ ਵਜੀਦਕੇ ਕਲਾਂ ਦਾ ਪ੍ਰਧਾਨ ਨਿਯੁਕਤ




**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਕਾਂਗਰਸ ਦੇ ਸੀਨੀ: ਆਗੂ, ਹਲਕਾ ਕੋਆਰਡੀਨੇਟਰ ਪ੍ਰਿਤਪਾਲ ਕੌਰ ਬਡਲਾ ਨੇ ਬਲਾਕ ਪ੍ਰਧਾਨ ਪਰਮਿੰਦਰ ਸਿੰਘ ਸ਼ੰਮੀ ਠੁੱਲੀਵਾਲ ਦੀ ਸਿਫਾਰਸ਼ 'ਤੇ ਨੌਜਵਾਨ ਆਗੂ ਸਤਵੰਤ ਸਿੰਘ ਚੁਹਾਣਕੇ ਖੁਰਦ ਨੂੰ ਕਾਂਗਰਸ ਪਾਰਟੀ ਜ਼ੋਨ ਵਜੀਦਕੇ ਕਲਾਂ ਦਾ ਪ੍ਰਧਾਨ ਨਿਯੁਕਤ ਕਰਕੇ ਹਲਕੇ ਦੇ ਆਗੂਆਂ ਦੀ ਹਾਜ਼ਰੀ 'ਚ ਨਿਯੁਕਤੀ ਪੱਤਰ ਭੇਟ ਕੀਤਾ।ਮੈਡਮ ਬਡਲਾ ਨੇ ਕਿਹਾ ਕਿ ਹਾਈ ਕਮਾਂਡ, ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਲਕੇ ਵਿੱਚ ਅੰਦਰ ਨਵੀਆਂ ਇਕਾਈਆਂ ਦਾ ਗਠਨ ਕੀਤਾ ਜਾ ਰਿਹਾ ਹੈ, ਤਾਂ ਜੋ ਜ਼ਮੀਨੀ ਪੱਧਰ 'ਤੇ ਜੁੜੇ ਵਰਕਰਾਂ ਨੂੰ ਅਹਿਮ ਜ਼ਿੰਮੇਵਾਰੀ ਸੌਂਪ ਕੇ ਮਾਣ ਸਨਮਾਨ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਵਰਕਰ ਹੀ ਪਾਰਟੀ ਦੀ ਅਸਲੀ ਤਾਕਤ ਹਨ, ਜਿਨ੍ਹਾਂ ਨੂੰ ਅਦਬ ਤੇ ਮਾਣ ਦੇਣਾ ਕਾਂਗਰਸ ਪਾਰਟੀ ਦੀ ਨੀਤੀ ਹੈ।ਨਵ-ਨਿਯੁਕਤ ਜ਼ੋਨ ਪ੍ਰਧਾਨ ਸਤਵੰਤ ਸਿੰਘ ਚੁਹਾਣਕੇ ਨੇ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ, ਮੈਡਮ ਪ੍ਰਿਤਪਾਲ ਕੌਰ ਬਡਲਾ ਤੇ ਬਲਾਕ ਪ੍ਰਧਾਨ ਸ਼ੰਮੀ ਠੁੱਲੀਵਾਲ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਲਗਨ, ਮਿਹਨਤ, ਇਮਾਨਦਾਰੀ ਨਾਲ ਨਿਭਾਉਣਗੇ।ਇਸ ਮੌਕੇ ਦਰਸ਼ਨ ਸਿੰਘ ਧਾਲੀਵਾਲ, ਡਾ: ਬਲਵੰਤ ਰਾਏ ਸ਼ਰਮਾ, ਰੇਸ਼ਮ ਸਿੰਘ ਦਾਰਾ, ਮਨਪ੍ਰੀਤ ਸਿੰਘ ਮਾਨ, ਜਗਤਾਰ ਸਿੰਘ ਪਿੰਦੂ, ਰਣਧੀਰ ਸਿੰਘ ਧਾਲੀਵਾਲ ਆਦਿ ਆਗੂਆਂ ਨੇ ਪ੍ਰਧਾਨ ਸਤਵੰਤ ਸਿੰਘ ਚੁਹਾਣਕੇ ਨੂੰ ਵਜੀਦਕੇ ਕਲਾਂ ਜ਼ੋਨ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੇ ਜਾਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਨਿਯੁਕਤੀ ਨਾਲ ਹਲਕੇ ਅੰਦਰ ਕਾਂਗਰਸ ਪਾਰਟੀ ਦਾ ਆਧਾਰ ਹੋਰ ਵਧੇਰੇ ਮਜ਼ਬੂਤ ਹੋਵੇਗਾ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਸਾਹਮਣੇ ਆ ਰਹੇ ਹਨ ਸਾਰਥਿਕ ਨਤੀਜੇ : ਐੱਸ ਐੱਸ ਪੀ



**ਬਠਿੰਡਾ (ਪਰਵਿੰਦਰਜੀਤ ਸਿੰਘ)**-ਪੰਜਾਬ 'ਚੋਂ ਨਸ਼ਿਆਂ ਦੇ ਕੋਹੜ ਨੂੰ ਮੁਕੰਮਲ ਤੌਰ 'ਤੇ ਖਤਮ ਕਰਨ ਲਈ ਵਿੱਢੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ ਲੈ ਕੇ ਪੂਰੀ ਤਰ੍ਹਾਂ ਗੰਭੀਰ ਹੈ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਜ਼ਿਲ੍ਹਾ ਪੁਲਸ ਮੁਖੀ ਮੈਡਮ ਅਮਨੀਤ ਕੌਂਡਲ ਨੇ ਸਥਾਨਕ ਲਾਰਡ ਰਾਮਾ ਸਕੂਲ ਵਿੱਚ ਵਿਦਿਆਰਥੀਆਂ ਨੂੰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕਰਵਾਏ ਗਏ ਸੈਮੀਨਾਰ ਦੌਰਾਨ ਸੰਬੋਧਨ ਕਰਦਿਆਂ ਕੀਤਾ।ਇਸ ਮੌਕੇ ਐੱਸ ਐੱਸ ਪੀ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਖਿਲਾਫ਼ ਲੜਾਈ ਲੜਨ ਦੀ ਸਹੁੰ ਵੀ ਚੁਕਾਈ।ਇਸ ਮੌਕੇ ਐੱਸ ਐੱਸ ਪੀ ਮੈਡਮ ਅਮਨੀਤ ਕੌਂਡਲ ਨੇ ਕਿਹਾ ਕਿ ਸਿਵਿਲ ਤੇ ਪੁਲਸ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ 'ਚ ਜ਼ਮੀਨੀ ਪੱਧਰ 'ਤੇ ਜਾ ਕੇ ਨਸ਼ੇ ਨੂੰ ਠੱਲ੍ਹ ਪਾਉਣ ਲਈ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ।ਇਸ ਦੌਰਾਨ ਐੱਸ ਐੱਸ ਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ ਦੇ ਸਾਰਥਿਕ ਨਤੀਜੇ ਸਾਹਮਣੇ ਆ ਰਹੇ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਯੋਗ ਅਗਵਾਈ ਵਾਲੀ ਸਰਕਾਰ ਦਾ ਇੱਕੋ-ਇੱਕ ਏਜੰਡਾ ਹੈ ਪੰਜਾਬ ਅੰਦਰੋਂ ਨਸ਼ੇ ਦੇ ਕੋਹੜ ਨੂੰ ਖਤਮ ਕਰਨਾ।ਇਸ ਮੌਕੇ ਐੱਸ ਐੱਸ ਪੀ ਨੇ ਵਿਦਿਅਰਥੀਆਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਸ਼ੁਰੂ ਕੀਤੀ ਇਸ ਮੁਹਿੰਮ ਦਾ ਪੂਰਨ ਸਹਿਯੋਗ ਦੇਣ ਤੇ ਨਸ਼ੇ ਵਰਗੀਆਂ ਮਾੜੀਆਂ ਅਲਾਮਤਾਂ ਤੋਂ ਦੂਰ ਰਹਿਣ।ਇਸ ਮੌਕੇ ਐੱਸ ਪੀ ਸਿਟੀ ਸ੍ਰੀ ਨਰਿੰਦਰ ਸਿੰਘ ਤੇ ਮੁੱਖ ਅਫਸਰ ਥਾਣਾ ਸਿਵਲ ਲਾਈਨ ਬਠਿੰਡਾ ਆਦਿ ਹਾਜ਼ਰ ਸਨ।

# ਪੈਰਾਡਾਈਜ਼ ਅਕੈਡਮੀ ਵਿਖੇ 'ਨਸ਼ਿਆਂ ਤੋਂ ਮੁਕਤੀ' ਵਿਸ਼ੇ 'ਤੇ ਸੈਮੀਨਾਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੈਰਾਡਾਈਜ਼ ਅਕੈਡਮੀ ਸੀਨੀਅਰ ਸੈਕੰਡਰੀ ਵਜੀਦਕੇ ਖੁਰਦ (ਹਮੀਦੀ-ਅਮਲਾ ਸਿੰਘ ਵਾਲਾ ਰੋਡ) ਵਿਖੇ ਪ੍ਰਿੰਸੀਪਲ ਜਸਵਿੰਦਰ ਸਿੰਘ ਚਹਿਲ ਅਗਵਾਈ ਹੇਠ 'ਨਸ਼ਿਆਂ ਤੋਂ ਮੁਕਤੀ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ।ਇਸ ਦੌਰਾਨ ਥਾਣਾ ਠੁੱਲੀਵਾਲ ਦੇ ਮੁੱਖ ਅਫ਼ਸਰ ਗੁਰਮੇਲ ਸਿੰਘ ਨੇ ਨੌਵੀਂ ਤੋਂ ਬਾਰਵੀਂ ਸ਼੍ਰੇਣੀ ਤੱਕ ਦੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਦਿਆਂ ਜ਼ਿੰਦਗੀ 'ਚ ਸਹੀ ਤਰੀਕੇ ਨਾਲ ਸਫਲਤਾ ਹਾਸਲ ਕਰਨ ਲਈ ਪੜ੍ਹਾਈ, ਖੇਡਾਂ, ਮਾਤਾ-ਪਿਤਾ ਤੇ ਦੇਸ਼ ਪ੍ਰੇਮ ਦੇ ਨਸ਼ੇ ਨੂੰ ਅਪਣਾਉਣ ਲਈ ਕਿਹਾ।ਪ੍ਰਬੰਧਕਾਂ ਵਿਸ਼ਾਲ ਕੁਮਾਰ ਵੱਲੋਂ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਵਾਉਣ ਲਈ ਇੰਸਪੈਕਟਰ ਗੁਰਮੇਲ ਸਿੰਘ ਦਾ ਧੰਨਵਾਦ ਕਰਦਿਆਂ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਕੋਹੜ ਤੋਂ ਬਚ ਕੇ ਵਿੱਦਿਆ, ਖੇਡਾਂ ਤੋਂ ਇਲਾਵਾ ਸਮਾਜ ਸੇਵਾ ਦੇ ਕੰਮਾਂ ਵਿੱਚ ਮੋਹਰੀ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ।ਇਸ ਸਕੂਲ ਦੀ ਮੈਨੇਜਮੈਂਟ ਕਮੇਟੀ ਸ੍ਰ. ਰਣਜੀਤ ਸਿੰਘ ਟੱਲੇਵਾਲ (ਰਿਟਾਇਰ ਮੁੱਖ ਅਧਿਆਪਕ) ਚੇਅਰਮੈਨ ਸੁਰਿੰਦਰ ਬਾਵਾ, ਡਾ. ਅਲੋਕ ਸਿੰਗਲਾ, ਸੰਜੀਵ ਬਾਂਸਲ, ਮੁਨੀਸ਼ ਸਿੰਗਲਾ, ਵਿਸ਼ਾਲ ਕੁਮਾਰ ਤੇ ਬਲਜਿੰਦਰ ਕੁਮਾਰ ਆਦਿ ਹਾਜ਼ਰ ਸਨ।

# ਮਨਰੇਗਾ ਮਜ਼ਦੂਰਾਂ ਵੱਲੋਂ ਬੀ ਡੀ ਪੀ ਓ ਦਫਤਰ ਮੂਹਰੇ ਰੋਸ ਪ੍ਰਦਰਸ਼ਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਗੰਗੋਹਰ (ਬਰਨਾਲਾ) ਦੇ ਮਨਰੇਗਾ ਮਜ਼ਦੂਰਾਂ ਵੱਲੋਂ ਹੱਕੀ ਮੰਗਾਂ ਨੂੰ ਲੈ ਕੇ ਬੀ ਡੀ ਪੀ ਓ ਦਫ਼ਤਰ ਮਹਿਲ ਕਲਾਂ ਮੂਹਰੇ ਰੋਸ ਪ੍ਰਦਰਸ਼ਨ ਕੀਤਾ ਗਿਆ।ਪੀੜਤ ਮਜ਼ਦੂਰਾਂ ਨੇ ਕਿਹਾ ਕਿ ਪਿੰਡ ਗੰਗੋਹਰ ਵਿੱਚ ਛੱਪੜ ਦੀ ਸੁਧਾਰ ਸਕੀਮ ਲਈ ਬਣੇ ਐਸਟੀਮੇਟ ਤਹਿਤ ਕੰਮ ਕਰਵਾਉਣ ਦੀ ਬਜਾਏ ਮਜ਼ਦੂਰਾਂ ਤੋਂ ਗੰਦੇ ਪਾਣੀ ਵਾਲੀਆਂ ਨਾਲੀਆਂ ਸਾਫ ਕਰਵਾਈਆਂ ਜਾ ਰਹੀਆਂ ਹਨ।ਇਸ ਮੌਕੇ ਮਜ਼ਦੂਰ ਆਗੂਆਂ ਖੁਸ਼ੀਆ ਸਿੰਘ, ਕੌਰ ਸਿੰਘ ਕਲਾਲ ਮਾਜਰਾ, ਸਮਾਜ ਸੇਵੀ ਭਾਨ ਸਿੰਘ ਜੱਸੀ, ਅਮਰਜੀਤ ਕੁੱਕੂ ਨੇ ਕਿਹਾ ਕਿ ਇਹ ਮਜ਼ਦੂਰਾਂ ਨਾਲ ਸਰੇਆਮ ਧੱਕਾ ਹੈ। ਇਸ ਦੇ ਨਾਲ ਹੀ ਬਾਹਰਲੇ ਪਿੰਡ ਤੋਂ ਮੇਟ ਲਾ ਕੇ ਪਿੰਡ ਦੇ ਮਜ਼ਦੂਰਾਂ ਤੋਂ ਕੰਮ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਸਪੱਸ਼ਟ ਕਿਹਾ ਕਿ ਮਨਰੇਗਾ ਮਜ਼ਦੂਰਾਂ ਨਾਲ ਇਸ ਧੱਕੇਸ਼ਾਹੀ ਨੂੰ ਕਿਸੇ ਵੀ ਸੂਰਤ 'ਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਬੀ ਡੀ ਪੀ ਓ ਸੁਖਜਿੰਦਰ ਸਿੰਘ ਨੇ ਆਗੂਆਂ ਨਾਲ ਮਜ਼ਦੂਰਾਂ ਦੀਆਂ ਸਮੱਸਿਆਵਾਂ 'ਤੇ ਵਿਚਾਰ-ਵਟਾਂਦਰਾ ਕਰਦਿਆਂ ਯਕੀਨ ਦਿਵਾਇਆ ਕਿ ਮਨਰੇਗਾ ਮਜ਼ਦੂਰਾਂ ਤੋਂ ਨਾਲੀਆਂ ਦੀ ਸਫਾਈ ਦੀ ਥਾਂ ਛੱਪੜ ਦੇ ਬਣੇ ਐਸਟੀਮੇਟ ਅਨੁਸਾਰ ਹੀ ਕੰਮ ਲਿਆ ਜਾਵੇਗਾ ਅਤੇ ਬਾਹਰਲੇ ਮੇਟ ਦੀ ਬਜਾਏ ਪਿੰਡ ਦੇ ਹੀ ਕਿਸੇ ਯੋਗ ਵਿਅਕਤੀ ਨੂੰ ਮੇਟ ਰੱਖਿਆ ਜਾਵੇਗਾ।ਇਸ ਤੋਂ ਇਲਾਵਾ ਹੋਰ ਸਮੱਸਿਆਵਾਂ ਨੂੰ ਵੀ ਤੁਰੰਤ ਹੱਲ ਕਰਨ ਲਈ ਮਨਰੇਗਾ ਸੈੱਲ ਨੂੰ ਹਦਾਇਤਾਂ ਜਾਰੀ ਕੀਤੀਆਂ।ਇਸ ਮੌਕੇ ਮਜ਼ਦੂਰ ਆਗੂਆਂ ਨੇ ਸਪੱਸ਼ਟ ਕਿਹਾ ਕਿ ਜੇਕਰ ਮਨਰੇਗਾ ਕਾਮਿਆਂ ਦੀਆਂ ਹੱਕੀ ਮੰਗਾਂ ਨਾ ਮੰਨੀਆਂ ਗਈਆਂ ਤਾਂ ਅਗਲੇ ਦਿਨਾਂ ਵਿੱਚ ਇਲਾਕੇ ਦੇ ਮਜ਼ਦੂਰਾਂ ਨੂੰ ਨਾਲ ਲੈ ਕੇ ਤਿੱਖੇ ਸੰਘਰਸ਼ ਦਾ ਬਿਗੁਲ ਵਜਾਇਆ ਜਾਵੇਗਾ।

# ਬਰਸਾਤੀ ਪਾਣੀ ਦੀ ਨਿਕਾਸੀ ਲਈ ਨਗਰ ਕੌਂਸਲ ਦੀਆਂ ਟੀਮਾਂ ਲਗਾਤਾਰ ਕਾਰਜਸ਼ੀਲ : ਕਾਰਜ ਸਾਧਕ ਅ.ਫਸਰ

## ਵੀਰ ਨਗਰ, ਓਵਰ ਬਰਿੱਜ, ਅੰਡਰ ਬਰਿੱਜ, ਤਿੰਨ ਕੋਨੀ ਤੇ ਠੂਠਿਆਂਵਾਲੀ ਰੋਡ 'ਤੇ ਲਿਫਟ ਪੰਪ ਲਗਾ ਕੇ ਕੱਢਿਆ ਜਾ ਰਿਹੈ ਪਾਣੀ



**ਮਾਨਸਾ (ਆਤਮਾ ਸਿੰਘ ਪਮਾਰ)**-ਪਿਛਲੇ ਦਿਨਾਂ ਦੌਰਾਨ ਹੋ ਰਹੀ ਭਾਰੀ ਬਾਰਿਸ਼ ਦੇ ਮੱਦੇਨਜ਼ਰ ਸ਼ਹਿਰ ਅੰਦਰ ਜਮ੍ਹਾਂ ਹੋਏ ਬਰਸਾਤੀ ਪਾਣੀ ਦੀ ਨਿਕਾਸੀ ਲਈ ਨਗਰ ਕੌਂਸਲ ਮਾਨਸਾ ਦੀਆਂ ਟੀਮਾਂ ਲਗਾਤਾਰ ਕਾਰਜਸ਼ੀਲ ਹਨ। ਪਾਣੀ ਦੀ ਨਿਕਾਸੀ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਇਹ ਜਾਣਕਾਰੀ ਦਿੰਦਿਆਂ ਕਾਰਜ ਸਾਧਕ ਅਫ਼ਸਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਜ਼ਿਆਦਾ ਬਰਸਾਤ ਹੋਣ ਕਾਰਨ ਸ਼ਹਿਰ ਅੰਦਰ ਮੀਂਹ ਦਾ ਪਾਣੀ ਜਮ੍ਹਾਂ ਹੋਇਆ ਹੈ, ਜਿਸ ਲਈ ਵੱਧ ਪਾਣੀ ਵਾਲੇ ਇਲਾਕਿਆਂ 'ਤੇ ਨਜ਼ਰਸਾਨੀ ਕੀਤੀ ਜਾ ਰਹੀ ਹੈ ਤੇ ਹਰ ਤਰ੍ਹਾਂ ਨਾਲ ਢੁਕਵੇਂ ਪ੍ਰਬੰਧ ਅਮਲ 'ਚ ਲਿਆਂਦੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਮਾਨਸਾ ਦੇ ਵੀਰ ਨਗਰ, ਖੋਖਰ ਰੋਡ ਨੇੜੇ ਓਵਰ ਬਰਿੱਜ, ਤਿੰਨ ਕੋਨੀ ਤੇ ਅੰਡਰ ਬਰਿੱਜ 'ਤੇ ਜਮ੍ਹਾ ਹੋਇਆ ਪਾਣੀ ਲਿਫਟ ਪੰਪਾਂ ਦੀ ਮਦਦ ਨਾਲ ਕੱਢਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਠੂਠਿਆਂਵਾਲੀ ਰੋਡ 'ਤੇ ਵੀ ਇੱਕ ਪ੍ਰਾਈਵੇਟ ਲਿਫਟ ਪੰਪ ਲਗਾਇਆ ਗਿਆ ਹੈ ਤਾਂ ਜੋ ਲੋਕਾਂ ਨੂੰ ਮੀਂਹ ਦੇ ਪਾਣੀ ਤੋਂ ਰਾਹਤ ਮਿਲੇ। ਕਾਰਜਕਾਰੀ ਪ੍ਰਧਾਨ ਸੁਨੀਲ ਨੀਨੂ ਨੇ ਦੱਸਿਆ ਕਿ ਉਹ ਨਗਰ ਕੌਂਸਲ ਦੇ ਕਰਮਚਾਰੀਆਂ ਨਾਲ ਖੁਦ ਹੌਟਸਪੌਟ ਥਾਵਾਂ ਦਾ ਜਾਇਜ਼ਾ ਲੈ ਰਹੇ ਹਨ। ਮਸ਼ੀਨਰੀ ਦੀ ਵਰਤੋਂ ਨਾਲ ਕੂੜੇ ਕਰਕਟ ਤੇ ਨਾਲੀਆਂ ਦੀ ਸਾਫ ਸਫਾਈ ਕਰਵਾਈ ਜਾ ਰਹੀ ਹੈ ਤਾਂ ਜੋ ਪਾਣੀ ਦੀ ਨਿਕਾਸੀ ਹੁੰਦੀ ਰਹੇ ਤੇ ਪਾਣੀ ਇਕ ਥਾਂ 'ਤੇ ਜਮ੍ਹਾਂ ਨਾ ਹੋਵੇ।

ਉਨ੍ਹਾਂ ਦੱਸਿਆ ਕਿ ਲਗਾਤਾਰ ਬਰਸਾਤ ਹੋਣ ਕਾਰਨ ਸ਼ਹਿਰ ਅੰਦਰ ਪਾਣੀ ਜ਼ਿਆਦਾ ਜਮ੍ਹਾਂ ਹੋ ਗਿਆ, ਜਿਸ ਦੀ ਨਿਕਾਸੀ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਲਦ ਹੀ ਸ਼ਹਿਰ ਵਾਸੀਆਂ ਨੂੰ ਬਰਸਾਤ ਦੇ ਪਾਣੀ ਤੋਂ ਨਿਜਾਤ ਮਿਲ ਜਾਵੇਗੀ।

# ਪ੍ਰਵੀਨ ਸਿੰਘ ਨੂੰ ਅੰਤਮ ਅਰਦਾਸ ਮੌਕੇ ਸ਼ਰਧਾਂਜਲੀਆਂ

**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**-ਬੀਤੇ ਦਿਨੀਂ ਪਿੰਡ ਕੈਲਪੁਰ ਤੋਂ ਚੱਕ ਕਲਾਂ ਨੂੰ ਜਾਂਦੀ ਸੜਕ 'ਤੇ ਖੰਜਰਵਾਲ ਚੌਕ ਵਿੱਚ ਵਾਪਰੇ ਕਾਰ ਤੇ ਮੋਟਰਸਾਈਕਲ ਦਰਦਨਾਕ ਹਾਦਸੇ ਵਿੱਚ ਪੱਤਰਕਾਰ ਗੁਰਮੇਲ ਸਿੰਘ ਮੈਲਡੇ ਦੇ ਨੌਜਵਾਨ ਪੋਤਰੇ ਪ੍ਰਵੀਨ ਸਿੰਘ ਦੀ ਬੇਵਕਤੀ ਮੌਤ ਹੋ ਗਈ ਅਤੇ ਮੋਟਰਸਾਈਕਲ ਚਾਲਕ ਇੰਦਰਜੀਤ ਸਿੰਘ ਜ਼ੇਰੇ ਇਲਾਜ ਲੁਧਿਆਣਾ ਹਸਪਤਾਲ ਵਿਖੇ ਦਾਖਲ ਹੈ।ਪ੍ਰਵੀਨ ਸਿੰਘ ਮੋਟਰਸਾਈਕਲ ਦੀ ਪਿਛਲੀ ਸੀਟ 'ਤੇ ਬੈਠਾ ਸੀ, ਤਾਂ ਅਚਾਨਕ ਕਾਰ ਨਾਲ ਟੱਕਰ ਹੋਣ ਕਾਰਨ ਮੌਕੇ 'ਤੇ ਹੀ ਪ੍ਰਾਣ ਤਿਆਗ ਗਿਆ।ਪ੍ਰਵੀਨ ਸਿੰਘ ਦਾ ਪਿਤਾ ਪਹਿਲਾਂ ਹੀ ਇੱਕ ਹਾਦਸੇ ਕਾਰਨ ਬਿਸਤਰ 'ਤੇ ਜ਼ੇਰੇ ਇਲਾਜ ਹੈ।ਇਸ ਦੁੱਖ ਦੀ ਘੜੀ ਵਿੱਚ ਪਿੰਡ ਕੈਲਪੁਰ ਦੇ ਗੁਰਦੁਆਰਾ ਸਾਹਿਬ ਵਿਖੇ 19 ਸਾਲਾ ਕਾਕਾ ਪ੍ਰਵੀਨ ਸਿੰਘ ਦੀ ਅੰਤਿਮ ਅਰਦਾਸ ਹੋਈ।ਇਸ ਮੌਕੇ ਸਮੂਹ ਮੈਲਡੇ ਪਰਵਾਰ ਨਾਲ ਇਲਾਕਾ ਨਿਵਾਸੀਆਂ, ਰਿਸ਼ਤੇਦਾਰ, ਦੋਸਤਾਂ, ਮਿੱਤਰਾਂ, ਸਾਕ ਸਬੰਧੀਆਂ ਨੇ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਸ਼ੋਕ ਸਮਾਗਮ ਵਿੱਚ ਸ਼ਾਮਲ ਹੋ ਕੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ।ਇਸ ਮੌਕੇ ਸ਼ਰਧਾਂਜਲੀ ਭੇਟ ਕਰਦਿਆਂ ਪ੍ਰਧਾਨ ਚਰਨ ਸਿੰਘ ਸਰਾਭਾ, ਜਸਵੀਰ ਸਿੰਘ ਹਠੂਰ, ਰਣਜੀਤ ਸਿੰਘ ਰਾਣਵਾਂ, ਜਸਦੇਵ ਸਿੰਘ ਲਲਤੋਂ, ਕਾਮਰੇਡ ਰਾਜਿੰਦਰ ਪਾਲ ਸਿੰਘ ਔਲਖ ਆਦਿ ਬੁਲਾਰਿਆਂ ਨੇ ਇਸ ਦੁੱਖ ਦੀ ਘੜੀ ਵਿੱਚ ਪਰਵਾਰ ਨੂੰ ਢਾਰਸ ਦੇਣ ਦੀ ਕੋਸ਼ਿਸ਼ ਕੀਤੀ। ਇਸ ਮੌਕੇ ਪਾਵਰਕੌਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਚਮਕੌਰ ਸਿੰਘ ਬਰਮੀ, ਮੀਤ ਪ੍ਰਧਾਨ ਕੇਵਲ ਸਿੰਘ ਬਨਵੈਤ, ਬਲਬੀਰ ਸਿੰਘ ਮਾਨ, ਹਰਦਿਆਲ ਸਿੰਘ ਘੁਮਾਣ, ਮਨਜੀਤ ਸਿੰਘ ਮਨਸੂਰਾਂ, ਬਲਵਿੰਦਰ ਸਿੰਘ ਇਯਾਲੀ, ਚਮਕੌਰ ਸਿੰਘ ਦੌਧਰ, ਜਗਦੀਸ਼ ਸਿੰਘ, ਗੁਰਮੇਲ ਸਿੰਘ ਰੂਮੀ, ਇਲਾਕੇ ਦੀਆਂ ਸਾਰੀਆਂ ਫੈਡਰੇਸ਼ਨਾਂ, ਟਰੇਡ ਯੂਨੀਅਨਾਂ ਦੇ ਆਗੂਆਂ ਤੇ ਹੋਰ ਨਜ਼ਦੀਕੀਆਂ ਨੇ ਹਮਦਰਦੀ ਪ੍ਰਗਟ ਕਰਦਿਆਂ ਪੱਤਰਕਾਰ ਗੁਰਮੇਲ ਸਿੰਘ ਮੈਲਡੇ ਤੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕਰਕੇ ਵਿੱਛੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕੀਤੀ।

# ਸਟੀਫਨ ਇੰਟਰਨੈਸ਼ਨਲ ਸਕੂਲ ਨੇ ਫੁੱਟਬਾਲ ਅਭਿਆਸ ਮੈਚਾਂ ਦੀ ਕੀਤੀ ਮੇਜ਼ਬਾਨੀ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਟੀਫਨ ਇੰਟਰਨੈਸ਼ਨਲ ਸਕੂਲ ਨੇ ਹਾਲ ਹੀ ਵਿੱਚ ਦਿਲਚਸਪ ਫੁੱਟਬਾਲ ਅਭਿਆਸ ਮੈਚਾਂ ਦੀ ਇੱਕ ਲੜੀ ਦਾ ਆਯੋਜਨ ਕੀਤਾ, ਜਿਸ ਵਿੱਚ ਵੱਖ-ਵੱਖ ਉਮਰ ਸਮੂਹਾਂ ਦੀਆਂ ਟੀਮਾਂ ਸ਼ਾਮਲ ਸਨ।ਇਹ ਮੈਚ ਬੜੇ ਉਤਸ਼ਾਹ ਤੇ ਖੇਡ ਭਾਵਨਾ ਨਾਲ ਖੇਡੇ ਗਏ, ਜਿਸ ਵਿੱਚ ਨੌਜਵਾਨ ਖਿਡਾਰੀਆਂ ਦੇ ਹੁਨਰ ਏ ਟੀਮ ਵਰਕ ਦਾ ਪ੍ਰਦਰਸ਼ਨ ਕੀਤਾ ਗਿਆ।ਪਹਿਲੇ ਮੈਚ ਵਿੱਚ ਅੰਡਰ-17 ਟੀਮ ਨੇ ਅੰਡਰ-14 ਟੀਮ ਨੂੰ 1-0 ਦੇ ਸਕੋਰ ਨਾਲ ਹਰਾਇਆ।ਜੇਤੂ ਗੋਲ 9ਵੀਂ ਜਮਾਤ ਦੇ ਕਲਾਮ ਦੇ ਪਰਮਿੰਦਰ ਸਿੰਘ ਨੇ ਕੀਤਾ।ਦੂਜੇ ਮੈਚ ਵਿੱਚ ਅੰਡਰ-11 ਟੀਮ ਏ ਨੇ ਅੰਡਰ-11 ਟੀਮ ਬੀ ਵਿਰੁੱਧ 2-0 ਦੇ ਸਕੋਰ ਨਾਲ ਸ਼ਾਨਦਾਰ ਜਿੱਤ ਹਾਸਲ ਕੀਤੀ।ਸਟੀਫਨ ਇੰਟਰਨੈਸ਼ਨਲ ਸਕੂਲ ਦੀ ਡਾਇਰੈਕਟਰ ਪ੍ਰਿੰਸੀਪਲ ਮੋਨਿਕਾ ਸ਼ਰਮਾ ਨੇ ਕਿਹਾ ਕਿ ਇਨ੍ਹਾਂ ਅਭਿਆਸ ਮੈਚਾਂ ਨੇ ਉਨ੍ਹਾਂ ਨੂੰ ਆਪਣੇ ਹੁਨਰ ਨੂੰ ਵਿਕਸਤ ਕਰਨ, ਆਤਮਵਿਸ਼ਵਾਸ ਪੈਦਾ ਕਰਨ ਤੇ ਅਭੁੱਲ ਯਾਦਾਂ ਬਣਾਉਣ ਵਿੱਚ ਸਹਾਇਤਾ ਕੀਤੀ ਹੈ।ਸਟੀਫਨ ਇੰਟਰਨੈਸ਼ਨਲ ਸਕੂਲ ਇੱਕ ਪ੍ਰਮੁੱਖ ਵਿਦਿਅਕ ਸੰਸਥਾ ਹੈ, ਜੋ ਇੱਕ ਸੰਪੂਰਨ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਹੈ ਜੋ ਅਕਾਦਮਿਕ ਉੱਤਮਤਾ, ਖੇਡ ਭਾਵਨਾ ਅਤੇ ਚਰਿੱਤਰ ਵਿਕਾਸ ਨੂੰ ਉਤਸ਼ਾਹਤ ਕਰਦੀ ਹੈ।

# ...ਸ.ਫਾ 1 ਦੇ ਬਾਕੀ

## ਹਾਦਸਾ ਕੰਪਨੀ ਦੀ ਥਾਂ...

ਅਤੇ ਬਚੇ ਹੋਏ ਯਾਤਰੀ ਦੇ ਬਿਆਨ ਜਾਂਚਕਰਤਾਵਾਂ ਦੁਆਰਾ ਪ੍ਰਾਪਤ ਕੀਤੇ ਗਏ ਹਨ।

ਜਾਂਚ ਵਿੱਚ ਜਹਾਜ਼ ਦੇ ਤੇਲ ਕੰਟਰੋਲ ਸਵਿੱਚ ਵਿੱਚ ਕਿਸੇ ਵੀ ਨੁਕਸ ਨੂੰ ਰੱਦ ਕਰ ਦਿੱਤਾ ਗਿਆ ਹੈ। ਹਾਲਾਂਕਿ, ਰਿਪੋਰਟ ਇਹ ਵੀ ਖੁਲਾਸਾ ਕਰਦੀ ਹੈ ਕਿ ਸੱਤ ਸਾਲ ਪਹਿਲਾਂ ਫੈਡਰਲ ਐਵੀਏਸ਼ਨ ਐਡਮਨਿਸਟਰੇਸ਼ਨ (ਐੱਫ ਏ ਏ) ਨੇ ਈਂਧਣ ਕੰਟਰੋਲ ਸਵਿੱਚ ਦੀ ਸੰਭਾਵਤ ਡਿਸਐਂਗੇਜਮੈਂਟ ਸਮੱਸਿਆ ਬਾਰੇ ਚੇਤਾਵਨੀ ਦਿੱਤੀ ਸੀ। ਰਿਪੋਰਟ ਦੇ ਇੱਕ ਅੰਸ਼ ਵਿੱਚ ਕਿਹਾ ਗਿਆ ਹੈ, 'ਐੱਫ ਏ ਏ ਨੇ 17 ਦਸੰਬਰ, 2018 ਨੂੰ ਈਂਧਣ ਕੰਟਰੋਲ ਸਵਿੱਚ ਲਾਕਿੰਗ ਵਿਸ਼ੇਸ਼ਤਾ ਦੀ ਸੰਭਾਵਤ ਡਿਸਐਂਗੇਜਮੈਂਟ ਦੇ ਸੰਬੰਧ ਵਿੱਚ ਸਪੈਸ਼ਲ ਬੁਲੇਟਿਨ ਨੰ. ਐੱਨ ਐੱਮ-18-33 ਜਾਰੀ ਕੀਤਾ ਸੀ।'

ਰੱਖ-ਰਖਾਅ ਡਿਟੇਲਜ਼ ਦੀ ਸਮੀਖਿਆ ਤੋਂ ਪਤਾ ਚੱਲਿਆ ਕਿ ਥਰਾਟਲ ਕੰਟਰੋਲ ਮਡਿਊਲ ਨੂੰ 2019 ਅਤੇ 2023 ਵਿੱਚ ਬਦਲਿਆ ਗਿਆ ਸੀ। 2023 ਤੋਂ ਬਾਅਦ ਕੋਈ ਨੁਕਸ ਰਿਪੋਰਟ ਨਹੀਂ ਕੀਤਾ ਗਿਆ ਹੈ। ਅਥਾਰਟੀ ਹਾਦਸੇ ਦੇ ਪਿੱਛੇ ਦੇ ਹੋਰ ਸੰਭਾਵਤ ਕਾਰਨਾਂ ਦੀ ਜਾਂਚ ਕਰ ਰਹੀ ਹੈ, ਪਰ ਈਂਧਣ ਕੰਟਰੋਲ ਸਵਿੱਚ ਨੂੰ ਅਧਿਕਾਰਤ ਤੌਰ 'ਤੇ ਨੁਕਸ ਤੋਂ ਮੁਕਤ ਕਰ ਦਿੱਤਾ ਗਿਆ ਹੈ।

ਜਹਾਜ਼ ਵਿੱਚ 230 ਯਾਤਰੀ ਸਵਾਰ ਸਨ—15 ਬਿਜ਼ਨਸ ਕਲਾਸ ਵਿੱਚ ਸਨ ਅਤੇ 215, ਜਿਨ੍ਹਾਂ ਵਿੱਚ ਦੋ ਨਵਜੰਮੇ ਬੱਚੇ ਵੀ ਸ਼ਾਮਲ ਸਨ, ਇਕਾਨਮੀ ਕਲਾਸ ਵਿੱਚ ਸਨ। ਪਾਇਲਟ ਇਨ ਕਮਾਂਡ (ਪੀ ਆਈ ਸੀ) ਕੋਲ 15,638 ਘੰਟਿਆਂ ਤੋਂ ਵੱਧ ਦਾ ਉਡਾਣ ਦਾ ਤਜਰਬਾ ਸੀ, ਜਦੋਂ ਕਿ ਪਹਿਲੇ ਅਧਿਕਾਰੀ ਕੋਲ 3,403 ਘੰਟਿਆਂ ਤੋਂ ਵੱਧ ਦਾ ਉਡਾਣ ਦਾ ਤਜਰਬਾ ਸੀ।

ਏਅਰ ਇੰਡੀਆ ਸ਼ਨੀਵਾਰ ਕਿਹਾ ਕਿ ਉਹ ਰੈਗੂਲੇਟਰਾਂ ਅਤੇ ਹੋਰ ਹਿੱਸੇਦਾਰਾਂ ਨਾਲ ਨੇੜਿਓਂ ਮਿਲ ਕੇ ਕੰਮ ਕਰ ਰਹੀ ਹੈ ਅਤੇ ਜਹਾਜ਼ ਹਾਦਸੇ ਦੀ ਚੱਲ ਰਹੀ ਜਾਂਚ ਵਿੱਚ ਅਧਿਕਾਰੀਆਂ ਨਾਲ ਸਹਿਯੋਗ ਦੇਣਾ ਜਾਰੀ ਰੱਖੇਗੀ।

ਰਿਪੋਰਟ ਜਾਰੀ ਹੋਣ ਦੇ ਤੁਰੰਤ ਬਾਅਦ ਬੀ ਬੀ ਸੀ ਨੇ ਇਹ ਖਬਰ ਧੁਮਾ ਦਿੱਤੀ ਕਿ ਹਾਦਸਾ ਪਾਇਲਟਾਂ ਵੱਲੋਂ ਤੇਲ ਬੰਦ ਕਰਨ ਕਰਕੇ ਹੋਇਆ ਤੇ ਜਹਾਜ਼ ਵਿੱਚ ਕੋਈ ਨੁਕਸ ਨਹੀਂ ਸੀ। ਉੱਘੇ ਪੱਤਰਕਾਰ ਵੀਰ ਸੰਘਵੀ ਨੇ ਕਿਹਾ ਕਿ ਬੀ ਬੀ ਸੀ ਨੇ ਜਿਸ ਤਰ੍ਹਾਂ ਖਬਰ ਉਛਾਲੀ, ਉਸ ਤੋਂ ਸਾਫ ਹੈ ਕਿ ਉਹ ਜਹਾਜ਼ ਬਣਾਉਣ ਵਾਲੀ ਕੰਪਨੀ ਨੂੰ ਬਚਾਉਣ ਲਈ ਦੋਸ਼ ਪਾਇਲਟਾਂ ਸਿਰ ਮੜ੍ਹਨਾ ਚਾਹੁੰਦੀ ਹੈ। ਬੋਇੰਗ ਜਹਾਜ਼ ਪੱਛਮ ਵਿੱਚ ਬਣਦੇ ਹਨ। ਇੱਕ ਹੋਰ ਉੱਘੀ ਪੱਤਰਕਾਰ ਬਰਖਾ ਦੱਤ ਨੇ ਕਿਹਾ ਕਿ ਬੀ ਬੀ ਸੀ ਨੇ ਗਲਤ ਖਬਰ ਦਿੱਤੀ ਹੈ। ਰਿਪੋਰਟ ਵਿੱਚ ਕਿਤੇ ਵੀ ਨਹੀਂ ਕਿਹਾ ਗਿਆ ਕਿ ਪਾਇਲਟਾਂ ਨੇ ਤੇਲ ਬੰਦ ਕੀਤਾ ਅਤੇ ਨਾ ਹੀ ਇਹ ਕਿ ਜਹਾਜ਼ ਵਿੱਚ ਕੋਈ ਨੁਕਸ ਨਹੀਂ ਸੀ।

# ਵਧਦੀ ਆਬਾਦੀ ਵਿਸ਼ਵ ਪੱਧਰ 'ਤੇ ਚਿੰਤਾ ਦਾ ਵਿਸ਼ਾ : ਸਿਵਲ ਸਰਜਨ

**ਸਮਰਾਲਾ (ਸੁਰਜੀਤ ਸਿੰਘ)**-ਸਿਵਲ ਸਰਜਨ ਲੁਧਿਆਣਾ ਡਾ. ਰਮਨਦੀਪ ਕੌਰ ਦੀ ਅਗਵਾਈ ਹੇਠ ਜ਼ਿਲ੍ਹੇ ਭਰ ਵਿੱਚ ਵਿਸ਼ਵ ਅਬਾਦੀ ਦਿਵਸ ਮਨਾਇਆ ਗਿਆ।ਇਸ ਮੌਕੇ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਵੱਖ-ਵੱਖ ਥਾਂਵਾਂ ਜਿਨ੍ਹਾਂ ਵਿੱਚ ਸਕੂਲ, ਕਾਲਜ ਤੇ ਸਮਾਜਿਕ ਸੰਸਥਾਵਾਂ ਵਿੱਚ ਜਾ ਕੇ ਜਾਗਰੂਕਤਾ ਸੈਮੀਨਾਰ ਆਯੋਜਤ ਕੀਤੇ ਜਾਣ ਦਾ ਸਮਾਚਾਰ ਹੈ।ਸਿਵਲ ਸਰਜਨ ਨੇ ਦੱਸਿਆ ਕਿ ਵਧ ਰਹੀ ਅਬਾਦੀ ਵਿਸ਼ਵ ਪੱਧਰ 'ਤੇ ਚਿੰਤਾ ਦਾ ਵਿਸ਼ਾ ਹੈ।ਉਨ੍ਹਾਂ ਦੱਸਿਆ ਕਿ ਚੰਗੀਆਂ ਸਿਹਤ ਸੇਵਾਵਾਂ ਤੇ ਟੀਕਾਕਰਨ ਨਾਲ ਮੌਤ ਦਰ ਘਟ ਗਈ ਹੈ, ਪਰ ਜਨਮ ਦਰ ਵਿੱਚ ਲਗਾਤਾਰ ਹੋ ਰਿਹਾ ਵਾਧਾ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ।ਸਿਵਲ ਸਰਜਨ ਨੇ ਦੱਸਿਆ ਕਿ ਸਰਕਾਰ ਵੱਲੋਂ ਵਸੋਂ ਸਥਿਰਤਾ ਅਧੀਨ ਪਰਿਵਾਰ ਭਲਾਈ ਪ੍ਰੋਗਰਾਮ ਤਹਿਤ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਮਾਂਵਾਂ ਤੇ ਬੱਚਿਆਂ ਦੀ ਚੰਗੀ ਸਿਹਤ ਲਈ ਉੱਚ ਪੱਧਰ ਦੀਆਂ ਮਿਆਰੀ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਵਧ ਰਹੀ ਅਬਾਦੀ ਨੂੰ ਕਾਬੂ ਹੇਠ ਰੱਖਣ ਲਈ ਹਰ ਇੱਕ ਵਿਅਕਤੀ ਆਪਣੇ ਪਰਵਾਰ ਨੂੰ ਸੀਮਤ ਰੱਖਣ ਲਈ ਆਪਣਾ ਯੋਗਦਾਨ ਪਾਵੇ।ਇਸ ਵਿਸ਼ੇਸ ਦਿਵਸ ਮੌਕੇ ਸਿਹਤ ਵਿਭਾਗ ਦੀ ਮਾਸ ਮੀਡੀਆ ਵਿੰਗ ਦੀ ਟੀਮ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਜਾਗਰੂਕਤਾ ਸੈਮੀਨਾਰ ਆਯੋਜਤ ਕੀਤੇ ਗਏ।

# ਅਬਾਦੀ ਵਾਧੇ ਤੋਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ 'ਤੇ ਚਰਚਾ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਸਿਹਤ ਮੰਤਰੀ ਡਾ. ਬਲਬੀਰ ਸਿੰਘ ਤੇ ਸਿਵਲ ਸਰਜਨ ਰਾਜ ਕੁਮਾਰ ਦੇ ਨਿਰਦੇਸ਼ਾਂ ਅਨੁਸਾਰ 11 ਜੁਲਾਈ ਨੂੰ ਵਿਸ਼ਵ ਆਬਾਦੀ ਦਿਵਸ ਦੇ ਮੌਕੇ 'ਤੇ ਕਮਿਊਨਿਟੀ ਹੈਲਥ ਸੈਂਟਰ ਖੂਈਖੇੜਾ ਵਿਖੇ ਸਹਾਇਕ ਸਿਵਲ ਸਰਜਨ ਤੇ ਸੀਐਚਸੀ ਖੂਈਖੇੜਾ ਦੇ ਸੀਨੀਅਰ ਮੈਡੀਕਲ ਅਫਸਰ ਡਾ. ਰੋਹਿਤ ਗੋਇਲ, ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਅਰਪਿਤ ਗੁਪਤਾ ਤੇ ਜ਼ਿਲ੍ਹਾ ਪਰਵਾਰ ਭਲਾਈ ਅਫਸਰ ਡਾ. ਕਵਿਤਾ ਸਿੰਘ ਦੀ ਅਗਵਾਈ ਹੇਠ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸੈਮੀਨਾਰ ਵਿੱਚ ਬੁਲਾਰਿਆਂ ਨੇ ਆਬਾਦੀ ਵਾਧੇ ਕਾਰਨ ਪੈਦਾ ਹੋਣ ਵਾਲੀਆਂ ਸਮੱਸਿਆਵਾਂ, ਸਰੋਤਾਂ 'ਤੇ ਦਬਾਅ ਅਤੇ ਪਰਵਾਰ ਨਿਯੋਜਨ ਦੇ ਉਪਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਬੁਲਾਰਿਆਂ ਨੇ ਆਬਾਦੀ ਵਾਧੇ ਤੋਂ ਪੈਦਾ ਹੋਣ ਵਾਲੀਆਂ ਸਮਾਜਿਕ ਅਤੇ ਆਰਥਿਕ ਚੁਣੌਤੀਆਂ 'ਤੇ ਚਰਚਾ ਕੀਤੀ।ਇਸ ਦੇ ਨਾਲ ਹੀ ਪਰਵਾਰ ਨਿਯੋਜਨ ਦੇ ਸੁਰੱਖਿਅਤ ਤੇ ਸਥਾਈ ਉਪਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਐਸਐਮਓ ਡਾ. ਰੋਹਿਤ ਗੋਇਲ ਨੇ ਹਾਜ਼ਰੀਨ ਨੂੰ ਆਪਣੇ ਸੰਬੋਧਨ ਵਿੱਚ ਕਿਹਾ ਕਿ ਵਿਸ਼ਵ ਆਬਾਦੀ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਸਿੱਖਿਆ ਉਹ ਮੁੱਢਲਾ ਸਾਧਨ ਹੈ, ਜਿਸ ਰਾਹੀਂ ਅਸੀਂ ਆਬਾਦੀ ਵਾਧੇ ਨੂੰ ਕੰਟਰੋਲ ਕਰ ਸਕਦੇ ਹਾਂ। ਬਲਾਕ ਮਾਸ ਮੀਡੀਆ ਇੰਚਾਰਜ ਸੁਸ਼ੀਲ ਕੁਮਾਰ ਨੇ ਆਪਣੇ ਭਾਸ਼ਣ ਵਿੱਚ ਸਿੱਖਿਆ ਨੂੰ ਆਬਾਦੀ ਨਿਯੰਤਰਣ ਦਾ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਦੱਸਿਆ।ਉਨ੍ਹਾਂ ਕਿਹਾ ਕਿ ਜਦੋਂ ਸਮਾਜ ਸਿੱਖਿਅਤ ਹੋਵੇਗਾ, ਖਾਸ ਕਰਕੇ ਔਰਤਾਂ ਤਾਂ ਪਰਵਾਰ ਨਿਯੋਜਨ ਪ੍ਰਤੀ ਜਾਗਰੂਕਤਾ ਤੇ ਇਸਨੂੰ ਸਵੈ-ਇੱਛਾ ਨਾਲ ਅਪਣਾਉਣ ਦੀ ਪ੍ਰਵਿਰਤੀ ਵਿੱਚ ਵਾਧਾ ਹੋਵੇਗਾ।

# ਬਿਮਲਾ ਦੇਵੀ ਗਰਗ ਦੇ ਨਮਿਤ ਪਾਠ ਦਾ ਭੋਗ 17 ਨੂੰ



**ਗਿੱਦੜਬਾਹਾ (ਜਸਵੰਤ ਗਿੱਲ)**-ਬਾਰ ਐਸੋਸੀਏਸ਼ਨ ਗਿੱਦੜਬਾਹਾ ਦੇ ਮੈਂਬਰ ਐਡਵੋਕੇਟ ਜਤਿੰਦਰ ਗਰਗ ਲੱਕੀ, ਐਡਵੋਕੇਟ ਰਾਜ ਕੁਮਾਰ ਗਿੰਨੀ ਤੇ ਕੈਮਿਸਟ ਐਸੋਸੀਏਸ਼ਨ ਦੇ ਮੈਂਬਰ ਯਸ਼ ਗਰਗ ਦੀ ਦਾਦੀ (ਧਰਮਪਤਨੀ ਸਵ. ਪਿਆਰੇ ਲਾਲ ਗਰਗ) ਦਾ ਬੀਤੇ ਦਿਨ ਅਚਾਨਕ ਦੇਹਾਂਤ ਹੋ ਗਿਆ।ਸਵ. ਮਾਤਾ ਬਿਮਲਾ ਦੇਵੀ ਗਰਗ ਦੇ ਦੇਹਾਂਤ 'ਤੇ ਗਿੱਦੜਬਾਹਾ ਦੀਆਂ ਸਮਾਜਿਕ, ਰਾਜਨੀਤਕ, ਧਾਰਮਿਕ, ਵਪਾਰਕ ਜਥੇਬੰਦੀਆਂ ਤੋਂ ਇਲਾਵਾ ਬਾਰ ਐਸੋਸੀਏਸ਼ਨ ਗਿੱਦੜਬਾਹਾ ਦੇ ਸਮੂਹ ਮੈਂਬਰਾਂ ਤੇ ਕੈਮਿਸਟ ਐਸੋਸੀਏਸ਼ਨ ਗਿੱਦੜਬਾਹਾ ਦੇ ਸਮੂਹ ਮੈਂਬਰਾਂ ਵੱਲੋਂ ਗਰਗ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਸਵ. ਬਿਮਲਾ ਦੇਵੀ ਗਰਗ ਦੀ ਆਂਤਮਿਕ ਸ਼ਾਂਤੀ ਲਈ ਸ੍ਰੀ ਗਰੁੜ ਪੁਰਾਣ ਪਾਠ ਦਾ ਭੋਗ 17 ਜੁਲਾਈ ਦਿਨ ਵੀਰਵਾਰ ਨੂੰ ਬਾਅਦ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਭਾਰੂ ਰੋਡ ਸਥਿੱਤ ਮਹਾਰਾਜਾ ਅਗਰਸੈਨ ਧਰਮਸ਼ਾਲਾ ਗਿੱਦੜਬਾਹਾ ਵਿਖੇ ਪਵੇਗਾ।

# ਲਾਲਾ ਜਗਤ ਨਾਰਾਇਣ ਐਜੂਕੇਸ਼ਨ ਕਾਲਜ ਵਿਖੇ ਵਿਸ਼ਵ ਆਬਾਦੀ ਦਿਵਸ ਮਨਾਇਆ

## ਨੌਜਵਾਨਾਂ ਲਈ ਵਧਦੀ ਆਬਾਦੀ ਪ੍ਰਤੀ ਜਾਗਰੂਕ ਹੋਣਾ ਬਹੁਤ ਜ਼ਰੂਰੀ : ਡਾ. ਨੀਤਿਕਾ



**ਜਲਾਲਾਬਾਦ (ਜੀਤ ਕੁਮਾਰ)**-ਪਿੰਡ ਚੱਕ ਅਰਾਈਵਾਲਾ ਵਿਖੇ ਸਥਿਤ ਲਾਲਾ ਜਗਤ ਨਾਰਾਇਣ ਐਜੂਕੇਸ਼ਨ ਕਾਲਜ ਜਲਾਲਾਬਾਦ ਵਿਖੇ ਕਾਲਜ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਅਸ਼ੋਕ ਕੁਮਾਰ ਅਨੇਜਾ, ਪ੍ਰਿੰਸੀਪਲ ਪ੍ਰਦੀਪ ਚੁੱਘ, ਖਜ਼ਾਨਚੀ ਚੰਦਰ ਸ਼ੇਖਰ ਗੁੰਬਰ, ਸਿੱਖਿਆ ਸ਼ਾਸਤਰੀ ਗੁਰਬਖ਼ਸ਼ ਸਿੰਘ ਖੁਰਾਨਾ ਤੇ ਪ੍ਰਿੰਸੀਪਲ ਡਾ. ਨੀਤਿਕਾ ਦੀ ਪ੍ਰਧਾਨਗੀ ਹੇਠ ਵਿਸ਼ਵ ਆਬਾਦੀ ਦਿਵਸ ਮਨਾਇਆ ਗਿਆ। ਇਸ ਸੈਮੀਨਾਰ ਦੇ ਦੌਰਾਨ ਵਿਦਿਆਰਥੀਆਂ ਨੂੰ ਵਧਦੀ ਆਬਾਦੀ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਾਲਜ ਪ੍ਰਿੰਸੀਪਲ ਡਾ. ਨੀਤਿਕਾ ਨੇ ਕਿਹਾ ਕਿ ਲੋਕਾਂ ਤੇ ਖਾਸ ਕਰਕੇ ਨੌਜਵਾਨਾਂ ਲਈ ਵਧਦੀ ਆਬਾਦੀ ਪ੍ਰਤੀ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ, ਕਿਉਂਕਿ ਆਬਾਦੀ ਵਧਣ ਕਾਰਨ ਦੇਸ਼ ਵਿੱਚ ਬੇਰੁਜ਼ਗਾਰੀ, ਭੁੱਖਮਰੀ, ਗਰੀਬੀ ਵਰਗੀਆਂ ਸਮੱਸਿਆਵਾਂ ਵਧਦੀਆਂ ਹਨ, ਜਿਸ ਕਾਰਨ ਇਸ ਨੂੰ ਕੰਟਰੋਲ ਕਰਨਾ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਕਾਲਜ ਦੇ ਵਿਦਿਆਰਥੀਆਂ ਨੇ ਭਾਸ਼ਣ ਦੇ ਕੇ ਤੇ ਪੋਸਟਰ ਬਣਾ ਕੇ ਆਬਾਦੀ ਪ੍ਰਤੀ ਜਾਗਰੂਕ ਹੋਣ ਦਾ ਸੰਦੇਸ਼ ਦਿੱਤਾ।

# ਲੈਂਡ ਪੂਲਿੰਗ ਨੀਤੀ ਦੇ ਵਿਰੋਧ 'ਚ ਭਾਜਪਾ ਵੱਲੋਂ ਮੰਗ ਪੱਤਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਾਬ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲਿਆਂਦੀ ਗਈ ਲੈਂਡ ਪੂਲਿੰਗ ਨੀਤੀ ਦੇ ਖ਼ਿਲਾਫ਼ ਭਾਰਤੀ ਜਨਤਾ ਪਾਰਟੀ ਹਲਕਾ ਸ਼ੁਤਰਾਣਾ ਵੱਲੋਂ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ ਦੀ ਅਗਵਾਈ ਵਿੱਚ ਐੱਸ ਡੀ ਐੱਮ ਪਾਤੜਾਂ ਅਸ਼ੋਕ ਕੁਮਾਰ ਨੂੰ ਮੰਗ ਪੱਤਰ ਸੌਂਪ ਕੇ ਨੀਤੀ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਗਈ।ਇਸ ਦੌਰਾਨ ਐੱਸ ਡੀ ਐੱਮ ਨੇ ਵਫਦ ਨੂੰ ਭਰੋਸਾ ਦਿੱਤਾ ਕਿ ਮੰਗ ਪੱਤਰ ਨੂੰ ਉੱਚ ਅਧਿਕਾਰੀਆਂ ਰਾਹੀਂ ਸਰਕਾਰ ਤੱਕ ਭੇਜ ਦਿੱਤਾ ਜਾਵੇਗਾ। ਭਾਜਪਾ ਵਫ਼ਦ ਦੀ ਅਗਵਾਈ ਕਰ ਰਹੇ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਕਿਸਾਨ ਹਤੈਸ਼ੀ ਹੋਣ ਦੇ ਵੱਡੇ ਵੱਡੇ ਦਾਅਵੇ ਕਰਦੀ ਹੈ, ਪਰ ਸਿਤਮ ਦੀ ਗੱਲ ਹੈ ਕਿ ਪਹਿਲਾਂ ਤੋਂ ਹੀ ਘਾਟੇ ਦਾ ਘਰ ਬਣੀ ਕਿਸਾਨੀ ਨੂੰ ਤਬਾਹ ਕਰਨ ਵਾਲੀਆਂ ਨੀਤੀਆਂ ਸਰਕਾਰ ਵੱਲੋਂ ਲਿਆਂਦੀਆਂ ਜਾ ਰਹੀਆਂ ਹਨ।ਉਨ੍ਹਾਂ ਸਰਕਾਰ ਵੱਲੋਂ ਪਾਸ ਕੀਤੀ ਗਈ ਲੈਂਡ ਪੂਲਿੰਗ ਨੀਤੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਇਹ ਕੀਤੀ ਕਿਸਾਨੀ ਦਾ ਘਾਣ ਸਾਬਿਤ ਹੋ ਰਹੀ ਹੈ, ਇਸ ਲਈ ਕਿਸਾਨੀ ਨੂੰ ਬਚਾਉਣ ਲਈ ਇਹ ਨੀਤੀ ਰੱਦ ਕੀਤੀ ਜਾਣੀ ਚਾਹੀਦੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤੀਸ਼ ਗਰਗ ਸਰਕਲ ਪ੍ਰਧਾਨ, ਜਗਦੇਵ ਸਿੰਘ ਬੱਗਾ ਸਰਕਲ ਪ੍ਰਧਾਨ, ਨਿਰੰਕਾਰ ਸਿੰਘ ਸਰਕਲ ਪ੍ਰਧਾਨ, ਪ੍ਰੇਮ ਚੰਦ ਕਾਂਸਲ ਸਰਕਲ ਪ੍ਰਧਾਨ, ਸੰਤ ਰਾਮ ਓਡ ਸਰਕਲ ਪ੍ਰਧਾਨ, ਲਾਲ ਚੰਦ ਲਾਲੀ ਸਾਬਕਾ ਸਰਕਲ ਪ੍ਰਧਾਨ, ਰਮੇਸ਼ ਬੱਤਰਾ ਸਾਬਕਾ ਸਰਕਲ ਪ੍ਰਧਾਨ, ਸੋਨੂ ਮਿੱਤਲ ਜ਼ਿਲ੍ਹਾ ਸਕੱਤਰ, ਸਰਦੂਲ ਸਿੰਘ ਸੰਧੂ ਜ਼ਿਲ੍ਹਾ ਵਾਇਸ ਪ੍ਰਧਾਨ ਕਿਸਾਨ ਮੋਰਚਾ, ਗਿਆਨ ਸਿੰਘ ਧਾਲੀਵਾਲ ਜ਼ਿਲ੍ਹਾ ਵਾਇਸ ਪ੍ਰਧਾਨ, ਡਾ. ਰਾਜ ਕੁਮਾਰ, ਕਸ਼ਮੀਰ ਸਿੰਘ ਕਕਰਾਲਾ, ਸੁਰੇਸ਼ ਕੁਮਾਰ ਲੱਕੀ, ਜਸਵਿੰਦਰ ਸਿੰਘ ਸੇਖੋਂ, ਕਸ਼ਮੀਰ ਸਿੰਘ ਕਕਰਾਲਾ, ਗੁਲਾਬ ਸਿੰਘ ਤੇ ਹੋਰ ਕਈ ਭਾਜਪਾ ਮੈਂਬਰ ਮੌਜੂਦ ਸਨ।

# ਜਬਰ ਵਿਰੋਧੀ ਰੈਲੀ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸਥਾਨਕ ਗੁਰਦੁਆਰਾ ਢਾਬ ਬਾਬਾ ਆਲਾ ਸਿੰਘ ਵਿਖੇ ਕਿਰਤੀ ਕਿਸਾਨ ਯੂਨੀਅਨ ਬਲਾਕ ਸੰਗਰੂਰ ਦੀ ਮੀਟਿੰਗ ਸੀਨੀਅਰ ਜ਼ਿਲ੍ਹਾ ਮੀਤ ਪ੍ਰਧਾਨ ਭਜਨ ਸਿੰਘ ਢੱਡਰੀਆਂ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਵੱਖ-ਵੱਖ ਜਨਤਕ ਜਥੇਬੰਦੀਆਂ ਵੱਲੋਂ ਪੰਜਾਬ ਵਿੱਚ ਵਧ ਰਹੇ ਪੁਲਸ ਜਬਰ ਖ਼ਿਲਾਫ ਸੰਗਰੂਰ ਵਿਖੇ 25 ਜੁਲਾਈ ਨੂੰ ਕੀਤੀ ਜਾ ਰਹੀ ਰੈਲੀ ਵਿੱਚ ਭਰਵੀਂ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ ਤੇ ਇਸ ਸਬੰਧੀ ਤਿਆਰੀਆਂ ਦੀ ਡਿਊਟੀ ਲਾਈ ਗਈ।ਜਾਣਕਾਰੀ ਦਿੰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਪ੍ਰਧਾਨ ਕਰਮਜੀਤ ਸਿੰਘ ਸਤੀਪੁਰਾ, ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਪੰਜਾਬ ਵਿੱਚ ਪਿਛਲੇ ਸਮੇਂ ਤੋਂ ਸਰਕਾਰ ਨੇ ਪੁਲਸ ਨੂੰ ਜਬਰ ਕਰਨ ਦੀ ਖੁੱਲ੍ਹੀ ਛੁੱਟੀ ਦਿੱਤੀ ਹੋਈ ਹੈ।ਆਏ ਦਿਨ ਪੰਜਾਬ ਵਿੱਚ ਵੱਖ ਵੱਖ ਪ੍ਰੋਜੈਕਟਾਂ ਲਈ ਡੰਡੇ ਦੇ ਜ਼ੋਰ ਜ਼ਮੀਨਾਂ ਐਕਵਾਇਰ ਕੀਤੀਆਂ ਜਾ ਰਹੀਆਂ ਹਨ ਤੇ ਨਵੀਂ ਲਿਆਂਦੀ ਗਈ ਲੈਂਡ ਪੂਲਿੰਗ ਪਾਲਿਸੀ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ ਅਤੇ ਦੂਸਰੇ ਪਾਸੇ ਲੈਂਡ ਸੀਲਿੰਗ ਐਕਟ ਨੂੰ ਲਾਗੂ ਕਰਨ ਦੀ ਮੰਗ ਕਰਦੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਤੇ ਵਰਕਰਾਂ ਨੂੰ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਕੀਤਾ ਹੋਇਆ ਹੈ।ਇਸੇ ਤਰ੍ਹਾਂ ਬਠਿੰਡਾ ਜ਼ਿਲ੍ਹੇ ਵਿੱਚ ਸੀਆਈਏ ਸਟਾਫ ਵਿੱਚ ਨੌਜਵਾਨ ਨੂੰ ਕਰੰਟ ਲਾ ਕੇ ਕਤਲ ਕੀਤਾ ਗਿਆ ਤੇ ਆਏ ਦਿਨ ਪੰਜਾਬ ਵਿੱਚ ਝੂਠੇ ਪੁਲਸ ਮੁਕਾਬਲੇ ਹੋ ਰਹੇ ਹਨ, ਜਿਸ ਤੋਂ ਇਹ ਮਾਹੌਲ ਪੈਦਾ ਹੁੰਦਾ ਹੈ ਕਿ ਪੰਜਾਬ ਨੂੰ ਪਹਿਲਾਂ ਵਾਲੇ ਕਾਲੇ ਦੌਰ ਵਿੱਚ ਧੱਕਣ ਦੀ ਕੋਸ਼ਿਸ਼ ਹੋ ਰਹੀ ਹੈ, ਪੰਜਾਬ ਦੇ ਬਹਾਦਰ ਲੋਕ ਅਜਿਹਾ ਕਦੇ ਵੀ ਨਹੀਂ ਹੋਣ ਦੇਣਗੇ।ਉਨ੍ਹਾ ਪੰਜਾਬ ਨੂੰ ਪੁਲਸ ਰਾਜ ਬਣਾਉਣ ਦੇ ਵਿਰੋਧ ਵਿੱਚ ਜਨਤਕ ਜਥੇਬੰਦੀਆਂ ਵੱਲੋਂ 25 ਜੁਲਾਈ ਨੂੰ ਸੰਗਰੂਰ ਵਿਖੇ ਕੀਤੀ ਜਾ ਰਹੀ ਰੈਲੀ ਵਿੱਚ ਵੱਧ ਚੜ੍ਹ ਕੇ ਸ਼ਾਮਿਲ ਹੋਣ ਦਾ ਸੱਦਾ ਦਿੱਤਾ।ਮੀਟਿੰਗ ਵਿੱਚ ਬਲਾਕ ਆਗੂ ਅਜੈਬ ਸਿੰਘ ਸਾਹੋਕੇ, ਅੰਗਰੇਜ਼ ਸਿੰਘ ਤੇ ਸੁਲਤਾਨ ਸਿੰਘ ਰੱਤੋਕੇ, ਸਾਹਿਬ ਸਿੰਘ ਤਕੀਪੁਰ, ਰਾਜਾ ਸਿੰਘ ਜੈਦ, ਭੋਲਾ ਸਿੰਘ ਪਨਾਂਚ, ਹਰਦੇਵ ਸਿੰਘ ਦੁੱਲਟ, ਜਰਨੈਲ ਸਿੰਘ ਪਿੰਡੀ ਕੇਹਰ ਸਿੰਘ ਵਾਲੀ, ਮੱਘਰ ਸਿੰਘ ਕੈਂਬੋਵਾਲ, ਜੋਗਾ ਸਿੰਘ ਢੱਡਰੀਆਂ ਸਮੇਤ ਰਾਏ ਸਿੰਘ ਤੇ ਭੀਮ ਸਿੰਘ ਸਤੀਪੁਰਾ ਸ਼ਾਮਲ ਸਨ।

# ਵਰਲਡ 'ਵਰਸਿਟੀ ਵਿਖੇ ਯੁਵਾ ਮਾਮਲਿਆਂ ਤੇ ਖੇਡ ਮੰਤਰਾਲੇ ਵੱਲੋਂ ਵਰਕਸ਼ਾਪ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਵਿਖੇ ਭਾਰਤ ਸਰਕਾਰ ਦੇ ਯੁਵਾ ਮਾਮਲਿਆਂ ਤੇ ਖੇਡ ਮੰਤਰਾਲੇ ਦੇ 'ਮੇਰਾ ਯੁਵਾ ਭਾਰਤ' ਫਤਿਹਗੜ੍ਹ ਸਾਹਿਬ ਵੱਲੋਂ ਭਾਰਤ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਫਲੈਗਸ਼ਿਪ ਸਕੀਮਾਂ 'ਤੇ ਵਰਕਸ਼ਾਪ ਲਗਾਈ ਗਈ।ਇਸ ਵਰਕਸ਼ਾਪ ਵਿੱਚ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਸਮੂਹ ਯੂਥ ਕਲੱਬਾਂ ਦੇ ਮੈਂਬਰਾਂ ਨਾਲ ਮੇਰਾ ਯੁਵਾ ਭਾਰਤ ਦੇ ਸਾਲ 2025-26 ਦੌਰਾਨ ਹੋਣ ਵਾਲੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ ਗਈ।ਇਸ ਮੌਕੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪਰਿਤ ਪਾਲ ਸਿੰਘ ਨੇ ਯੂਨੀਵਰਸਿਟੀ ਕੈਂਪਸ ਵਿੱਚ 'ਏਕ ਪੇੜ ਮਾਂ ਕੇ ਨਾਮ' ਤਹਿਤ ਬੂਟੇ ਲਗਾਏ ਗਏ ਤੇ ਭਾਰਤ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਫਲੈਗਸ਼ਿਪ ਸਕੀਮਾਂ ਸੰਬੰਧੀ ਜਾਣਕਾਰੀ ਦੇਣ ਦੇ ਉਦਮ ਦੀ ਸ਼ਲਾਘਾ ਕੀਤੀ।ਇਸ ਮੌਕੇ ਬੋਲਦਿਆਂ 'ਮੇਰਾ ਯੁਵਾ ਭਾਰਤ' ਫਤਿਹਗੜ੍ਹ ਸਾਹਿਬ ਦੇ ਕੋਆਰਡੀਨੇਟਰ ਕਾਰਤਿਕ ਸਿੰਗਲਾ ਨੇ ਦੱਸਿਆ ਕਿ ਇਸ ਮੌਕੇ ਵਰਕਸ਼ਾਪ ਵਿੱਚ ਭਾਰਤ ਸਰਕਾਰ ਵੱਲੋਂ ਚੱਲ ਰਹੀਆਂ ਸਕੀਮਾਂ ਆਯੁਸ਼ਮਾਨ ਭਾਰਤ, ਸਕਿੱਲ ਇੰਡੀਆ, ਮੁਦਰਾ ਯੋਜਨਾ, ਸਵੱਛ ਭਾਰਤ ਅਭਿਆਨ, ਡਿਜੀਟਲ ਇੰਡੀਆ ਆਦਿ ਬਾਰੇ ਜਾਣਕਾਰੀ ਦਿੱਤੀ ਗਈ।ਉਨ੍ਹਾਂ ਕਿਹਾ ਕਿ ਸਾਨੂੰ ਇਨ੍ਹਾਂ ਸਕੀਮਾਂ ਦਾ ਲਾਭ ਲੈਣਾ ਚਾਹੀਦਾ ਹੈ ਤੇ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਵੀ ਇਨ੍ਹਾਂ ਸਕੀਮਾਂ ਬਾਰੇ ਜਾਣੂ ਕਰਵਾਉਣਾ ਚਾਹੀਦਾ ਹੈ ਤਾਂ ਜੋ ਸਰਕਾਰ ਵੱਲੋਂ ਚੱਲ ਰਹੀਆਂ ਸਕੀਮਾਂ ਦਾ ਲੋਕਾਂ ਨੂੰ ਵੱਧ ਤੋਂ ਵੱਧ ਲਾਭ ਹੋ ਸਕੇ।ਇਸ ਮੌਕੇ ਹਰਮਨਦੀਪ ਸਿੰਘ ਰੁਜ਼ਗਾਰ ਅਫਸਰ ਫਤਿਹਗੜ੍ਹ ਸਾਹਿਬ ਵੱਲੋਂ ਸਕਿੱਲ ਇੰਡੀਆ, ਵਿਸ਼ਵਕਰਮਾ ਤੇ ਸਟੈਂਡ ਅੱਪ ਸਕੀਮਾਂ ਬਾਰੇ ਨੌਜਵਾਨਾਂ ਨਾਲ ਜਾਣਕਾਰੀ ਸਾਂਝੀ ਕੀਤੀ ਗਈ।ਇਸ ਮੌਕੇ ਸਟੇਜ ਸੰਚਾਲਨ ਪ੍ਰੋ. ਰਮਨਦੀਪ ਕੌਰ ਵੱਲੋਂ ਕੀਤਾ ਗਿਆ।ਇਸ ਮੌਕੇ ਐੱਨਜੀਓ ਜਾਗੋ ਵੱਲੋਂ ਗੁਰਵਿੰਦਰ ਸਿੰਘ ਸੋਹੀ, ਤਰਲੋਚਨ ਸਿੰਘ ਲਾਲੀ, ਜਗਦੇਵ ਸਿੰਘ, ਐਡਵੋਕੇਟ ਗੁਰਪ੍ਰੀਤ ਸਿੰਘ ਹਾਜ਼ਰ ਸਨ।

# ਪੰਜਾਬ ਪਬਲਿਕ ਸਕੂਲ ਦੇ ਐੱਨ ਸੀ ਸੀ ਕੈਡਿਟਾਂ ਸਿਖਲਾਈ ਕੈਂਪ 'ਚ ਕੀਤੀ ਸ਼ਿਰਕਤ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਪਬਲਿਕ ਸਕੂਲ ਨਾਭਾ ਦੇ ਐੱਨਸੀਸੀ ਏਅਰ ਵਿੰਗ ਦੇ 21 ਕੈਡਿਟਾਂ ਨੇ 3 ਪੰਜਾਬ ਏਅਰ ਸਕੁਐਡਰਨ ਐੱਨਸੀਸੀ ਪਟਿਆਲਾ ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਮੋਹਾਲੀ ਵਿਖੇ ਦਸ ਦਿਨਾਂ ਸਾਲਾਨਾ ਸਿਖਲਾਈ ਕੈਂਪ ਵਿੱਚ ਚੀਫ ਅਫਸਰ ਸ਼ਾਹਿਦ ਅਹਿਮਦ ਦੇ ਨਾਲ ਸ਼ਿਰਕਤ ਕੀਤੀ।ਇਸ ਸਿਖਲਾਈ ਕੈਂਪ ਵਿੱਚ ਸਕੂਲ ਤੇ ਕਾਲਜਾਂ ਦੇ ਲਗਭਗ 600 (ਲੜਕੇ/ਲੜਕੀਆਂ) ਕੈਡਿਟਾਂ ਨੇ ਹਿੱਸਾ ਲਿਆ।ਇਸ ਸਿਖਲਾਈ ਕੈਂਪ ਵਿੱਚ ਸਾਈਬਰ ਸੁਰੱਖਿਆ, ਸੀਪੀਆਰ, ਫਾਇਰ ਫਾਈਟਿੰਗ, ਸ਼ਖ਼ਸੀਅਤ ਵਿਕਾਸ, ਅਗਨੀਵੀਰ ਭਰਤੀ ਨਾਲ ਸਬੰਧਤ ਵਿਸ਼ਿਆਂ ਬਾਰੇ ਵਿਸਥਾਰ ਨਾਲ ਸਿੱਖਿਆ ਦਿੱਤੀ ਗਈ। ਇਸ ਸਿਖਲਾਈ ਕੈਂਪ ਦੌਰਾਨ, ਕੈਡਿਟਾਂ ਨੂੰ ਚੰਡੀਗੜ੍ਹ ਏਅਰ ਫੋਰਸ ਸਟੇਸ਼ਨ ਦਾ ਦੌਰਾ ਕਰਨ ਦਾ ਮੌਕਾ ਮਿਲਿਆ, ਉੱਥੇ ਉਨ੍ਹਾਂ ਨੇ ਫਾਇਰਿੰਗ ਦਾ ਅਭਿਆਸ ਕੀਤਾ ਤੇ ਆਈਐੱਲ-76, ਏਐੱਨ-32, ਚਿਨੂਕ, ਸੀ-17 ਗਲੋਬ ਮਾਸਟਰ ਵਰਗੇ ਜਹਾਜ਼ਾਂ ਨੂੰ ਦੇਖਣ ਤੇ ਉਨ੍ਹਾਂ ਵਿੱਚ ਬੈਠਣ ਦਾ ਮੌਕਾ ਵੀ ਮਿਲਿਆ।ਆਪਣੇ ਉਦਘਾਟਨੀ ਭਾਸ਼ਣ ਵਿੱਚ, ਕਮਾਂਡਿੰਗ ਅਫਸਰ ਗਰੁੱਪ ਕੈਪਟਨ ਅਜੈ ਭਾਰਦਵਾਜ ਕੈਂਪ ਕਮਾਂਡੈਂਟ ਨੇ ਕੈਡਿਟਾਂ ਦਾ ਸਵਾਗਤ ਕੀਤਾ ਤੇ ਆਉਣ ਵਾਲੇ 10 ਦਿਨਾਂ ਦੇ ਪ੍ਰੋਗਰਾਮ 'ਤੇ ਚਾਨਣਾ ਪਾਇਆ।ਕੈਡਿਟਾਂ ਨੇ ਇਸ ਸਿਖਲਾਈ ਕੈਂਪ ਵਿੱਚ ਬਹੁਤ ਕੁਝ ਸਿੱਖਿਆ, ਜੋ ਉਨ੍ਹਾਂ ਦੇ ਭਵਿੱਖ ਦੇ ਜੀਵਨ ਵਿੱਚ ਲਾਭਦਾਇਕ ਹੋਵੇਗਾ।ਸਿਖਲਾਈ ਕੈਂਪ ਵਿੱਚ ਚੰਡੀਗੜ੍ਹ ਯੂਨੀਵਰਸਿਟੀ ਮੋਹਾਲੀ ਦੇ ਵਾਈਸ ਚਾਂਸਲਰ ਡਾ. ਮਨਪ੍ਰੀਤ ਸਿੰਘ ਮੰਨਾ ਨੇ ਨਾ ਸਿਰਫ਼ ਕੈਡਿਟਾਂ ਨੂੰ ਸੰਬੋਧਨ ਕੀਤਾ, ਸਗੋਂ ਆਪਣੇ ਜੀਵਨ ਦੇ ਤਜਰਬੇ ਵੀ ਸਾਂਝੇ ਕੀਤੇ।ਉਨ੍ਹਾਂ ਕੈਡਿਟਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਵੀ ਕੀਤੀ।ਸਿਖਲਾਈ ਕੈਂਪ ਦੇ ਆਖਰੀ ਦਿਨ, ਕਮਾਂਡਿੰਗ ਅਫ਼ਸਰ ਗਰੁੱਪ ਕੈਪਟਨ ਅਜੈ ਭਾਰਦਵਾਜ ਕੈਂਪ ਕਮਾਂਡੈਂਟ ਨੇ ਕੈਡਿਟਾਂ ਨੂੰ ਕੈਂਪ ਸਰਟੀਫਿਕੇਟ ਦਿੱਤੇ ਤੇ ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲਾਂ ਦਾ ਧੰਨਵਾਦ ਕੀਤਾ।

# ਪੰਜਾਬ ਨੂੰ ਕੇਜਰੀਵਾਲ ਮਾਡਲ ਨਹੀਂ, ਸਗੋਂ ਦੇਸ਼ ਨੂੰ ਪੰਜਾਬ ਮਾਡਲ ਦੇਣ ਦੀ ਲੋੜ : ਹਰਦੀਪ ਸਨੌਰ



**ਪਟਿਆਲਾ (ਰਾਜਿੰਦਰ ਥਿੰਦ)**-ਪੰਜਾਬ ਵਰਗੀ ਜਰਖੇਜ਼ ਤੇ ਅਣਖੀ ਧਰਤੀ ਨੂੰ ਕਿਸੇ ਵੀ ਬਾਹਰੀ ਮਾਡਲ ਦੀ ਲੋੜ ਨਹੀਂ, ਸਗੋਂ ਦੇਸ਼ ਨੂੰ ਟਿਕਾਊ ਮਾਡਲ ਦੀ ਲੋੜ ਹੈ। ਇਸ ਲਈ ਉਹ ਹੋਣਾ ਚਾਹੀਦਾ ਹੈ, ਜਿਸ ਵਿਚ ਮਨੁੱਖਤਾ ਦੀ ਸੇਵਾ, ਲੋੜਵੰਦਾਂ ਦੀ ਸਹਾਇਤਾ, ਹਰ ਧਰਮ ਦਾ ਸਤਿਕਾਰ ਤੇ ਦੇਸ਼ ਭਗਤੀ ਵਾਲੇ ਜਜ਼ਬੇ ਹੋਣ।ਇਹ ਬਿਆਨ ਬੀ ਜੇ ਪੀ ਦੇ ਹਲ਼ਕਾ ਸਨੌਰ ਦੇ ਇੰਚਾਰਜ ਤੇ ਬੁਲਾਰੇ ਹਰਦੀਪ ਸਿੰਘ ਸਨੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦਿੱਤਾ।ਉਨ੍ਹਾਂ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਕਿ ਇਹ ਮਾਡਲ ਪੰਜਾਬ ਵਿੱਚ ਗੈਂਗਸਟਰ ਸਿਸਟਮ ਨੂੰ ਉਤਸ਼ਾਹਤ ਕਰ ਰਿਹਾ ਹੈ, ਜਿੱਥੇ ਕਾਨੂੰਨ ਵਿਵਸਥਾ ਠੱਪ ਹੋ ਚੁੱਕੀ ਹੈ।ਇੱਥੋਂ ਤੱਕ ਕਿ ਪੰਜਾਬੀਆਂ ਦੀ ਥਾਂ ਰਾਜ ਸਭਾ ਵਿੱਚ ਬਾਹਰੀ ਲੋਕ ਭੇਜੇ ਜਾ ਰਹੇ ਹਨ, ਜੋ ਪੰਜਾਬ ਦੀ ਅਣਖ ਨੂੰ ਚੁਣੌਤੀ ਦੇਣ ਵਾਲੀ ਗੱਲ ਹੈ। ਉਨ੍ਹਾਂ ਇਹ ਵੀ ਕਿਹਾ ਕਿ ਆਮ ਆਦਮੀ ਪਾਰਟੀ ਦੀ ਲਾਪ੍ਰਵਾਹੀ ਤੇ ਪਿੱਛੜੀ ਨੀਤੀਆਂ ਕਾਰਨ ਪੰਜਾਬ ਦੀ ਸਵੈ-ਮਾਣ ਵਾਲੀ ਅਨਾਜ ਉਤਪਾਦਨ ਸ਼ਮੂਲੀਅਤ ਵੀ ਘੱਟ ਕੇ 11.97 ਫੀਸਦੀ ਤੋਂ ਘੱਟ ਕੇ 11.1 ਫ਼ੀਸਦੀ ਹੋ ਗਈ ਹੈ, ਜੋ ਕਿ ਦੇਸ਼ ਦੇ ਭਵਿੱਖ ਲਈ ਵੀ ਸਹੀ ਨਹੀਂ ਹੈ, ਜੇ ਇਹੀ ਕੇਜਰੀਵਾਲ ਮਾਡਲ ਹੈ ਤਾਂ ਪੰਜਾਬ ਨੂੰ ਇਹ ਕਦੇ ਵੀ ਨਹੀਂ ਚਾਹੀਦਾ।ਪੰਜਾਬੀ ਮੋਹਰੀ ਹੋਣਗੇ, ਪੰਜਾਬੀ ਆਗੂ ਹੋਣਗੇ, ਬਾਹਰੀ ਚੌਧਰਾਹਟ ਸਹਿਣ ਨਹੀਂ ਕਰੀ ਜਾਵੇਗੀ।ਇਸ ਦਾ ਗਵਾਹ ਪੰਜਾਬ ਦਾ ਮਾਣਮੱਤਾ ਇਤਿਹਾਸ ਹੈ।ਹਰਦੀਪ ਸਿੰਘ ਨੇ ਕਿਹਾ ਕਿ ਦਿੱਲੀ ਮਾਡਲ ਤਹਿਤ ਲੈਂਡ ਪੂਲਿੰਗ ਸਕੀਮ ਨੂੰ 'ਕਿਸਾਨ ਮਾਰੂ' ਕਰਾਰ ਦਿੰਦੇ ਹੋਏ ਕਿਹਾ ਕਿ ਪੰਜਾਬ ਦੀ ਖੇਤੀਯੋਗ ਜ਼ਮੀਨ ਪਹਿਲਾਂ ਹੀ ਘੱਟ ਰਹੀ ਹੈ।ਲੈਂਡ ਪੂਲਿੰਗ ਜਿਹੀ ਸਕੀਮ ਨਾਲ ਸਤਿਗੁਰੂ ਨਾਨਕ ਦੇ ਵਰਸੋਏ ਕਿੱਤੇ ਨੂੰ ਵੱਡਾ ਝਟਕਾ ਲੱਗੇਗਾ।ਪੰਜਾਬੀ ਕਿਸਾਨ ਕਦੇ ਵੀ ਇਹ ਨੀਤੀ ਕਬੂਲ ਨਹੀਂ ਕਰਨਗੇ।

# ਡੀ ਐੱਸ ਪੀ ਦਫਤਰ ਦਾ ਰਿਕਾਰਡ ਅੱਗ ਲਾ ਕੇ ਮਚਾਇਆ



**ਬਠਿੰਡਾ (ਬਖਤੌਰ ਢਿੱਲੋਂ)**-ਡੀ ਐੱਸ ਪੀ ਦਫਤਰ ਭੁੱਚੋ ਮੰਡੀ ਦੇ ਦਫਤਰ ਦੇ ਪਿਛਲੇ ਪਾਸੇ ਪੁਲਸ ਮੁਲਾਜ਼ਮਾਂ ਵੱਲੋਂ ਪਰਦੇ ਨਾਲ ਸਰਕਾਰੀ ਰਿਕਾਰਡ ਅੱਜ ਅੱਗ ਲਾ ਕੇ ਸਾੜ ਦਿੱਤਾ ਗਿਆ।ਇਸ ਰਿਕਾਰਡ ਵਿੱਚ ਦਰਜ ਮੁਕੱਦਮਿਆਂ ਦਾ ਰਿਕਾਰਡ ਵੀ ਸ਼ਾਮਲ ਸੀ।ਇੱਥੇ ਇਹ ਵੀ ਵਰਣਨਯੋਗ ਹੈ ਕਿ ਡੀ ਐੱਸ ਪੀ ਭੁੱਚੋ ਵਿਰੁੱਧ ਵਿਜੀਲੈਂਸ ਪੜਤਾਲ ਚੱਲ ਰਹੀ ਹੈ।ਪੱਤਰਕਾਰਾਂ ਦੀ ਟੀਮ ਜਦ ਮੌਕੇ 'ਤੇ ਪਹੁੰਚ ਗਈ, ਤਾਂ ਡਿਪਟੀ ਦਫਤਰ ਵਿੱਚ ਹਾਜ਼ਰ ਨਹੀਂ ਸੀ।ਉਥੇ ਮੌਜੂਦ ਰੀਡਰ ਨੇ ਕਿਹਾ ਕਿ ਪੁਰਾਣਾ ਰਿਕਾਰਡ ਮਚਾਇਆ ਗਿਆ ਹੈ, ਜਦ ਮੱਚ ਰਹੇ ਰਿਕਾਰਡ ਵਿੱਚ ਸਾਲ 2023 'ਚ ਦਰਜ ਮੁਕੱਦਮੇ ਵੱਲ ਧਿਆਨ ਦਿਵਾਇਆ ਤਾਂ ਉਨ੍ਹਾਂ ਕੋਈ ਜਵਾਬ ਨਾ ਦਿੱਤਾ।ਇਥੇ ਇਹ ਵੀ ਵਰਣਨਯੋਗ ਹੈ ਕਿ ਕਿਸੇ ਵੀ ਜ਼ਿਲ੍ਹਾ ਪੁਲਸ ਅਧਿਕਾਰੀ ਨੇ ਫੋਨ ਸੁਣਨ ਦੀ ਜਹਿਮਤ ਨਾ ਉਠਾਈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

13 July Page 3.qxd 7/12/2025 11:02 PM Page 1



## ਧਾਲੀਵਾਲ ਨੇ ਅਜਨਾਲਾ ਹਲਕੇ 'ਚ 9 ਕਰੋੜ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਦੇ ਨੀਂਹ ਪੱਥਰ ਰੱਖੇ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਹਲਕਾ ਅਜਨਾਲਾ ਦੇ ਵਿਧਾਇਕ ਸ੍ਰੀ ਕੁਲਦੀਪ ਸਿੰਘ ਧਾਲੀਵਾਲ ਨੇ ਅਜਨਾਲਾ ਹਲਕੇ ਵਿੱਚ 9 ਕਰੋੜ ਰੁਪਏ ਦੀ ਲਾਗਤ



ਨਾਲ ਬਣਨ ਵਾਲੀਆਂ ਸੜਕਾਂ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਹਲਕੇ ਦੀਆਂ ਸਾਰੀਆਂ ਸੜਕਾਂ ਇਕ ਸਾਲ ਦੇ ਅੰਦਰ ਅੰਦਰ ਪੂਰੀਆਂ ਕਰ ਦਿੱਤੀਆਂ ਜਾਣਗੀਆਂ। ਉਹਨਾਂ ਹਲਕੇ ਲਈ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵੱਲੋਂ ਵਿਖਾਈ ਦਰਿਆ ਦਿਲੀ ਅਤੇ ਜਾਰੀ ਕੀਤੇ ਗਏ ਫੰਡਾਂ ਲਈ ਧੰਨਵਾਦ ਕਰਦੇ ਕਿਹਾ ਕਿ ਉਹਨਾਂ ਦੇ ਬਦੌਲਤ ਹਲਕੇ ਦੇ ਵਿੱਚ ਕੋਈ ਵੀ ਕੰਮ ਅਧੂਰਾ ਨਹੀਂ ਰਹਿਣ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਵੋਟਾਂ ਤੋਂ ਪਹਿਲਾਂ ਲੋਕਾਂ ਨਾਲ ਜੋ ਵੀ ਵਾਅਦੇ ਕੀਤੇ ਸਨ ਪੂਰੇ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਬਹੁਤੇ ਕੰਮ ਹੋ ਚੁੱਕੇ ਹਨ, ਵੱਡੀਆਂ ਸੜਕਾਂ ਵੀ ਬਣ ਚੁੱਕੀਆਂ ਹਨ ਅਤੇ ਲਿੰਕ ਸੜਕਾਂ ਦਾ ਕੰਮ ਚੱਲ ਰਿਹਾ ਹੈ, ਜਿਸ ਵਿੱਚੋਂ 58 ਸੜਕਾਂ ਬਹੁਤ ਜਲਦੀ ਬਣਾਈਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਬਾਕੀ ਸੜਕਾਂ ਦਾ ਕੰਮ ਵੀ ਕੁਝ ਮਹੀਨਿਆਂ ਤੱਕ ਪੂਰਾ ਕਰ ਦਿੱਤਾ ਜਾਵੇਗਾ। ਉਹਨਾਂ ਅੱਜ ਕਾਮਲਪੁਰ ਤੋਂ ਉੱਚਾ ਤੇੜਾ, ਤੇੜਾ ਕਲਾਂ-ਖਤਰਾਏ ਕਲਾਂ ਤੋਂ ਕੁੱਕੜਾਂਵਾਲਾ ਫਤਿਹਗੜ੍ਹ ਚੂੜੀਆਂ ਰੋਡ (ਸੈਕਸ਼ਨ ਕਿਆਮਪੁਰ ਤੋਂ ਝੰਡੇਰ ਹਰਸ਼ਾਛੀਨਾ ਫਤਿਹਗੜ੍ਹ ਚੂੜੀਆਂ ਰੋਡ), ਫਤਿਹਗੜ੍ਹ ਚੂੜੀਆਂ ਰੋਡ ਰਮਦਾਸ ਰੋਡ ਤੋਂ ਬੋਹਤਵਾਲਾ (18 ਫੁੱਟ ਚੌੜੀ), ਸੰਗੀ ਨਾਲ੍ਹ ਉਪਰ ਡੁੱਬ ਅਤੇ 12 ਫੁੱਟ ਚੌੜੀ ਲਿੰਕ ਸੜਕ, ਘੁਮਰਾਏ ਤੋਂ ਬੀਐੱਸਐੱਫ ਚੌਂਕ ਪੋਸਟ ਪੰਜਗਰਾਏ ਡਿਫੈਂਸ ਲਾਈਨ ਪਿੰਡ ਘੁਮਰਾਏ ਦੀ ਨਵੀਂ ਉਸਾਰੀ ਸ਼ੁਰੂ ਕਰਵਾਈ ਗਈ ਹੈ।ਇਸ ਮੌਕੇ ਮਾਰਕੀਟ ਕਮੇਟੀ ਅਜਨਾਲਾ ਦੇ ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਸਰਪੰਚ ਜਸਬੀਰ ਸਿੰਘ ਰਾਜਾ ਚੇਤਨਪੁਰਾ ਅਤੇ ਐਕਸੀਅਨ ਹਰਚਰਨ ਸਿੰਘ ਅਤੇ ਹੋਰ ਅਧਿਕਾਰੀ ਵੀ ਉਨ੍ਹਾਂ ਦੇ ਨਾਲ ਹਾਜ਼ਰ ਸਨ।



## 52 ਲਾਭਪਾਤਰੀਆਂ ਨੂੰ 72 ਲੱਖ ਦੀ ਕਰਜ਼ਾ ਮਾਫੀ ਦੇ ਪ੍ਰਮਾਣ ਪੱਤਰ ਤਕਸੀਮ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਮਾਜ ਦੇ ਕਮਜ਼ੋਰ ਵਰਗਾਂ ਦੀ ਭਲਾਈ ਲਈ ਦ੍ਰਿੜ ਸੰਕਲਪ ਹੈ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਅਨੁਸੂਚਿਤ ਜਾਤੀ ਭਾਈਚਾਰੇ ਦੇ ਪਰਿਵਾਰਾਂ ਵੱਲੋਂ ਲਏ ਗਏ ਕਰੀਬ 67 ਕਰੋੜ ਰੁਪਏ ਦੇ ਕਰਜ਼ੇ ਮਾਫ ਕਰਕੇ ਆਪਣਾ ਵਾਅਦਾ ਪੂਰਾ ਕੀਤਾ ਹੈ।ਇਹ ਗੱਲ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਦੀਨਾਨਗਰ ਵਿਖੇ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਵੱਲੋਂ ਕਰਜ਼ਾ ਮਾਫੀ ਦੇ ਸਰਟੀਫਿਕੇਟ ਵੰਡਣ ਲਈ ਕਰਵਾਏ ਗਏ ਸਾਦੇ ਸਮਾਗਮ ਦੌਰਾਨ ਆਖੀ।ਇਸ ਮੌਕੇ ਮਾਰਕੀਟ ਕਮੇਟੀ ਦੀਨਾਨਗਰ ਦੇ ਚੇਅਰਮੈਨ ਤੇ ਹਲਕਾ ਸੰਗਠਨ ਇੰਚਾਰਜ ਬਲਜੀਤ ਸਿੰਘ ਖਾਲਸਾ, ਅਨੁਸੂਚਿਤ ਜਾਤੀ ਦੇ ਜ਼ਿਲ੍ਹਾ ਮੈਨੇਜਰ ਸੰਤਪਾਲ ਅਤੇ ਸਹਾਇਕ ਜ਼ਿਲ੍ਹਾ ਮੈਨੇਜਰ ਅਮਰਜੀਤ ਸਿੰਘ ਵੀ ਉਨ੍ਹਾਂ ਦੇ ਨਾਲ ਉਚੇਚੇ ਤੌਰ ਤੇ ਮੌਜੂਦ ਸਨ।ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਅੱਜ ਦੇ ਇਸ ਸਮਾਗਮ ਦੌਰਾਨ ਦੀਨਾਨਗਰ ਵਿਧਾਨ ਸਭਾ ਹਲਕੇ ਦੇ 52 ਲਾਭਪਾਤਰੀਆਂ ਨੂੰ ਕਰੀਬ 72.18 ਲੱਖ ਰੁਪਏ ਦੀ ਕਰਜ਼ਾ ਮਾਫੀ ਦੇ ਪ੍ਰਮਾਣ ਪੱਤਰ ਦਿੱਤੇ ਗਏ ਹਨ।ਵਿੱਤ ਕਾਰਪੋਰੇਸ਼ਨ ਵੱਲੋਂ ਜਿਨ੍ਹਾਂ ਐਸਸੀ ਭਾਈਚਾਰੇ ਅਤੇ ਦਿਵਿਆਂਗ ਵਿਅਕਤੀਆਂ ਵੱਲੋਂ 31 ਮਾਰਚ 2020 ਤੋਂ ਪਹਿਲਾਂ ਕਰਜ਼ੇ ਲਏ ਗਏ ਸਨ ਉਹ ਸਾਰੇ ਮਾਫ ਕਰ ਦਿੱਤੇ ਗਏ ਹਨ। ਉਨਾਂ ਕਿਹਾ ਕਿ ਪੂਰੇ ਗੁਰਦਾਸਪੁਰ ਜ਼ਿਲ੍ਹੇ ਅੰਦਰ 321 ਲੋਕਾਂ ਨੂੰ ਇਸ ਯੋਜਨਾ ਦਾ ਲਾਭ ਹੋਇਆ ਹੈ, ਜਿਨ੍ਹਾਂ ਦੇ ਕਰੀਬ 4.46 ਕਰੋੜ ਰੁਪਏ ਦੇ ਕਰਜ਼ੇ ਮਾਫ ਕੀਤੇ ਗਏ ਹਨ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਸਮਾਜ ਦੇ ਹਰੇਕ ਵਰਗ ਦੇ ਹਿੱਤਾਂ ਦਾ ਖਿਆਲ ਕਰ ਰਹੀ ਹੈ। ਇਸ ਮੌਕੇ ਬਲਾਕ ਪ੍ਰਧਾਨ ਰਾਜੀਵ ਸੈਣੀ, ਸ਼ਮਸ਼ੇਰ ਸਿੰਘ ਨੰਬਰਦਾਰ, ਮੈਂਬਰ ਪੰਚਾਇਤ ਚਮਨ ਲਾਲ ਅਵਾਂਖਾ, ਰਮਨਦੀਪ ਸਿੰਘ, ਵਿਪਨ ਕੁਮਾਰ ਭਟੋਇਆ, ਤਨਿਸ਼ ਹੀਰਾ ਅਤੇ ਕੀਰਤ ਵੀ ਹਾਜ਼ਰ ਸਨ।

## ਕੈਬਨਿਟ ਮੰਤਰੀ ਅਮਨ ਅਰੋੜਾ ਤੇ ਚੀਮਾ ਵਿਰੁੱਧ ਦਰਜ ਐੱਫਆਈਆਰ ਸਿਆਸਤ ਤੋਂ ਪ੍ਰੇਰਿਤ ਤੇ ਝੂਠੀ ਸਾਜ਼ਿਸ਼ ਦਾ ਹਿੱਸਾ : ਬਹਿਲ

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਅਤੇ ਕੈਬਨਿਟ ਮੰਤਰੀਆਂ ਅਮਨ ਅਰੋੜਾ ਅਤੇ ਹਰਪਾਲ ਸਿੰਘ ਚੀਮਾ ਵਿਰੁੱਧ ਦਰਜ ਕੀਤੀ ਗਈ ਐੱਫਆਈਆਰ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ।ਉਨ੍ਹਾਂ ਇਸ ਕਾਰਵਾਈ ਨੂੰ ਝੂਠਾ, ਰਾਜਨੀਤੀ ਤੋਂ ਪ੍ਰੇਰਿਤ ਅਤੇ ਲੋਕਤੰਤਰ ਵਿਰੁੱਧ ਸਾਜ਼ਿਸ਼ ਦੱਸਿਆ ਹੈ।ਇਹ ਐੱਫਆਈਆਰ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਸ਼ਿਕਾਇਤ ਤੇ ਦਰਜ ਕੀਤੀ ਗਈ ਹੈ, ਜਿਸ ਵਿੱਚ ਸੋਸ਼ਲ ਮੀਡੀਆ 'ਤੇ ਕਥਿਤ ਜਾਅਲੀ ਵੀਡੀਓ ਸ਼ੇਅਰ ਕਰਨ ਦੇ ਦੋਸ਼ ਲਗਾਏ ਗਏ ਹਨ।ਇਸ ਤੇ ਪ੍ਰਤੀਕਿਰਿਆ ਦਿੰਦੇ ਹੋਏ ਰਮਨ ਬਹਿਲ ਨੇ ਕਿਹਾ ਕਿ ਇਹ ਸਿਰਫ਼ ਦੋ ਮੰਤਰੀਆਂ ਤੇ ਹਮਲਾ ਨਹੀਂ ਹੈ, ਇਹ ਪੰਜਾਬ ਦੇ ਇਮਾਨਦਾਰ ਸ਼ਾਸਨ ਅਤੇ ਲੋਕਤੰਤਰੀ ਭਾਵਨਾ 'ਤੇ ਹਮਲਾ ਹੈ।ਉਨ੍ਹਾਂ ਅੱਗੇ ਕਿਹਾ ਕਿ ਅਮਨ ਅਰੋੜਾ ਅਤੇ ਹਰਪਾਲ ਚੀਮਾ ਦੋਵੇਂ ਇਮਾਨਦਾਰ ਅਤੇ ਮਿਹਨਤੀ ਜਨਤਕ ਸੇਵਕ ਹਨ ਜਿਨ੍ਹਾਂ ਨੇ ਪੰਜਾਬ ਦੇ ਲੋਕਾਂ ਲਈ ਅਣਥੱਕ ਕੰਮ ਕੀਤਾ ਹੈ।ਉਨ੍ਹਾਂ ਵਿਰੁੱਧ ਝੂਠੇ ਮਾਮਲੇ ਦਰਜ ਕਰਨਾ ਸਿਰਫ ਧਿਆਨ ਭਟਕਾਉਣ ਅਤੇ ਉਨ੍ਹਾਂ ਦੇ ਅਕਸ ਨੂੰ ਖਰਾਬ ਕਰਨ ਲਈ ਸਸਤੀ ਰਾਜਨੀਤੀ ਹੈ।ਰਮਨ ਬਹਿਲ ਨੇ ਕਿਹਾ ਕਿ ਉਹ ਇਸ ਮੁੱਦੇ ਨੂੰ ਸਬੰਧਤ ਅਧਿਕਾਰੀਆਂ ਕੋਲ ਉਠਾਉਣਗੇ ਅਤੇ ਢੁੱਕਵੀਂ ਕਾਰਵਾਈ ਦੀ ਮੰਗ ਕਰਨਗੇ।ਉਨ੍ਹਾਂ ਇਹ ਵੀ ਚੇਤਾਵਨੀ ਦਿੱਤੀ ਕਿ ਅਜਿਹੀ ਰਾਜਨੀਤੀ ਕਾਨੂੰਨ ਦੀ ਦੁਰਵਰਤੋਂ ਦੀ ਇੱਕ ਖ਼ਤਰਨਾਕ ਮਿਸਾਲ ਕਾਇਮ ਕਰਦੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਨੂੰ ਸੱਚ ਦੀ ਲੋੜ ਹੈ, ਦਿਖਾਵੇ ਦੀ ਨਹੀਂ।ਜਨਤਾ ਦੇਖ ਰਹੀ ਹੈ ਅਤੇ ਸਾਡੇ ਮੰਤਰੀਆਂ ਨੂੰ ਬਦਨਾਮ ਕਰਨ ਦੀ ਕੋਈ ਵੀ ਸਜ਼ਿਸ਼ ਸਫਲ ਨਹੀਂ ਹੋਵੇਗੀ।ਮੈਂ ਅਮਨ ਅਰੋੜਾ, ਹਰਪਾਲ ਚੀਮਾ ਅਤੇ ਨਿਆਂ ਲਈ ਬੋਲਣ ਵਾਲੀ ਹਰ ਆਵਾਜ਼ ਦੇ ਨਾਲ ਖੜ੍ਹਾ ਹਾਂ।

## ਝਬਾਲ ਖ਼ੁਰਦ ਤੋਂ ਧੰਨਬੀਰ ਸਿੰਘ ਲੱਠਾ ਸੈਂਕੜੇ ਸਾਥੀਆਂ ਸਣੇ ਭਾਜਪਾ 'ਚ ਸ਼ਾਮਿਲ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਵਿਧਾਨ ਸਭਾ ਹਲਕਾ ਤਰਨ ਤਾਰਨ ਦੇ ਪਿੰਡ ਝਬਾਲ ਖ਼ੁਰਦ ਵਿਖੇ ਧੰਨਬੀਰ ਸਿੰਘ ਲੱਠਾ ਵਿਖੇ ਮੀਟਿੰਗ ਕੀਤੀ ਗਈ ਜਿਸ ਵਿੱਚ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਵਿਸ਼ੇਸ਼ ਤੌਰ 'ਤੇ ਪੁਹੰਚੇ ਤੇ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਹੋਏ। ਇਸ ਸਮੇਂ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਧੰਨਬੀਰ ਸਿੰਘ ਲੱਠਾ, ਸਾਬਕਾ ਮੈਂਬਰ ਮਹਾਂਵੀਰ ਸਿੰਘ, ਰਵਿੰਦਰ ਸਿੰਘ ਲੱਠਾ, ਹਰਗੁਣ ਸਿੰਘ ਲੱਠਾ, ਗੁਰਪ੍ਰੀਤ ਸਿੰਘ, ਸੁਖਚੈਨ ਸਿੰਘ, ਬਲਜਿੰਦਰ ਸਿੰਘ, ਬਲਬੀਰ ਕੌਰ, ਦਿਲਬਾਗ ਸਿੰਘ ਠੇਕੇਦਾਰ, ਪ੍ਰਕਾਸ਼ ਸਿੰਘ, ਬਲਜੀਤ ਸਿੰਘ ਅੰਗਰੇਜ਼ ਸਿੰਘ, ਗੁਰਚਰਨ ਸਿੰਘ, ਜਸਬੀਰ ਸਿੰਘ, ਹਰਮੀਤ ਸਿੰਘ, ਸੁਖਜਿੰਦਰ ਸਿੰਘ, ਡਾ. ਸੋਨੂੰ ਸੋਹਲ, ਕਾਲਾ ਟਰਾਲੀਆਂ ਵਾਲਾ ਮੰਗਾ ਪ੍ਰਾਪਰਟੀ ਡੀਲਰ , ਸਤਨਾਮ ਸਿੰਘ ਬਿਜਲੀ ਵਾਲੇ ਤੇ ਉਨ੍ਹਾਂ ਦੇ ਸੈਂਕੜੇ ਸਾਥੀਆਂ ਨੂੰ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਕਰ ਕੇ ਸਨਮਾਨਿਤ ਕੀਤਾ। ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਝੂਠ ਬੋਲ ਕੇ ਪੰਜਾਬ ਦੀ ਸੱਤਾ 'ਚ ਆਈ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਨੂੰ ਹੋਰ ਕਾਲੇ ਦਿਨਾਂ ਵਿਚ ਧਕੇਲ ਦਿੱਤਾ ਗਿਆ ਹੈ, ਜਿਸ ਨਾਲ ਪੰਜਾਬ ਦੇ ਲੋਕ ਬਹੁਤ ਪੱਛੜ ਚੁੱਕੇ ਹਨ।ਪੰਜਾਬ ਵਿਚ ਅਮਨ ਸ਼ਾਂਤੀ ਨਾਂਅ ਦੀ ਕੋਈ ਚੀਜ਼ ਨਹੀਂ ਹੈ।ਅਗਰ ਪੰਜਾਬ ਦਾ ਭਲਾ ਹੋ ਸਕਦਾ ਹੈ ਤਾਂ ਉਹ ਇੱਕੋ ਇੱਕ ਦੇਸ਼ ਦੀ ਸਭ ਤੋਂ ਵੱਡੀ ਰਾਜਨੀਤਿਕ ਪਾਰਟੀ ਭਾਰਤੀ ਜਨਤਾ ਪਾਰਟੀ ਹੀ ਹੈ। ਉਨ੍ਹਾਂ ਕਿਹਾ ਕਿ ਹੁਣ ਆਪਾਂ ਵੀ ਭਾਰਤੀ ਜਨਤਾ ਪਾਰਟੀ ਨੂੰ ਮਜ਼ਬੂਤ ਕਰੀਏ ਅਤੇ ਪੰਜਾਬ ਦਾ ਭਲਾ ਕਰਨ ਵਿਚ ਯੋਗਦਾਨ ਪਾਈਏ।ਇਸ ਮੌਕੇ ਹਰਪ੍ਰੀਤ ਸਿੰਘ ਸਿੰਧਬਾਦ ਜਨਰਲ ਸਕੱਤਰ, ਅਵਤਾਰ ਸਿੰਘ ਬੰਟੀ ਐਸੀ ਮੋਰਚਾ ਜ਼ਿਲ੍ਹਾ ਪ੍ਰਧਾਨ, ਨਿਸ਼ਾਨ ਸਿੰਘ ਮਹਾਂਮੰਤਰੀ, ਸਤਨਾਮ ਸਿੰਘ ਭੁੱਲਰ, ਗੁਰਲਾਲ ਸਿੰਘ ਸਰਪੰਚ, ਦੇਵਗਨ, ਬਲਜਿੰਦਰ ਸਿੰਘ ਚੀਮਾ ਸੀਨੀਅਰ ਆਗੂ, ਬਲਧੀਰ ਸਿੰਘ ਪੀਏ, ਰਾਣਾ ਸੰਧੂ ਸਰਕਲ ਪ੍ਰਧਾਨ ਆਦਿ ਹਾਜ਼ਰ ਸਨ।



## ਮੀਆਂਵਿੰਡ 'ਚ ਵੱਖ-ਵੱਖ ਸਮਾਜ ਸੇਵੀਆਂ ਵੱਲੋਂ ਅਹਿਮ ਇਕੱਤਰਤਾ

### ● ਮਨੁੱਖੀ ਅਧਿਕਾਰਾਂ ਦੀ ਉਲੰਘਣਾ ਖਿਲਾਫ ਲੋਕਾਂ ਨੂੰ ਸੰਘਰਸ਼ ਵਿੱਢਣ ਦਾ ਦਿੱਤਾ ਜ਼ੋਰਦਾਰ ਹੋਕਾ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਮੀਆਂਵਿੰਡ 'ਚ ਸਮਾਜ ਸੇਵੀਆਂ ਨੇ ਮੀਟਿੰਗ ਜਿਸਦੀ ਪ੍ਰਧਾਨਗੀ ਉਘੇ ਸਮਾਜ ਸੇਵੀ ਬਾਬਾ ਪਰਮਜੀਤ ਸਿੰਘ ਮਹਾਂਕਾਲ ਨੇ ਕੀਤੀ।ਇਸ ਮੀਟਿੰਗ ਦੀ ਮੇਜ਼ਬਾਨੀ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਮੁਸਲਿਮ ਵਿੰਗ ਦੇ ਚੇਅਰਮੈਨ ਪੰਜਾਬ ਮੁਹੋਬਤ ਮੇਹਰਬਾਨ ਨੇ ਕੀਤੀ।ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ ਮੀਟਿੰਗ 'ਚ ਪੁੱਜੇ ਸਾਥੀਆਂ ਨੂੰ ਲਾਮਬੰਦੀ ਦਾ ਹੋਕਾ ਦਿੱਤਾ।ਮੀਟਿੰਗ 'ਚ ਪ੍ਰਸ਼ਾਸਨਿਕ ਪੱਧਰ ਤੇ ਸਰਕਾਰੀ ਕਲਿਆਣਕਾਰੀ ਯੋਜਨਾਵਾਂ 'ਚ ਹੁੰਦੀ ਆ ਰਹੀ ਕਥਿਤ ਘਪਲੇਬਾਜ਼ੀ ਨੂੰ ਨੰਗਿਆਂ ਕਰਨ, ਸਰਕਾਰੀ ਸਕੀਮਾਂ 'ਚ ਦਲਾਲਾਂ ਵੱਲੋਂ ਕੀਤੇ ਜਾ ਰਹੇ ਗਰੀਬਾਂ ਦੇ ਆਰਥਿਕ ਸ਼ੋਸ਼ਣ ਨੂੰ ਠੱਲ੍ਹਣ ਅਤੇ ਦੱਬੇ ਕੁਚਲੇ ਸਮਾਜ ਦੀ ਸਾਰਥਕ ਤਰੀਕੇ ਨਾਲ ਸੰਭਵ ਮਦਦ ਕਰਨ ਲਈ ਸਹਿਮਤੀ ਬਣੀ।ਜਥੇਦਾਰ ਬਾਬਾ ਪਰਮਜੀਤ ਸਿੰਘ ਮਹਾਂਕਾਲ ਨੇ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਸੰਭਾਵਿਤ ਦਖਲ ਨਾਲ ਅਨੁਸੂਚਿਤ ਜਾਤੀਆਂ ਵਰਗ ਦੇ ਨਾਲ ਸਬੰਧਿਤ ਲੋਕਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਕਮਿਸ਼ਨ ਦੇ ਚੇਅਰਮੈਨ ਜਸਬੀਰ ਸਿੰਘ ਗੜ੍ਹੀ ਨੂੰ ਮਿਲ ਕੇ ਪ੍ਰਭਾਵਿਤ ਇਲਾਕਿਆਂ 'ਚ ਨਿਰੰਤਰ ਦੌਰੇ ਰੱਖਣ ਲਈ ਪ੍ਰਸਤਾਵ ਪੇਸ਼ ਕਰਨ ਲਈ ਰਾਇ ਮੰਗੀ।ਇਸ ਪ੍ਰਸਤਾਵ ਦੀ ਤਾਇਦ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਚੇਅਰਮੈਨ ਸੰਦੀਪ ਸਿੰਘ ਰਾਜੂ ਨੇ ਕੀਤੀ।ਸੰਦੀਪ ਸਿੰਘ ਰਾਜੂ ਜੋ ਕਿ ਪੰਜਾਬ ਰਾਜ ਮਾਪੇ ਬਚਾਓ ਐਕਸ਼ਨ ਕਮੇਟੀ ਦੇ ਚੇਅਰਮੈਨ ਹਨ, ਨੇ ਕਿਹਾ ਕਿ ਬੱਚਿਆਂ ਦੇ ਅਧਿਕਾਰਾਂ ਦੇ ਹੋ ਰਹੇ ਹੱਨਨ ਨੂੰ ਰੋਕਣ ਅਤੇ ਸਿੱਖਿਆ ਨੂੰ ਲੈ ਕੇ ਬੱਚਿਆਂ ਦੇ ਮੌਲਿਕ ਅਧਿਕਾਰਾਂ ਨਾਲ ਹੋ ਰਹੇ ਖਿਲ੍ਹਵਾੜ ਨੂੰ ਠੱਲ੍ਹਣ ਲਈ ਸਾਡੇ ਟੀਮ ਵੱਲੋਂ ਲਗਾਤਾਰ ਹੀ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਦੀ ਵਾਈਸ ਚੇਅਰਮੈਨ ਮੈਡਮ ਗੁਨਜੀਤ ਕੌਰ ਰੁਚੀ ਬਾਵਾ ਪਾਸੋਂ ਸਮਾਂ ਮੰਗਿਆ ਜਾ ਰਿਹਾ ਹੈ।ਸਾਡਾ ਵਫਦ ਲੁਧਿਆਣਾ ਦੇ ਸਰਕਟ ਹਾਊਸ ਵਿਖੇ ਬਾਲ ਅਧਿਕਾਰ ਰੱਖਿਆ ਕਮਿਸ਼ਨ ਨੂੰ ਮਿਲਣ ਲਈ ਯਤਨਸ਼ੀਲ ਹੈ।ਇਸ ਮੌਕੇ ਸਤਨਾਮ ਸਿੰਘ ਗਿੱਲ ਨੇ ਕਿਹਾ ਕਿ ਸਰਕਾਰੀ ਤੰਤਰ ਵੱਲੋਂ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਸ਼ਰੇਆਮ ਉਲੰਘਣਾ ਇੱਕ ਗੰਭੀਰ ਮੁੱਦਾ ਹੈ।ਉਨ੍ਹਾਂ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ 'ਚ ਕੋਈ ਇਤਿਹਾਸਕ ਅਤੇ ਮਿਸਾਲੀ ਨਤੀਜਾ ਲੈਣ ਲਈ ਚੇਅਰਮੈਨ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਨਾਲ ਮੀਟਿੰਗ ਲਈ ਸਮਾਂ ਨਿਸ਼ਚਤ ਕੀਤਾ ਜਾ ਰਿਹਾ ਹੈ।



## ਕਾਮਰੇਡ ਅਜੀਤ ਸਿੰਘ ਠੱਕਰ ਸੰਧੂ 'ਤੇ ਦਰਜ ਐੱਫਆਈਆਰ ਰੱਦ ਕੀਤੀ ਜਾਵੇ : ਆਰ ਐੱਮ ਪੀ ਆਈ

**ਗੁਰਦਾਸਪੁਰ (ਜਨਕ ਮਹਾਜਨ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਦੇ ਆਗੂਆਂ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਰਘਬੀਰ ਸਿੰਘ ਪਕੀਵਾਂ, ਜ਼ਿਲ੍ਹਾ ਸਕੱਤਰ ਕਾਮਰੇਡ ਨੱਥਾ ਸਿੰਘ ਡਡਵਾਲ, ਜ਼ਿਲ੍ਹਾ ਪ੍ਰਧਾਨ ਕਾਮਰੇਡ ਸ਼ਿਵ ਕੁਮਾਰ, ਸੂਬਾ ਕਮੇਟੀ ਮੈਂਬਰਾਨ ਕਾਮਰੇਡ ਧਿਆਨ ਸਿੰਘ ਠਾਕੁਰ, ਮੱਖਣ ਸਿੰਘ ਕੁਹਾੜ ਅਤੇ ਸ਼ਮਸ਼ੇਰ ਸਿੰਘ ਨਵਾਂ ਪਿੰਡ ਨੇ ਸਾਂਝੇ ਪ੍ਰੈੱਸ ਬਿਆਨ ਵਿਚ ਕਿਹਾ ਕਿ ਕਾਮਰੇਡ ਅਜੀਤ ਸਿੰਘ ਠੱਕਰ ਸੰਧੂ 'ਤੇ ਕੀਤਾ ਪਰਚਾ ਰੱਦ ਕਰਨ ਦੀ ਮੰਗ ਕੀਤੀ। ਉਨ੍ਹਾਂ ਨੇ ਪੁਲਸ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਾਮਰੇਡ ਅਜੀਤ ਸਿੰਘ ਜੋ ਕਿ ਪਿਛਲੇ 45 ਸਾਲ ਤੋਂ ਲਗਾਤਾਰ ਪਿੰਡ ਠੱਕਰ ਸੰਧੂ ਦਾ ਸਰਪੰਚ ਰਿਹਾ। ਪਿੰਡ ਠੱਕਰ ਸੰਧੂ ਦੇ ਹੀ ਇਕ ਵਿਅਕਤੀ ਨੇ ਅਜੀਤ ਸਿੰਘ ਠੱਕਰ ਸੰਧੂ ਦੇ ਖ਼ਿਲਾਫ਼ ਦੀ ਸ਼ਾਨ ਦੇ ਖ਼ਿਲਾਫ਼ ਵੈਟਸਐਪ 'ਤੇ ਪੋਸਟ ਪਾ ਦਿੱਤੀ। ਇਸ 'ਤੇ ਕਾਮਰੇਡ ਅਜੀਤ ਸਿੰਘ ਤੇ ਰਣਯੋਧ ਸਿੰਘ ਵਿਚ ਤਲਖ਼ ਕਲਾਮੀ ਹੋਈ। ਉਸ ਨੇ ਥਾਣਾ ਸੇਖਵਾਂ ਵਿਚ ਅਜੀਤ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰਵਾ ਦਿੱਤਾ ਹੈ। ਆਗੂਆਂ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਪਰਚਾ ਫ਼ੌਰੀ ਤੌਰ ਰੱਦ ਕੀਤਾ ਜਾਏ, ਨਹੀਂ ਤਾਂ ਇਸ ਧੱਕੇਸ਼ਾਹੀ ਖ਼ਿਲਾਫ਼ ਆਰ ਐੱਮ ਪੀ ਆਈ ਵੱਲੋਂ ਸਖ਼ਤ ਐਕਸ਼ਨ ਉਲੀਕਿਆ ਜਾਵੇਗਾ।



## ਮੁਫਤ ਰਾਸ਼ਨ ਲੈਣ ਵਾਲੇ ਲਾਭਪਾਤਰੀ 14 ਜੁਲਾਈ ਤੋਂ ਪਹਿਲਾਂ ਈ-ਕੇ ਵਾਈ ਸੀ ਕਰਵਾਉਣ

**ਪੱਟੀ (ਬਲਦੇਵ ਸਿੰਘ ਸੰਧੂ)**- ਡਿਪਟੀ ਕਮਿਸ਼ਨਰ ਰਾਹੁਲ ਨੇ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ-2013 ਅਧੀਨ ਮੁਫ਼ਤ ਰਾਸ਼ਨ ਦਾ ਲਾਭ ਲੈ ਰਹੇ ਸਮੂਹ ਲਾਭਪਾਤਰੀਆਂ ਨੂੰ 14 ਜੁਲਾਈ ਤੋਂ ਪਹਿਲਾਂ-ਪਹਿਲਾਂ ਆਪਣਾ ਈ-ਕੇ. ਵਾਈ. ਸੀ ਕਰਵਾਉਣ ਦੀ ਅਪੀਲ ਕੀਤੀ ਤੇ ਕਿਹਾ ਕਿ ਭਾਰਤ ਸਰਕਾਰ ਦੀ ਮੇਰਾ ਈ-ਕੇ. ਵਾਈ. ਸੀ. ਫੇਸ ਐਪ ਰਾਹੀਂ ਲਾਭਪਾਤਰੀ ਆਪਣੇ ਮੋਬਾਈਲ ਤੋਂ ਘਰ ਬੈਠੇ ਹੀ ਆਪਣੀ ਈ-ਕੇ. ਵਾਈ. ਸੀ. ਕਰ ਸਕਦੇ ਹਨ।ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲਾਭਪਾਤਰੀਆਂ ਨੂੰ 14 ਜੁਲਾਈ, 2025 ਤੱਕ ਆਪਣੀ ਈ-ਕੇ. ਵਾਈ. ਸੀ ਕਰਵਾਉਣਾ ਲਾਜ਼ਮੀ ਕਰ ਦਿੱਤਾ ਗਿਆ ਹੈ ਅਤੇ ਈ-ਕੇ. ਵਾਈ. ਸੀ ਨਾ ਕਰਵਾਉਣ ਵਾਲੇ ਲਾਭਪਾਤਰੀਆਂ ਦਾ ਕਣਕ ਦਾ ਕੋਟਾ ਬੰਦ ਹੋ ਸਕਦਾ ਹੈ। ਸਮੂਹ ਲਾਭਪਾਤਰੀ ਆਪਣੇ ਨਜ਼ਦੀਕੀ ਰਾਸ਼ਨ ਡੀਲਰ ਜਾਂ ਆਨਲਾਈਨ ਸਾਧਨਾਂ ਰਾਹੀਂ ਆਪਣੀ ਈ-ਕੇ. ਵਾਈ. ਸੀ ਜਲਦ ਤੋਂ ਜਲਦ ਕਰਵਾਉਣਾ ਯਕੀਨੀ ਬਣਾਉਣ।

## ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ 'ਚ ਇੰਟਰ ਹਾਊਸ ਲੋਕ ਗੀਤ ਮੁਕਾਬਲੇ ਕਰਵਾਏ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਸਕੱਤਰ ਮੈਡਮ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਵਿਦਿਆਰਥੀਆਂ ਵਿੱਚ ਇੰਟਰ ਹਾਊਸ ਪੰਜਾਬੀ ਲੋਕ ਗੀਤ ਮੁਕਾਬਲੇ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਵੱਖ-ਵੱਖ ਹਾਊਸ ਕ੍ਰਮਵਾਰ ਅਜੀਤ, ਜੁਝਾਰ, ਜ਼ੋਰਾਵਰ ਅਤੇ ਫਤਿਹ ਹਾਊਸ ਦੇ ਵਿਦਿਆਰਥੀਆਂ ਨੇ ਭਾਗ ਲਿਆ।ਇਹ ਮੁਕਾਬਲੇ ਦੋ ਗਰੁੱਪਾਂ ਵਿੱਚ ਕਰਵਾਏ ਗਏ। ਪਹਿਲੇ ਗਰੁੱਪ ਵਿੱਚ ਜਮਾਤ ਪਹਿਲੀ ਤੋਂ ਪੰਜਵੀਂ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਦੂਸਰੇ ਗਰੁੱਪ ਵਿੱਚ ਜਮਾਤ ਛੇਵੀਂ ਤੋਂ ਦਸਵੀਂ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ। ਵਿਦਿਆਰਥੀਆਂ ਨੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਸਲਵਾਰ ਸੂਟ ਪਹਿਨੇ ਹੋਏ ਸਨ ਜੋ ਕਿ ਦੇਖਣ ਵਿੱਚ ਬਹੁਤ ਹੀ ਮਨਮੋਹਕ ਲੱਗ ਰਹੇ ਸਨ । ਵਿਦਿਆਰਥੀਆਂ ਨੇ ਆਪਣੀ ਪੁਰਜ਼ੋਰ ਮਿਹਨਤ ਕਰਦੇ ਹੋਏ ਬਹੁਤ ਹੀ ਸੋਹਣੇ ਪੰਜਾਬੀ ਲੋਕ ਗੀਤ ਪੇਸ਼ ਕੀਤੇ। ਵਿਦਿਆਰਥੀਆਂ ਦੀ ਇਸ ਕਲਾਕਾਰੀ ਨੇ ਸਭ ਦਾ ਮਨ ਮੋਹਿਆ ।ਇਨ੍ਹਾਂ ਰੰਗਾ ਰੰਗ ਲੋਕ ਗੀਤ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਬਹੁਤ ਵਧੀਆ ਪੁਜ਼ੀਸ਼ਨਾਂ ਹਾਸਿਲ ਕੀਤੀਆਂ ਜਿਨ੍ਹਾਂ ਵਿੱਚ ਜਮਾਤ ਪਹਿਲੀ ਤੋਂ ਪੰਜਵੀਂ ਦੇ ਮੁਕਾਬਲਿਆਂ ਵਿੱਚ ਜ਼ੋਰਾਵਰ ਹਾਊਸ ਨੇ ਪਹਿਲਾ ਸਥਾਨ, ਜੁਝਾਰ ਹਾਊਸ ਨੇ ਦੂਸਰਾ ਸਥਾਨ ਅਤੇ ਅਜੀਤ ਹਾਊਸ ਨੇ ਤੀਸਰਾ ਸਥਾਨ ਹਾਸਿਲ ਕੀਤਾ। ਜਮਾਤ ਛੇਵੀਂ ਤੋਂ ਦਸਵੀਂ ਤੱਕ ਦੇ ਮੁਕਾਬਲਿਆਂ ਵਿੱਚ ਜ਼ੋਰਾਵਰ ਹਾਊਸ ਨੇ ਪਹਿਲਾ ਸਥਾਨ, ਅਜੀਤ ਹਾਊਸ ਨੇ ਦੂਸਰਾ ਸਥਾਨ ਅਤੇ ਜੁਝਾਰ ਹਾਊਸ ਨੇ ਤੀਸਰਾ ਸਥਾਨ ਹਾਸਿਲ ਕੀਤਾ ।ਸਕੂਲ ਦੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਵੱਲੋਂ ਇਨ੍ਹਾਂ ਵਿਦਿਆਰਥੀਆਂ ਦੀ ਕਲਾਕਾਰੀ ਦੀ ਬਹੁਤ ਹੀ ਸਰਾਹਨਾ ਕੀਤੀ ਗਈ ਅਤੇ ਉਨ੍ਹਾਂ ਨੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਗਈ ਜਿਨ੍ਹਾਂ ਦੇ ਸਹਿਯੋਗ ਨਾਲ ਵਿਦਿਆਰਥੀਆਂ ਨੇ ਬਹੁਤ ਹੀ ਵਧੀਆ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ।ਸਕੂਲ ਦੇ ਪ੍ਰਿੰ. ਕਿਰਨ ਕੇਸਰ ਨੇ ਵਿਦਿਆਰਥੀਆਂ ਦੀ ਇਸ ਪੇਸ਼ਕਾਰੀ ਲਈ ਬਹੁਤ ਸਰਾਹਨਾ ਕੀਤੀ ਅਤੇ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।



## ਵਿਧਾਇਕ ਸ਼ੈਰੀ ਕਲਸੀ ਵੱਲੋਂ ਬੱਖੇਵਾਲ 'ਚ ਸ਼ਾਨਦਾਰ ਕਮਿਊਨਿਟੀ ਹਾਲ ਦਾ ਉਦਘਾਟਨ

**ਬਟਾਲਾ (ਡਾ. ਮਲਵਿੰਦਰ ਸਿੰਘ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਵਾਰਡ ਨੰ 11, ਬੱਖੇਵਾਲ ਬਟਾਲਾ ਦੇ ਵਾਸੀਆਂ ਨੂੰ ਸ਼ਾਨਦਾਰ ਤੋਹਫਾ ਦਿੱਤਾ ਹੈ।ਉਨ੍ਹਾਂ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸਮੂਹਿਕ ਘਰੇਲੂ ਤੇ ਧਾਰਮਿਕ ਆਦਿ ਸਮਾਗਮ ਕਰਵਾਉਣ ਲਈ ਕਮਿਊਨਿਟੀ ਹਾਲ (ਨਵੀਂ ਧਰਮਸ਼ਾਲਾ) ਦੀ ਉਸਾਰੀ ਕਰਵਾਈ ਗਈ ਹੈ, ਜਿਸ ਲਈ ਮੁਹੱਲਾ ਵਾਸੀਆਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕੀਤਾ ਹੈ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਕਮਿਊਨਿਟੀ ਹਾਲ ਦੇ ਬਣਨ ਨਾਲ ਲੋਕ ਆਪਣੇ ਘਰੇਲੂ ਅਤੇ ਧਾਰਮਿਕ ਆਦਿ ਸਮਾਗਮ ਕਰਵਾ ਸਕਣਗੇ। ਉਨ੍ਹਾਂ ਕਿਹਾ ਕਿ ਉਹ ਬਟਾਲਾ ਸ਼ਹਿਰ ਵਾਸੀਆਂ ਦੀਆਂ ਮੁਸਕਿਲਾਂ ਤੋਂ ਭਲੀਭਾਂਤ ਜਾਣੂੰ ਹਨ ਅਤੇ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਚਿਰੋਕਣੀਆਂ ਮੁਸ਼ਕਿਲਾਂ ਦਾ ਹੱਲ ਕਰ ਰਹੇ ਹਨ।ਬਟਾਲਾ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਹੋਰ ਮਿਆਰੀ ਸਿੱਖਿਆ ਦੇਣ ਦੇ ਮੰਤਵ ਨਾਲ ਕਰੀਬ 11 ਕਰੋੜ ਰੁਪਏ ਦੀ ਲਾਗਤ ਨਾਲ ਧਰਮਪੁਰਾ ਕਾਲੋਨੀ ਵਿਖੇ ਸਕੂਲ ਆਫ ਐਮੀਨੈਂਸ ਦੀ ਉਸਾਰੀ ਕਰਵਾਈ ਗਈ ਹੈ। ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਹੂਲਤਾਂ ਦੇਣ ਦੇ ਮਕਸਦ ਨਾਲ ਨਵੇਂ ਤਹਿਸੀਲ ਕੰਪਲੈਕਸ ਦੀ ਉਸਾਰੀ ਕਰਵਾਈ ਗਈ, ਸ਼ਹਿਰ ਵਿੱਚ ਲਾਇਬ੍ਰੇਰੀ ਦੀ ਇਮਾਰਤ ਜਿਸਦੀ ਹਾਲਤ ਬਹੁਤ ਖਸਤਾ ਸੀ, ਉਸ ਦੀ ਨਵੀ ਇਮਾਰਤ ਉਸਾਰੀ ਗਈ ਹੈ।ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਹਿਰ ਵਿਚਲੀਆਂ ਸੜਕਾਂ ਅਤੇ ਚੌਂਕਾਂ ਨੂੰ ਚੌੜਾ ਕੀਤਾ ਗਿਆ ਹੈ ਅੰਮ੍ਰਿਤਸਰ ਤੋਂ ਬਟਾਲਾ ਵਿਖੇ ਐਂਟਰੀ ਕਰਦਿਆਂ ਖ਼ੂਬਸੂਰਤ ਚੌਂਕ ਉਸਾਰੇ ਗਏ ਹਨ।ਜਲੰਧਰ ਵੱਲੋਂ ਬਟਾਲਾ ਆਉਂਦਿਆਂ ਵੀ ਸ਼ਾਨਦਾਰ ਗੇਟ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ।ਜਿਨਾਂ ਵਾਰਡਾਂ ਵਿੱਚ ਗਲੀਆਂ ਬਣਾਉਣ ਦਾ ਕੰਮ ਰਹਿ ਗਿਆ ਹੈ, ਉਥੇ ਵੀ ਜਲਦ ਕੰਮ ਸ਼ੁਰੂ ਕਰਵਾਇਆ ਜਾਵੇਗਾ।ਇਸ ਮੌਕੇ ਚੇਅਰਮੈਨ ਮਾਨਿਕ ਮਹਿਤਾ, ਅੰਮ੍ਰਿਤ ਕਲਸੀ, ਸੀਨੀਅਰ ਆਗੂ ਬਲਬੀਰ ਸਿੰਘ ਬਿੱਟੂ, ਅਵਤਾਰ ਸਿੰਘ ਕਲਸੀ, ਐੱਸਡੀਓ ਨਿਰਮਲ ਸਿੰਘ, ਗੁਰਪ੍ਰੀਤ ਸਿੰਘ ਰਾਜੂ, ਮਨਜੀਤ ਸਿੰਘ ਬਮਰਾਹ, ਵਿੱਕੀ ਚੌਹਾਨ, ਭੁਪਿੰਦਰ ਸਿੰਘ, ਵੀਨੂੰ ਕਾਹਲੋਂ, ਲੰਬੜਦਾਰ ਅਮਰੀਕ ਸਿੰਘ, ਜਗਜੀਤ ਸਿੰਘ, ਅਮਿਤ ਸੋਢੀ, ਸੰਧੂ ਭੱਟੀ, ਪ੍ਰਦੀਪ ਕੁਮਾਰ, ਰਜਿੰਦਰ ਜੰਬਾ ਸਮੇਤ ਵੱਡੀ ਗਿਣਤੀ ਵਿੱਚ ਵਾਰਡ ਵਾਸੀ ਮੌਜੂਦ ਸਨ।



## ਟਰੈਫਿਕ ਦੀ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਨਾਜਾਇਜ਼ ਤੌਰ 'ਤੇ ਲਗਾਏ ਹੋਰਡਿੰਗਜ਼/ਬੋਰਡ ਉਤਾਰੇ

**ਬਟਾਲਾ (ਡਾ. ਮਲਵਿੰਦਰ ਸਿੰਘ)**- ਸ੍ਰੀ ਵਿਕਰਮਜੀਤ ਸਿੰਘ ਪਾਂਥੇ ਐੱਸਡੀਐੱਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਦੱਸਿਆ ਕਿ ਬਟਾਲਾ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ ਵਿਖੇ ਟਰੈਫਿਕ ਦੀ ਸਮੱਸਿਆ ਤੋਂ ਨਿਜਾਤ ਦਿਵਾਉਣ ਲਈ, ਨਾਜਾਇਜ਼ ਤੌਰ 'ਤੇ ਲਗਾਏ ਹੋਰਡਿੰਗਜ਼/ਬੋਰਡ ਆਦਿ ਉਤਾਰਨ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ।ਉਨ੍ਹਾਂ ਦੱਸਿਆ ਕਿ ਬਟਾਲਾ ਸ਼ਹਿਰ ਦੇ ਜਲੰਧਰ ਰੋਡ 'ਤੇ ਇਹ ਨਾਜਾਇਜ਼ ਤੌਰ 'ਤੇ ਹੋਰਡਿੰਗਜ਼/ਬੋਰਡ ਲਗਾਏ ਗਏ ਸਨ, ਜਿਸ ਨਾਲ ਆਵਾਜਾਈ ਵਿੱਚ ਵਿਘਨ ਪੈਂਦਾ ਸੀ ਤੇ ਟਰੈਫਿਕ ਦੀ ਸਮੱਸਿਆ ਵੀ ਪੈਦਾ ਹੁੰਦੀ ਸੀ।ਉਨ੍ਹਾਂ ਕਿਹਾ ਕਿ ਟਰੈਫਿਕ ਦੀ ਸਮੱਸਿਆ ਤੋਂ ਛੁਟਕਾਰਾ ਪਾਉਣ ਦੇ ਮੱਦੇਨਜ਼ਰ ਨਗਰ ਨਿਗਮ ਦੀ ਟੀਮ ਵੱਲੋਂ ਇਹ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ।ਕਮਿਸ਼ਨਰ ਨਗਰ ਨਿਗਮ ਨੇ ਕਿਹਾ ਕਿ ਸ਼ਹਿਰ ਵਿੱਚ ਨਾਜਾਇਜ਼ ਤੌਰ 'ਤੇ ਲਗਾਏ ਬੋਰਡ/ਹੋਰਡਿੰਗਜ਼ ਅਤੇ ਕਬਜ਼ਿਆਂ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਦੁਕਾਨਾਂ ਦਾ ਸਾਮਾਨ ਨਿਰਧਾਰਤ ਹੱਦ ਅੰਦਰ ਹੀ ਰੱਖਣ ਤਾਂ ਜੋ ਪੈਦਲ ਅਤੇ ਵਹੀਕਲ ਚਲਾਉਣ ਵਾਲਿਆਂ ਨੂੰ ਕੋਈ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ, ਨਹੀਂ ਤਾਂ ਨਗਰ ਨਿਗਮ ਵੱਲੋਂ ਸਖ਼ਤ ਕਾਰਵਾਈ ਕਰਦਿਆਂ ਚਲਾਨ ਕੱਟੇ ਜਾਣਗੇ।



## ਖ਼ਾਲਸਾ ਕਾਲਜ ਮਹਿਤਾ ਦਾ ਬੀਸੀਏ ਸਮੈਸਟਰ ਛੇਵੇਂ ਦਾ ਨਤੀਜਾ ਰਿਹਾ ਸ਼ਾਨਦਾਰ




**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜ ਮਹਿਤਾ ਚੌਂਕ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਵੱਲੋਂ ਐਲਾਨੇ ਗਏ ਛੇਵੇਂ ਸਮੈਸਟਰ ਦੇ ਨਤੀਜੇ 100% ਰਹੇ ਜਿਸ ਵਿੱਚ ਬੀਸੀਏ ਸਮੈਸਟਰ ਛੇਵਾਂ ਦੀ ਮਨਪ੍ਰੀਤ ਕੌਰ 90%, ਹਰਜੋਤ ਕੌਰ ਅਤੇ ਕੋਮਲਪ੍ਰੀਤ ਕੌਰ 88%, ਕਿਰਨਜੀਤ ਕੌਰ ਅਤੇ ਸਿਮਰਨਜੀਤ ਕੌਰ ਨੇ 86% ਅੰਕ ਪ੍ਰਾਪਤ ਕਰਕੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਰਮਨਦੀਪ ਕੌਰ ਅਤੇ ਅਰਮਾਨ ਸਿੰਘ ਨੇ ਵਧੀਆ ਅੰਕ ਹਾਸਿਲ ਕਰਕੇ ਆਪਣੇ ਮਾਪਿਆਂ ਅਤੇ ਕਾਲਜ ਦਾ ਮਾਣ ਵਧਾਇਆ।ਇਸ ਮੌਕੇ ਖ਼ੁਸ਼ੀ ਜ਼ਾਹਿਰ ਕਰਦੇ ਹੋਏ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਨੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਸੰਸਥਾ ਹਮੇਸ਼ਾ ਇਸੇ ਯਤਨ ਵਿੱਚ ਰਹਿੰਦੀ ਹੈ ਕਿ ਵਿਦਿਆਰਥੀਆਂ ਨੂੰ ਅਜਿਹੀ ਵਿਦਿਅਕ ਸਿਖਲਾਈ ਦਿੱਤੀ ਜਾਵੇ ਜਿਸ ਨਾਲ ਉਹ ਵਰਤਮਾਨ ਸਮੇਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਕਾਬਲ ਬਣ ਸਕਣ ਅਤੇ ਆਧੁਨਿਕ ਮੁਕਾਬਲੇ ਵਾਲੇ ਯੁੱਗ ਵਿੱਚ ਆਪਣੀ ਨਿਵੇਕਲੀ ਪਹਿਚਾਣ ਬਣਾ ਸਕਣ। ਇਸ ਸੁਨਹਿਰੀ ਮੌਕੇ 'ਤੇ ਕਾਲਜ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾਂ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਪ੍ਰਿੰਸੀਪਲ ਡਾ. ਜਤਿੰਦਰ ਸ਼ਰਮਾ, ਕਾਲਜ ਸੁਪਰਡੈਂਟ ਕੁਲਦੀਪ ਕੌਰ, ਪੂਰਤੀ ਸ਼ਰਮਾ, ਪਵਨਦੀਪ ਕੌਰ, ਅਮਨਦੀਪ ਕੌਰ, ਮਨਜੀਤ ਕੌਰ, ਗੁਰਵਿੰਦਰ ਕੌਰ, ਰੁਪਿੰਦਰ ਕੌਰ, ਸੁਪ੍ਰੀਤ ਕੌਰ, ਨਵਨੀਤ ਕੌਰ, ਗੁਰਸ਼ਰਨਪ੍ਰੀਤ ਕੌਰ, ਸੁਖਮਨਦੀਪ ਕੌਰ ਅਤੇ ਕਾਬਲ ਸਿੰਘ ਆਦਿ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

## ਪ੍ਰਿੰ. ਰਸ਼ਮੀ ਆਹਲੂਵਾਲੀਆ ਨੇ ਪ੍ਰਤਿਸ਼ਠਿਤ ਸਿੱਖਿਆ ਸੰਮੇਲਨ ਦੀ ਕੀਤੀ ਪ੍ਰਧਾਨਗੀ

**ਪਠਾਨਕੋਟ (ਦਵਿੰਦਰ ਸਿੰਘ)**- ਐੱਮ. ਸੀ. ਐੱਸ. ਪਠਾਨਕੋਟ ਲਈ ਇੱਕ ਮਾਣ ਦੀ ਗੱਲ ਹੈ ਕਿ ਪ੍ਰਿੰਸੀਪਲ ਰਸ਼ਮੀ ਆਹਲੂਵਾਲੀਆ ਨੂੰ ਚੰਡੀਗੜ੍ਹ ਵਿੱਚ ਈ. ਕੇ. ਉਪਦੇਸ਼ ਮੀਡੀਆ ਦੁਆਰਾ ਆਯੋਜਿਤ ਪ੍ਰਤਿਸ਼ਠਿਤ ਸਿੱਖਿਆ ਉਤਮਤਾ ਸੰਮੇਲਨ ਵਿੱਚ ਪ੍ਰਧਾਨ ਅਤੇ ਮੁੱਖ ਮਹਿਮਾਨ ਵਜੋਂ ਸੱਦਾ ਦਿੱਤਾ ਗਿਆ ਸੀ।ਇਸ ਸੰਮੇਲਨ ਵਿੱਚ ਸਿੱਖਿਆ ਵਿੱਚ ਨਵੀਨਤਾ ਅਤੇ ਲੀਡਰਸ਼ਿਪ ਦਾ ਜਸ਼ਨ ਮਨਾਉਣ ਅਤੇ ਵਿਚਾਰ ਸਾਂਝੇ ਕਰਨ ਲਈ ਮਸ਼ਹੂਰ ਅਧਿਆਪਕਾਂ, ਵਿਚਾਰਕਾਂ ਅਤੇ ਸਿੱਖਿਆ ਸੁਧਾਰਕਾਂ ਨੂੰ ਇਕੱਠਾ ਕੀਤਾ ਗਿਆ ਸੀ। ਪ੍ਰਗਤੀਸ਼ੀਲ ਦ੍ਰਿਸ਼ਟੀਕੋਣ ਅਤੇ ਵਿਦਿਆਰਥੀ-ਕੇਂਦਰਿਤ ਦ੍ਰਿਸ਼ਟੀਕੋਣ ਲਈ ਜਾਣੇ ਜਾਂਦੇ ਸ਼੍ਰੀਮਤੀ ਆਹਲੂਵਾਲੀਆ ਨੇ ਭਵਿੱਖ ਲਈ ਤਿਆਰ ਹੁਨਰ ਅਤੇ ਸਮਰੱਥਾ-ਅਧਾਰਿਤ ਸਿੱਖਿਆ ਦੇ ਮਹੱਤਵ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਇੱਕ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ। ਐੱਮ. ਸੀ. ਐੱਸ. ਪਠਾਨਕੋਟ ਦੇ ਚੇਅਰਮੈਨ ਵਿਨੋਦ ਮਹਾਜਨ ਅਤੇ ਵਾਈਸ ਚੇਅਰਮੈਨ ਆਕਾਸ਼ ਮਹਾਜਨ ਨੇ ਪ੍ਰਿੰ. ਆਹਲੂਵਾਲੀਆ ਨੂੰ ਹਾਰਦਿਕ ਵਧਾਈ ਦਿੱਤੀ।



## ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀ ਜਨਰਲ ਬਾਡੀ ਦੀ ਮੀਟਿੰਗ ਹੋਈ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਬਾਬਾ ਬੁੱਢਾ ਪਬਲਿਕ ਸੀਨੀ ਸੈਕੰਡਰੀ ਸਕੂਲ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਜਨਰਲ ਬਾਡੀ ਦੀ ਮੀਟਿੰਗ ਹੋਈ ਜਿਸ ਵਿੱਚ ਸਰਬਸੰਮਤੀ ਨਾਲ ਫੈਸਲਾ ਲੈਂਦਿਆਂ ਫੈਨਸਿੰਗ ਐਸੋਸੀਏਸ਼ਨ ਦੀ ਪੁਰਾਣੀ ਕਾਰਜਕਾਰੀ ਕਮੇਟੀ ਦਾ ਸਮਾਂ ਪੂਰਾ ਹੋਣ 'ਤੇ ਨਵੀਂ ਕਾਰਜਕਾਰਨੀ ਕਮੇਟੀ ਦੀ ਚੋਣ ਕੀਤੀ ਗਈ।ਚੋਣ ਕਰਵਾਉਣ ਸਬੰਧੀ ਪੰਜਾਬ ਤੋਂ ਆਏ ਐਸੋਸੀਏਸ਼ਨ ਦੇ ਆਬਜ਼ਰਬਰ ਨਰਿੰਦਰ ਕੁਮਾਰ ਪਟਿਆਲਾ ਜ਼ਿਲਾ ਸੀਨੀਅਰ ਵਾਇਸ ਪ੍ਰਧਾਨ ਭੇਜੇ ਗਏ। ਜਨਰਲ ਸਕੱਤਰ ਹਜ਼ੂਰਾ ਸਿੰਘ ਰੰਧਾਵਾ ਵੱਲੋਂ ਪੁਰਾਣੀ ਕਮੇਟੀ ਭੰਗ ਕਰਨ ਦੇ ਆਦੇਸ਼ ਦਿੱਤੇ ਗਏ। ਨਵੀਂ ਚੁਣੀ ਗਈ ਕਮੇਟੀ ਵਿੱਚ ਹਰਵੰਤ ਸਿੰਘ ਚੈਅਰਮੈਨ, ਕੁਲਦੀਪ ਸਿੰਘ ਪ੍ਰਧਾਨ, ਹਜ਼ੂਰਾ ਸਿੰਘ ਰੰਧਾਵਾ ਜਨਰਲ ਸਕੱਤਰ, ਤਰਨਜੀਤ ਸਿੰਘ ਸੀਨੀਅਰ ਵਾਇਸ ਪ੍ਰਧਾਨ, ਵਰਿੰਦਰ ਸਿੰਘ ਖਜਾਨਚੀ, ਮੈਂਬਰ ਸ਼ਰਦ ਕੁਮਾਰ, ਬਲਕਾਰ ਸਿੰਘ, ਮਨਜੀਤ ਸਿੰਘ, ਗੌਤਮ ਸੂਦ, ਪਲਵਿੰਦਰ ਸਿੰਘ ਮਾਨ, ਮਨਦੀਪ ਕੌਰ, ਦਿਲਬਾਗ ਸਿੰਘ ਅਤੇ ਜਗਪਾਲ ਸਿੰਘ ਰੰਧਾਵਾ ਆਦਿ ਚੁਣੇ ਗਏ।

## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਨੇ ਸਰਕਾਰ ਖਿਲਾਫ ਕੀਤਾ ਰੋਸ ਪ੍ਰਦਰਸ਼ਨ



**ਗੁਰਦਾਸਪੁਰ (ਜਨਕ ਮਹਾਜਨ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਜ਼ੋਨ ਬਾਬਾ ਮਸਤੂ ਦੇ ਸਕੱਤਰ ਕੁਲਜੀਤ ਸਿੰਘ ਹਯਾਤ ਨਗਰ, ਸੋਹਣ ਸਿੰਘ ਗਿੱਲ ਦੀ ਅਗਵਾਈ ਹੇਠ ਪਿੰਡ ਤੁੰਗ ਵਿਚ ਮੀਟਿੰਗ ਕੀਤੀ ਗਈ ਜਿਸ ਵਿਚ ਸੂਬਾ ਆਗੂ ਸਵਿੰਦਰ ਸਿੰਘ ਚੁਤਾਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ਅਤੇ ਗੁਰਦਾਸਪੁਰ ਦੇ ਕਿਸਾਨਾਂ ਤੇ ਹੋਏ ਤਸ਼ੱਦਦ ਦੇ ਵਿਰੋਧ ਵਿਚ ਜ਼ਿਲ੍ਹਾ ਗੁਰਦਾਸਪੁਰ ਵਿਚ ਪਿੰਡ ਤੁੰਗ ਵਿਚ 'ਆਪ' ਸਰਕਾਰ ਦੇ ਪੁਤਲੇ ਫ਼ੂਕ ਕੇ ਕੀਤਾ ਰੋਸ ਪ੍ਰਦਰਸ਼ਨ। ਵੱਖ-ਵੱਖ ਥਾਵਾਂ ਤੋਂ ਵੱਖ ਵੱਖ ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਦੀ ਆਪ ਸਰਕਾਰ ਕੇਂਦਰ ਦੇ ਇਸ਼ਾਰਿਆਂ 'ਤੇ ਸੱਤਾ ਦੇ ਨਸ਼ੇ ਵਿਚ ਚੂਰ ਹੋ ਕੇ ਲੋਕਾਂ ਤੇ ਅੰਨ੍ਹਾ ਤਸ਼ੱਦਦ ਕਰ ਰਹੀ। ਉਨ੍ਹਾਂ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਭਾਰਤ ਮਾਲਾ ਪ੍ਰੋਜੈਕਟ ਅਧੀਨ ਆ ਰਹੀਆਂ ਜ਼ਮੀਨਾਂ 'ਤੇ ਸਰਕਾਰ ਬਿਨਾਂ ਪੈਸੇ ਦਿੱਤਿਆਂ ਗੁਰਦਾਸਪੁਰ ਵਿਚ ਲੋਕਾਂ ਦੀਆਂ ਜ਼ਮੀਨਾਂ ਤੇ ਪ੍ਰਸ਼ਾਸਨ ਦੇ ਜ਼ੋਰ ਨਾਲ ਕਬਜ਼ੇ ਕਰਵਾ ਰਹੀ ਹੈ। ਇਸੇ ਤਰ੍ਹਾਂ ਹੀ ਪਿੰਡ ਨੰਗਲ ਝੌਰ ਵਿਖੇ ਕਿਸਾਨਾਂ ਦੀਆਂ ਜ਼ਮੀਨਾਂ ਤੇ ਕਬਜ਼ਾ ਕਰਨ ਆਏ ਪ੍ਰਸ਼ਾਸਨ ਨੂੰ ਰੋਕਣ ਲਈ ਕਿਸਾਨਾਂ ਵਿਚ ਝੜਪ ਹੋਈ ਜਿਸ ਵਿਚ ਬਜ਼ੁਰਗ ਆਗੂ ਲਖਵਿੰਦਰ ਸਿੰਘ ਪਿੰਡ ਰੰਗੜ ਨੰਗਲ ਪ੍ਰਸ਼ਾਸਨ ਦੀ ਕਰੂਰਤਾ ਦਾ ਸ਼ਿਕਾਰ ਹੋ ਗਿਆ। ਜ਼ਿਲ੍ਹਾ ਪ੍ਰੈੱਸ ਸਕੱਤਰ ਸੁਖਦੇਵ ਸਿੰਘ ਅੱਲੜ ਪਿੰਡੀ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਮੀਟਿੰਗਾਂ ਵਿਚ ਮੰਨ ਕੇ ਕਿ ਪਹਿਲਾਂ ਕਿਸਾਨਾਂ ਦੇ ਪੈਸੇ ਪਾਏ ਜਾਣਗੇ ਫਿਰ ਕਬਜ਼ੇ ਲੈ ਜਾਣਗੇ ਪਰ ਪ੍ਰਸ਼ਾਸਨ ਆਪਣੇ ਇਨ੍ਹਾਂ ਵਾਅਦਿਆਂ ਤੋਂ ਮੁੱਕਰਦਾ ਹੋਇਆ ਧੱਕੇ ਨਾਲ ਕਬਜ਼ੇ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਕੀਮਤ 'ਤੇ ਕਿਸਾਨਾਂ ਦੀਆਂ ਜ਼ਮੀਨਾਂ' ਤੇ ਧੱਕੇ ਨਾਲ ਕਬਜ਼ੇ ਨਹੀਂ ਹੋਣ ਦੇਵਾਂਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਤਿੰਦਰ ਸਿੰਘ ਚੀਮਾ, ਗੁਰਪ੍ਰੀਤ ਸਿੰਘ ਕਾਲਾ ਨੰਗਲ, ਡਾਕਟਰ ਸੁਖਵਿੰਦਰ ਸਿੰਘ, ਸਤਿੰਦਰ ਪਾਲ ਸਿੰਘ ਤੁੰਗ, ਅਮਰੀਕ ਸਿੰਘ, ਵੱਸਣ ਸਿੰਘ ਪੀਰ ਬਾਗ਼, ਦਲਬੀਰ ਸਿੰਘ ਠੁੰਡੀ, ਮਹਿੰਦਰ ਸਿੰਘ ਥੰਮਣ, ਬੀਬੀ ਰਮਨਦੀਪ ਕੌਰ ਬੀਬੀ ਲਵਲੀ ਪ੍ਰਤੀ ਕੌਰ ਆਦਿ ਆਗੂ ਹਾਜ਼ਰ ਸਨ।

## ਮਾਲ ਵਿਭਾਗ/ਡਰਾਈਵਿੰਗ ਲਾਇਸੰਸ ਨਾਲ ਸੰਬੰਧਿਤ ਸੇਵਾਵਾਂ ਹੁਣ ਸੁਵਿਧਾ ਕੇਂਦਰਾਂ 'ਤੇ ਮਿਲਣਗੀਆਂ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਈਜ਼ੀ ਰਜਿਸਟਰੇਸ਼ਨ ਨਾਲ ਸੰਬੰਧਿਤ ਮਾਲ ਵਿਭਾਗ ਦੀਆਂ ਸੇਵਾਵਾਂ ਅਤੇ ਡਰਾਈਵਿੰਗ ਲਾਇਸੰਸ ਨਾਲ ਸੰਬੰਧਿਤ ਟਰਾਂਸਪੋਰਟ ਵਿਭਾਗ ਦੀਆਂ ਸੇਵਾਵਾਂ ਹੁਣ ਸੁਵਿਧਾ ਕੇਂਦਰਾਂ ਤੇ ਮਿਲਣਗੀਆਂ।ਜ਼ਿਲ੍ਹਾ ਵਾਸੀਆਂ ਨਾਲ ਇਹ ਖੁਸ਼ਖਬਰੀ ਸਾਂਝੀ ਕਰਦੇ ਹੋਏ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਵਾਸੀਆਂ ਨੂੰ ਵੱਡੀ ਰਾਹਤ ਦਿੰਦਿਆਂ ਹੁਣ ਡੀਡ ਰਜਿਸਟ੍ਰੇਸ਼ਨ, ਡੀਡਾਂ ਦਾ ਖਰੜਾ ਤਿਆਰ ਕਰਨਾ, ਪੂਰਵ-ਪੜਤਾਲ ਲਈ ਡੀਡ ਜਮ੍ਹਾ ਕਰਨੀ, ਸਟੈਂਪ ਡਿਊਟੀ ਦਾ ਭੁਗਤਾਨ, ਇੰਤਕਾਲ ਲਈ ਬੇਨਤੀ (ਵਿਰਸੇ ਜਾਂ ਰਜਿਸਟਰਡ ਡੀਡ ਦੇ ਆਧਾਰ ਤੇ ਰਾਪਟਾਂ ਦੇ ਦਾਖਲੇ ਲਈ ਬੇਨਤੀ (ਅਦਾਲਤੀ ਆਦੇਸ਼ਾਂ, ਬੈਂਕ ਕਰਜ਼ੇ ਦੇ ਗਿਰਵੀਨਾਮੇ ਜਾਂ ਬੈਂਕ ਕਰਜ਼ਿਆਂ/ਗਿਰਵੀਨਾਮੇ ਦੀ ਮੁਆਫ਼ੀ ਨਾਲ ਸਬੰਧਤ) ਫਰਦ ਬਦਰ ਲਈ ਬੇਨਤੀ (ਰਿਕਾਰਡਾਂ ਵਿੱਚ ਸੁਧਾਰ), ਡਿਜੀਟਲ ਤੌਰ ਤੇ ਦਸਤਖਤ ਕੀਤੇ ਫਰਦ ਲਈ ਬੇਨਤੀ ਅਤੇ ਡਰਾਈਵਿੰਗ ਲਾਇਸੰਸ ਨਾਲ ਸੰਬੰਧਿਤ ਲਗਭਗ ਸਾਰੀਆਂ ਸੇਵਾਵਾਂ ਹੁਣ ਸੁਵਿਧਾ ਕੇਂਦਰ ਤੋਂ ਮਿਲਿਆ ਕਰਨਗੀਆਂ।ਉਨ੍ਹਾਂ ਕਿਹਾ ਕਿ ਜੋ ਨਾਗਰਿਕ ਸੁਵਿਧਾ ਕੇਂਦਰ ਵੀ ਨਹੀਂ ਆ ਸਕਦੇ ਉਹ ਸਾਡੇ ਫੋਨ ਨੰਬਰ 1076 ਡਾਇਲ ਕਰਕੇ ਇਨ੍ਹਾਂ ਸੇਵਾਵਾਂ ਦਾ ਲਾਭ ਘਰ ਬੈਠੇ ਵੀ ਪ੍ਰਾਪਤ ਕਰ ਸਕਦੇ ਹਨ।

## ਰੋਟਰੀ ਕਲੱਬ ਨਾਰਥ ਨੇ ਹਸਪਤਾਲ ਦੇ ਵਿਹੜੇ 'ਚ ਮੈਡੀਸੀਨੀਅਲ ਰੁੱਖ ਲਗਾਏ

**ਅੰਮ੍ਰਿਤਸਰ (ਅਰੋੜਾ)**- ਰੋਟਰੀ ਕਲੱਬ ਨਾਰਥ ਵੱਲੋਂ ਸ਼ੁਰੂ ਕੀਤੀ ਗਈ 1100 ਰੁੱਖ ਲਾਉਣ ਦੀ ਮੁਹਿੰਮ ਤਹਿਤ ਕਲੱਬ ਦੇ ਪ੍ਰਧਾਨ ਵਰੁਣ ਕੱਕੜ, ਸਕੱਤਰ ਇੰਜੀ. ਪਰਮੀਤ ਸਿੰਘ ਖੇੜਾ, ਪ੍ਰਾਜੈਕਟ ਚੇਅਰਮੈਨ ਡਾ. ਮਨਜੀਤਪਾਲ ਕੌਰ ਦੀ ਪ੍ਰਧਾਨਗੀ ਹੇਠ ਮੁਹਿੰਮ ਦੇ ਦੂਸਰੇ ਪੜਾਅ 'ਚ ਜੀ. ਟੀ. ਰੋਡ ਛੇਹਰਟਾ ਦੇ ਨਿੱਜੀ ਹਸਪਤਾਲ ਦੇ ਵਿਹੜੇ 'ਚ ਮੈਡੀਸੀਨੀਅਲ ਰੁੱਖ ਲਾਉਣ ਦੀ ਰਸਮ ਨਿਭਾਈ ਗਈ।ਇਹ ਸ਼ੁੱਭ ਆਰੰਭ ਡਾ. ਚਰਨ ਕਮਲ ਅਤੇ ਮਹਿਲਾ ਰੋਗ ਮਾਹਿਰ ਡਾ. ਜਸਬੀਰ ਕੌਰ ਵੱਲੋਂ ਕੀਤਾ ਗਿਆ।ਸਾਰੇ ਮੈਂਬਰਾਂ ਨੇ ਇਸ ਮੁਹਿੰਮ ਨੂੰ ਕਾਮਯਾਬ ਬਣਾਉਣ ਅਤੇ ਵਾਤਾਵਰਣ ਨੂੰ ਸਾਫ਼-ਸੁਥਰਾ ਅਤੇ ਸਵੱਛ ਬਣਾਉਣ ਲਈ ਬੜੇ ਉਤਸ਼ਾਹ ਨਾਲ ਭਾਗ ਲਿਆ।ਕਲੱਬ ਦੇ ਸਾਬਕਾ ਸਹਾਇਕ ਗਵਰਨਰ ਰਸਜੀਤ ਸਿੰਘ ਖੇੜਾ ਅਤੇ ਰੋਟਰੀ ਦੇ ਐੱਮ. ਓ. ਸੀ. ਆਰ. ਐੱਸ. ਚੱਠਾ ਨੇ ਕਿਹਾ ਕਿ ਸੰਸਾਰ ਭਰ ਦੀਆਂ ਰੋਟਰੀ ਕਲੱਬਾਂ ਰੋਟਰੀ ਇੰਟਰਨੈਸ਼ਨਲ ਵੱਲੋਂ ਦਿੱਤੇ ਗਏ ਆਦੇਸ਼ਾਂ ਤਹਿਤ ਰੋਟਰੀ ਕਲੱਬ ਨਾਰਥ ਜੰਗੀ ਪੱਧਰ 'ਤੇ ਇਸ ਮੁਹਿੰਮ ਨੂੰ ਕਾਮਯਾਬ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ।ਕਲੱਬ ਦੇ ਮੇਜਰ ਡੋਨਰ ਸੀਨੀਅਰ ਰੋਟੇਰੀਅਨ ਡਾ. ਮਦਾਨ ਨੇ ਕਿਹਾ ਕਿ ਸੰਸਾਰ ਭਰ ਦੀਆਂ ਰੋਟਰੀ ਕਲੱਬਾਂ ਦੇਸ਼ ਅਤੇ ਸਮਾਜ ਭਲਾਈ ਕੰਮਾਂ ਲਈ ਨਵੇਂ ਨਵੇਂ ਪ੍ਰਾਜੈਕਟ ਲਾਉਣ ਵਿੱਚ ਲੱਗੀਆਂ ਹਨ।ਕਲੱਬ ਦੇ ਪ੍ਰਧਾਨ ਵਰੁਣ ਕੱਕੜ ਨੇ ਕਿਹਾ ਕਿ ਰੋਟਰੀ ਕਲੱਬ ਨਾਰਥ 1100 ਰੁੱਖ ਲਾਉਣ ਦੀ ਮੁਹਿੰਮ ਨੂੰ ਤੇਜ਼ੀ ਨਾਲ ਪੂਰਾ ਕਰੇਗੀ।ਇਸ ਮੌਕੇ ਕਲੱਬ ਦੇ ਸਾਬਕਾ ਪ੍ਰਧਾਨ ਸੀ. ਏ. ਸ਼ਿਵ ਗੁਪਤਾ, ਸਾਬਕਾ ਪ੍ਰਧਾਨ ਰਮੇਸ਼ ਕੱਕੜ, ਖਾਲਸਾ ਕਾਲਜ ਵੂਮੈਨ ਦੀ ਪ੍ਰੋ. ਹਰਜਿੰਦਰ ਕੌਰ ਚੱਠਾ, ਰੋਟੇਰੀਅਨ ਨਿਰਮਲ ਸਿੰਘ, ਨੇਹਾ ਕੱਕੜ, ਸ਼ਸ਼ੀ ਕੱਕੜ ਅਤੇ ਸਮੂਹ ਮੈਂਬਰ ਮੌਜੂਦ ਸਨ।




## ਗੁਰੂ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ ਨੂੰ ਬੈਸਟ ਇੰਸਟੀਚਿਊਟ ਆਫ ਦਾ ਯੀਅਰ ਐਵਾਰਡ ਨਾਲ ਨਿਵਾਜਿਆ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਗੁਰੂ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ (ਜੀਟੀਬੀਆਈ) ਕਲਿਆਣਪੁਰ (ਧਾਰੀਵਾਲ) ਨੂੰ ਵਰਡ ਐਜੂਕੇਸ਼ਨ ਸੁਮਿਤ ਨਵੀਂ ਦਿੱਲੀ ਵੱਲੋਂ ਬੈਂਕਾਕ (ਥਾਈਲੈਂਡ) ਵਿਖੇ ਕਰਵਾਏ ਗਏ ਸਲਾਨਾ 28ਵਾਂ ਵਿਸ਼ਵ ਸਕੂਲ ਸੰਮੇਲਨ ਦੌਰਾਨ ਬੈਸਟ ਇੰਸਟੀਚਿਊਟ ਆਫ ਦਾ ਯੀਅਰ-2025 ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਸੰਮੇਲਨ ਗੁਰੂ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ ਕਲਿਆਣਪੁਰ ਵਲੋਂ ਭਾਗ ਲੈਣ ਵਾਲੇ ਸਕੂਲ ਦੇ ਚੇਅਰਮੈਨ ਸੁਰਜੀਤ ਸਿੰਘ ਨੇ ਦੱਸਿਆ ਵਰਲਡ ਸਕੂਲ ਸਮਿਟ ਨਵੀਂ ਦਿੱਲੀ ਦੇ ਸੰਸਥਾਪਕ ਸ਼੍ਰੀ ਅਕਸ਼ੇ ਅਹੂਜਾ ਦੇ ਪ੍ਰਬੰਧਾਂ ਹੇਠ ਬੈਂਕਾਕ ਵਿਖੇ ਹੋਏ ਇਸ ਸੰਮੇਲਨ ਵਿੱਚ ਭਾਰਤ ਸਮੇਤ ਵੱਖ-ਵੱਖ ਦੇਸ਼ਾਂ ਦੇ ਵਿਦਿਅਕ ਅਦਾਰਿਆਂ ਨੇ ਭਾਗ ਲਿਆ। ਸਮਾਗਮ ਵਿੱਚ ਭਾਰਤੀ ਇੰਜੀਨੀਅਰ ਵਿਦਿਆਰਥੀ ਵਿਦਿਅਕ ਅਤੇ ਸੱਭਿਆਚਾਰਕ ਅੰਦੋਲਨ ਲੱਦਾਖ ਦੇ ਸੰਸਥਾਪਕ-ਨਿਰਦੇਸ਼ਕ ਸੋਨਮ ਵਾਂਗਚੁਕ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਿਨ੍ਹਾਂ ਦੁਆਰਾ ਗੁਰੂ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ ਕਲਿਆਣਪੁਰ (ਜ਼ਿਲ੍ਹਾ ਗੁਰਦਾਸਪੁਰ) ਨੂੰ ਬੈਸਟ ਇੰਸਟੀਚਿਊਟ ਆਫ ਦਾ ਯੀਅਰ-2025 ਐਵਾਰਡ ਨਾਲ ਨਿਵਾਜਿਆ ਗਿਆ ਹੈ। ਉਨ੍ਹਾਂ ਦੱਸਿਆ ਸਿੱਖਿਆ ਦੇ ਖੇਤਰ ਵਿੱਚ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਸਕੂਲਾਂ ਨੂੰ ਇਹ ਐਵਾਰਡ ਦਿੱਤਾ ਗਿਆ, ਜਿਨ੍ਹਾਂ ਵਿੱਚ ਗੁਰੂ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ ਕਲਿਆਣਪੁਰ ਨੂੰ ਇਹ ਮਾਣ ਪ੍ਰਾਪਤ ਹੋਇਆ। ਸਕੂਲ ਦੇ ਡਾਇਰੈਕਟਰ ਐਡਵੋਕੇਟ ਪ੍ਰਿਤਪਾਲ ਸਿੰਘ ਅਤੇ ਡਾ. ਕ੍ਰਿਤਇੰਦਰ ਕੌਰ ਨੇ ਖੁਸ਼ੀ ਪ੍ਰਗਟ ਕਰਦਿਆਂ ਸਾਂਝੇ ਤੌਰ 'ਤੇ ਦੱਸਿਆ ਲਗਾਤਾਰ 21 ਸਾਲਾਂ ਤੋਂ ਸਿੱਖਿਆ ਦੇ ਖੇਤਰ ਵਿੱਚ ਬਹੁਤ ਵਧੀਆ ਕਾਰਗੁਜ਼ਾਰੀ ਕਰਨ 'ਤੇ ਪਹਿਲਾਂ ਵੀ ਸਕੂਲ ਦੀ ਝੋਲੀ ਵਿੱਚ ਹੋਰ ਬਹੁਤ ਸਾਰੇ ਸਨਮਾਨ ਪ੍ਰਾਪਤ ਹੋਏ।



## ਹੈਰੀਟੇਜ ਸਟਰੀਟ 'ਚੋਂ ਨਾਜਾਇਜ਼ ਕਬਜ਼ੇ ਹਟਾਉਣ ਤੇ ਪਲਾਸਟਿਕ ਦੀ ਵਰਤੋਂ ਰੋਕਣ ਲਈ ਦੁਕਾਨਦਾਰ ਨੂੰ ਦਿੱਤਾ ਹਫਤੇ ਦਾ ਸਮਾਂ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**- ਸ਼ਹਿਰ ਦੀਆਂ ਸੜਕਾਂ ਨੂੰ ਸਾਫ ਰੱਖਣ ਲਈ ਵੱਖ-ਵੱਖ ਅਧਿਕਾਰੀਆਂ ਵੱਲੋਂ ਅਡਾਪਟ ਕੀਤੀਆਂ ਗਈਆਂ ਸੜਕਾਂ ਵਿੱਚੋਂ ਵਿਰਾਸਤੀ ਗਲੀ ਜੋ ਕਿ ਸ੍ਰੀ ਦਰਬਾਰ ਸਾਹਿਬ ਨੂੰ ਜਾਂਦਾ ਮੁੱਖ ਰਸਤਾ ਹੈ, ਦੀ ਸਾਂਭ ਸੰਭਾਲ ਦਾ ਜ਼ਿੰਮਾ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਲਿਆ ਹੈ।ਉਨ੍ਹਾਂ ਨੇ ਇਸ ਜ਼ਿੰਮੇਵਾਰੀ ਨੂੰ ਨਿਭਾਉਂਦੇ ਹੋਏ ਆਪਣੀ ਟੀਮ ਨਾਲ ਹੈਰੀਟੇਜ ਸਟਰੀਟ ਦਾ ਦੌਰਾ ਕੀਤਾ।ਉਨ੍ਹਾਂ ਨੇ ਇਸ ਇਲਾਕੇ ਵਿੱਚ ਸੰਗਤ ਦੀ ਆਮਦ ਨੂੰ ਸੁਖਾਲਾ ਕਰਨ ਲਈ ਦੁਕਾਨਦਾਰਾਂ ਵੱਲੋਂ ਕੀਤੇ ਨਜਾਇਜ਼ ਕਬਜ਼ੇ ਹਟਾਉਣ ਅਤੇ ਇੱਥੇ ਵਰਤੀ ਜਾਂਦੀ ਪਲਾਸਟਿਕ ਨੂੰ ਰੋਕਣ ਲਈ ਦੁਕਾਨਦਾਰਾਂ ਨੂੰ ਇੱਕ ਹਫਤੇ ਦਾ ਸਮਾਂ ਦਿੰਦਿਆ ਕਿਹਾ ਕਿ ਵਿਭਾਗ ਵੱਲੋਂ ਇਸ ਸਮਾਂ ਸੀਮਾ ਤੋਂ ਬਾਅਦ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਉਨ੍ਹਾਂ ਨੇ ਕਾਰਪੋਰੇਸ਼ਨ ਅਧਿਕਾਰੀਆਂ ਨੂੰ ਪੁਰਾਣੀ ਸਬਜ਼ੀ ਮੰਡੀ 'ਚ ਪਏ ਮਲਬੇ ਨੂੰ ਸਾਫ ਕਰਵਾ ਕੇ ਉੱਥੇ ਪਾਰਕਿੰਗ ਲਈ ਥਾਂ ਬਣਾਉਣ, ਹੈਰੀਟੇਜ ਸਟ੍ਰੀਟ ਵਿੱਚ ਬਣੇ ਸਟੈਚੂ ਅਤੇ ਬੁੱਤਾ ਦੇ ਕੋਲੋਂ ਡਸਟਬਿਨ ਹਟਾਏ ਜਾਣ ਅਤੇ ਨਵੇਂ ਡਸਟਬਿਨ ਹੱਟਕੇ ਲਗਾਉਣ ਦੀ ਹਦਾਇਤ ਕੀਤੀ।ਡਿਪਟੀ ਕਮਿਸ਼ਨਰ ਨੇ ਜਲ੍ਹਿਆਂਵਾਲਾ ਬਾਗ਼ ਵਿੱਚ ਰੇਨਵਾਟਰ ਹਾਰਵੈਸਟ ਬਨਾਉਣ ਅਤੇ ਬਾਗ ਦੀਆਂ ਹੋਰ ਸਮੱਸਿਆਵਾਂ ਦੇ ਹੱਲ ਲਈ ਪੁਰਾਤਤਵ ਵਿਭਾਗ ਕੋਲੋਂ ਅਗਵਾਈ ਲੈਣ ਲਈ ਵੀ ਨਿਗਮ ਅਧਿਕਾਰੀਆਂ ਨੂੰ ਕਿਹਾ।ਇਸ ਮੌਕੇ ਐੱਸਪੀ ਅਮਨਦੀਪ ਕੌਰ, ਜ਼ਿਲ੍ਹਾ ਸਿਹਤ ਅਫਸਰ ਡਾ. ਕਿਰਨ, ਸੈਰ ਸਪਾਟਾ ਭਗ ਦੇ ਅਧਿਕਾਰੀ ਸੁਖਮਨਦੀਪ ਸਿੰਘ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

13-JULY-PAGE-4.qxd 7/12/2025 10:55 PM Page 1



## ਬਾਬਾ ਸੰਤੋਖ ਸਿੰਘ ਤੇ ਭਾਈ ਦਰਸ਼ਨ ਸਿੰਘ ਦੀ ਬਰਸੀ ਸੰਬੰਧੀ ਤਿੰਨ ਰੋਜ਼ਾ ਸਮਾਗਮ



**ਚੀਮਾ ਮੰਡੀ (ਰਵਿੰਦਰ ਚੀਮਾ)**-ਗੁਰਦੁਆਰਾ ਜਨਮ ਅਸਥਾਨ ਵਿਖੇ ਬਾਬਾ ਸੰਤੋਖ ਸਿੰਘ ਤੇ ਭਾਈ ਦਰਸ਼ਨ ਸਿੰਘ ਦੀ ਨਿੱਘੀ ਯਾਦ 'ਚ ਤਿੰਨ ਰੋਜ਼ਾ ਧਾਰਮਿਕ ਸਮਾਗਮ ਕਰਾਇਆ ਗਿਆ।ਇਸ ਮੌਕੇ ਰਖਾਏ 11 ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਸਮਾਗਮ ਦੌਰਾਨ ਮਾਤਾ ਭੋਲੀ ਕੌਰ ਦੇ ਜਥੇ ਦੀਆਂ ਬੀਬੀਆਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ ਤੇ ਹਜ਼ੂਰੀ ਰਾਗੀ ਜਥਾ ਗੁ. ਜਨਮ ਅਸਥਾਨ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ।ਸਮਾਗਮ ਦੌਰਾਨ ਬਾਬਾ ਗੁਰਜੀਤ ਸਿੰਘ ਹਰੀਗੜ੍ਹ ਵਾਲੇ, ਬਾਬਾ ਗੁਰਜੰਟ ਸਿੰਘ ਮੰਡਵੀ ਵਾਲੇ, ਬਾਬਾ ਜਸਵਿੰਦਰ ਸਿੰਘ ਰਹੇੜੀ ਵਾਲੇ, ਗਿਆਨੀ ਗੁਰਭੇਜ ਸਿੰਘ ਗਾਫ਼ਿਲ ਫਰੀਦਕੋਟ ਵਾਲਿਆਂ ਵੱਲੋਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ ਤੇ ਕਲਗੀਧਰ ਟਰੱਸਟ ਬੜੂ ਸਾਹਿਬ ਦੇ ਪ੍ਰਧਾਨ ਬਾਬਾ (ਡਾ.) ਦਵਿੰਦਰ ਸਿੰਘ ਵੀ ਸੰਗਤਾਂ ਨੂੰ ਪ੍ਰਵਚਨ ਵੀ ਦਿੱਤਾ ਗਿਆ। ਸਮਾਗਮ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਿੰਘ ਸਾਹਿਬ ਜਥੇਦਾਰ ਟੇਕ ਸਿੰਘ ਧਨੌਲਾ, ਬਾਬਾ ਜਸਵੰਤ ਸਿੰਘ ਸੇਵਾਦਾਰ ਗੁ. ਜੋਤੀ ਸਰੂਪ ਸੰਗਰੂਰ, ਆਲ ਇੰਡੀਆ ਗੁੰਬੀ ਰਾਗੀ ਪ੍ਰਚਾਰਕ ਸਭਾ ਦੇ ਮੁੱਖ ਸੇਵਾਦਾਰ ਭਾਈ ਜਗਮੇਲ ਸਿੰਘ ਛਾਜਲਾ, ਗੁਰਜੰਟ ਸਿੰਘ ਦੁੱਗਾਂ ਮੈਂਬਰ ਅਕਾਲ ਕਾਲਜ ਕੌਂਸਲ ਮਸਤੂਆਣਾਂ ਸਾਹਿਬ, ਜਸਵੀਰ ਸਿੰਘ ਮੈਨੇਜਰ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ ਤੇ ਕਾਕਾ ਹਰਿਦਰਵੀਰ ਸਿੰਘ ਫਤਹਿਗੜ੍ਹ ਮੈਂਬਰ ਅਕਾਲ ਕਾਲਜ ਕੌਂਸਲ ਮਸਤੂਆਣਾ ਸਾਹਿਬ ਨੇ ਬਾਬਾ ਸੰਤੋਖ ਸਿੰਘ ਅਤੇ ਭਾਈ ਦਰਸ਼ਨ ਸਿੰਘ ਨੂੰ ਸ਼ਰਧਾਂਜਲੀ ਭੇਂਟ ਕੀਤੀ।

## ਡੀ ਸੀ ਨੇ ਸਕੂਲੀ ਵਿਦਿਆਰਥੀਆਂ ਨਾਲ ਕੀਤੀ ਮੁਲਾਕਾਤ



**ਬਾਘਾ ਪੁਰਾਣਾ (ਮਨੀ ਸਿਗਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਇਨਕਲਾਬੀ ਕ੍ਰਾਂਤੀਆਂ ਲਿਆਂਦੀਆਂ ਜਾ ਰਹੀਆਂ ਹਨ, ਜਿਸ 'ਤੇ ਚੱਲਦਿਆਂ ਜ਼ਿਲ੍ਹਾ ਪ੍ਰਸ਼ਾਸਨ ਮੋਗਾ ਵੀ ਇਸ ਖੇਤਰ ਵਿੱਚ ਪੂਰੀ ਮਿਹਨਤ ਨਾਲ ਕੰਮ ਕਰ ਰਿਹਾ ਹੈ।ਪੰਜਾਬ ਸਰਕਾਰ ਦਾ 'ਸਕੂਲ ਮੈਂਟਰਸ਼ਿਪ ਪ੍ਰੋਗਰਾਮ' ਆਪਣੇ ਆਪ ਵਿੱਚ ਇੱਕ ਵਿਲੱਖਣ ਤੇ ਨਿਵੇਕਲਾ ਪ੍ਰੋਗਰਾਮ ਹੈ, ਜਿਸਦਾ ਵਿਦਿਆਰਥੀਆਂ ਨੂੰ ਜ਼ਮੀਨੀ ਪੱਧਰ 'ਤੇ ਲਾਹਾ ਮਿਲ ਰਿਹਾ ਹੈ।ਇਸ ਪ੍ਰੋਗਰਾਮ ਤਹਿਤ ਪੰਜਾਬ ਦੇ ਆਈ.ਏ.ਐਸ, ਆਈ.ਪੀ.ਐਸ. ਤੇ ਹੋਰ ਉੱਚ ਪੱਧਰੀ ਅਧਿਕਾਰੀ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨਾਲ ਮੁਲਾਕਾਤ ਕਰਦੇ ਹਨ, ਉਹ ਆਪਣੇ ਤਜਰਬਿਆਂ, ਸੰਘਰਸ਼ਾਂ ਤੇ ਕਾਮਯਾਬੀ ਦੀਆਂ ਕਹਾਣੀਆਂ ਵਿਦਿਆਰਥੀਆਂ ਨਾਲ ਸਾਂਝੀਆਂ ਕਰਦੇ ਹਨ ਤਾਂ ਜੋ ਉਨ੍ਹਾਂ ਨੂੰ ਇੱਕ ਨਵੀਂ ਸੇਧ ਦਿੱਤੀ ਜਾ ਸਕੇ ਅਤੇ ਉਹ ਵੀ ਆਪਣੀ ਦਿਲਚਸਪੀ ਦੇ ਖੇਤਰ ਵਿੱਚ ਬੁਲੰਦੀਆਂ ਨੂੰ ਛੂਹ ਸਕਣ।ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ਼੍ਰੀ ਸਾਗਰ ਸੇਤੀਆ ਵੱਲੋਂ ਕੀਤਾ ਗਿਆ। ਉਹ 'ਸਕੂਲ ਮੈਂਟਰਸ਼ਿਪ ਪ੍ਰੋਗਰਾਮ' ਤਹਿਤ ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀਆਂ ਨਾਲ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਨ ਲਈ ਪਹੁੰਚੇ ਸਨ।ਇਸ ਮੌਕੇ ਉਨ੍ਹਾਂ ਨਾਲ ਐਸ.ਡੀ.ਐਮ. ਬੇਅੰਤ ਸਿੰਘ ਸਿੱਧੂ, ਜ਼ਿਲ੍ਹਾ ਮਾਲ ਅਫ਼ਸਰ ਸ਼੍ਰੀ ਲਕਸ਼ੇ ਗੁਪਤਾ, ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਗੁਰਦਿਆਲ ਸਿੰਘ ਮਠਾੜੂ ਤੋਂ ਇਲਾਵਾ ਹੋਰ ਵੀ ਅਧਿਕਾਰੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਅਧਿਕਾਰੀਆਂ ਦਾ ਵਿਦਿਆਰਥੀਆਂ ਨਾਲ ਗੱਲਬਾਤ ਕਰਨਾ ਨਾ ਸਿਰਫ਼ ਉਤਸ਼ਾਹਕਾਰੀ ਹੁੰਦਾ ਹੈ, ਸਗੋਂ ਉਨ੍ਹਾਂ ਲਈ ਅਜਿਹਾ ਮੌਕਾ ਹੁੰਦਾ ਹੈ, ਜੋ ਆਮ ਤੌਰ 'ਤੇ ਉਨ੍ਹਾਂ ਨੂੰ ਕਦੇ ਨਹੀਂ ਮਿਲਦਾ।ਆਮ ਘਰ ਦੇ ਵਿਦਿਆਰਥੀਆਂ ਲਈ ਉੱਚ ਅਹੁਦਿਆਂ 'ਤੇ ਬੈਠੇ ਅਫ਼ਸਰਾਂ ਨਾਲ ਮਿਲਣਾ ਤੇ ਉਨ੍ਹਾਂ ਦੀ ਜ਼ਿੰਦਗੀ ਦੇ ਬਾਰੇ ਜਾਣਨਾ ਸੁਪਨੇ ਵਰਗੀ ਗੱਲ ਹੁੰਦੀ ਹੈ।ਇਸ ਯਤਨ ਰਾਹੀਂ ਵਿਦਿਆਰਥੀ ਨਾ ਸਿਰਫ਼ ਇਹ ਜਾਣਦੇ ਹਨ ਕਿ ਉਨ੍ਹਾਂ ਦੀ ਦਿਲਚਸਪੀ ਕਿਸ ਖੇਤਰ ਵਿੱਚ ਹੋ ਸਕਦੀ ਹੈ, ਸਗੋਂ ਇਹ ਵੀ ਸਿੱਖਦੇ ਹਨ ਕਿ ਉਹ ਆਪਣੇ ਮਨਚਾਹੇ ਖੇਤਰ ਵਿਚ ਕਿਵੇਂ ਅੱਗੇ ਵੱਧ ਸਕਦੇ ਹਨ।

## ਗੁਰੂ ਪੁੰਨਿਆ ਮੌਕੇ ਸ਼ਿਵ ਮੰਦਿਰ 'ਚ ਰਮਾਇਣ ਪਾਠ ਕਰਵਾਇਆ



**ਭੀਖੀ (ਧਰਮਵੀਰ ਸ਼ਰਮਾ)**-ਸਥਾਨਕ ਸ਼ਿਵ ਮੰਦਿਰ ਵਿਖੇ ਸ੍ਰੀ ਸਨਾਤਨ ਧਰਮ ਮਹਾਵੀਰ ਦਲ ਪੰਜਾਬ ਵੱਲੋਂ ਗੁਰੂ ਪੁੰਨਿਆ ਦੇ ਪਵਿੱਤਰ ਦਿਹਾੜਾ ਧੂਮਧਾਮ ਨਾਲ ਮਨਾਇਆ ਗਿਆ।ਇਸ ਮੌਕੇ ਸ੍ਰੀ ਰਮਾਇਣ ਦੇ ਪਾਠ ਦਾ ਭੋਗ ਪਾਇਆ ਗਿਆ।ਸ੍ਰੀ ਰਮਾਇਣ ਪਾਠ ਦੀ ਆਰੰਭਤਾ ਮੌਕੇ ਡਾ. ਰਮੇਸ਼ ਸ਼ਾਰਦਾ ਵੱਲੋਂ ਪੂਜਨ ਕਰਵਾਇਆ ਗਿਆ, ਜਿਸ ਨੂੰ ਮੰਦਿਰ ਦੇ ਪੁਜਾਰੀ ਰਾਮਵੀਰ ਸ਼ਾਸਤਰੀ ਨੇ ਵਿਧੀ ਵਿਧਾਨ ਸਮੇਤ ਸੰਪੂਰਨ ਕਰਵਾਇਆ।ਇਸ ਮੌਕੇ ਬੋਲਦਿਆਂ ਡਾ. ਰਮੇਸ਼ ਸ਼ਾਰਦਾ ਨੇ ਗੁਰੂ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਵਿਅਕਤੀ ਨੂੰ ਜ਼ਿੰਦਗੀ 'ਚ ਕਾਮਯਾਬ ਹੋਣ ਲਈ ਗੁਰੂ ਧਾਰਨਾ ਬਹੁਤ ਲਾਜ਼ਮੀ ਹੈ ਤੇ ਗੁਰੂ ਦੀ ਸਿੱਖਿਆ 'ਤੇ ਬਿਨਾਂ ਕੋਈ ਵੀ ਵਿਅਕਤੀ ਤਰੱਕੀ ਨਹੀਂ ਕਰ ਸਕਦਾ।ਮਹਿਲਾ ਮੰਡਲ ਵੱਲੋਂ ਕੀਰਤਨ ਕੀਤਾ ਗਿਆ।ਇਸ ਧਾਰਮਿਕ ਸਮਾਰੋਹ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਦਲ ਦੇ ਮੈਂਬਰ ਸੰਦੀਪ ਜਿੰਦਲ ਵੱਲੋਂ ਬਾਖੂਬੀ ਨਿਭਾਈ ਗਈ।ਇਸ ਮੌਕੇ ਦਲ ਦੇ ਪ੍ਰਧਾਨ ਅਸ਼ੋਕ ਕੁਮਾਰ ਬੱਗਾ, ਸਕੱਤਰ ਵਰਿੰਦਰ ਜਿੰਦਲ, ਕੈਸ਼ੀਅਰ ਸੁਭਾਸ਼ ਜਿੰਦਲ ਭਾਜੀ, ਬਿਮਲਾ ਰਾਣੀ, ਅਨੂੰ ਰਾਣੀ, ਕਮਲੇਸ਼ ਰਾਣੀ, ਅਰਚਨਾ ਰਾਣੀ, ਉਰਮਿਲਾ ਰਾਣੀ ਤੋਂ ਇਲਾਵਾ ਦਲ ਦੇ ਸਮੂਹ ਮੈਂਬਰ ਹਾਜ਼ਰ ਸਨ।

## ਪੀਰ ਬਾਬਾ ਸਾਈਂ ਲੋਕ ਜੀ ਦਾ ਮੇਲਾ ਤੇ ਭੰਡਾਰਾ ਕਰਵਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਬੁਰਜ ਪਵਾਤ ਵਿਖੇ ਇਲਾਕਾ ਨਿਵਾਸੀਆਂ ਤੇ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਪੀਰ ਬਾਬਾ ਸਾਂਈ ਲੋਕ ਜੀ ਦਾ 17ਵਾਂ ਸਾਲਾਨਾ ਮੇਲਾ ਤੇ ਭੰਡਾਰਾ ਕਰਵਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ 'ਚ ਪਿੰਡ ਵਾਸੀਆਂ ਨੇ ਪਹੁੰਚ ਕੇ ਬਾਬਾ ਜੀ ਦੀ ਦਰਗਾਹ 'ਤੇ ਸਿਜਦਾ ਕੀਤਾ। ਸਵੇਰ ਸਮੇਂ ਪਿੰਡ ਵਾਸੀਆਂ ਵੱਲੋਂ ਮੁੱਖ ਸੇਵਾਦਾਰ ਬਾਬਾ ਚੇਤਨ ਸਿੰਘ ਦੀ ਅਗਵਾਈ ਵਿੱਚ ਮਜ਼ਾਰ 'ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕਰ ਲੰਗਰ ਦੀ ਸ਼ੁਰੂਆਤ ਕਰਵਾਈ।ਮੇਲੇ ਵਿੱਚ ਪ੍ਰਸਿੱਧ ਸੰਗੀਤਕਾਰ ਸੁਰਿੰਦਰ ਬੱਬੂ ਦੀ ਅਗਵਾਈ ਵਿੱਚ ਗਾਇਕ ਜੋੜੀ ਗੁਰਪ੍ਰੀਤ ਵਿੱਕੀ ਤੇ ਜਸਪ੍ਰੀਤ ਜੱਸੀ ਨੇ ਗੀਤਾਂ ਦੀ ਪੇਸ਼ਕਾਰੀ ਦਿੱਤੀ। ਮੇਲੇ ਵਿੱਚ ਉਚੇਚੇ ਤੌਰ 'ਤੇ ਪੁੱਜੇ ਗਾਇਕ ਜੋੜੀ ਕੁਲਵਿੰਦਰ ਸਿੰਘ ਤੇ ਜਸਵਿੰਦਰ ਜੀਤੂ ਨੇ ਕਵਾਲਾਂ ਦਾ ਚਾਰ ਘੰਟੇ ਆਪਣੇ ਸੂਫ਼ੀਆਨਾ ਗੀਤ ਗਾ ਕੇ ਰੌਣਕਾਂ ਲਗਾ ਦਿੱਤੀਆਂ। ਮੇਲੇ ਵਿੱਚ ਪੁੱਜੇ ਕਲਾਕਾਰਾਂ ਨੂੰ ਸਨਮਾਨਤ ਕਰਨ ਦੀ ਰਸਮ ਮੁੱਖ ਸੇਵਾਦਾਰ ਬਾਬਾ ਚੇਤਨ ਸਿੰਘ, ਬਾਬਾ ਨਾਹਰ ਸਿੰਘ, ਪ੍ਰਧਾਨ ਸਤਨਾਮ ਸਿੰਘ, ਅਵਤਾਰ ਸਿੰਘ, ਮੁਖਤਿਆਰ ਸਿੰਘ, ਗੁਰਮੀਤ ਸਿੰਘ, ਮਲਕੀਤ ਸਿੰਘ, ਸੁਖਦੇਵ ਸਿੰਘ, ਜੋਗਾ ਸਿੰਘ, ਅਜਾਇਬ ਸਿੰਘ, ਦਵਿੰਦਰ ਸਿੰਘ ਅਮਰੀਕਾ ਆਦਿ ਨੇ ਅਦਾ ਕੀਤੀ। ਮੇਲੇ ਦੇ ਅਖੀਰ ਵਿੱਚ ਪ੍ਰਧਾਨ ਸਤਨਾਮ ਸਿੰਘ ਨੇ ਸਹਿਯੋਗ ਦੇਣ ਲਈ ਆਈਆਂ ਸੰਗਤਾਂ ਤੇ ਕਲਾਕਾਰਾਂ ਦਾ ਧੰਨਵਾਦ ਕੀਤਾ। ਆਈਆਂ ਸੰਗਤਾਂ ਲਈ ਅਤੁੱਟ ਲੰਗਰ ਵਰਤਾਏ ਗਏ।

## ਸ੍ਰੀ ਮੁਕਤਸਰ ਸਾਹਿਬ 'ਚ ਈਜ਼ੀ ਰਜਿਸਟਰੀ ਦਾ ਕੰਮ ਸ਼ੁਰੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਸਰਕਾਰ ਦੇ ਮਾਲ ਵਿਭਾਗ ਵੱਲੋਂ ਨਵੀਂ ਸਰਵਿਸ ਈਜ਼ੀ ਰਜਿਸਟਰੀ ਦੀ ਸੇਵਾ ਪੰਜਾਬ ਭਰ ਵਿੱਚ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਨਾਲ ਪੰਜਾਬ ਭਰ ਵਿੱਚ ਜਾਇਦਾਦ ਦੀ ਰਜਿਸਟਰੀ ਪ੍ਰਕਿਰਿਆ ਬਹੁਤ ਆਸਾਨ ਤੇ ਤੇਜ਼ ਹੋ ਗਈ ਹੈ। ਹੁਣ ਲੋਕਾਂ ਨੂੰ ਦਫ਼ਤਰਾਂ ਦੇ ਚੱਕਰ ਨਹੀਂ ਲਗਾਉਣੇ ਪੈਣਗੇ ਤੇ ਭ੍ਰਿਸ਼ਟਾਚਾਰ ਵਿੱਚ ਵੀ ਕਮੀ ਆਈ ਹੈ। ਜਾਣਕਾਰੀ ਦਿੰਦੇ ਹੋਏ ਨਾਇਬ ਤਹਿਸੀਲਦਾਰ ਮਨਵੀਰ ਕੌਰ ਨੇ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਵਿੱਚ ਪੰਜਾਬ ਸਰਕਾਰ ਦੀ ਰਜਿਸਟਰੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਨਾਲ ਲੋਕਾਂ ਨੂੰ ਦਫ਼ਤਰਾਂ ਦੇ ਚੱਕਰ ਨਹੀਂ ਲਗਾਉਣੇ ਪੈਣਗੇ ਤੇ ਇਹ ਪ੍ਰਕਿਰਿਆ ਬਹੁਤ ਆਸਾਨ ਹੋ ਗਈ ਹੈ ਤੇ ਰਜਿਸਟਰੀਆਂ ਦਾ ਕੰਮ ਤੇਜ਼ੀ ਨਾਲ ਨਿਪਟਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਦਾ ਇਹ ਨਵਾਂ ਕਦਮ ਲੋਕ ਸੇਵਾ ਲਈ ਵੱਡੀ ਪਹਿਲਕਦਮੀ ਸਾਬਿਤ ਹੋਵੇਗੀ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਤੁਸੀਂ ਵੀ ਈਜ਼ੀ ਰਜਿਸਟਰੀ ਸੇਵਾ ਸੰਬੰਧੀ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਸਭ ਰਜਿਸਟਰਾਰ ਦਫ਼ਤਰ ਵਿੱਚ ਆ ਕੇ ਆਪਣੇ ਜ਼ਰੂਰੀ ਦਸਤਾਵੇਜ਼ ਲੈ ਕੇ ਸਾਡੇ ਨਾਲ ਸੰਪਰਕ ਕਰ ਸਕਦੇ ਹੋ ਤੇ ਇਸ ਸੇਵਾ ਦਾ ਲਾਭ ਉਠਾ ਸਕਦੇ ਹੋ। ਇਸ ਸਮੇਂ ਨਵਰਤਨ ਸਿੰਘ ਡੀਡ ਰਾਈਟਰ, ਦਵਿੰਦਰਪਾਲ ਸਿੰਘ ਦੇ ਐੱਸ ਐੱਮ, ਸਮਾਈਲ ਕੁਮਾਰ ਰੀਡਰ, ਐਡਵੋਕੇਟ ਅਮਿਤ ਕੁਮਾਰ, ਰਿਟਾਇਰਡ ਪਟਵਾਰੀ ਬਲਰਾਜ ਸਿੰਘ, ਮੈਡਮ ਅਰਵਿੰਦਰ ਹਾਜ਼ਰ ਸਨ।

## 12 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ 12 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਇੱਕ ਵਿਅਕਤੀ ਰਾਜ ਕੁਮਾਰ ਸ਼ਾਹ ਵਾਸੀ ਵਾਰਡ ਨੰਬਰ 1 ਸਿਰਸੀਆ, ਥਾਣਾ ਬੇਲਸੰਦ ਜ਼ਿਲ੍ਹਾ ਸੀਤਾਮੜੀ (ਬਿਹਾਰ) ਹਾਲ ਵਾਸੀ ਧਰਮਸ਼ਾਲਾ ਪਿੰਡ ਨੂਰਪੁਰ ਮੰਡ ਨੂੰ ਕਾਬੂ ਕੀਤਾ ਹੈ। ਥਾਣਾ ਮੁਖੀ ਇੰਸਪੈਕਟਰ ਹਰਵਿੰਦਰ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਸੁਖਵਿੰਦਰ ਸਿੰਘ ਪੁਲਸ ਪਾਰਟੀ ਸਮੇਤ ਪਿੰਡ ਪੰਡੋਰੀ ਬੇਟ ਵਿਖੇ ਮੌਜੂਦ ਸੀ ਤਾਂ ਮੁਖਬਰ ਨੇ ਸੂਚਨਾ ਦਿੱਤੀ ਕਿ ਰਾਜ ਕੁਮਾਰ ਠੇਕੇ 'ਤੇ ਸ਼ਰਾਬ ਲੈ ਕੇ ਅੱਗੇ ਮਹਿੰਗੇ ਭਾਅ ਵੇਚਦਾ ਹੈ। ਜੋ ਮੋਟਰਸਾਈਕਲ ਰਾਹੀਂ ਸ਼ਰਾਬ ਲੈ ਕੇ ਚੌਕ ਲੋਹਟ ਸਾਈਡ ਤੋਂ ਆ ਰਿਹਾ ਹੈ। ਪੁਲਸ ਵੱਲੋਂ ਸੂਚਨਾ ਪੱਕੀ ਹੋਣ 'ਤੇ ਨਾਕਾਬੰਦੀ ਕਰ ਰਾਜ ਕੁਮਾਰ ਨੂੰ 12 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਕਾਬੂ ਕਰ ਐਕਸਾਇਜ਼ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ।

# ਬਰਸਾਤੀ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਝੋਨੇ ਦੀ ਫ਼ਸਲ ਡੁੱਬੀ



ਨਵਾਂ ਪਿੰਡ ਕਲਵਾਣੂ ਵਿੱਚ ਡੁੱਬੀ ਹੋਈ ਝੋਨੇ ਦੀ ਫ਼ਸਲ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਬੀਤੇ ਕੱਲ੍ਹ ਪਏ ਮੀਂਹ ਕਾਰਨ ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਇਲਾਕੇ ਬਾਦਸ਼ਾਹਪੁਰ ਦੇ ਆਲੇ ਦੁਆਲੇ ਦੇ ਖੇਤਾਂ ਵਿੱਚੋਂ ਬਰਸਾਤੀ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਨਵਾਂ ਪਿੰਡ ਕਲਵਾਣੂ ਤੇ ਆਸ-ਪਾਸ ਦੇ ਕੁਝ ਪਿੰਡਾਂ ਵਿੱਚ ਝੋਨੇ ਦੀ ਫ਼ਸਲ ਪਾਣੀ ਵਿੱਚ ਡੁੱਬ ਗਈ, ਜਿਸ ਕਾਰਨ ਕਿਸਾਨਾਂ ਦੀਆਂ ਫ਼ਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ।ਪ੍ਰਭਾਵਿਤ ਕਿਸਾਨਾਂ ਨੇ ਦੱਸਿਆ ਕਿ ਨਵਾਂ ਪਿੰਡ ਕਲਵਾਣੂ ਕੋਲੋਂ ਬਰਸਾਤ ਦੇ ਪਾਣੀ ਦੀ ਲੰਘਦੀ ਸਰਕਾਰੀ ਡਰੇਨ (ਪਾੜਾ) ਉੱਤੇ ਲੋਕਾਂ ਨੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ, ਜਿਸ ਕਾਰਨ ਬਰਸਾਤ ਦੇ ਪਾਣੀ ਦੀ ਨਿਕਾਸੀ ਨਹੀਂ ਹੁੰਦੀ ਤੇ ਫ਼ਸਲਾਂ ਡੁੱਬ ਜਾਂਦੀਆਂ ਹਨ, ਜਦਕਿ ਪਿੰਡ ਧੂੜੀਆਂ ਵੱਲੋਂ ਸਰਕਾਰੀ ਡਰੇਨ ਤੋਂ ਨਾਜਾਇਜ਼ ਕਬਜ਼ੇ ਹਟਾ ਕੇ ਖੁਦਾਈ ਕੀਤੀ ਜਾ ਚੁੱਕੀ ਹੈ, ਪਰ ਨਵਾਂ ਪਿੰਡ ਕਲਵਾਣੂ ਦੇ ਇਲਾਕੇ ਵਿੱਚ ਸਰਕਾਰੀ ਖਾਂਟ (ਡਰੇਨ) ਉੱਤੇ ਲੋਕਾਂ ਦੇ ਨਾਜਾਇਜ਼ ਕਬਜ਼ੇ ਬਰਕਰਾਰ ਹਨ, ਜਿਸ ਕਾਰਨ ਬਰਸਾਤੀ ਪਾਣੀ ਦੀ ਨਿਕਾਸੀ ਨਹੀਂ ਹੁੰਦੀ ਤੇ ਫ਼ਸਲਾਂ ਡੁੱਬ ਜਾਂਦੀਆਂ ਹਨ।ਕਿਸਾਨਾਂ ਨੇ ਦੱਸਿਆ ਕਿ ਜਿੱਥੇ ਝੋਨੇ ਦੀ ਫ਼ਸਲ ਦਾ ਨੁਕਸਾਨ ਹੋਇਆ ਹੈ, ਉਥੇ ਮੱਕੀ ਦੀ ਫ਼ਸਲ ਵਿੱਚ ਪਾਣੀ ਖੜ ਗਿਆ ਹੈ।ਨਵਾਂ ਪਿੰਡ ਕਲਵਾਣੂ ਦੇ ਕਿਸਾਨਾਂ ਦਰਸ਼ਨ ਸਿੰਘ, ਪੱਪੀ ਬਾਜਵਾ, ਦਰਸ਼ਨ ਸਿੰਘ ਤੂਰ, ਬਲਵਿੰਦਰ ਸਿੰਘ, ਕਾਲਾ ਸਿੰਘ, ਦਲਬੀਰ ਸਿੰਘ, ਚਰਨ ਸਿੰਘ ਤੇ ਡੇਰਾ ਕਾਹਲੋਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਨਵਾਂ ਪਿੰਡ ਕਲਵਾਣੂ ਕੋਲੋਂ ਡਰੇਨ ਨੂੰ ਚਾਲੂ ਕੀਤਾ ਜਾਵੇ ਤੇ ਸੜਕ ਹੇਠ ਪੁਲੀਆਂ ਪਾਈਆਂ ਜਾਣ ਤਾਂ ਜੋ ਪਾਣੀ ਦਾ ਕੁਦਰਤੀ ਵਹਾਅ ਚੱਲ ਸਕੇ ਤੇ ਹਰ ਸਾਲ ਮੀਂਹ ਦੇ ਪਾਣੀ ਨਾਲ ਡੁੱਬਦੀਆਂ ਫਸਲਾਂ ਬਚ ਸਕਣ।ਇਸ ਮੌਕੇ ਐੱਸ ਡੀ ਐੱਮ ਪਾਤੜਾਂ ਅਸ਼ੋਕ ਕੁਮਾਰ ਨੇ ਕਿਹਾ ਕਿ ਕਿਸਾਨਾਂ ਦੇ ਹੋ ਰਹੇ ਫ਼ਸਲੀ ਨੁਕਸਾਨ ਨੂੰ ਵੇਖਦਿਆਂ ਨਵਾਂ ਪਿੰਡ ਕਲਵਾਣੂ ਤੋਂ ਡਰੇਨ ਖਾਲੀ ਕਰਵਾਉਣ ਦੀ ਕਾਰਵਾਈ ਚੱਲ ਰਹੀ ਹੈ ਤੇ ਜਲਦ ਡਰੇਨ ਨੂੰ ਮੁੜ ਚਾਲੂ ਕਰ ਦਿੱਤਾ ਜਾਵੇਗਾ।

## ਸ਼ਿਵਾ ਆਰ ਓ ਵਾਟਰ ਤੇ ਆਈਸ ਫੈਕਟਰੀ 'ਚ ਚੋਰੀ

**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੰਜਾਬ ਵਿੱਚ ਚੋਰਾਂ, ਬਦਮਾਸ਼ਾਂ ਤੇ ਲੁਟੇਰਿਆਂ ਨੂੰ ਪੁਲਸ ਤੇ ਕਾਨੂੰਨ ਦਾ ਭੋਰਾ ਡਰ ਨਹੀਂ ਰਿਹਾ, ਜਿਸ ਕਾਰਨ ਹਰ ਦਿਨ ਅਣ-ਸੁਖਾਵੀਆਂ ਘਟਨਾਵਾਂ ਵਾਪਰ ਰਹੀਆਂ ਹਨ।ਜਿੱਥੇ ਬੀਤੇ ਦਿਨੀਂ ਬਿਜਲੀ ਗਰਿੱਡ ਵਿੱਚੋਂ ਚੋਰਾਂ ਵੱਲੋਂ ਲੱਖਾਂ ਰੁਪਏ ਦੀ ਚੋਰੀ ਕੀਤੇ ਜਾਣ ਦੀ ਚਰਚਾ ਅਜੇ ਲੋਕਾਂ ਦੀ ਜ਼ੁਬਾਨ 'ਤੇ ਚੱਲ ਰਹੀ ਹੈ, ਉਥੇ ਹੁਣ ਦੇਰੀ ਨਾਲ ਪ੍ਰਾਪਤ ਹੋਏ ਸਮਾਚਾਰ ਅਨੁਸਾਰ ਬੀਤੀ 9 ਤੇ 10 ਜੁਲਾਈ ਦੀ ਸਾਂਝੀ ਰਾਤ ਨੂੰ ਚੋਰਾਂ ਵੱਲੋਂ ਤਲਵੰਡੀ ਸਾਬੋ ਦੀ ਇੱਕ ਫੈਕਟਰੀ ਨੂੰ ਨਿਸ਼ਾਨਾ ਬਣਾਇਆ ਗਿਆ।ਪ੍ਰਾਪਤ ਜਾਣਕਾਰੀ ਅਨੁਸਾਰ ਸਥਾਨਕ ਗੁਰੂ ਕਾਸ਼ੀ ਇਨਕਲੇਵ ਵਿੱਚ ਸਥਿਤ ਸ਼ਿਵਾ ਆਰ ਓ ਵਾਟਰ ਪਿਊਰੀਫੀਕੇਸ਼ਨ ਵਿਖੇ ਬੀਤੀ ਰਾਤ ਚੋਰਾਂ ਵੱਲੋਂ ਫੈਕਟਰੀ ਦੇ ਤਾਲੇ ਤੋੜ ਕੇ ਉੱਥੇ ਚੋਰੀ ਕੀਤੀ ਗਈ।ਆਰ ਓ ਮਾਲਿਕ ਗੋਪਾਲ ਕ੍ਰਿਸ਼ਨ ਬਾਂਸਲ ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ 9 ਜੁਲਾਈ ਦੀ ਰਾਤ ਨੂੰ ਦਸ ਵਜੇ ਤਾਲੇ ਲਗਾ ਕੇ ਘਰ ਚਲੇ ਗਏ, ਪ੍ਰੰਤੂ ਜਦੋਂ ਸੁਬ੍ਹਾ ਆ ਕੇ ਦੇਖਿਆ ਤਾਂ ਤਾਲੇ ਟੁੱਟੇ ਹੋਏ ਤੇ ਅੰਦਰ ਸਾਮਾਨ ਖਿਲਰਿਆ ਪਿਆ ਸੀ।ਫੈਕਟਰੀ ਮਾਲਿਕ ਨੇ ਦੱਸਿਆ ਕਿ ਪੁਲਸ ਨੂੰ ਇਤਲਾਹ ਦੇ ਦਿੱਤੀ ਗਈ ਹੈ ਅਤੇ ਨੁਕਸਾਨ ਬਾਰੇ ਅਜੇ ਦੇਖਿਆ ਜਾ ਰਿਹਾ ਹੈ ਕਿ ਚੋਰਾਂ ਵੱਲੋਂ ਕਿੰਨਾ ਕੁ ਨੁਕਸਾਨ ਕੀਤਾ ਗਿਆ ਹੈ।ਪੁਲਸ ਨੇ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ।



## 93 ਗ੍ਰਾਮ ਹੈਰੋਇਨ ਸਣੇ ਪੁਲਸ ਅੜਿੱਕੇ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਥਾਣਾ ਸਦਰ ਸੰਗਰੂਰ ਦੀ ਮੁਖੀ ਥਾਣੇਦਾਰ ਜਸਵਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਥਾਣਾ ਸਦਰ ਸੰਗਰੂਰ ਦੀ ਪੁਲਸ ਨੇ ਇੱਕ ਵਿਅਕਤੀ ਦੇ ਕਬਜ਼ੇ ਵਿੱਚੋਂ 93 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ।ਉਨ੍ਹਾ ਦੱਸਿਆ ਕਿ ਪੁਲਸ ਨੇ ਜੋਗਰਾਜ ਸਿੰਘ ਵਾਸੀ ਸੁਨਾਮ ਨੂੰ ਕਾਬੂ ਕਰਦਿਆਂ ਉਸ ਦੇ ਕਬਜ਼ੇ ਵਿੱਚੋਂ 93 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ ਤੇ ਉਸ ਖਿਲਾਫ਼ ਮੁੱਕਦਮਾ ਦਰਜ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਆਲੇ ਦੁਆਲੇ ਕੋਈ ਵਿਅਕਤੀ ਨਸ਼ੇ ਦੀ ਤਸਕਰੀ ਕਰਦਾ ਹੈ ਤਾਂ ਤੁਰੰਤ ਉਸ ਦੀ ਸੂਚਨਾ ਪੁਲਸ ਨੂੰ ਦਿੱਤੀ ਜਾਵੇ, ਪੁਲਸ ਉਸ ਦਾ ਨਾਮ ਤੇ ਪਤਾ ਗੁਪਤ ਰੱਖੇਗੀ।ਉਨ੍ਹਾਂ ਕਿਹਾ ਕਿ ਸਮਾਜ ਨੂੰ ਨਸ਼ਾ ਮੁਕਤ ਕਰਨ ਲਈ ਪੁਲਸ ਨੂੰ ਲੋਕਾਂ ਦੇ ਸਹਿਯੋਗ ਦੀ ਲੋੜ ਹੈ।

## ਅਪਰਾਧਿਕ ਘਟਨਾਵਾਂ ਦਾ ਗੜ੍ਹ ਬਣਦਾ ਜਾ ਰਿਹੈ ਪੰਜਾਬ : ਦੌਲਤਪੁਰ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਵਿੱਚ ਦਿਨ-ਬ-ਦਿਨ ਵਿਗੜ ਰਹੀ ਕਾਨੂੰਨ ਵਿਵਸਥਾ ਨੇ ਆਮ ਲੋਕਾਂ ਦੀ ਜ਼ਿੰਦਗੀ ਵਿੱਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ।ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਤੇ ਹਲਕਾ ਧੂਰੀ ਤੋਂ ਸੀਨੀਅਰ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਪੰਜਾਬ ਦੀ ਹਾਲਤ ਇੰਨੀ ਵਧੀਆ ਨਹੀਂ ਰਹੀ, ਜਿੱਥੇ ਲੋਕ ਆਪਣੇ ਆਪ ਨੂੰ ਮਹਿਫੂਜ਼ ਮਹਿਸੂਸ ਕਰ ਸਕਣ।ਉਨ੍ਹਾਂ ਦਾਅਵਾ ਕੀਤਾ ਕਿ ਹਰ ਰੋਜ਼ ਹੋ ਰਹੀਆਂ ਅਪਰਾਧਿਕ ਘਟਨਾਵਾਂ ਨੇ ਸਾਫ਼ ਕਰ ਦਿੱਤਾ ਹੈ ਕਿ ਅਪਰਾਧੀਆਂ ਨੂੰ ਕਾਨੂੰਨ ਦਾ ਕੋਈ ਡਰ ਨਹੀਂ ਰਿਹਾ।ਕਤਲ, ਲੁੱਟ, ਫਿਰੌਤੀ, ਜਬਰੀ ਵਸੂਲੀ, ਨਸ਼ਾ ਜਿਹੇ ਗੰਭੀਰ ਅਪਰਾਧ ਰੋਜ਼ਾਨਾ ਦੀਆਂ ਖਬਰਾਂ ਬਣ ਗਏ ਹਨ।ਦੌਲਤਪੁਰ ਨੇ ਕਿਹਾ ਕਿ ਅਪਰਾਧੀਆਂ ਵੱਲੋਂ ਖੁੱਲ੍ਹੇਆਮ ਘਰਾਂ, ਬੰਗਲਿਆਂ ਤੇ ਦੁਕਾਨਾਂ ਦੇ ਤਾਲੇ ਤੋੜ ਕੇ ਚੋਰੀਆਂ ਕੀਤੀਆਂ ਜਾ ਰਹੀਆਂ ਹਨ ਤੇ ਕਈ ਵਾਰ ਵਪਾਰੀਆਂ ਨੂੰ ਫੋਨ ਕਰਕੇ ਫਿਰੌਤੀਆਂ ਦੀ ਮੰਗ ਕੀਤੀ ਜਾਂਦੀ ਹੈ।ਇਨ੍ਹਾਂ ਦੀ ਅਣਸੁਣੀ ਕਰਨ 'ਤੇ ਉਨ੍ਹਾਂ ਦੀ ਟਾਰਗੇਟ ਕਿਲਿੰਗ ਤੱਕ ਕੀਤੀ ਜਾ ਰਹੀ ਹੈ।ਉਨ੍ਹਾਂ ਅੱਗੇ ਕਿਹਾ ਕਿ ਪੁਲਸ ਸਿਰਫ਼ ਲਕੀਰਾਂ ਹੀ ਪਿੱਟ ਰਹੀ ਹੈ।ਕਈ ਵਾਰ ਤਾਂ ਅਜਿਹੀਆਂ ਘਟਨਾਵਾਂ 'ਚ ਪੁਲਸ ਦੀ ਭੂਮਿਕਾ 'ਤੇ ਵੀ ਸਵਾਲ ਚੁੱਕਦੇ ਹਨ।

ਦੌਲਤਪੁਰ ਨੇ ਕਿਹਾ ਕਿ ਕਾਨੂੰਨ ਵਿਵਸਥਾ ਦੇ ਸੁਧਾਰ ਲਈ ਰਾਜ ਸਰਕਾਰ ਵੱਲੋਂ ਕੀਤੇ ਜਾ ਰਹੇ ਵੱਡੇ-ਵੱਡੇ ਦਾਅਵੇ ਸਿਰਫ਼ ਕਾਗਜ਼ੀ ਹਨ, ਜਿਨ੍ਹਾਂ ਦਾ ਜਜ਼ੀਨੀ ਹਕੀਕਤ ਨਾਲ ਕੋਈ ਲੈਣਾ-ਦੇਣਾ ਨਹੀਂ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਆਪਣੇ ਪਰਵਾਰ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਹੋ ਗਏ ਹਨ।ਲੋਕ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ ਤਾਂ ਜੋ ਉਨ੍ਹਾਂ ਨੂੰ ਇੱਕ ਸੁਨਿਸ਼ਚਤ ਤੇ ਸੁਰੱਖਿਅਤ ਭਵਿੱਖ ਮਿਲ ਸਕੇ।ਇਨ੍ਹਾਂ ਹਾਲਾਤਾਂ ਨੇ ਪ੍ਰਵਾਸੀ ਭਾਰਤੀਆਂ ਦੀ ਵੀ ਚਿੰਤਾ ਵਧਾ ਦਿੱਤੀ ਹੈ, ਜੋ ਪਹਿਲਾਂ ਮਾਣ ਨਾਲ ਪੰਜਾਬ ਨੂੰ ਆਪਣਾ ਘਰ ਕਹਿੰਦੇ ਸਨ, ਪਰ ਹੁਣ ਡਰ ਦੇ ਸਾਏ ਹੇਠ ਜੀ ਰਹੇ ਹਨ।

## ਨਾਬਾਲਗ ਲੜਕੀ ਨੂੰ ਵਰਗਲਾ ਕੇ ਲਿਜਾਣ ਦੇ ਦੋਸ਼ ਹੇਠ ਮਾਮਲਾ ਦਰਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ ਨਾਬਾਲਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਵਰਗਲਾ ਕੇ ਲਿਜਾਣ ਦੇ ਦੋਸ਼ ਹੇਠ ਇੱਕ ਅਣਪਛਾਤੇ ਨੌਜਵਾਨ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਲੜਕੀ ਦੇ ਪਿਤਾ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਸ ਦੀ ਲੜਕੀ 10 ਜੂਨ ਨੂੰ ਬਿਨਾਂ ਦੱਸੇ ਸਕੂਲੋਂ ਘਰ ਆ ਗਈ, ਜਿਸ ਤੋਂ ਬਾਅਦ ਛੁੱਟੀ ਪੂਰੀ ਹੋਣ 'ਤੇ ਮੇਰੇ ਦੂਸਰੇ ਬੱਚਿਆਂ ਨੇ ਦੱਸਿਆ ਕਿ ਉਨ੍ਹਾਂ ਦੀ ਭੈਣ ਘਰ ਵਿੱਚ ਨਹੀਂ ਹੈ। ਇਸ ਤੋਂ ਬਾਅਦ ਅਸੀਂ ਲੜਕੀ ਦੀ ਉਸ ਦੀਆਂ ਸਹੇਲੀਆਂ ਤੇ ਆਸਪਾਸ ਕਾਫ਼ੀ ਭਾਲ ਕੀਤੀ, ਜਿਸ ਦਾ ਕੁਝ ਪਤਾ ਨਾ ਲੱਗਣ 'ਤੇ ਮੈਂ ਗੁਆਂਢੀਆਂ ਦੇ ਕੈਮਰੇ ਚੈੱਕ ਕੀਤੇ, ਜਿਸ ਵਿੱਚ ਮੇਰੀ ਲੜਕੀ ਸਿਵਲ ਕੱਪੜੇ ਪਾ ਕੇ ਘਰ 'ਚ ਪਈ ਨਕਦੀ ਆਪਣੇ ਨਾਲ ਲੈ ਕੇ ਘਰੋਂ ਚਲੀ ਗਈ, ਜਿਸ ਨੂੰ ਕੋਈ ਨਾਮਲੂਮ ਲੜਕਾ ਵਰਗਲਾ ਕੇ ਵਿਆਹ ਕਰਵਾਉਣ ਦਾ ਝਾਂਸਾ ਦੇ ਆਪਣੇ ਨਾਲ ਲੈ ਗਿਆ। ਪੁਲਸ ਨੇ ਲੜਕੀ ਦੇ ਪਿਤਾ ਦੇ ਬਿਆਨਾਂ ਦੇ ਅਧਾਰ 'ਤੇ ਅਣਪਛਾਤੇ ਨੌਜਵਾਨ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ।

## ਸਾਬਕਾ ਬੈਂਕ ਮੈਨੇਜਰ ਨਾਲ 30 ਲੱਖ ਦੀ ਠੱਗੀ ਸੰਬੰਧੀ ਮਾਮਲਾ ਦਰਜ

### ਦੋ ਬੇਟਿਆਂ ਤੇ ਇੱਕ ਰਿਸ਼ਤੇਦਾਰ ਨੂੰ ਨੌਕਰੀ ਦਿਵਾਉਣ ਦੇ ਨਾਂਅ 'ਤੇ ਮਾਰੀ ਠੱਗੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਟੇਟ ਬੈਂਕ ਆਫ ਇੰਡੀਆ ਸ੍ਰੀ ਮੁਕਤਸਰ ਸਾਹਿਬ ਤੇ ਹੋਰ ਬ੍ਰਾਂਚਾਂ 'ਚ ਬਤੌਰ ਮੈਨੇਜਰ ਸੇਵਾਵਾਂ ਦੇ ਕੇ ਸੇਵਾਮੁਕਤ ਹੋਏ ਓਮ ਪ੍ਰਕਾਸ਼ ਤਨੇਜਾ ਨਾਲ 30 ਲੱਖ ਰੁਪਏ ਦੀ ਠੱਗੀ ਦਾ ਮਾਮਲਾ ਸਾਹਮਣੇ ਆਇਆ ਹੈ।ਪੁਲਸ ਨੂੰ ਦਿੱਤੇ ਬਿਆਨਾਂ 'ਚ ਓਮ ਪ੍ਰਕਾਸ਼ ਤਨੇਜਾ ਨੇ ਦੱਸਿਆ ਕਿ ਉਸ ਦੀ ਜਾਣ-ਪਛਾਣ ਐੱਸ ਬੀ ਆਈ ਲਾਈਫ ਇੰਸ਼ੋਰੈਂਸ 'ਚ ਕੰਮ ਕਰਦੇ ਸ੍ਰੀ ਮੁਕਤਸਰ ਸਾਹਿਬ ਦੀ ਨਾਰੰਗ ਕਾਲੋਨੀ ਵਾਸੀ ਅਜੇ ਕੁਮਾਰ ਸ਼ਰਮਾ ਨਾਲ ਸੀ।ਅਜੇ ਕੁਮਾਰ ਸ਼ਰਮਾ ਨੇ ਉਸ ਨੂੰ ਕਿਹਾ ਕਿ ਉਹ ਗੁਰੂਗਰਾਮ ਵਾਸੀ ਅਨਿਲ ਕੁਮਾਰ ਜੈਸਵਾਲ ਨੂੰ ਜਾਣਦਾ ਹੈ, ਜਿਸ ਦੀ ਕਿ ਕੇਂਦਰ ਸਰਕਾਰ 'ਚ ਚੰਗੀ ਜਾਣ-ਪਛਾਣ ਹੈ ਅਤੇ ਉਹ ਉਨ੍ਹਾਂ ਦੇ ਬੇਟੇ ਨੂੰ ਇਨਕਮ ਟੈਕਸ ਜਾਂ ਸੇਲ ਟੈਕਸ ਵਿਭਾਗ 'ਚ ਸਰਕਾਰੀ ਨੌਕਰੀ ਲਵਾ ਦੇਵੇਗਾ ਤੇ ਇਸ ਬਦਲੇ ਪੈਸੇ ਲੱਗਣਗੇ।ਤਨੇਜਾ ਅਨੁਸਾਰ ਉਸ ਨੇ ਇਸ ਸਬੰਧੀ ਨਾਂਹ ਕਰ ਦਿੱਤੀ, ਪਰ ਅਜੇ ਕੁਮਾਰ ਉਨ੍ਹਾਂ ਨੂੰ ਵਾਰ ਵਾਰ ਕਹਿੰਦਾ ਰਿਹਾ ਤੇ ਉਸ ਨੇ ਅਨਿਲ ਕੁਮਾਰ ਜੈਸਵਾਲ ਨਾਲ ਫੋਨ 'ਤੇ ਗੱਲਬਾਤ ਵੀ ਕਰਵਾਈ।ਗੱਲਬਾਤ ਦੌਰਾਨ ਤਨੇਜਾ ਦੇ ਦੋਵੇਂ ਬੇਟਿਆਂ ਤੇ ਇੱਕ ਰਿਸ਼ਤੇਦਾਰ ਨੂੰ ਨੌਕਰੀ ਦਿਵਾਉਣ ਲਈ 60 ਲੱਖ ਰੁਪਏ ਦੀ ਮੰਗ ਕੀਤੀ।30 ਲੱਖ ਰੁਪਏ ਐਡਵਾਂਸ ਤੇ 30 ਲੱਖ ਰੁਪਏ ਜੁਆਇਨਿੰਗ ਪੱਤਰ ਉਪਰੰਤ ਦੇਣ ਦੀ ਗੱਲ ਹੋਈ।ਤਨੇਜਾ ਅਨੁਸਾਰ ਇਹ ਗੱਲਬਾਤ ਮਾਰਚ 2023 ਦੀ ਹੈ।

ਉਕਤ ਦੋਵਾਂ ਦੇ ਕਹਿਣ 'ਤੇ ਉਨ੍ਹਾਂ ਮਈ 2023 ਤੋਂ ਅਕਤੂਬਰ 2024 ਤੱਕ ਵੱਖ ਵੱਖ ਕਿਸ਼ਤਾਂ 'ਚ 30 ਲੱਖ ਰੁਪਏ ਦੇ ਦਿੱਤਾ।ਇਸ ਜੁਆਇਨਿੰਗ ਲਈ ਦਸੰਬਰ 2024 ਦਾ ਸਮਾਂ ਮਿੱਥਿਆ ਗਿਆ, ਪਰ ਦਸੰਬਰ 2024 ਉਪਰੰਤ ਦੋਵੇਂ ਜਣੇ ਹੀ ਲਾਰੇ ਲਗਾਉਣ ਲੱਗੇ।ਬਿਆਨਕਰਤਾ ਅਨੁਸਾਰ ਜਦ ਉਸ ਨੇ ਦੋਵਾਂ ਤੋਂ ਪੈਸਿਆਂ ਦੀ ਵਾਪਸੀ ਦੀ ਮੰਗ ਕੀਤੀ ਤਾਂ ਉਸ ਨੂੰ ਧਮਕੀਆਂ ਦਿੱਤੀਆਂ ਗਈਆਂ, ਜਿਸ ਉਪਰੰਤ ਉਨ੍ਹਾਂ ਪੁਲਸ ਨੂੰ ਸ਼ਿਕਾਇਤ ਦਿੱਤੀ।ਫਿਲਹਾਲ ਪੁਲਸ ਨੇ ਸ੍ਰੀ ਮੁਕਤਸਰ ਸਾਹਿਬ ਵਾਸੀ ਅਜੇ ਕੁਮਾਰ ਸ਼ਰਮਾ ਨੂੰ ਜਾਂਚ 'ਚ ਸ਼ਾਮਲ ਕਰਦਿਆਂ ਗੁਰੂਗਰਾਮ ਵਾਸੀ ਅਨਿਲ ਕੁਮਾਰ ਜੈਸਵਾਲ 'ਤੇ ਧੋਖਾਧੜੀ ਦਾ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਲੋਕ ਗਾਇਕ ਇੰਦਰ ਮਾਨ ਦੇ ਵੱਡੇ ਭਰਾ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਪੰਜਾਬੀ ਲੋਕ ਗਾਇਕ ਇੰਦਰ ਮਾਨ ਦੇ ਵੱਡੇ ਭਾਈ ਜਗਮੋਹਨ ਸਿੰਘ ਮਾਨ ਦੇ ਅਚਾਨਕ ਅਕਾਲ ਚਲਾਣਾ ਕਰ ਜਾਣ 'ਤੇ ਲੋਕ ਗਾਇਕ ਬਲਧੀਰ ਮਾਹਲਾ ਦੇ ਗ੍ਰਹਿ ਵਿਖੇ ਬਹੁਤ ਸਾਰੀਆਂ ਨਾਮਵਰ ਸ਼ਖਸੀਅਤਾਂ ਵੱਲੋਂ ਵਿੱਛੜੀ ਹੋਈ ਰੂਹ ਦੀ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਧਾਰਨ ਕਰਕੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ, ਜਿਨ੍ਹਾਂ ਵਿੱਚ ਪਰਮਵੀਰ ਸੰਧੂ, ਅਵਤਾਰ ਕਮਾਲ, ਬਰਾੜ ਕੰਵਰ, ਸੰਦੀਪ ਗਿੱਲ, ਗੁਰਦੀਪ ਬਰਾੜ, ਗੁਰਦੀਪ ਬਰਾੜ, ਸੁਰਿੰਦਰ ਸਿੰਘ ਸੋਨੂ, ਪੱਪੂ ਸਾਬਰੀ, ਗੋਰਾ ਬਰਾੜ ਤੇ ਪ੍ਰਸਿੱਧ ਗੀਤਕਾਰ ਸਰਬਜੀਤ ਸਿੰਘ ਖੀਵਾ ਆਦਿ ਸ਼ਾਮਲ ਹੋਏ ਤੇ ਗਹਿਰਾ ਅਫਸੋਸ ਪ੍ਰਗਟ ਕੀਤਾ।ਜਗਮੋਹਨ ਸਿੰਘ ਮਾਨ ਦੀ ਆਤਮਾ ਦੀ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਭੋਗ ਉਪਰੰਤ ਕੀਰਤਨ ਅਤੇ ਅੰਤਮ ਅਰਦਾਸ ਮਿਤੀ 16 ਜੁਲਾਈ ਨੂੰ ਦੁਪਹਿਰ 12 ਵਜੇ ਤੋਂ ਦੁਪਹਿਰ 01 ਵਜੇ ਤੱਕ ਗੁਰਦੁਆਰਾ ਸਾਹਿਬ ਕੋਟਕਪੂਰਾ ਤੋਂ ਫਰੀਦਕੋਟ ਰੋਡ ਪਿੰਡ ਸੰਧਵਾਂ ਵਿਖੇ ਹੋਵੇਗੀ।

## ਸਾਬਕਾ ਚੇਅਰਮੈਨ ਦੀਦਾਰ ਮਲਕ 'ਤੇ ਪਰਚਾ ਅਦਾਲਤੀ ਹੁਕਮਾਂ ਦੀ ਉਲੰਘਣਾ ਕਰਕੇ ਹੋਇਆ : ਆਪ ਆਗੂ



**ਜਗਰਾਉਂ (ਅਮਿਤ ਖੰਨਾ)**-ਬੀਤੇ ਦਿਨੀਂ ਜਗਰਾਉਂ ਪੁਲਸ ਵੱਲੋਂ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਿਕ ਤੇ ਉਸ ਦੇ ਇੱਕ ਹੋਰ ਸਾਥੀ 'ਤੇ ਕਲੋਨੀ ਦੀ ਕੰਧ ਤੋੜਨ ਦੇ ਦੋਸ਼ਾਂ ਹੇਠ ਪਰਚਾ ਦਰਜ ਕੀਤਾ ਗਿਆ ਸੀ।ਪੁਲਸ ਵੱਲੋਂ ਪਰਚਾ ਦਰਜ ਕੀਤੇ ਜਾਣ ਤੋਂ ਬਾਅਦ ਇਸ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਨੂੰ ਸਿਆਸੀ ਰੰਗ ਦਿੰਦਿਆਂ ਕਿਹਾ ਗਿਆ ਸੀ ਕਿ ਦੀਦਾਰ ਸਿੰਘ ਮਲਕ 'ਤੇ ਇਹ ਪਰਚਾ ਆਮ ਆਦਮੀ ਪਾਰਟੀ ਦੀ ਬਦਲਾਖੋਰੀ ਦੀ ਰਾਜਨੀਤੀ ਦੇ ਕਾਰਨ ਹੋਇਆ ਹੈ, ਕਿਉਂਕਿ ਉਨ੍ਹਾਂ ਵੱਲੋਂ ਬੀਤੀ 7 ਜੁਲਾਈ ਨੂੰ ਤਹਿਸੀਲ ਚੌਂਕ ਵਿਖੇ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਦੇ ਵਿਰੋਧ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਤੇ ਵੱਖ-ਵੱਖ ਰਾਜਨੀਤੀ ਪਾਰਟੀਆਂ ਦੇ ਆਗੂਆਂ ਦੀ ਅਗਵਾਈ ਵਿੱਚ ਧਰਨਾ ਲਗਾਇਆ ਗਿਆ ਸੀ, ਜਿਸ ਧਰਨੇ ਦੀ ਪੂਰੀ ਰੂਪ ਰੇਖਾ ਦਾ ਸੂਤਰਧਾਰ ਦੀਦਾਰ ਸਿੰਘ ਮਲਿਕ ਸਨ, ਜਿਸ ਦੇ ਚਲਦਿਆਂ ਹੀ ਸਰਕਾਰ ਵੱਲੋਂ ਉਨ੍ਹਾਂ ਨੂੰ ਜਾਣ ਬੁਝ ਕੇ ਕਈ ਮਹੀਨੇ ਪੁਰਾਣੀ ਸ਼ਿਕਾਇਤ ਦੇ ਆਧਾਰ 'ਤੇ ਪਰਚਾ ਦਰਜ ਕਰ ਫਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਸ਼੍ਰੋਮਣੀ ਅਕਾਲੀ ਦਲ ਦੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖਾਰਿਜ ਕਰਦੇ ਹੋਏ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਵੱਲੋਂ ਜਗਰਾਉਂ ਵਿਖੇ ਇੱਕ ਪ੍ਰੈੱਸ ਕਾਨਫਰੰਸ ਕੀਤੀ ਗਈ, ਜਿਸ ਵਿੱਚ ਆਗੂਆਂ ਨੇ ਮੀਡੀਆ ਦੇ ਰੂਬਰੂ ਹੁੰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਜਾਣ-ਬੁੱਝ ਕੇ ਦੀਦਾਰ ਸਿੰਘ ਮਲਕ 'ਤੇ ਹੋਏ ਪਰਚੇ ਨੂੰ ਸਿਆਸੀ ਰੰਗ ਦੇਣਾ ਚਾਹੁੰਦੀ ਹੈ ਜੋ ਕਿ ਸਾਰਾ ਸਰ ਗਲਤ ਹੈ।ਉਨ੍ਹਾਂ ਕਿਹਾ ਕਿ ਬੀਤੇ ਕੁਝ ਮਹੀਨੇ ਪਹਿਲਾਂ ਦੀਦਾਰ ਸਿੰਘ ਮਲਕ ਵੱਲੋਂ ਆਪਣੇ ਕੁਝ ਸਾਥੀਆਂ ਨੂੰ ਨਾਲ ਲੈ ਕੇ ਜਗਰਾਉਂ ਦੀ ਸਭ ਤੋਂ ਮਹਿੰਗੀ ਪੋਸ਼ ਸੈਂਟਰ ਸਿਟੀ ਕਲੋਨੀ ਦੇ ਨਾਲ ਲੱਗਦੀ ਜ਼ਮੀਨ ਲਈ ਹੋਈ ਹੈ, ਜੋ ਕਿ ਸੈਂਟਰ ਸਿਟੀ ਦੀ ਦੀਵਾਰ ਤੋੜ ਕੇ ਉਸ ਵਿੱਚੋਂ ਰਸਤਾ ਕੱਢਣਾ ਚਾਹੁੰਦਾ ਹੈ, ਜਿਸ ਦਾ ਸੈਂਟਰ ਸਿਟੀ ਦੇ ਵਸਨੀਕਾ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਵਿਰੋਧ ਕੀਤਾ ਜਾ ਰਿਹਾ ਅਤੇ ਇਸ ਮਾਮਲੇ ਵਿੱਚ ਹਾਈ ਕੋਰਟ ਤੋਂ 2021 'ਚ ਸਟੇ ਵੀ ਲਿਆ ਹੋਇਆ ਹੈ, ਇਸ ਦੇ ਬਾਵਜੂਦ ਦੀਦਾਰ ਸਿੰਘ ਮਲਕ ਤੇ ਉਸ ਦੇ ਸਾਥੀਆਂ ਵੱਲੋਂ ਹਾਈ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰਦੇ ਹੋਏ ਕਲੋਨੀ ਦੀ ਕੰਧ ਤੋੜ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਕਲੋਨੀ ਦੇ ਵਸਨੀਕਾਂ ਵੱਲੋਂ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਹਾਈ ਕੋਰਟ ਦੇ ਸਟੇਅ ਆਰਡਰ ਦੇ ਹੁਕਮਾਂ ਦੀ ਕਾਪੀ ਸਮੇਤ ਆਪਣੀ ਸ਼ਿਕਾਇਤ ਦਰਜ ਕਰਵਾਈ ਗਈ।ਸ਼ਿਕਾਇਤ ਦੇ ਆਧਾਰ 'ਤੇ ਪੁਲਸ ਵੱਲੋਂ ਉੱਚ ਅਧਿਕਾਰੀਆਂ ਦੀ ਸਿੱਟ ਬਣਾਉਣ ਤੇ ਇਸ ਮਾਮਲੇ ਦੀ ਕਈ ਮਹੀਨਿਆਂ ਤੱਕ ਗੰਭੀਰਤਾ ਨਾਲ ਜਾਂਚ ਕਰਨ ਤੋਂ ਬਾਅਦ ਡੀ ਏ ਲੀਗਲ ਦੀ ਸਲਾਹ ਦੇ ਨਾਲ ਹੀ ਪੂਰੇ ਤੱਥਾਂ ਦੇ ਅਧਾਰ 'ਤੇ ਦੀਦਾਰ ਸਿੰਘ ਮਲਕ ਅਤੇ ਉਸ ਦੇ ਸਾਥੀ ਦੁਸ਼ਹਿਰਾ ਕਮੇਟੀ ਦੇ ਸਾਬਕਾ ਪ੍ਰਧਾਨ ਰਤੇਸ਼ ਭੱਟ, ਜੋਕਿ ਪ੍ਰਾਪਰਟੀ ਕਾਰੋਬਾਰੀ ਵੀ ਹੈ, 'ਤੇ ਪਰਚਾ ਦਰਜ ਕੀਤਾ ਹੈ।ਉਨ੍ਹਾਂ ਕਿਹਾ ਕਿ ਅਕਾਲੀ ਦਲ ਕੂੜ ਪ੍ਰਚਾਰ ਕਰਕੇ ਇਸ ਮੁੱਦੇ ਨੂੰ ਭੜਕਾਉਣਾ ਚਾਹੁੰਦਾ ਹੈ ਤਾਂ ਜੋ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਹਲਕਾ ਜਗਰਾਉਂ ਦੀ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂਕੇ ਨੂੰ ਬਦਨਾਮ ਕੀਤਾ ਜਾ ਸਕੇ।

## ਸਲਾਈਟ ਵਿਖੇ ਫੈਕਲਟੀ ਡਿਵੈੱਲਪਮੈਂਟ ਪ੍ਰੋਗਰਾਮ ਦਾ ਸਮਾਪਨ ਸਮਾਰੋਹ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਗਣਿਤ ਵਿਭਾਗ ਸਲਾਈਟ ਲੌਂਗੋਵਾਲ ਤੇ ਗਣਿਤ ਵਿਭਾਗ ਜੀ.ਐੱਲ.ਏ. ਯੂਨੀਵਰਸਿਟੀ ਮਥੁਰਾ ਨੇ 7 ਤੋਂ 11 ਜੁਲਾਈ 2025 ਦੌਰਾਨ ਇੰਜੀਨੀਅਰਿੰਗ ਸਮੱਸਿਆਵਾਂ ਲਈ ਗਣਿਤ ਤੇ ਮਸ਼ੀਨ ਲਰਨਿੰਗ-2025 'ਤੇ ਇੱਕ ਹਫ਼ਤੇ ਦਾ ਆਨਲਾਈਨ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦਾ ਆਯੋਜਨ ਕੀਤਾ।ਆਈ.ਆਈ.ਟੀ. ਮਦਰਾਸ, ਆਈ ਆਈ ਟੀ ਜੋਧਪੁਰ, ਏ.ਬੀ.ਪੀ. ਆਈ.ਆਈ.ਟੀ.ਐੱਮ. ਗਵਾਲੀਅਰ, ਐੱਨ.ਆਈ.ਟੀ. ਕੁਰੂਕਸ਼ੇਤਰ, ਪੀ.ਟੀ.ਯੂ. ਸਲਾਈਟ ਲੌਂਗੋਵਾਲ ਤੇ ਜੀ.ਐੱਲ.ਏ. ਯੂਨੀਵਰਸਿਟੀ ਮਥੁਰਾ ਵਰਗੇ ਵੱਕਾਰੀ ਸੰਸਥਾਨਾਂ ਦੇ 50 ਤੋਂ ਵੱਧ ਫੈਕਲਟੀ ਮੈਂਬਰਾਂ ਤੇ 25 ਖੋਜ ਵਿਦਵਾਨਾਂ ਦੇ ਭਾਗੀਦਾਰਾਂ ਦੇ ਨਾਲ ਇਹ ਐੱਫ.ਡੀ.ਪੀ. 7 ਜੁਲਾਈ 2025 ਨੂੰ ਸ਼ੁਰੂ ਹੋਇਆ।ਆਈ.ਆਈ.ਟੀ. ਰੁੜਕੀ, ਏ.ਬੀ.ਪੀ. ਆਈ ਆਈ ਟੀ ਐੱਮ ਗਵਾਲੀਅਰ, ਐੱਨ.ਆਈ.ਏ.ਐਮ.ਟੀ. ਰਾਂਚੀ, ਆਈ.ਆਈ.ਟੀ. ਗਾਂਧੀਨਗਰ, ਸਲਾਈਟ ਲੌਂਗੋਵਾਲ ਤੇ ਜੀ.ਐੱਲ.ਏ. ਯੂਨੀਵਰਸਿਟੀ ਮਥੁਰਾ ਵਰਗੀਆਂ ਨਾਮਵਰ ਸੰਸਥਾਵਾਂ ਦੇ ਵੱਖ-ਵੱਖ ਵਿਸ਼ੇਸ਼ ਸਰੋਤ ਵਿਅਕਤੀਆਂ ਨੇ ਆਪਣੇ ਭਾਸ਼ਣ ਦਿੱਤੇ।ਸਮਾਪਤੀ ਸਮਾਰੋਹ ਦੀ ਸ਼ੁਰੂਆਤ ਪ੍ਰੋਗਰਾਮ ਦੇ ਕੋਆਰਡੀਨੇਟਰ ਡਾ. ਯੋਗੇਸ਼ ਕਪਿਲ ਵੱਲੋਂ ਐੱਫ.ਡੀ.ਪੀ. ਦੀ ਰਿਪੋਰਟ ਪੇਸ਼ ਕਰਨ ਨਾਲ ਹੋਈ।ਗਣਿਤ ਦੇ ਮੁਖੀ ਪ੍ਰੋ. ਜੇ. ਆਰ. ਸ਼ਰਮਾ ਨੇ ਆਪਣੇ ਸੰਬੋਧਨ ਵਿੱਚ ਗਣਿਤ ਵਿਭਾਗ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ ਤੇ ਐੱਫ.ਡੀ.ਪੀ. ਨੂੰ ਸੰਚਾਲਿਤ ਕਰਨ ਲਈ ਅਧਿਕਾਰੀਆਂ ਦੇ ਸਮਰਥਨ ਲਈ ਧੰਨਵਾਦ ਕੀਤਾ।ਪ੍ਰੋ. ਵੀ. ਕੇ. ਕੁਕਰੇਜਾ ਨੇ ਆਪਣੇ ਸੰਬੋਧਨ ਵਿੱਚ ਇਸ ਐੱਫ.ਡੀ.ਪੀ. ਦੇ ਲਾਭਾਂ ਤੇ ਭਵਿੱਖ ਵਿੱਚ ਅਜਿਹੇ ਹੋਰ ਸਮਾਗਮਾਂ ਤੇ ਖੋਜ ਵਿੱਚ ਸਹਿਯੋਗ ਦੇ ਦਾਇਰੇ ਬਾਰੇ ਚਰਚਾ ਕੀਤੀ।ਪ੍ਰੋ. ਮਨੀਕਾਂਤ ਪਾਸਵਾਨ ਡਾਇਰੈਕਟਰ ਸਲਾਈਟ ਲੌਂਗੋਵਾਲ ਨੇ ਅਜਿਹੇ ਸਮਾਗਮ ਕਰਵਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।ਇਸ ਸਮੇਂ ਪ੍ਰੋ. ਐੱਸ. ਐੱਸ. ਧਾਲੀਵਾਲ, ਡਾ. ਸੁਧੀਰ ਕੁਮਾਰ ਤੇ ਗਣਿਤ ਵਿਭਾਗ ਦੇ ਕਈ ਖੋਜ ਵਿਦਵਾਨ ਵੀ ਮੌਜੂਦ ਸਨ।ਪ੍ਰੋਗਰਾਮ ਡਾ. ਉਮਾ ਸ਼ੰਕਰ ਸਮਾਲ ਦੇ ਧੰਨਵਾਦ ਮਤੇ ਨਾਲ ਸਮਾਪਤ ਹੋਇਆ।

## ਅਧਿਆਪਕਾਂ ਦਾ ਵਫ਼ਦ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਨੂੰ ਮਿਲਿਆ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਅਧਿਆਪਕਾਂ ਦਾ ਵੱਫ਼ਦ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀ. ਸਿੱਖਿਆ ਸ੍ਰੀ ਯਾਦਵਿੰਦਰ ਸਿੰਘ ਮਾਨ ਨੂੰ ਅਧਿਆਪਕਾਂ ਦੀਆਂ ਸਮੱਸਿਆਵਾਂ ਸਬੰਧੀ ਮਿਲਿਆ।ਵਫ਼ਦ ਦੀ ਅਗਵਾਈ ਗੌਰਮਿੰਟ ਟੀਚਰਜ਼ ਯੂਨੀਅਨ ਵਿਗਿਆਨਕ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਪ੍ਰਗਟ ਸਿੰਘ ਜੰਬਰ ਤੇ ਡੈਮੋਕ੍ਰੇਟਿਕ ਟੀਚਰ ਫਰੰਟ ਦੇ ਜ਼ਿਲ੍ਹਾ ਪ੍ਰਧਾਨ ਪਵਨ ਕੁਮਾਰ ਨੇ ਸਾਂਝੇ ਤੌਰ 'ਤੇ ਕੀਤੀ।ਜ਼ਿਲ੍ਹਾ ਸਿੱਖਿਆ ਅਫ਼ਸਰ ਨਾਲ ਪ੍ਰੀ ਪ੍ਰਾਇਮਰੀ ਦੀਆਂ ਵਰਦੀਆਂ ਸਬੰਧੀ ਆ ਰਹੀਆਂ ਸਮੱਸਿਆਵਾਂ ਬਾਰੇ ਵਿਸਥਾਰ ਨਾਲ ਗੱਲਬਾਤ ਕੀਤੀ।ਉਨ੍ਹਾਂ ਜਲਦ ਮੁਸ਼ਕਲਾਂ ਦੂਰ ਕਰਨ ਦਾ ਵਿਸ਼ਵਾਸ ਦਿਵਾਇਆ।ਇਸ ਤੋਂ ਇਲਾਵਾ ਮਿਡ ਡੇ ਮੀਲ ਵਿੱਚ ਦਿੱਤੇ ਜਾਣ ਵਾਲੇ ਅਤਿਥੀ ਭੋਜਨ ਬਾਰੇ ਉਨ੍ਹਾਂ ਕਿਹਾ ਇਹ ਲਾਜ਼ਮੀ ਨਹੀਂ ਹੈ।ਸਕੂਲ ਦੀ ਮਰਜ਼ੀ 'ਤੇ ਨਿਰਭਰ ਕਰਦਾ ਹੈ।ਗੱਲਬਾਤ ਵਧੀਆ ਮਾਹੌਲ ਵਿੱਚ ਹੋਈ।ਵਫ਼ਦ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਵਿਗਿਆਨਕ ਵੱਲੋਂ ਅਜੀਤਪਾਲ ਸਿੰਘ, ਸੁਮੇਸ਼ ਕੁਮਾਰ, ਭੁਪਿੰਦਰ ਸਿੰਘ, ਮਨਪ੍ਰੀਤ ਸਿੰਘ, ਹਰਸਿਮਰਤ ਸਿੰਘ, ਅਸ਼ੋਕ ਸ਼ਰਮਾ, ਮਨੋਜ ਕੁਮਾਰ, ਗਗਨਦੀਪ ਸਿੰਘ, ਡੀ ਟੀ ਐੱਫ ਵੱਲੋਂ ਜਸਵੰਤ ਸਿੰਘ, ਕੰਵਲਜੀਤ ਪਾਲ, ਰਵੀ ਕੁਮਾਰ ਆਦਿ ਸ਼ਾਮਲ ਹੋਏ।



## ਸੀ ਐੱਚ ਸੀ ਵਿਖੇ ਵਿਸ਼ਵ ਆਬਾਦੀ ਦਿਵਸ ਮਨਾਇਆ




**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਮਾਣਯੋਗ ਸਿਵਲ ਸਰਜਨ ਫਿਰੋਜ਼ਪੁਰ ਡਾ. ਰਾਜਵਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡਾ. ਕਰਨਵੀਰ ਕੌਰ ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਸੀ.ਐੱਚ.ਸੀ. ਗੁਰੂ ਹਰਸਹਾਏ ਦੀ ਰਹਿਨੁਮਾਈ ਹੇਠ 'ਵਿਸ਼ਵ ਆਬਾਦੀ ਦਿਵਸ' ਤੇ ਜਾਗਰੂਕਤਾ ਕੈਂਪ ਲਾਇਆ ਗਿਆ। ਇਸ ਮੌਕੇ ਡਾ. ਗੁਰਪ੍ਰੀਤ ਕੰਬੋਜ ਮੈਡੀਕਲ ਅਫਸਰ ਸੀ.ਐੱਚ.ਸੀ. ਗੁਰੂ ਹਰਸਹਾਏ ਨੇ ਦੱਸਿਆ ਕਿ ਵਿਸ਼ਵ ਜਨਸੰਖਿਆ ਦਿਵਸ ਮਨਾਉਣ ਦਾ ਮੁੱਖ ਮੰਤਵ ਲੋਕਾਂ ਨੂੰ ਆਬਾਦੀ ਵਿਸਫੋਟ, ਪਰਿਵਾਰ ਨਿਯੋਜਨ, ਲਿੰਗ ਸਮਾਨਤਾ, ਗਰੀਬੀ, ਮਾਵਾਂ ਦੀ ਸਿਹਤ ਆਦਿ ਮਹੱਤਵਪੂਰਨ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨਾ ਹੈ। ਦੇਸ਼ ਦੀ ਅਬਾਦੀ ਦਿਨੋਂ-ਦਿਨ ਵਧਦੀ ਜਾ ਰਹੀ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਤੇਜ਼ੀ ਨਾਲ ਵਧ ਰਹੀ ਆਬਾਦੀ ਕਈ ਸਮੱਸਿਆਵਾਂ ਨੂੰ ਜਨਮ ਦਿੰਦੀ ਹੈ, ਜਿਵੇਂ ਕਿ ਸਰੋਤਾਂ ਦੀ ਕਮੀ, ਵਾਤਾਵਰਣ ਪ੍ਰਦੂਸ਼ਣ ਤੇ ਜੀਵਨ ਪੱਧਰ 'ਚ ਗਿਰਾਵਟ। ਇਸ ਦਿਨ ਨੂੰ ਮਨਾਉਣ ਦਾ ਮਕਸਦ ਲੋਕਾਂ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਜਾਣੂ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਪਰਿਵਾਰ ਨਿਯੋਜਨ ਦੇ ਕੱਚੇ ਤਰੀਕੇ ਜਿਹੜੇ ਕਿ ਬੱਚਿਆਂ ਵਿੱਚ ਅੰਤਰ ਰੱਖਣ ਲਈ ਲਾਹੇਵੰਦ ਹਨ, ਜਿਵੇਂ ਕਿ ਅੰਤਰਾ ਇੰਜੈਕਸ਼ਨ, ਛਾਇਆ, ਮਾਲਾ-ਐੱਨ ਗੋਲੀਆਂ, ਨਿਰੋਧ, ਕਾਪਰ-ਟੀ ਆਦਿ ਸਰਕਾਰੀ ਹਸਪਤਾਲਾਂ ਵਿੱਚ ਉਪਲਬਧ ਹਨ। ਡਾ. ਸਪਨਪ੍ਰੀਤ ਮੈਡੀਕਲ ਅਫਸਰ ਨੇ ਕਿਹਾ ਕਿ ਬੱਚਿਆਂ ਵਿੱਚ ਘੱਟੋ-ਘੱਟ 3 ਸਾਲ ਦਾ ਅੰਤਰ ਹੋਣਾ ਚਾਹੀਦਾ ਹੈ, ਜੋ ਕਿ ਮਾਂ ਦੀ ਸਿਹਤ ਤੇ ਬੱਚੇ ਦੇ ਵਾਧੇ-ਵਿਕਾਸ ਲਈ ਜ਼ਰੂਰੀ ਹੈ। ਇਸ ਤੋਂ ਇਲਾਵਾ ਜਿਨ੍ਹਾਂ ਦਾ ਪਰਿਵਾਰ ਕੰਪਲੀਟ ਹੈ, ਉਹ ਯੋਗ ਜੋੜੇ ਨਸਬੰਦੀ ਤੇ ਨਲਬੰਦੀ ਆਪ੍ਰੇਸ਼ਨ ਕਰਵਾ ਸਕਦੇ ਹਨ।

## ਸ਼੍ਰੋਮਣੀ ਅਕਾਲੀ ਦਲ ਵੱਲੋਂ 15 ਦੇ ਧਰਨੇ ਸੰਬੰਧੀ ਮੀਟਿੰਗ



**ਜਗਰਾਉਂ (ਅਮਿਤ ਖੰਨਾ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ. ਸੁਖਬੀਰ ਸਿੰਘ ਬਾਦਲ ਨੇ ਹੋਟਲ ਫਾਈਵ ਰਿਵਰਜ਼ ਜਗਰਾਉਂ ਵਿਖੇ ਹਲਕਾ ਜਗਰਾਉਂ, ਹਲਕਾ ਰਾਏਕੋਟ, ਹਲਕਾ ਗਿੱਲ ਤੇ ਹਲਕਾ ਦਾਖਾ ਦੇ ਅਕਾਲੀ ਆਗੂਆਂ ਤੇ ਵਰਕਰਾਂ ਨਾਲ 15 ਜੁਲਾਈ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਲਗਾਏ ਜਾ ਰਹੇ ਧਰਨੇ ਵਿੱਚ ਸਰਕਾਰ ਦੀ ਲੈਂਡ ਪੂਲਿੰਗ ਸਕੀਮ ਵਿਰੁੱਧ ਪਿੰਡਾਂ ਦੇ ਕਿਸਾਨ ਭਰਾਵਾਂ ਦੀਆਂ ਜ਼ਮੀਨਾਂ ਨੂੰ ਸਰਕਾਰ ਵੱਲੋਂ ਧੱਕੇ ਨਾਲ ਐਕਵਾਇਰ ਕਰਨ ਖਿਲਾਫ਼ ਲੁਧਿਆਣਾ ਡੀ ਸੀ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ ਕਰਨ ਸਬੰਧੀ ਮੀਟਿੰਗ ਕੀਤੀ ਗਈ।ਸ੍ਰ. ਸੁਖਬੀਰ ਸਿੰਘ ਬਾਦਲ ਵੱਲੋਂ ਸਰਕਾਰ ਦੀ ਲੈਂਡ ਪੂਲਿੰਗ ਸਕੀਮ ਵਿੱਚ ਹਲਕਾ ਜਗਰਾਉਂ ਦੇ ਆ ਰਹੇ ਪਿੰਡ ਮਲਕ, ਪੋਨਾ ਤੇ ਅਲੀਗੜ੍ਹ ਦੇ ਕਿਸਾਨ ਭਰਾਵਾਂ ਨਾਲ ਪਿੰਡ ਮਲਕ ਵਿਖੇ ਮੀਟਿੰਗ ਕੀਤੀ ਤੇ ਕਿਸਾਨ ਭਰਾਵਾਂ ਨੂੰ ਵਿਸ਼ਵਾਸ ਦਿਵਾਇਆ ਕਿ ਤੁਹਾਡੀ ਜ਼ਮੀਨ ਕਿਸੇ ਵੀ ਹਾਲਤ ਵਿੱਚ ਸਰਕਾਰ ਨੂੰ ਐਕਵਾਇਰ ਨਹੀਂ ਕਰਨ ਦਿੱਤੀ ਜਾਵੇਗੀ, ਜਿਸ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਜੋ ਵੀ ਲੜਾਈ ਲੜਨੀ ਪਵੇ ਤਾਂ ਵੱਡੇ ਪੱਧਰ 'ਤੇ ਲੜੇਗਾ।ਇਸ ਮੌਕੇ ਸ੍ਰ. ਸੁਖਬੀਰ ਸਿੰਘ ਬਾਦਲ ਨੇ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਕਿ ਉਹ 15 ਜੁਲਾਈ ਨੂੰ ਲੁਧਿਆਣਾ ਡੀ ਸੀ ਦਫ਼ਤਰ ਬਾਹਰ ਵੱਡੀ ਗਿਣਤੀ ਵਿੱਚ ਪਹੁੰਚਣ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਤੇ ਵਰਕਿੰਗ ਕਮੇਟੀ ਮੈਂਬਰ ਐੱਸ ਆਰ ਕਲੇਰ, ਸਾਬਕਾ ਵਿਧਾਇਕ ਜਗਰਾਉਂ, ਵਰਕਿੰਗ ਕਮੇਟੀ ਦਾ ਮੈਂਬਰ ਤੇ ਜ਼ਿਲ੍ਹਾ ਪ੍ਰਧਾਨ ਭਾਈ ਗੁਰਚਰਨ ਸਿੰਘ ਗਰੇਵਾਲ, ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਕ, ਸਾਬਕਾ ਚੇਅਰਮੈਨ ਕੰਵਲਜੀਤ ਸਿੰਘ ਮੱਲ੍ਹਾ, ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਕ, ਅਬਜ਼ਰਵਰ ਸ੍ਰ. ਤੀਰਥ ਸਿੰਘ ਮਾਹਲਾ, ਜ਼ਿਲ੍ਹਾ ਪ੍ਰਧਾਨ ਚੰਦ ਸਿੰਘ ਡੱਲਾ, ਜਸਕਰਨ ਸਿੰਘ ਦਿਓਲ ਹਲਕਾ ਇੰਚਾਰਜ ਦਾਖਾ, ਯੂਥ ਪ੍ਰਧਾਨ ਪ੍ਰਭਜੋਤ ਸਿੰਘ ਧਾਲੀਵਾਲ, ਸਰਕਲ ਪ੍ਰਧਾਨ ਪਰਮਿੰਦਰ ਸਿੰਘ ਚੀਮਾ, ਸਰਕਲ ਪ੍ਰਧਾਨ ਸ਼ਿਵਰਾਜ ਸਿੰਘ ਸਰਪੰਚ, ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਸਰਕਲ ਪ੍ਰਧਾਨ ਤੇਜਿੰਦਰਪਾਲ ਸਿੰਘ ਕੰਨੀਆ, ਸਾਬਕਾ ਮੀਤ ਪ੍ਰਧਾਨ ਨਗਰ ਕੌਂਸਲ ਦਵਿੰਦਰਜੀਤ ਸਿੰਘ ਸਿੱਧੂ, ਯੂਥ ਆਗੂ ਦੀਪਇੰਦਰ ਸਿੰਘ ਭੰਡਾਰੀ, ਆਈ ਟੀ ਵਿੰਗ ਹਲਕਾ ਇੰਚਾਰਜ ਸੁਖਦੇਵ ਸਿੰਘ ਜੱਗਾ ਸੇਖੋਂ, ਪ੍ਰਧਾਨ ਗੁਰਪ੍ਰੀਤ ਸਿੰਘ ਬੱਸੂਵਾਲ ਆਦਿ ਹਾਜ਼ਰ ਸਨ।

## ਪਟਿਆਲਾ ਜ਼ਿਲ੍ਹੇ ਅੰਦਰ ਇੱਕ ਦਿਨ 'ਚ ਇੱਕ ਲੱਖ ਬੂਟੇ ਲਗਾਏ



**ਪਟਿਆਲਾ (ਇਕਬਾਲ ਸਿੰਘ ਬੱਲ, ਰਾਜਿੰਦਰ ਬਿੰਦ)**-ਪਟਿਆਲਾ ਜ਼ਿਲ੍ਹੇ ਅੰਦਰ ਅੱਜ ਵੱਡੀ ਪੱਧਰ 'ਤੇ ਬੂਟੇ ਲਗਾਉਣ ਦੀ ਮੁਹਿੰਮ ਚਲਾਉਂਦਿਆਂ ਇੱਕ ਲੱਖ ਬੂਟੇ ਲਗਾਏ ਗਏ।ਇਸ ਦੌਰਾਨ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮਹੂਆ ਦਾ ਬੂਟਾ ਲਗਾਇਆ। ਇਸ ਮੌਕੇ ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ ਇਸ ਬਰਸਾਤੀ ਮੌਸਮ 'ਚ 6 ਲੱਖ ਬੂਟੇ ਲਗਾਏ ਜਾਣ ਦਾ ਟੀਚਾ ਮਿੱਥਿਆ ਹੈ, ਜਿਸ 'ਚੋਂ ਇਕੱਲੇ 3.5 ਲੱਖ ਬੂਟੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਤ ਕਰਕੇ ਹੀ ਲਗਾਏ ਜਾਣਗੇ।ਇਸ ਮੌਕੇ ਉਨ੍ਹਾਂ ਨਾਲ ਏ.ਡੀ.ਸੀਜ਼ ਨਵਰੀਤ ਕੌਰ ਸੇਖੋਂ ਤੇ ਅਮਰਿੰਦਰ ਸਿੰਘ ਟਿਵਾਣਾ ਤੇ ਵਣ ਰੇਂਜ ਅਫ਼ਸਰ ਸਵਰਨ ਸਿੰਘ ਮੌਜੂਦ ਸਨ।ਜ਼ਿਲ੍ਹਾ ਨਿਵਾਸੀਆਂ ਨੂੰ ਇੱਕ-ਇੱਕ ਬੂਟਾ ਲਾਉਣ ਤੇ ਇਨ੍ਹਾਂ ਨੂੰ ਸੰਭਾਲਣ ਦਾ ਸੱਦਾ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵਾਤਾਵਰਣ ਨੂੰ ਹਰਿਆ-ਭਰਿਆ ਤੇ ਸ਼ੁੱਧ ਬਣਾਉਣ ਲਈ ਮੇਰੀ ਲਾਈਫ ਤੇ ਇੱਕ ਬੂਟਾ ਮਾਂ ਦੇ ਨਾਮ ਸਕੀਮਾਂ ਤਹਿਤ ਨਿੰਮ, ਸ਼ੀਸ਼ਮ, ਅਰਜਨ, ਅੰਬ, ਜਾਮਣ, ਬਹੇੜਾ, ਫਲਦਾਰ ਤੇ ਰਵਾਇਤੀ ਦੇਸੀ ਬੂਟੇ ਲਗਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੀ ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਵੀ ਬੂਟੇ ਵੰਡੇ ਜਾਣਗੇ ਤਾਂ ਕਿ ਉਹ ਵੀ ਇਸ ਮੁਹਿੰਮ ਵਿੱਚ ਆਪਣਾ ਹਿੱਸਾ ਪਾ ਸਕਣ ਤੇ ਵਾਤਾਵਰਣ ਨੂੰ ਸੰਤੁਲਿਤ ਕਰਨ 'ਚ ਆਪਣਾ ਯੋਗਦਾਨ ਦੇਣ।

## ਗਿਆਨ, ਧੀਰਜ ਤੇ ਕਰਮ ਸਭ ਗੁਰੂ ਦੀਆਂ ਦਾਤਾਂ : ਡਾ. ਸੀਮਾਂਤ ਗਰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਗੁਰੂ ਪੂਰਨਿਮਾ ਗੁਰੂਆਂ ਪ੍ਰਤੀ ਸਤਿਕਾਰ ਤੇ ਸ਼ੁਕਰਗੁਜ਼ਾਰੀ ਪ੍ਰਗਟ ਕਰਨ ਦਾ ਤਿਉਹਾਰ ਹੈ।ਗੁਰੂ ਪੂਰਨਿਮਾ ਦਾ ਹਿੰਦੂ ਧਰਮ ਵਿੱਚ ਵਿਸ਼ੇਸ਼ ਮਹੱਤਵ ਹੈ। ਇਸ ਮੌਕੇ ਅਸੀਂ ਆਪਣੇ ਗੁਰੂਆਂ ਨੂੰ ਆਪਣੀ ਸ਼ਰਧਾ ਤੇ ਅਕੀਦਤ ਭੇਟ ਕਰਦੇ ਹੋਏ ਉਨ੍ਹਾਂ ਦਾ ਸ਼ੁਕਰਾਨਾ ਕਰਦੇ ਹਾਂ।ਪ੍ਰਾਚੀਨ ਕਥਾਵਾਂ ਅਨੁਸਾਰ ਮਹਾਰਿਸ਼ੀ ਵੇਦ ਵਿਆਸ ਜੀ ਦਾ ਜਨਮ ਇਸ ਦਿਨ ਹੋਇਆ ਸੀ ਤੇ ਉਨ੍ਹਾਂ ਨੇ ਵੇਦਾਂ ਦਾ ਸੰਕਲਨ ਕੀਤਾ ਸੀ।ਹਿੰਦੂ ਧਰਮ ਦੇ ਮਹਾਨ ਗ੍ਰੰਥਾਂ ਵਿੱਚੋਂ ਇੱਕ, ਮਹਾਂਭਾਰਤ ਵੀ ਉਨ੍ਹਾਂ ਵੱਲੋਂ ਰਚਿਆ ਗਿਆ ਸੀ, ਜਿਸ ਕਾਰਨ ਇਸ ਨੂੰ ਵਿਆਸ ਪੂਰਨਿਮਾ ਵੀ ਕਿਹਾ ਜਾਂਦਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਭਾਰਤ ਮਾਤਾ ਮੰਦਰ ਵਿਖੇ ਪੁਜਾਰੀ ਪੰਡਿਤ ਮਹਿੰਦਰ ਨਾਰਾਇਣ ਝਾਅ ਨੂੰ ਵਿਆਸ ਪੂਰਨਿਮਾ ਦੀ ਕਾਮਨਾ ਕਰਦਿਆਂ ਉਨ੍ਹਾਂ ਦਾ ਸਨਮਾਨ ਕੀਤਾ ਤੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਇਸ ਮੌਕੇ ਬਾਘਾ ਪੁਰਾਣਾ ਮੰਡਲ ਪ੍ਰਧਾਨ ਦੀਪਕ ਤਲਵਾੜ, ਦਫ਼ਤਰ ਇੰਚਾਰਜ ਜਤਿੰਦਰ ਚੱਢਾ, ਮੰਡਲ ਪ੍ਰਧਾਨ ਰਾਜੇਂਦਰ ਗਾਬਾ, ਹੇਮੰਤ ਸੂਦ ਮੌਜੂਦ ਸਨ।ਡਾ. ਸੀਮਾਂਤ ਗਰਗ ਨੇ ਕਿਹਾ ਕਿ ਵਿਆਸ ਪੂਰਨਿਮਾ 'ਤੇ ਸਾਡੇ ਹਿੰਦੂ ਧਰਮ ਦੇ ਸਾਰੇ ਸਕੂਲਾਂ, ਕਾਲਜਾਂ ਤੇ ਵਿੱਦਿਅਕ ਸੰਸਥਾਵਾਂ ਵਿੱਚ ਗੁਰੂਆਂ ਦਾ ਸਤਿਕਾਰ ਕੀਤਾ ਜਾਂਦਾ ਹੈ, ਕਿਉਂਕਿ ਗੁਰੂਆਂ ਦਾ ਹਰ ਕਿਸੇ ਦੇ ਜੀਵਨ ਵਿੱਚ ਵਿਸ਼ੇਸ਼ ਸਥਾਨ ਹੁੰਦਾ ਹੈ।ਉਨ੍ਹਾਂ ਰਾਹੀਂ ਹੀ ਮਨੁੱਖ ਨੂੰ ਜੀਵਨ ਜਿਊਣ ਤੇ ਟੀਚਿਆਂ ਨੂੰ ਪ੍ਰਾਪਤ ਕਰਨ ਦੀ ਕਲਾ ਵਿੱਚ ਮਾਰਗਦਰਸ਼ਨ ਮਿਲਦਾ ਹੈ।ਉਨ੍ਹਾਂ ਕਿਹਾ ਕਿ ਗੁਰੂ ਤੋਂ ਬਿਨਾਂ ਕੋਈ ਗਿਆਨ ਨਹੀਂ ਹੈ, ਗਿਆਨ ਤੋਂ ਬਿਨਾਂ ਕੋਈ ਆਤਮਾ ਨਹੀਂ ਹੈ, ਗਿਆਨ, ਧੀਰਜ ਤੇ ਕਰਮ ਨਹੀਂ ਹੈ, ਸਭ ਕੁਝ ਗੁਰੂ ਦੀ ਦੇਣ ਹੈ।ਉਨ੍ਹਾਂ ਕਿਹਾ ਕਿ ਗੁਰੂਆਂ ਦੀ ਮਦਦ ਨਾਲ ਮਨੁੱਖ ਸਮੇਂ ਦੀ ਮਹੱਤਤਾ ਤੇ ਔਖੇ ਸਮੇਂ ਦੇ ਦਰਦ ਨੂੰ ਸਮਝਦਾ ਹੈ।ਗੁਰੂ ਸਾਨੂੰ ਹਮੇਸ਼ਾ ਹਨੇਰੇ ਤੋਂ ਰੌਸ਼ਨੀ ਵੱਲ ਲੈ ਜਾਂਦੇ ਹਨ।ਇਸ ਲਈ, ਇਸ ਦਿਨ ਅਸੀਂ ਆਪਣੇ ਗੁਰੂਆਂ ਦਾ ਸਤਿਕਾਰ ਪ੍ਰਗਟ ਕਰਦੇ ਹਾਂ ਤੇ ਉਨ੍ਹਾਂ ਦਾ ਆਸ਼ੀਰਵਾਦ ਲੈਂਦੇ ਹਾਂ।ਇਸ ਮੌਕੇ ਡਾ. ਸੀਮਾਂਤ ਗਰਗ ਨੇ ਮੰਦਰ ਵਿੱਚ ਸਾਰੇ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਨੂੰ ਫੁੱਲਾਂ ਦੇ ਹਾਰ ਭੇਟ ਕੀਤੇ ਤੇ ਅਸ਼ੀਰਵਾਦ ਲਿਆ। ਇਸ ਮੌਕੇ ਪੰਡਿਤ ਮਹਿੰਦਰ ਨਾਰਾਇਣ ਝਾਅ ਨੇ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਦਾ ਵਿਆਸ ਗੁਰੂ ਪੂਰਨਿਮਾ 'ਤੇ ਮੰਦਰ ਵਿੱਚ ਆਉਣ ਅਤੇ ਉਨ੍ਹਾਂ ਨੂੰ ਅਸ਼ੀਰਵਾਦ ਦੇਣ ਲਈ ਧੰਨਵਾਦ ਕੀਤਾ, ਨਾਲ ਹੀ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਗੁਰੂ ਤੇਗ ਬਹਾਦਰ ਪਬਲਿਕ ਸਕੂਲ ਛਾਜਲੀ ਵਿਖੇ ਵਣ-ਮਹਾਂਉਤਸਵ ਮਨਾਇਆ



**ਦਿੜ੍ਹਬਾ (ਜਸਵੀਰ ਲਾਡੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਕੱਤਰ ਵਿੱਦਿਆ ਇੰਜੀ. ਸੁਖਮਿੰਦਰ ਸਿੰਘ ਤੇ ਅਸਿਸਟੈਂਟ ਡਾਇਰੈਕਟਰ (ਸਕੂਲ) ਬੀਬਾ ਸਤਵੰਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰੂ ਤੇਗ਼ ਬਹਾਦਰ ਪਬਲਿਕ ਸਕੂਲ ਛਾਜਲੀ ਵਿਖੇ ਵਣ ਮਹਾਂਉਤਸਵ ਮਨਾਇਆ ਗਿਆ।ਇਸ ਮੌਕੇ ਬੋਲਦਿਆਂ ਪ੍ਰਿੰਸੀਪਲ ਗੁਰਪ੍ਰੀਤ ਸਿੰਘ ਰਟੋਲ ਨੇ ਕਿਹਾ ਕਿ ਅੱਜ ਵਧ ਰਹੇ ਤਾਪਮਾਨ, ਪ੍ਰਦੂਸ਼ਣ ਤੇ ਬਿਮਾਰੀਆਂ ਨੂੰ ਰੋਕਣ ਲਈ ਵੱਧ ਤੋਂ ਵੱਧ ਰੁੱਖ ਲਗਾਏ ਜਾਣਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਹਾ ਕਿ ਹਰ ਦਿਨ ਵਧ ਰਹੀਆਂ ਕੁਦਰਤੀ ਆਫ਼ਤਾਂ ਤੇ ਵਾਤਾਵਰਨ ਹਾਲਾਤ ਸਾਨੂੰ ਸਿੱਧੇ ਤੌਰ 'ਤੇ ਸੰਕੇਤ ਦੇ ਰਹੇ ਹਨ ਕਿ ਅਸੀਂ ਕੁਦਰਤ ਤੋਂ ਦੂਰ ਹੁੰਦੇ ਜਾ ਰਹੇ ਹਾਂ।ਹਰੇ-ਭਰੇ ਜੰਗਲਾਂ ਵਿੱਚ ਵਸਣ ਵਾਲਾ ਮਨੁੱਖ ਅੱਜ ਕੰਕਰੀਟ ਦੇ ਜੰਗਲਾਂ ਦਾ ਵਾਸੀ ਹੋ ਗਿਆ ਹੈ।ਰੁੱਖਾਂ-ਬਿਰਖਾਂ ਨਾਲੋਂ ਨਾਤਾ ਤੋੜ ਅਸੀਂ ਇਮਾਰਤੀ ਤੇ ਬਨਾਵਟੀ ਮਾਹੌਲ ਨੂੰ ਤਰਜੀਹ ਦੇਣ ਲੱਗੇ ਹਾਂ।ਹਾਲਾਂਕਿ ਸਾਡੇ ਗੁਰੂਆਂ-ਪੀਰਾਂ ਨੇ ਤਾਂ ਸਦੀਆਂ ਪਹਿਲਾਂ ਸਾਨੂੰ ਬਿਰਖਾਂ ਦੀ ਮਨੁੱਖਾਂ ਤੇ ਜੀਵ-ਜੰਤੂਆਂ ਵਿਚਲੀ ਸਾਂਝ ਬਾਰੇ ਸੇਧ ਦਿੱਤੀ ਸੀ। ਦੀਵਾਲੀ, ਦੁਸਹਿਰਾ ਦੀ ਤਰ੍ਹਾਂ ਅੱਜ ਸਾਨੂੰ ਰੁੱਖਾਂ ਦੇ ਤਿਉਹਾਰ ਯਾਨੀ ਵਣ-ਮਹਾਂਉਤਸਵ ਨੂੰ ਵੀ ਓਨੀ ਹੀ ਸ਼ਿੱਦਤ ਨਾਲ ਮਨਾਉਣਾ ਪਵੇਗਾ, ਜਿੰਨੀ ਸ਼ਿੱਦਤ ਨਾਲ ਅਸੀਂ ਹੋਰ ਤਿਉਹਾਰ ਮਨਾਉਂਦੇ ਹਾਂ।ਇਸ ਮੌਕੇ ਲੋਕਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਹਰਨੇਕ ਸਿੰਘ ਪੂਨੀਆ, ਪਰਮਜੀਤ ਸਿੰਘ, ਨੰਬਰਦਾਰ ਆਸਾ ਸਿੰਘ, ਲੋਕ ਸੇਵਾ ਕਲੱਬ ਦੇ ਪ੍ਰਧਾਨ ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਖੁਸ਼ਨਪ੍ਰੀਤ ਸਿੰਘ, ਗੋਲਡੀ ਸਿੰਘ, ਡਾਕਟਰ ਗੋਬਿੰਦ ਜੱਸੂ ਨੰਬਰਦਾਰ ਵਿਸ਼ੇਸ਼ ਤੌਰ 'ਤੇ ਪਹੁੰਚੇ।ਅਧਿਆਪਕਾਂ ਨੇ ਬੱਚਿਆਂ ਨੂੰ ਬੂਟੇ ਲਾਉਣ ਲਈ ਪ੍ਰੇਰਿਤ ਕੀਤਾ।

13-JULY-PAGE-5.qxd 7/12/2025 10:54 PM Page 1



# ਵਰ੍ਹਦੇ ਮੀਂਹ 'ਚ ਮੈਰੀਟੋਰੀਅਸ ਟੀਚਰਜ਼ ਯੂਨੀਅਨ ਵੱਲੋਂ ਪੋਸਟਰ ਪ੍ਰਦਰਸ਼ਨ




ਸੰਗਰੂਰ (ਪ੍ਰਵੀਨ ਸਿੰਘ)-ਮੈਰੀਟੋਰੀਅਸ ਟੀਚਰਜ਼ ਯੂਨੀਅਨ ਪੰਜਾਬ ਦੀ ਜ਼ੋਨਲ ਇਕਾਈ ਵੱਲੋਂ ਕੈਬਨਿਟ ਸਬ-ਕਮੇਟੀ ਦੀ ਮੀਟਿੰਗ ਵਾਰ-ਵਾਰ ਅੱਗੇ ਪਾਉਣ ਤੇ ਸੰਗਰੂਰ ਵਿਖੇ ਪੋਸਟਰ ਪ੍ਰਦਰਸ਼ਨ ਕੀਤਾ ਗਿਆ।ਇਸ ਸੰਬੰਧੀ ਜਾਣਕਾਰੀ ਪ੍ਰਦਾਨ ਕਰਦਿਆਂ ਯੂਨੀਅਨ ਦੇ ਸੂਬਾ ਪ੍ਰਧਾਨ ਡਾ. ਟੀਨਾ ਵੱਲੋਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਦੇ ਰੁਜ਼ਗਾਰ ਨੂੰ ਪੱਕਾ ਕਰਨ ਤਹਿਤ ਕੈਬਨਿਟ ਸਬ-ਕਮੇਟੀ ਬਣਾਈ ਗਈ ਹੈ।ਹਰ ਵਾਰ ਦੀ ਤਰ੍ਹਾਂ ਇਸ ਕਮੇਟੀ ਦੇ ਲਾਰੇ ਵੱਧਦੇ ਜਾ ਰਹੇ ਹਨ ਤੇ ਇਹ ਲਗਾਤਾਰ ਮੀਟਿੰਗ ਦੀ ਮਿਤੀ ਅੱਗੇ ਦੀ ਅੱਗੇ ਪਾ ਰਹੀ ਹੈ।ਚੇਤੇ ਰਹੇ ਕਿ ਇਸ ਤੋਂ ਪਹਿਲਾਂ ਸੰਘਰਸ਼ ਨਾਲ ਇਹ ਮੀਟਿੰਗ ਪਹਿਲਾਂ 25/06/2025 ਨੂੰ ਹੋਣੀ ਸੀ, ਫਿਰ ਇਹ ਮੀਟਿੰਗ ਸਰਕਾਰ ਵੱਲੋਂ ਰੱਦ ਕਰ ਦਿੱਤੀ ਗਈ।ਇਸ ਤਰ੍ਹਾਂ ਜਾਪ ਰਿਹਾ ਹੈ ਕਿ ਕੈਬਨਿਟ ਸਬ-ਕਮੇਟੀ ਮੈਰੀਟੋਰੀਅਸ ਟੀਚਰਾਂ ਦੇ ਚੰਗੇ ਨਤੀਜਿਆਂ ਨੂੰ ਨਕਾਰਦੀ ਹੋਈ ਮੈਰੀਟੋਰੀਅਸ ਟੀਚਰਾਂ ਦੇ ਰੁਜ਼ਗਾਰ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਕਰਨ ਬਾਬਤ ਕੋਈ ਬਹੁਤ ਸੰਜੀਦਗੀ ਨਹੀਂ ਦਿਖਾ ਰਹੀ।ਉਨ੍ਹਾਂ ਦੱਸਿਆ ਕਿ ਅੱਜ ਮੈਰੀਟੋਰੀਅਸ ਟੀਚਰਜ਼ ਯੂਨੀਅਨ ਪੰਜਾਬ ਦੀ ਜ਼ੋਨਲ ਇਕਾਈ ਵੱਲੋਂ ਕੱਲ ਬਰਨਾਲਾ ਕੈਂਚੀਆਂ ਸੰਗਰੂਰ ਵਿਖੇ ਰੋਸ ਵਜੋਂ ਹੱਥਾਂ ਵਿੱਚ ਬੈਨਰ ਤੇ ਤਖ਼ਤੀਆਂ ਫੜ੍ਹ ਕੇ ਲੋਕਾਂ ਨੂੰ ਸਰਕਾਰ ਦੀ ਵਾਅਦਾਖਿਲਾਫ਼ੀ ਤੋਂ ਜਾਣੂ ਕਰਵਾਇਆ ਗਿਆ।ਜਨਰਲ ਸਕੱਤਰ ਡਾ. ਅਜੈ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਕੈਬਨਿਟ ਸਬ-ਕਮੇਟੀ ਜਲਦ ਤੋਂ ਜਲਦ ਮੈਰੀਟੋਰੀਅਸ ਟੀਚਰਜ਼ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਕਰੇ ਤੇ ਮੀਟਿੰਗ ਸੰਬੰਧੀ ਕਮੇਟੀ ਆਨਾਕਾਨੀ ਨਾ ਕਰੇ ਬਲਕਿ ਮੈਰੀਟੋਰੀਅਸ ਟੀਚਰਾਂ ਦੀ ਸਿੱਖਿਆ ਵਿਭਾਗ ਵਿੱਚ ਮੰਗ ਤੇ ਮੋਹਰ ਲਾਵੇ ਕਿਉਂਕਿ ਬਹੁਤ ਜ਼ਿਆਦਾ ਦੇਰੀ ਪਹਿਲਾਂ ਹੀ ਹੋ ਚੁੱਕੀ ਹੈ।ਵਿੱਤ ਸਕੱਤਰ ਰਾਕੇਸ਼ ਕੁਮਾਰ ਨੇ ਕਿਹਾ 8886 ਅਧਿਆਪਕਾਂ ਦੀ ਤਰਜ਼ ਤੇ ਮੈਰੀਟੋਰੀਅਸ ਟੀਚਰਜ਼ ਨੂੰ ਜਲਦ ਸਿੱਖਿਆ ਵਿਭਾਗ ਵਿੱਚ ਰੈਗੂਲਰ ਕਰੇ , ਮੈਰੀਟੋਰੀਅਸ ਟੀਚਰਜ਼ ਦੇ ਨਤੀਜੇ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸ਼ਾਨਦਾਰ ਰਹੇ ਹਨ ਪਰ ਸਿੱਖਿਆ ਦੇ ਨਾਮ ਤੇ ਆਈ ਸਰਕਾਰ ਨੂੰ ਨਜ਼ਰ ਨਹੀਂ ਆ ਰਹੇ।ਇੱਥੇ ਦੱਸਣਯੋਗ ਹੈ ਕਿ ਅੱਜ ਸੰਗਰੂਰ ਵਿੱਚ ਤੇਜ ਮੀਂਹ ਦੇ ਵਿੱਚ ਵੀ ਮੈਰੀਟੋਰੀਅਸ ਅਧਿਆਪਕ ਆਪਣੀ ਹੱਕਾਂ ਦੇ ਲਈ ਬਰਨਾਲਾ ਕੈਂਚੀਆਂ ਮੋੜ ਤੇ ਡਟੇ ਰਹੇ, ਅਧਿਆਪਕਾਂ ਦੇ ਰੋਹ ਨੂੰ ਵੇਖਦੇ ਹੋਏ ਪ੍ਰਸ਼ਾਸਨ ਵੱਲੋਂ ਮੈਰੀਟੋਰੀਅਸ ਟੀਚਰਜ਼ ਯੂਨੀਅਨ ਨੂੰ 29/07/2025 ਨੂੰ ਸਬ-ਕਮੇਟੀ ਦੇ ਨਾਲ ਮੀਟਿੰਗ ਕਰਾਉਣ ਦਾ ਭਰੋਸਾ ਦਿੱਤਾ ਗਿਆ ਤੇ ਮੀਟਿੰਗ ਦਾ ਲਿਖਤੀ ਪੱਤਰ ਸੋਮਵਾਰ ਨੂੰ ਜਾਰੀ ਕੀਤਾ ਜਾਵੇਗਾ।ਮੀਟਿੰਗ ਦਾ ਭਰੋਸਾ ਦਿੱਤੇ ਜਾਣ ਤੋਂ ਬਾਅਦ ਮੈਰੀਟੋਰੀਅਸ ਟੀਚਰਜ਼ ਯੂਨੀਅਨ ਵੱਲੋਂ ਪੋਸਟਰ ਪ੍ਰਦਰਸ਼ਨਾਂ ਨੂੰ ਖਤਮ ਕੀਤਾ ਗਿਆ ਤੇ ਸਰਕਾਰ ਨੂੰ ਡਾ. ਟੀਨਾ (ਪ੍ਰਧਾਨ) ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇ ਸਾਡੀ ਮੀਟਿੰਗ ਪ੍ਰਸ਼ਾਸਨ ਵੱਲੋਂ 29 ਤਰੀਕ ਨੂੰ ਨਹੀਂ ਕਰਵਾਈ ਜਾਂਦੀ ਤਾਂ ਆਉਣ ਵਾਲੇ ਸਮੇਂ ਵਿੱਚ ਯੂਨੀਅਨ ਵੱਲੋਂ ਤਿੱਖਾ ਸੰਘਰਸ਼ ਕੀਤਾ ਜਾਏਗਾ।ਇਸ ਸਮੇਂ ਸੂਬਾ ਆਗੂ ਵਿਪਨੀਤ ਕੌਰ, ਜਸਵਿੰਦਰ ਸਿੰਘ, ਮਨਜਿੰਦਰ ਕੌਰ, ਸੁਖਜੀਤ ਸਿੰਘ, ਅਜੈ ਕੁਮਾਰ, ਮਨੋਜ ਕੁਮਾਰ, ਵਿਕਾਸ ਕੁਮਾਰ, ਕੇਵਲ ਸਿੰਘ ਹਾਜ਼ਰ ਰਹੇ।

## ਬਰਸੀ 'ਤੇ ਵਿਸ਼ੇਸ਼

# ਸੰਸਾਰ ਅਮਨ ਦੇ ਝੰਡਾਬਰਦਾਰ ਕਾਮਰੇਡ ਭਰਤ ਪ੍ਰਕਾਸ਼



ਅੱਜ ਜਦੋਂ ਇੱਕ ਪਾਸੇ ਲੰਮੇ ਸਮੇਂ ਤੋਂ ਯੂਕਰੇਨ ਤੇ ਰੂਸ ਦਰਮਿਆਨ ਲੜਾਈ ਲੱਗੀ ਹੋਈ ਹੈ ਤੇ ਦੂਜੇ ਪਾਸੇ ਇਜ਼ਰਾਈਲ-ਫਲਸਤੀਨ ਦੇ ਲੋਕਾਂ ਨੂੰ ਗਾਜ਼ਾ ਪੱਟੀ ਤੋਂ ਕੱਢਣ ਲਈ ਉਨ੍ਹਾਂ ਦੇ ਦੇਸ਼ ਦੇ ਲੋਕਾਂ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਬੱਚੇ ਤੇ ਔਰਤਾਂ ਹਨ, ਦਾ ਕਤਲੇਆਮ ਕਰ ਰਿਹਾ ਹੈ ਅਤੇ ਇਥੋਂ ਤੱਕ ਕਿ ਹਸਪਤਾਲਾਂ ਵਿੱਚ ਇਲਾਜ ਕਰਾ ਰਹੇ ਲੋਕਾਂ ਨੂੰ ਮਾਰਿਆ ਜਾ ਰਿਹਾ ਹੈ, ਉਨ੍ਹਾਂ ਨੂੰ ਪਹੁੰਚਣ ਵਾਲੀ ਸਹਾਇਤਾ ਨੂੰ ਰੋਕਿਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਭੁੱਖੇ ਮਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ, ਉਸ ਸਮੇਂ ਸੰਸਾਰ ਅਮਨ ਦੀ ਲਹਿਰ ਦੀ ਲੋੜ ਹੋਰ ਵੀ ਜ਼ਿਆਦਾ ਮਹਿਸੂਸ ਹੁੰਦੀ ਹੈ।

ਅੱਜ ਦੇ ਦਿਨ ਅਸੀਂ ਉਸ ਸੰਸਾਰ ਅਮਨ ਦੇ ਝੰਡਾ ਬਰਦਾਰ ਕਾਮਰੇਡ ਭਰਤ ਪ੍ਰਕਾਸ਼ ਨੂੰ ਯਾਦ ਕਰਦੇ ਹਾਂ, ਜਿਨ੍ਹਾਂ ਨੇ ਸਾਰੀ ਉਮਰ, ਜਿੱਥੇ ਮਿਹਨਤਕਸ਼ ਲੋਕਾਂ ਦੇ ਹੱਕਾਂ ਦੀ ਗੱਲ ਕੀਤੀ, ਉਥੇ ਸੰਸਾਰ ਅਮਨ ਦਾ ਝੰਡਾ ਵੀ ਉੱਚਾ ਰੱਖਿਆ ਤੇ ਆਉਣ ਵਾਲੀ ਨਸਲ ਲਈ ਇੱਕ ਰਾਹ ਦਸੇਰਾ ਬਣੇ।ਉਹ ਆਲ ਇੰਡੀਆ ਪੀਸ ਐਂਡ ਸਾਲੀਡੈਰਿਟੀ ਔਰਗੇਨਾਈਜ਼ੇਸ਼ਨ (ਐਪਸੋ) ਦੇ ਪਮੁੱਖ਼ ਆਗੂ ਸਨ।

ਜਦੋਂ ਪੰਜਾਬ ਵਿੱਚ ਅੱਤਵਾਦ ਦਾ ਦੌਰ ਚੱਲ ਰਿਹਾ ਸੀ ਤੇ ਵੱਖਵਾਦੀ ਲਹਿਰ ਚਲਾਈ ਜਾ ਰਹੀ ਸੀ ਤਾਂ ਉਹ ਉਨ੍ਹਾਂ ਆਗੂਆਂ ਵਿੱਚੋਂ ਸਨ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਇਹ ਚੇਤਾਵਨੀ ਦਿੱਤੀ ਸੀ ਕਿ ਇਹ ਲਹਿਰ ਸਾਮਰਾਜੀਆਂ ਵੱਲੋਂ ਰਚੀ ਗਈ ਸਾਜ਼ਿਸ਼ ਹੈ ਜੋ ਕਿ ਭਾਰਤ ਨੂੰ ਤੋੜਨਾ ਚਾਹੁੰਦੇ ਹਨ।ਪਾਰਟੀ ਦਾ ਇਸ ਲਹਿਰ ਬਾਰੇ ਜਵਾਬ ਵੀ ਉਸੇ ਸੋਚ ਨੂੰ ਸਾਹਮਣੇ ਰੱਖ ਕੇ ਹੋਣਾ ਚਾਹੀਦਾ ਹੈ।ਉਨ੍ਹਾਂ ਉਸ ਵੇਲੇ ਨਿਧੜਕ ਹੋ ਕੇ ਜਨ ਸੰਪਰਕ ਲਹਿਰਾਂ ਵਿੱਚ ਹਿੱਸਾ ਲਿਆ ਤੇ ਥਾਂ ਥਾਂ ਜਾ ਕੇ ਸਾਮਰਾਜੀਆਂ ਦੀ ਸਾਜ਼ਿਸ਼ ਨੂੰ ਨੰਗਾ ਕੀਤਾ।ਉਨ੍ਹਾਂ ਦੀ ਕਹੀ ਹੋਈ ਗੱਲ ਹੌਲੀ ਹੌਲੀ ਸਾਫ ਸਾਹਮਣੇ ਆ ਗਈ।ਉਹ ਆਰ ਐੱਸ ਐੱਸ ਦੀ ਫਾਸ਼ੀਵਾਦੀ ਸੋਚ ਨੂੰ ਵਿਚਾਰਧਾਰਕ ਲੜਾਈ ਦੇਣ ਤੇ ਬਹੁਤ ਜ਼ੋਰ ਦਿੰਦੇ ਸਨ ਕਿ ਇਹ ਸਾਮਰਾਜ ਦੇ ਏਜੰਟ ਹਨ ਤੇ ਦੇਸ਼ ਦੇ ਅੰਦਰ ਧੰਨ ਕੁਬੇਰਾਂ ਦੇ ਏਜੰਟਾਂ ਵਾਂਗ ਕੰਮ ਕਰਦੇ ਹਨ।ਜੇਕਰ ਇਹ ਸੱਤਾ ਵਿੱਚ ਆ ਗਏ ਤਾਂ ਮੁਲਕ ਬਹੁਤ ਪਿੱਛੇ ਚਲਾ ਜਾਏਗਾ। ਅੱਜ ਉਨ੍ਹਾਂ ਦੀ ਗੱਲ ਸਪੱਸ਼ਟ ਰੂਪ ਵਿੱਚ ਸਾਹਮਣੇ ਆ ਰਹੀ ਹੈ। ਇਨ੍ਹਾਂ ਵਿਚਾਰਾਂ ਸਦਕਾ ਉਨ੍ਹਾਂ ਨੇ ਭਾਰਤੀ ਕਮਿਊਨਿਸਟ ਪਾਰਟੀ ਨੂੰ ਸਹੀ ਸੋਚ ਵਾਲੀ ਪਾਰਟੀ ਇਸ ਲਈ ਕਿਹਾ ਕਿ ਪਾਰਟੀ ਨੂੰ ਇਸ ਗੱਲ ਦੀ ਸਹੀ ਸਮਝ ਸੀ ਤੇ ਪਾਰਟੀ ਨੇ ਕੌਮੀ ਜਮਹੂਰੀ ਇਨਕਲਾਬ ਦਾ ਪ੍ਰੋਗਰਾਮ ਬਣਾਇਆ।

ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਉੱਘੇ ਆਗੂ ਸਨ।ਉਹ ਖੁਦ ਬੁੱਧੀਜੀਵੀ ਸਨ ਤੇ ਬੁੱਧੀਜੀਵੀਆਂ ਦੇ ਵਿੱਚ ਉਨ੍ਹਾਂ ਦਾ ਇੱਕ ਵਿਸ਼ੇਸ਼ ਸਥਾਨ ਸੀ, ਕਿਉਂਕਿ ਕਿਤਾਬਾਂ ਪੜ੍ਹਨ ਦੇ ਮਾਮਲੇ ਵਿੱਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ।ਉਨ੍ਹਾਂ ਦੇ ਬੇਦਾਗ, ਸਾਦੇ, ਇਮਾਨਦਾਰੀ ਤੇ ਦਿਆਨਤਦਾਰੀ ਵਾਲੇ ਜੀਵਨ ਜਾਚ ਕਰਕੇ ਹੀ ਬਹੁਤ ਸਾਰੇ ਨੌਜਵਾਨ ਉਨ੍ਹਾਂ ਵੱਲ ਖਿੱਚੇ ਗਏ ਤੇ ਉਨ੍ਹਾਂ ਤੋਂ ਸਿੱਖਿਆ ਪ੍ਰਾਪਤ ਕਰਕੇ ਭਾਰਤੀ ਕਮਿਊਨਿਸਟ ਪਾਰਟੀ ਦੇ ਉੱਘੇ ਆਗੂ ਵੀ ਬਣੇ।ਉਦਾਹਰਣ ਦੇ ਤੌਰ 'ਤੇ ਵਿਦਿਆਰਥੀ ਆਗੂ ਦੇ ਤੌਰ 'ਤੇ ਜੀਵਨ ਸ਼ੁਰੂ ਕਰਨ ਵਾਲੇ ਕਾਮਰੇਡ ਕਰਤਾਰ ਸਿੰਘ ਬੁਆਣੀ ਨੇ ਉਨ੍ਹਾਂ ਤੋਂ ਬਹੁਤ ਕੁਝ ਸਿੱਖਿਆ ਅਤੇ ਉਹ ਪੰਜਾਬ ਦੇ ਕਮਿਊਨਿਸਟ ਆਗੂਆਂ ਵਿੱਚ ਸ਼ੁਮਾਰ ਹੋ ਗਏ ਤੇ 2018 ਤੱਕ ਜਦੋਂ ਤੱਕ ਉਨ੍ਹਾਂ ਦੀ ਸਿਹਤ ਇਜਾਜ਼ਤ ਦਿੰਦੀ ਰਹੀ ਉਹ ਜ਼ਿਲ੍ਹਾ ਲੁਧਿਆਣਾ ਦੀ ਕਮਿਊਨਿਸਟ ਪਾਰਟੀ ਦੇ ਸਕੱਤਰ ਰਹੇ।ਇਸੇ ਤਰ੍ਹਾਂ ਨੌਜਵਾਨ ਆਗੂ ਕਾਮਰੇਡ ਗੁਰਮੇਲ ਹੂੰਝਣ ਨੇ ਭਾਵੇਂ ਗੁੜ੍ਹਤੀ ਆਪਣੇ ਪਿਤਾ ਆਜ਼ਾਦੀ ਘੁਲਾਟੀਏ ਕਾਮਰੇਡ ਚੰਨਣ ਸਿੰਘ ਬਰੋਲਾ ਤੋਂ ਲਈ, ਪਰ ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਦੇ ਸਬਕ ਉਨ੍ਹਾਂ ਨੇ ਕਾਮਰੇਡ ਪ੍ਰਕਾਸ਼ ਤੋਂ ਹੀ ਲਏ।ਹੁਣ ਦੇ ਖੇਤ ਮਜ਼ਦੂਰਾਂ ਦੇ ਕੌਮੀ ਆਗੂ ਕਾਮਰੇਡ ਗੁਲਜਾਰ ਗੋਰੀਆ ਉਨ੍ਹਾਂ ਦੀ ਮੀਟਿੰਗ ਵਿੱਚ ਤਿਆਰੀ ਨਾਲ ਜਾਣ ਤੇ ਉਥੇ ਬੋਲਣ ਲਈ ਸਭ ਤੋਂ ਪਹਿਲਾਂ ਹੱਥ ਖੜਾ ਕਰਨ ਦੀ ਆਦਤ ਤੋਂ ਬਹੁਤ ਪ੍ਰਭਾਵਿਤ ਸਨ੍ਹੇਂ ਅਤੇ ਇਹੀ ਗੁਣ ਗ੍ਰਹਿਣ ਕਰਕੇ ਉਹ ਇਨੇ ਵੱਡੇ ਪੱਧਰ 'ਤੇ ਆਗੂ ਬਣੇ ਹਨ।ਇਸੇ ਤਰ੍ਹਾਂ ਹੀ ਵਿਦਿਆਰਥੀ ਆਗੂ ਤੌਰ 'ਤੇ ਜਨਤਕ ਜ਼ਿੰਦਗੀ ਵਿੱਚ ਕਦਮ ਰੱਖਣ ਵਾਲੇ ਕਾਮਰੇਡ ਅਮਰ ਰਤਨ ਉਨ੍ਹਾਂ ਤੋਂ ਬਹੁਤ ਕੁਝ ਸਿੱਖੇ ਤੇ ਪਿਛਲੀ ਅੱਧੀ ਸਦੀ ਤੋਂ ਪਾਰਟੀ ਦੀ ਸੇਵਾ ਕਰ ਰਹੇ ਹਨ ਤੇ ਹੁਣ ਉਹ ਕੰਟਰੋਲ ਕਮਿਸ਼ਨ ਪੰਜਾਬ ਦੇ ਚੇਅਰਮੈਨ ਹਨ।ਉਨ੍ਹਾਂ ਅਮਨ ਦੇ ਝੰਡੇ ਨੂੰ ਉਨ੍ਹਾਂ ਦੀ ਜ਼ਿੰਦਗੀ ਦੌਰਾਨ ਡਾਕਟਰ ਅਰੁਣ ਮਿੱਤਰਾ ਨਾਲ ਲੈ ਕੇ ਚਲਦੇ ਰਹੇ ਤੇ ਉਨ੍ਹਾਂ ਦੇ ਜਾਣ ਤੋਂ ਬਾਅਦ ਉਸ ਵਿਰਾਸਤ ਨੂੰ ਸਿਰਫ ਲੁਧਿਆਣਾ, ਪੰਜਾਬ ਜਾਂ ਦੇਸ਼ ਹੀ ਨਹੀਂ ਬਲਕਿ ਅੰਤਰਰਾਸ਼ਟਰੀ ਪੱਧਰ ਤੱਕ ਅੱਗੇ ਲੈ ਕੇ ਜਾ ਰਹੇ ਹਨ ਤੇ ਦੁਨੀਆ ਭਰ ਦੀ ਸੰਸਥਾ ਜੋ ਅਮਨ ਤੇ ਸ਼ਾਂਤੀ ਲਈ ਕੰਮ ਕਰ ਰਹੀ ਹੈ, ਭਾਵ ਇੰਟਰਨੈਸ਼ਨਲ ਫਿਜ਼ੀਸ਼ੀਅਨ ਫਾਰ ਪਰਿਵੈਂਸ਼ਨ ਆਫ ਨਿਊਕਲੀਅਰ ਵਾਰ ਦੇ ਸਹਿ ਪ੍ਰਧਾਨ ਦੇ ਅਹੁਦੇ ਤੱਕ ਪਹੁੰਚੇ ਹਨ।ਐਦੋਂ ਦੇ ਹੀ ਵਿਦਿਆਰਥੀ ਆਗੂ ਰਘਬੀਰ ਸਿੰਘ, ਜੋ ਅੱਜਕਲ ਪਿਤਾ ਉੱਘੇ ਕਮਿਊਨਿਸਟ ਤੇ ਕਾਮਰੇਡ ਭਰਤ ਪ੍ਰਕਾਸ਼ ਜੀ ਦੇ ਸਾਥੀ ਗੁਰਬਖ਼ਸ਼ ਸਿੰਘ ਦੇ ਪਦਚਿੰਨ੍ਹਾਂ 'ਤੇ ਚਲਦੇ ਹੋਏ ਕਾਮਰੇਡ ਪ੍ਰਕਾਸ਼ ਹੁਰਾਂ ਦੇ ਨੇੜੇ ਰਹੇ ਅਤੇ ਉਨ੍ਹਾਂ ਤੋਂ ਰਾਜਨੀਤੀ ਦੀ ਸਿੱਖਿਆ ਪ੍ਰਾਪਤ ਕਰਦੇ ਰਹੇ।ਅੱਜ ਵਰਗੇ ਬਹੁਤ ਸਾਰੇ ਸਾਥੀ, ਜੋ ਉਸ ਵੇਲੇ ਨੌਕਰੀ ਵਿੱਚ ਸਨ, ਕਾਮਰੇਡ ਪ੍ਰਕਾਸ਼ ਜੀ ਦੀ ਚੁੰਬਕੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਸਨ ਅਤੇ ਉਨ੍ਹਾਂ ਨੂੰ ਸੁਣ ਕੇ ਜਿੱਥੇ ਆਪਣੀ ਟ੍ਰੇਡ ਯੂਨੀਅਨ ਵਿੱਚ ਚੰਗੇ ਆਗੂ ਦੇ ਤੌਰ 'ਤੇ ਉੱਭਰੇ, ਉੱਥੇ ਸਮਾਜਿਕ ਕੰਮਾਂ ਵਿੱਚ ਵੀ ਆਗੂ ਰੋਲ ਨਿਭਾਉਂਦੇ ਰਹੇ।21 ਜਨਵਰੀ 1921 ਨੂੰ ਜਨਮੇ ਕਾਮਰੇਡ ਭਰਤ ਪ੍ਰਕਾਸ਼ ਨੇ ਪਹਿਲਾਂ ਮਿਲਟਰੀ ਵਿੱਚ ਨੌਕਰੀ ਕੀਤੀ, ਪਰ 1948 ਵਿੱਚ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਏ।ਆਪਣੀ ਰਾਜਨੀਤਕ ਜ਼ਿੰਦਗੀ ਵਿੱਚ ਅੰਡਰਗਰਾਊਂਡ ਵੀ ਰਹੇ ਤੇ ਕਦੀ ਜੇਲ੍ਹਾਂ ਵਿੱਚ ਵੀ।ਅੰਤ ਨੂੰ ਲਾਲ ਝੰਡੇ ਦੀ ਛਤਰ ਛਾਇਆ ਹੇਠ 13 ਜੁਲਾਈ 2016 ਨੂੰ ਸਾਨੂੰ ਵਿਛੋੜਾ ਦੇ ਗਏ।ਅੱਜ ਦੇ ਦਿਨ ਅਸੀਂ ਉਨ੍ਹਾਂ ਦੇ ਰਾਹ 'ਤੇ ਚੱਲਣ ਦਾ ਇੱਕ ਵਾਰੀ ਫੇਰ ਅਹਿਦ ਕਰਦੇ ਹਾਂ।

-ਮਨਿੰਦਰ ਭਾਟੀਆ

## ਘੁੰਨਸ ਨੂੰ ਸੀਨੀ. ਮੀਤ ਪ੍ਰਧਾਨ ਬਣਾਏ ਜਾਣ 'ਤੇ ਆਗੂਆਂ ਤੇ ਵਰਕਰਾਂ ਵੱਲੋਂ ਖ਼ੁਸ਼ੀ ਦਾ ਪ੍ਰਗਟਾਵਾ




ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸਾਬਕਾ ਸੰਸਦੀ ਸਕੱਤਰ ਸੰਤ ਬਲਵੀਰ ਸਿੰਘ ਘੁੰਨਸ ਨੂੰ ਪਾਰਟੀ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕਰਨ 'ਤੇ ਹਲਕਾ ਮਹਿਲ ਕਲਾਂ ਦੇ ਆਗੂਆਂ, ਵਰਕਰਾਂ ਅੰਦਰ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।ਸ਼੍ਰੋਮਣੀ ਅਕਾਲੀ ਦਲ ਦੇ ਵੱਖ-ਵੱਖ ਆਗੂਆਂ ਨੇ ਸੰਤ ਬਲਵੀਰ ਸਿੰਘ ਘੁੰਨਸ ਨੂੰ ਵਧਾਈ ਦਿੰਦਿਆ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਸਮੁੱਚੀ ਹਾਈ ਕਮਾਂਡ ਦਾ ਧੰਨਵਾਦ ਕੀਤਾ ਹੈ।ਇਹ ਮੌਕੇ ਹਲਕਾ ਇੰਚਾਰਜ ਜਥੇਦਾਰ ਨਾਥ ਸਿੰਘ ਹਮੀਦੀ, ਜਥੇ: ਗੁਰਮੇਲ ਸਿੰਘ ਛੀਨੀਵਾਲ, ਡਾ: ਸੁਖਵਿੰਦਰ ਸਿੰਘ ਨਿਹਾਲੂਵਾਲ, ਉੱਘੇ ਆਗੂ ਬਲਦੇਵ ਸਿੰਘ ਗਾਗੇਵਾਲ, ਜਥੇਦਾਰ ਗੁਰਦੀਪ ਸਿੰਘ ਟਿਵਾਣਾ, ਸਰਕਲ ਪ੍ਰਧਾਨ ਸੁਖਵਿੰਦਰ ਸਿੰਘ ਸੁੱਖਾ, ਠੁੱਲੀਵਾਲ ਸਰਕਲ ਪ੍ਰਧਾਨ ਗੁਰਦੀਪ ਸਿੰਘ ਛਾਪਾ, ਸਾਬਕਾ ਚੇਅਰਮੈਨ ਲਛਮਣ ਸਿੰਘ ਮੂੰਮ, ਜਥੇਦਾਰ ਗੁਰਮੇਲ ਸਿੰਘ ਸੰਧੂ, ਸੇਵਕ ਸਿੰਘ ਕਲਾਲ ਮਾਜਰਾ, ਬਜਜਿੰਦਰ ਸਿੰਘ ਧਨੇਰ, ਹਰਦੀਪ ਸਿੰਘ ਮਹਿਲ ਕਲਾਂ, ਹਰਮਨਪ੍ਰੀਤ ਸਿੰਘ ਚੰਨੀ ਆਦਿ ਆਗੂਆਂ ਨੇ ਸੰਤ ਬਲਵੀਰ ਸਿੰਘ ਘੁੰਨਸ ਨੂੰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਨਿਯੁਕਤੀ ਪੰਥ ਖੇਤਰ 'ਚ ਸ਼੍ਰੋਮਣੀ ਅਕਾਲੀ ਦਲ ਨੂੰ ਹੇਠਲੇ ਪੱਧਰ ਤੱਕ ਹੋਰ ਮਜ਼ਬੂਤ ਬਣਾਉਣ ਲਈ ਅਹਿਮ ਸਿੱਧ ਹੋਵੇਗੀ।ਆਗੂਆਂ ਨੇ ਕਿਹਾ ਕਿ ਉਹ ਸੰਤ ਬਲਵੀਰ ਸਿੰਘ ਘੁੰਨਸ ਦੀ ਗਤੀਸ਼ੀਲ ਅਗਵਾਈ ਹੇਠ ਪਾਰਟੀ ਵੱਲੋਂ ਲਗਾਈ ਹਰ ਡਿਊਟੀ ਨੂੰ ਸਮਰਪਤ ਭਾਵਨਾ ਨਾਲ ਪੂਰਾ ਕਰਨਗੇ।

## ਕਾਤਰਾਂ

### ਕਵੀਸ਼ਰ ਮਾਘੀ ਸਿੰਘ ਗਿੱਲ ਦੀ ਰਚਨਾ ਤੇ ਜੀਵਨੀ 'ਤੇ ਸੈਮੀਨਾਰ ਅੱਜ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਕਵੀਸ਼ਰ ਮਾਘੀ ਸਿੰਘ ਗਿੱਲ ਦੀ ਰਚਨਾ ਤੇ ਜੀਵਨੀ 'ਤੇ ਸੈਮੀਨਾਰ 13 ਜੁਲਾਈ 2025 ਨੂੰ ਪੰਜ ਸਾਹਿਤ ਸਭਾ ਬਾਲਿਆਂਵਾਲੀ ਦੇ ਸਹਿਯੋਗ ਨਾਲ ਕਵੀਸ਼ਰ ਮਾਘੀ ਸਿੰਘ ਗਿੱਲ ਯਾਦਗਾਰੀ ਲਾਇਬ੍ਰੇਰੀ ਤੇ ਬ੍ਰਿਗੇਡੀਅਰ ਬੰਤ ਸਿੰਘ ਮੈਮੋਰੀਅਲ ਸੁਵਿਧਾ ਕੇਂਦਰ ਤੇ ਕੰਪਿਊਟਰ ਸੈਂਟਰ ਬਾਲਿਆਂਵਾਲੀ ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਦੇ ਕੋ-ਆਰਡੀਨੇਟਰ ਜਸਪਾਲ ਮਾਨਖੇੜਾ ਹਨ।ਇਸ ਪ੍ਰੋਗਰਾਮ ਦੀ ਪ੍ਰਧਾਨਗੀ ਡਾ. ਲਾਭ ਸਿੰਘ ਖੀਵਾ ਕਰ ਰਹੇ ਹਨ।ਪੇਪਰ ਡਾ. ਗੁਰਵਿੰਦਰ ਕੌਰ ਵੱਲੋਂ ਪੜ੍ਹਿਆ ਜਾ ਰਿਹਾ ਹੈ।ਕਵੀਸ਼ਰ ਮਾਘੀ ਸਿੰਘ ਗਿੱਲ ਬਾਰੇ ਰੇਖਾ ਚਿੱਤਰ ਦਰਸ਼ਨ ਸਿੰਘ ਭੰਮੇ ਪੜ੍ਹਨਗੇ ਤੇ ਉਨ੍ਹਾਂ ਦੀ ਜੀਵਨੀ ਬਾਰੇ ਜਾਣਕਾਰੀ ਦੇਣਗੇ।ਸਭਾ ਦੇ ਸਰਪ੍ਰਸਤ ਅਜਮੇਰ ਦੀਵਾਨਾ ਦਾ ਨਵਾਂ ਨਾਵਲ 'ਹਮ ਐਸੇ ਅਪਰਾਧੀ' ਦੀ ਘੁੰਡ ਚੁਕਾਈ ਤੇ ਨਾਵਲ ਬਾਰੇ ਪੇਪਰ ਉੱਘੇ ਆਲੋਚਕ ਗੁਰਦੇਵ ਖੋਖਰ ਪੜ੍ਹਨਗੇ।ਮੀਟਿੰਗ 'ਚ ਸੁਖਦਰਸ਼ਨ ਗਰਗ, ਜਗਸੀਰ ਨਾਥ, ਹਰਜਿੰਦਰ ਕੌਰ, ਜੀਤ ਸਿੰਘ ਚਹਿਲ, ਅਜਮੇਰ ਦੀਵਾਨਾ, ਰਣਜੀਤ ਸਿੰਘ ਮੰਡੀਕਲਾਂ, ਗੁਰਤੇਜ ਸਿੰਘ, ਗੁਰਮੀਤ ਸਿੰਘ ਤੇ ਸੰਤਪਾਲ ਸਿੰਘ ਗਿੱਲ ਹਾਜ਼ਰ ਸਨ।

### ਦੀਵਾਨ ਚੰਦ ਬਾਂਸਲ ਨਮਿੱਤ ਪਾਠ ਦਾ ਭੋਗ ਅੱਜ



ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਗਿੱਦੜਬਾਹਾ ਦੇ ਸਤੀਸ਼ ਬਾਂਸਲ, ਦਵਿੰਦਰ ਬਾਂਸਲ ਤੇ ਰਾਕੇਸ਼ ਬਾਂਸਲ ਨੂੰ ਉਸ ਸਮੇਂ ਸਦਮਾ ਲੱਗਿਆ, ਜਦੋਂ ਉਨ੍ਹਾਂ ਦੇ ਪਿਤਾ ਦੀਵਾਨ ਚੰਦ ਬਾਂਸਲ (86 ਸਾਲ) ਦਾ ਅਚਾਨਕ ਦੇਹਾਂਤ ਹੋ ਗਿਆ।ਸਵ. ਦੀਵਾਨ ਚੰਦ ਬਾਂਸਲ ਦਾ ਅੰਤਿਮ ਸੰਸਕਾਰ ਮੰਗਲਵਾਰ ਨੂੰ ਗਿੱਦੜਬਾਹਾ ਦੇ ਰਾਮ ਭਾਗ ਵਿਖੇ ਕੀਤਾ ਗਿਆ।ਸਵ. ਦੀਵਾਨ ਚੰਦ ਬਾਂਸਲ ਦੇ ਦੇਹਾਂਤ 'ਤੇ ਗਿੱਦੜਬਾਹਾ ਦੀਆਂ ਸਮਾਜਿਕ, ਰਾਜਨੀਤਕ, ਧਾਰਮਿਕ, ਵਪਾਰਕ ਜਥੇਬੰਦੀਆਂ ਤੋਂ ਇਲਾਵਾ ਮੈਡੀਕਲ ਐਸੋਸੀਏਸ਼ਨ ਗਿੱਦੜਬਾਹਾ, ਮਲੋਟ ਤੇ ਸ਼੍ਰੀ ਮੁਕਤਸਰ ਸਾਹਿਬ ਦੇ ਮੈਂਬਰਾਂ ਨੇ ਬਾਂਸਲ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਸਵ. ਦੀਵਾਨ ਚੰਦ ਬਾਂਸਲ ਨਮਿੱਤ 13 ਜੁਲਾਈ ਨੂੰ ਸਥਾਨਕ ਮਹਾਰਾਜਾ ਅਗਰਸੈਨ ਧਰਮਸ਼ਾਲਾ ਵਿਖੇ ਅੰਮ੍ਰਿਤ ਬਾਣੀ ਸਵੇਰੇ 11 ਵਜੇ ਤੋਂ 12 ਵਜੇ ਤੱਕ ਤੇ ਸ੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ ਬਾਅਦ ਦੁਪਹਿਰ 12 ਤੋਂ 1 ਵਜੇ ਤੱਕ ਪਵੇਗਾ।

### ਬੱਤੀਆਂ ਵਾਲਾ ਚੌਕ 'ਚ ਧਰਨਾ ਲਗਾਉਣ ਵਾਲੇ 16 ਲੋਕਾਂ ਵਿਰੁੱਧ ਪਰਚਾ ਦਰਜ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਸਥਾਨਕ ਬੱਤੀਆਂ ਵਾਲਾ ਚੌਕ 'ਚ ਫਿਰੋਜ਼ਪੁਰ-ਫਾਜ਼ਿਲਕਾ ਨੈਸ਼ਨਲ ਹਾਈਵੇਅ 'ਤੇ ਧਰਨਾ ਲਾਉਣ ਵਾਲੇ 16 ਲੋਕਾਂ ਵਿਰੁੱਧ ਪਰਚਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਲਖਮੀਰ ਸਿੰਘ ਨੇ ਦੱਸਿਆ ਕਿ ਥਾਣਾ ਸਿਟੀ ਵਿਖੇ ਸੂਚਨਾ ਮਿਲੀ ਸੀ ਕਿ ਫਿਰੋਜ਼ਪੁਰ- ਫਾਜ਼ਿਲਕਾ ਨੈਸ਼ਨਲ ਹਾਈਵੇਅ 'ਤੇ ਲਾਇਟਾਂ ਵਾਲਾ ਚੌਕ ਜਲਾਲਾਬਾਦ ਵਿਖੇ ਕੁਝ ਵਿਅਕਤੀਆਂ ਵੱਲੋਂ ਧਰਨਾ ਲਗਾਇਆ ਗਿਆ ਹੈ ਤੇ ਰਸਤਾ ਰੋਕ ਗਿਆ ਗਿਆ ਹੈ, ਜਿਸ 'ਤੇ ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਨੇ ਨੈਸ਼ਨਲ ਹਾਈਵੇਅ 'ਤੇ ਲਾਇਟਾਂ ਵਾਲਾ ਚੌਕ ਜਲਾਲਾਬਾਦ ਵਿਖੇ ਗੁਰਮੁੱਖ ਸਿੰਘ ਪੁੱਤਰ ਕਪੂਰ ਸਿੰਘ ਵਾਸੀ ਰੱਤਾ ਖੇੜਾ (ਥਾਣਾ ਵੈਰੋਕੇ) ਤੇ 10-15 ਅਣਪਛਾਤੇ ਵਿਅਕਤੀਆਂ ਤੇ ਔਰਤਾਂ 'ਤੇ ਧਰਨਾ ਲਗਾਉਣ ਦੇਸ਼ ਵਿੱਚ ਮੁਕੱਦਮਾ ਨੰਬਰ 93 ਮਿਤੀ 11-07-2025 ਨੂੰ 8ਬੀ ਸੈਕਸ਼ਨ ਹਾਈਵੇਅ ਐਕਟ 1956, 285 ਬੀ.ਐੱਨ.ਐੱਸ. ਤਹਿਤ ਦਰਜ ਕੀਤਾ ਗਿਆ ਹੈ।

# ਜ਼ਿਲ੍ਹਾ ਪ੍ਰਧਾਨ ਰੋਜ਼ੀ ਬਰਕੰਦੀ ਨੇ ਬਾਦਲ ਪਹੁੰਚ ਕੇ ਸੁਖਬੀਰ ਬਾਦਲ ਦਾ ਲਿਆ ਆਸ਼ੀਰਵਾਦ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦਾ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਬਾਅਦ ਕੰਵਰਜੀਤ ਰੋਜ਼ੀ ਬਰਕੰਦੀ ਅੱਜ ਸੈਂਕੜੇ ਸਮਰਥਕਾਂ ਦੇ ਨਾਲ ਪਿੰਡ ਬਾਦਲ ਪਹੁੰਚੇ ਤੇ ਵੱਡੀ ਜ਼ਿੰਮੇਵਾਰੀ ਸੌਂਪੇ ਜਾਣ 'ਤੇ ਸ. ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ, ਉੱਥੇ ਹੀ ਉਨ੍ਹਾਂ ਕੋਲੋਂ ਆਸ਼ੀਰਵਾਦ ਵੀ ਪ੍ਰਾਪਤ ਕੀਤਾ।ਇਸ ਦੌਰਾਨ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਨੇ ਕਿਹਾ ਕਿ ਪ੍ਰਧਾਨ ਸਾਹਿਬ ਵੱਲੋਂ ਜੋ ਭਰੋਸਾ ਪ੍ਰਗਟ ਕਰਦੇ ਹੋਏ, ਉਨ੍ਹਾਂ ਨੂੰ ਜ਼ਿਲ੍ਹਾ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਹੈ, ਉਹ ਉਸ ਵਿਸ਼ਵਾਸ 'ਤੇ ਉਮੀਦ 'ਤੇ ਖਰੂਬੀ ਖਰਾ ਉਤਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਹਰ ਪ੍ਰੋਗਰਾਮ ਤੇ ਉਲੀਕੇ ਜਾਣ ਵਾਲੇ ਸੰਘਰਸ਼ ਵਿੱਚ ਪਹਿਰਾ ਦੇਣਗੇ।ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਲਈ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਨਾਲ ਹੀ ਪੰਜਾਬ ਦੇ ਹਰ ਵਿੱਚ ਵਰਕਰ ਨੂੰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਬਣਨ ਦਾ ਸੱਦਾ ਵੀ ਦਿੱਤਾ।ਉਨ੍ਹਾਂ ਕਿਹਾ ਕਿ ਅੱਜ ਤੋਂ ਹੀ ਹਰ ਇੱਕ ਵਰਕਰ ਜੇਕਰ ਸੁਖਬੀਰ ਸਿੰਘ ਬਾਦਲ ਦੀ ਤਰ੍ਹਾਂ ਅਣਥੱਕ ਮਿਹਨਤ ਕਰਦੇ ਹੋਏ ਪੰਜਾਬ ਦੇ ਹਰ ਪਿੰਡ, ਘਰ ਵਿੱਚ ਜਾ ਕੇ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਲੋਕਾਂ ਨੂੰ ਜਾਗਰੂਕ ਕਰੇਗਾ ਤਾਂ ਯਕੀਨਨ ਸਾਡੀ ਜਿੱਤ ਪੱਕੀ ਹੈ।ਅੰਤ ਵਿੱਚ ਫੇਰ ਰੋਜ਼ੀ ਬਰਕੰਦੀ ਨੇ ਜ਼ਿਲ੍ਹਾ ਪ੍ਰਧਾਨ ਦੀ ਸੌਂਪੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਦਾ ਭਰੋਸਾ ਦਿੱਤਾ।

ਉਧਰ, ਆਪਣੇ ਸੰਬੋਧਨ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਮੌਜੂਦਾ ਹਾਲਾਤ 'ਤੇ ਚਿੰਤਾ ਜ਼ਾਹਰ ਕਰਦੇ ਹੋਏ ਕਿਹਾ ਕਿ ਮੌਜੂਦਾ ਪੰਜਾਬ ਪਿਛਲੇ 10 ਸਾਲਾਂ ਤੋਂ ਕਾਫੀ ਪਿੱਛੇ ਜਾ ਚੁੱਕਿਆ ਹੈ।ਪੰਜਾਬ ਛੱਡ ਕੇ ਦੂਜੇ ਸੂਬਿਆਂ ਨੂੰ ਜਾ ਰਹੇ ਹਨ, ਕਿਉਂਕਿ ਉਹ ਮੌਜੂਦਾ ਸਰਕਾਰ ਅਤੇ ਗੈਂਗਸਟਰਾਂ ਤੋਂ ਤੰਗ ਆ ਚੁੱਕੇ ਹਨ।ਸੁਖਬੀਰ ਸਿੰਘ ਬਾਦਲ ਨੇ ਆਪ ਪ੍ਰਮੁੱਖ ਅਰਵਿੰਦ ਕੇਜਰੀਵਾਲ 'ਤੇ ਵੀ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਗੁੰਮਰਾਹ ਹੋ ਕੇ ਇੱਕ ਗਲਤੀ ਕੀਤੀ ਸੀ, ਜਿਸ ਦਾ ਖਮਿਆਜ਼ਾ ਉਹ ਹੁਣ ਭੁਗਤ ਰਹੇ ਹਨ, ਪਰ ਇਸ ਗਲਤੀ ਦਾ ਨੁਕਸਾਨ ਸਾਡਾ ਆਪਣਾ ਹੀ ਹੁੰਦਾ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਮਾਂ ਪਾਰਟੀ ਹੈ, ਇਸ ਲਈ ਪੰਜਾਬ ਦੇ ਲੋਕਾਂ ਨੂੰ ਇਸ ਪਾਰਟੀ ਨੂੰ ਤਗੜਾ ਕਰਨਾ ਚਾਹੀਦਾ ਹੈ, ਤਾਂ ਜੋ ਆਉਣ ਵਾਲੇ ਸਮੇਂ ਵਿੱਚ ਸਰਕਾਰ ਬਣਾਉਣ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ।

ਸੁਖਬੀਰ ਸਿੰਘ ਬਾਦਲ ਨੇ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਵੱਲੋਂ ਪਾਰਟੀ ਪ੍ਰਤੀ ਕੀਤੀ ਜਾ ਰਹੀ ਸੇਵਾ ਦੀ ਪ੍ਰਸ਼ੰਸਾ ਕੀਤੀ, ਉੱਥੇ ਹੀ ਕਿਹਾ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਜੀ ਦਾ ਵੀ ਲਾਡਲਾ ਜ਼ਿਲ੍ਹਾ ਸੀ, ਬਲਕਿ ਇਹ ਜ਼ਿਲ੍ਹਾ ਅਕਾਲੀ ਦਲ ਦਾ ਦਿਲ ਹੈ।ਰੋਜ਼ੀ ਬਰਕੰਦੀ ਨੂੰ ਸੌਂਪੀ ਗਈ ਜ਼ਿੰਮੇਵਾਰੀ 'ਤੇ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਜ਼ਿਲ੍ਹੇ ਦੀਆਂ ਚਾਰੇ ਵਿਧਾਨ ਸਭਾ ਹਲਕੇ ਦੀਆਂ ਸੀਟਾਂ ਸ਼੍ਰੋਮਣੀ ਅਕਾਲੀ ਦਲ ਹੀ ਜਿੱਤੇਗਾ।ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਇਸ ਗੱਲ 'ਤੇ ਮੋਹਰ ਲਗਾਉਂਦਿਆਂ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਨੇ ਧੰਨਵਾਦ ਕੀਤਾ ਕਿ ਉਹ ਜ਼ਿਲ੍ਹੇ ਦੀ ਸੀਨੀਅਰ ਲੀਡਰਸ਼ਿਪ ਤੇ ਵਰਕਰਾਂ ਦੇ ਸਹਿਯੋਗ ਨਾਲ ਸ਼ਾਨਦਾਰ ਜਿੱਤ ਪ੍ਰਾਪਤ ਕਰਨਗੇ।

ਇਸ ਮੌਕੇ ਸੀਨੀਅਰ ਲੀਡਰਸ਼ਿਪ ਵਿੱਚ ਹੀਰਾ ਸਿੰਘ ਚੜ੍ਹੇਵਨ, ਨਵਤੇਜ ਸਿੰਘ ਕਾਉਣੀ ਐਸਜੀਪੀਸੀ ਮੈਂਬਰ, ਗੁਰੂ ਹਰਸਹਾਇ ਤੋਂ ਨੋਨੀ ਮਾਨ, ਗੁਰਦੇਵ ਮਾਨ, ਬੀਬੀ ਗੁਰਵਿਆਲ ਕੌਰ ਔਲਖ, ਸਾਬਕਾ ਵਿਧਾਇਕ ਹਰਪ੍ਰੀਤ ਸਿੰਘ ਕੋਟਭਾਈ, ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ, ਸਾਬਕਾ ਜ਼ਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ ਬਿੱਟੂ, ਜ਼ਿਲ੍ਹਾ ਪ੍ਰਧਾਨ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਦੇ ਜ਼ਿਲ੍ਹਾ ਜਨਰਲ ਸਕੱਤਰ ਬਿੰਦਰ ਗੋਨਿਆਣਾ, ਪੂਰਨ ਸਿੰਘ ਰੱਡੇ ਭੱਠੇ, ਗੁਰਦੀਪ ਸਿੰਘ ਮੜਮੱਲੂ, ਸੰਜੀਵ ਧੂੜੀਆ, ਵਰਿੰਦਰ ਸਿੰਘ ਚਰਨਜੀਤ ਸਿੰਘ ਸੱਕਾਂਵਾਲੀ ਗੁਰਪਾਲ ਸਿੰਘ ਗੋਰਾ ਲਿਪੀ ਇਨਾਂ ਖੇੜਾ ਬਿੱਟੂ ਮਾਨ ਬਲਜਿੰਦਰ ਬਰਕੰਦੀ ਸੱਤਾ ਬਰਕੰਦੀ ਰਣਜੋਤ ਲੰਬੀ ਅਵਤਾਰ ਸਿੰਘ ਵਣ ਵਾਲਾ ਟਿੰਕੂ ਸਾਲਾ ਸਾਰ ਸੋਸਾਇਟੀ ਹਰਮੀਤ ਸਿੰਘ ਪੀਏ ਰੋਜ਼ੀ ਬਰਕੰਦੀ ਤੋਂ ਇਲਾਵਾ ਵਰਕਿੰਗ ਕਮੇਟੀ ਮੈਂਬਰ ਤੇ ਜ਼ਿਲ੍ਹੇ ਦੇ ਚਾਰ ਹਲਕਿਆਂ ਦੇ ਵਰਕਰ ਮੌਜੂਦ ਸਨ।

# ਚੇਅਰਮੈਨ ਹਡਾਣਾ ਵੱਲੋਂ ਜ਼ੋਨਲ ਮੀਡੀਆ ਇੰਚਾਰਜ ਜੁਨੇਜਾ ਦਾ ਸਨਮਾਨ

## 'ਆਪ' ਮਿਹਨਤੀ ਤੇ ਇਮਾਨਦਾਰ ਵਰਕਰਾਂ ਨੂੰ ਕਦੇ ਵੀ ਅਣਗੌਲਿਆ ਨਹੀਂ ਕਰਦੀ : ਰਣਜੋਧ ਸਿੰਘ



ਪਟਿਆਲਾ (ਰਜਿੰਦਰ ਸਿੰਘ ਥਿੰਦ)-ਪੰਜਾਬ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦੇ ਚੇਅਰਮੈਨ ਤੇ ਸਟੇਟ ਸੈਕਟਰੀ ਪੰਜਾਬ, ਆਪ ਰਣਜੋਧ ਸਿੰਘ ਹਡਾਣਾ ਵੱਲੋਂ ਬੀਤੇ ਦਿਨੀਂ ਮਹਿਕਮੇ ਦੇ ਮੁੱਖ ਦਫ਼ਤਰ ਵਿਖੇ ਨਵ-ਨਿਯੁਕਤ ਜ਼ੋਨਲ ਮੀਡੀਆ ਇੰਚਾਰਜ ਹਰਪਾਲ ਜੁਨੇਜਾ ਦਾ ਸਿਰਪਾਓ ਪਾ ਕੇ ਤੇ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਨਮਾਨ ਕੀਤਾ ਗਿਆ।ਇਹ ਮੌਕੇ ਹੋਰਨਾਂ ਪਾਰਟੀ ਵਰਕਰਾਂ ਤੋਂ ਇਲਾਵਾ ਪੀਏ ਟੂ ਚੇਅਰਮੈਨ ਲਾਲੀ ਰਹਿਲ, ਪੀਏ ਟੂ ਚੇਅਰਮੈਨ ਵਿਕਰਮਜੀਤ ਸਿੰਘ, ਰਾਜਬੰਸ ਸਿੰਘ, ਅਰਵਿੰਦਰ ਸਿੰਘ, ਵਿਕਰਮ ਹਡਾਣਾ, ਸਰਪੰਚ ਹਰਪਾਲ ਸਿੰਘ, ਗੁਰਿੰਦਰਪਾਲ ਸਿੰਘ ਅਦਾਲਤੀਵਾਲਾ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਇਸ ਮੌਕੇ ਚੇਅਰਮੈਨ ਚੇਅਰਮੈਨ ਹਡਾਣਾ ਨੇ ਜ਼ੋਨਲ ਮੀਡੀਆ ਇੰਚਾਰਜ ਹਰਪਾਲ ਜੁਨੇਜਾ ਨੂੰ ਵਧਾਈ ਦੇਣ ਮਗਰੋਂ ਗੱਲਬਾਤ ਕਰਦਿਆਂ ਕਿਹਾ ਕਿ ਜਦ ਤੱਕ ਸੰਚਾਰ ਮਜ਼ਬੂਤ ਨਹੀਂ ਹੋਵੇਗਾ, ਲੋਕਾਂ ਤੱਕ ਪਾਰਟੀ ਦੀਆਂ ਯੋਜਨਾਵਾਂ ਜਾਂ ਢਾਂਚਾਗਤ ਵਿਕਾਸ ਦੀ ਸਹੀ ਜਾਣਕਾਰੀ ਪੂਰੀ ਤਰ੍ਹਾਂ ਨਹੀਂ ਪਹੁੰਚਦੀ।ਇਸ ਲਈ ਮੀਡੀਆ ਇੰਚਾਰਜ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੁੰਦੀ ਹੈ।ਉਨ੍ਹਾ ਜੁਨੇਜਾ ਨੂੰ ਅਹੁਦਾ ਮਿਲਣ ਦੇ ਸੰਬੰਧ ਵਿੱਚ ਕਿਹਾ ਕਿ ਆਮ ਆਦਮੀ ਪਾਰਟੀ ਸਿਰਫ਼ ਇੱਕ ਪਾਰਟੀ ਨਹੀਂ, ਬਲਕਿ ਪੰਜਾਬ ਦੇ ਲੋਕਾਂ ਦਾ ਸਾਂਝਾ ਪਰਿਵਾਰ ਹੈ, ਜਿਸ ਕਾਰਨ ਹੀ 2022 ਵਿੱਚ ਲੋਕਾਂ ਨੇ ਮਜ਼ਬੂਤ ਸਰਕਾਰ ਦਾ ਗਠਨ ਕੀਤਾ ਸੀ। ਉਨ੍ਹਾ ਕਿਹਾ ਕਿ ਆਪ ਪਾਰਟੀ ਆਪਣੇ ਮਿਹਨਤੀ ਤੇ ਇਮਾਨਦਾਰ ਵਰਕਰਾਂ ਨੂੰ ਕਦੇ ਵੀ ਅਣਗੌਲਿਆ ਨਹੀਂ ਕਰਦੀ।ਇਸ ਤੋਂ ਇਲਾਵਾ ਚੇਅਰਮੈਨ ਨੇ ਹਰਪਾਲ ਜੁਨੇਜਾ ਦੀ ਇਮਾਨਦਾਰੀ, ਲਗਨ ਤੇ ਮੀਡੀਆ ਨਾਲ ਮਜ਼ਬੂਤ ਸੰਚਾਰ ਬਣਾਉਣ ਦੀ ਯੋਗਤਾ ਦੀ ਪ੍ਰਸ਼ੰਸਾ ਕੀਤੀ।

ਹਰਪਾਲ ਜੁਨੇਜਾ ਨੇ ਆਪਣੇ ਸੰਬੋਧਨ ਵਿਚ ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ, ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ, ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ, ਪੰਜਾਬ ਪ੍ਰਧਾਨ ਅਮਨ ਅਰੋੜਾ ਤੇ ਸਟੇਟ ਸੈਕਟਰੀ ਰਣਜੋਧ ਹਡਾਣਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਮੇਰੇ ਲਈ ਸਿਰਫ਼ ਨਿਯੁਕਤੀ ਨਹੀਂ, ਸਗੋਂ ਇੱਕ ਜ਼ਿੰਮੇਵਾਰੀ ਹੈ।ਉਨ੍ਹਾ ਕਿਹਾ ਕਿ ਮੈਂ ਪਾਰਟੀ ਵੱਲੋਂ ਕੀਤੇ ਗਏ ਭਰੋਸੇ ਤੇ ਉਮੀਦਾਂ 'ਤੇ ਖਰਾ ਉਤਰਣ ਦੀ ਪੂਰੀ ਕੋਸ਼ਿਸ਼ ਕਰਾਂਗਾ।

# ਸੀਵਰੇਜ ਤੇ ਬਰਸਾਤੀ ਪਾਣੀ ਦੀ ਸਮੱਸਿਆ ਨੂੰ ਲੈ ਕੇ ਧਰਨਾ ਜਾਰੀ

## ਪ੍ਰਸ਼ਾਸਨ ਤੇ ਸਰਕਾਰ ਖ਼ਿਲਾਫ਼ ਲੋਕ ਰੋਹ ਹੋਰ ਵਧਿਆ



ਮਾਨਸਾ (ਆਤਮਾ ਸਿੰਘ ਪਮਾਰ)-ਵੀਰਨਗਰ ਮੁਹੱਲਾ ਵਾਰਡ ਨੰਬਰ 16 ਤੇ ਪੁਰਾਣੀ ਗਊਸ਼ਾਲਾ ਦੇ ਪਿੱਛੇ ਵਾਰਡ ਨੰਬਰ 18, ਸ੍ਰੀ ਗੁਰੂ ਰਵਿਦਾਸ ਮੰਦਰ ਨੇੜੇ ਖੜ੍ਹੇ ਗੰਦੇ ਪਾਣੀ ਦੇ ਮੁੱਦੇ ਨੂੰ ਲੈ ਕੇ ਲੋਕਾਂ ਵੱਲੋਂ ਰੇਲਵੇ ਫਾਟਕ 'ਤੇ ਲਗਾਇਆ ਗਿਆ ਧਰਨਾ ਅੱਜ ਤੀਜੇ ਦਿਨ ਵੀ ਜਾਰੀ ਰਿਹਾ।ਪੀੜਤ ਮੁਹੱਲਾ ਤੇ ਇਲਾਕਾ ਨਿਵਾਸੀਆਂ ਨੇ ਸਾਫ਼ ਸ਼ਬਦਾਂ 'ਚ ਕਿਹਾ ਕਿ ਇਹ ਧਰਨਾ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਉਨ੍ਹਾਂ ਦੇ ਘਰਾਂ ਤੇ ਗਲੀਆਂ 'ਚੋਂ ਗੰਦੇ ਪਾਣੀ ਦੀ ਢੁੱਕਵੀਂ ਨਿਕਾਸੀ ਨਹੀਂ ਕਰਵਾਈ ਜਾਂਦੀ।ਧਰਨੇ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਅਫਸੋਸ ਤੇ ਹੈਰਾਨਗੀ ਦੀ ਗੱਲ ਹੈ ਕਿ ਸਰਕਾਰੀ ਧਿਰ ਤੇ ਪ੍ਰਸ਼ਾਸਨਕ ਅਧਿਕਾਰੀ ਇਸ ਅਤਿ ਗੰਭੀਰ ਸਮੱਸਿਆ ਨੂੰ ਅਣਗੌਲਿਆਂ ਹੀ ਕਰ ਰਹੇ ਹਨ।ਉਨ੍ਹਾਂ ਦੋਸ਼ ਲਾਗਾਇਆ ਕਿ ਕੱਲ੍ਹ ਅਧਿਕਾਰੀ ਧਰਨੇ ਵਾਲੀ ਥਾਂ 'ਤੇ ਆਏ ਜ਼ਰੂਰ, ਪ੍ਰੰਤੂ ਦਫ਼ਤਰ ਆ ਕੇ ਮੀਟਿੰਗਾਂ ਕਰਨ ਦੇ ਸੁਝਾਅ ਦੇਣ ਲੱਗੇ, ਜਦੋਂ ਕਿ ਸਮੱਸਿਆ ਪ੍ਰਤੱਖ ਰੂਪ 'ਚ ਦਿਖਾਈ ਦੇ ਰਹੀ ਹੈ।ਬੁਲਾਰਿਆਂ ਨੇ ਸਪੱਸ਼ਟ ਕੀਤਾ ਕਿ ਜੇਕਰ ਬਿਮਾਰੀ ਫੈਲਣ ਜਾਂ ਪਾਣੀ ਦੇ ਲਗਾਤਾਰ ਖੜ੍ਹਨ ਨਾਲ ਕਿਸੇ ਕਿਸਮ ਦਾ ਨੁਕਸਾਨ ਹੁੰਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਪ੍ਰਸ਼ਾਸਨਕ ਅਧਿਕਾਰੀਆਂ ਦੀ ਹੋਵੇਗੀ।ਇਸ ਸਮੇਂ ਧਰਨਾਕਾਰੀਆਂ ਨੇ ਸਥਾਨਕ ਨਗਰ ਕੌਂਸਲ ਤੇ ਜ਼ਿਲ੍ਹਾ ਪ੍ਰਸ਼ਾਸਨ ਖ਼ਿਲਾਫ਼ ਮਸਲੇ ਦੇ ਪੁਖਤਾ ਹੱਲ ਲਈ ਚਾਰਾਜੋਈ ਨਾ ਕਰਨ ਕਰਕੇ ਜੰਮ ਕੇ ਨਾਅਰੇਬਾਜ਼ੀ ਕਰਦਿਆਂ ਆਪਣੀ ਭੜਾਸ ਵੀ ਕੱਢੀ।ਉਨ੍ਹਾਂ ਕਿਹਾ ਕਿ ਢੁੱਕਵੇਂ ਹੱਲ ਤੱਕ ਧਰਨਾ ਇਸੇ ਤਰ੍ਹਾਂ ਜਾਰੀ ਰੱਖਿਆ ਜਾਵੇਗਾ।ਪਤਾ ਲੱਗਾ ਹੈ ਕਿ ਸਵੇਰ ਸਮੇਂ ਧਰਨੇ ਨੂੰ ਲੈ ਕੇ ਧਰਨਾਕਾਰੀਆਂ ਤੇ ਸਥਾਨਕ ਪੁਲਸ 'ਚ ਤਕਰਾਰ ਵੀ ਹੋਈ, ਪ੍ਰੰਤੂ ਕੁੱਝ ਸਮੇਂ ਬਾਅਦ ਧਰਨਾ ਆਮ ਵਾਂਗ ਚਲਦਾ ਰਿਹਾ।ਚਰਚਾਵਾਂ ਇਹ ਵੀ ਹਨ ਕਿ ਜੇਕਰ ਲੋਕ ਰੋਹ ਨੂੰ ਇਸੇ ਤਰ੍ਹਾਂ ਅਣਗੌਲਿਆ ਕੀਤਾ ਜਾਂਦਾ ਰਿਹਾ ਤਾਂ ਸੰਘਰਸ਼ ਹੋਰ ਵੀ ਤਿੱਖਾ ਹੋ ਸਕਦਾ ਹੈ।ਰੋਸ ਧਰਨੇ ਨੂੰ ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ, ਆਰ ਟੀ ਆਈ ਐਕਵਿਸਟ ਮਾਣਕ ਗੋਇਲ, ਕ੍ਰਿਸ਼ਨ ਚੌਹਾਨ, ਧੰਨਾ ਮੱਲ ਗੋਇਲ, ਜਤਿੰਦਰ ਆਗਰਾ, ਡਾ. ਜਨਕ ਰਾਜ ਸਿੰਗਲਾ, ਗੋਲਡੀ ਗਾਂਧੀ, ਪ੍ਰੇਮ ਸਾਗਰ ਭੋਲਾ, ਕ੍ਰਿਸ਼ਨ ਚੁੱਘ, ਰਵੀ ਖਾਨ, ਡਾ. ਰੁਪਿੰਦਰ ਸ਼ਰਮਾ, ਅੰਮ੍ਰਿਤ ਪਾਲ ਗੋਗਾ, ਗੁਰਮੇਲ ਕੌਰ ਜੋਸ਼ੀ, ਸੁਨੀਤਾ ਰਾਣੀ ਐੱਮ ਸੀ, ਜਸਵੰਤ ਸਿੰਘ ਮਾਨਸਾ, ਘਣਸ਼ਿਆਮ ਨਿੱਕੂ, ਮਨਜੀਤ ਸਿੰਘ ਮੀਹਾਂ, ਨਿਰਮਲ ਸਿੰਘ ਝੰਡੂਕੇ, ਇਕਬਾਲ ਸਿੰਘ ਫਫੜੇ, ਡਾ. ਸੁਰੇਸ਼ ਬਤਰਾ, ਤਰਸੇਮ ਲੋਟੀਆ, ਚੰਦਰ ਪ੍ਰਕਾਸ਼ ਤੇ ਕਮਲ ਚੂਨੀਆਂ ਆਦਿ ਨੇ ਵੀ ਸੰਬੋਧਨ ਕੀਤਾ।ਇਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮਰਦ ਤੇ ਔਰਤਾਂ ਵੀ ਇਸ ਰੋਸ ਪ੍ਰਦਰਸ਼ਨ 'ਚ ਹਾਜ਼ਰ ਸਨ।

## ਪਟਿਆਲਾ 'ਚ ਡਾਇਰੀਆ ਫੈਲਣ ਦਾ ਕਾਰਨ ਪੰਜਾਬ ਸਰਕਾਰ ਤੇ ਸਿਹਤ ਵਿਭਾਗ ਦੀ ਨਾਕਾਮੀ : ਮਾਨ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਬੀਤੇ ਸਮੇਂ ਦੀਆਂ ਸਰਕਾਰਾਂ ਤੇ ਮੌਜੂਦਾ ਆਮ ਆਦਮੀ ਪਾਰਟੀ ਦੀ ਭਗਵੰਤ ਸਿੰਘ ਮਾਨ ਸਰਕਾਰ ਸਭ ਪੰਜਾਬ ਦੇ ਨਿਵਾਸੀਆਂ ਨੂੰ ਹਰ ਤਰ੍ਹਾਂ ਦੀ ਵਿੱਦਿਆ, ਤਕਨੀਕੀ ਸਿਖਲਾਈ ਦੇਣ ਤੇ ਹਰ ਨਿਵਾਸੀ ਦੀ ਸਿਹਤ ਨੂੰ ਠੀਕ ਰੱਖਣ ਹਿੱਤ ਵੱਡੀਆਂ-ਵੱਡੀਆਂ ਯੋਜਨਾਵਾਂ ਨੂੰ ਲਾਗੂ ਕਰਨ ਦਾ ਦਾਅਵਾ ਤਾਂ ਕਰਦੀਆਂ ਹਨ, ਪਰ ਅਸਲੀਅਤ ਵਿੱਚ ਜ਼ਮੀਨੀ ਪੱਧਰ 'ਤੇ ਜੋ ਇਨ੍ਹਾਂ ਵਿਸ਼ਿਆਂ 'ਚ ਕਮੀਆਂ ਨਜ਼ਰ ਆਉਂਦੀਆਂ ਹਨ, ਉਨ੍ਹਾਂ ਨੂੰ ਦੂਰ ਕਰਨ ਲਈ ਨਾ ਬੀਤੇ ਸਮੇਂ ਦੀਆਂ ਸਰਕਾਰਾਂ ਵੱਲੋਂ ਕੁਝ ਹੋਇਆ ਹੈ ਨਾ ਹੀ ਅਜੋਕੀ ਸਰਕਾਰ ਵੱਲੋਂ ਕੋਈ ਕਦਮ ਉਠਾਏ ਜਾ ਰਹੇ ਹਨ।ਬੀਤੇ ਕੁਝ ਦਿਨਾਂ ਤੋਂ ਪਟਿਆਲਾ ਜ਼ਿਲ੍ਹੇ ਵਿੱਚ ਡਾਇਰੀਆ ਦੀ ਖਤਰਨਾਕ ਬਿਮਾਰੀ ਵੱਡੇ ਪੱਧਰ 'ਤੇ ਫੈਲ ਚੁੱਕੀ ਹੈ, ਇਸ ਦਾ ਮੁੱਖ ਕਾਰਨ ਇਸ ਜ਼ਿਲ੍ਹੇ ਦੇ ਹੀ ਨਹੀਂ, ਬਲਕਿ ਸਮੁੱਚੇ ਪੰਜਾਬ ਦੇ ਸਰਕਾਰੀ ਹਸਪਤਾਲਾਂ, ਕਲੀਨਿਕਾਂ ਵਿੱਚ ਲੋੜੀਂਦੇ ਡਾਕਟਰ, ਨਰਸਾਂ, ਸਟਾਫ, ਦਵਾਈਆਂ, ਉਪਕਰਨ ਦੀ ਵੱਡੀ ਘਾਟ ਹੀ ਮੁੱਖ ਤੌਰ 'ਤੇ ਨਜ਼ਰ ਆਉਂਦੀ ਹੈ, ਜਿਸ ਲਈ ਸਿੱਧੇ ਤੌਰ 'ਤੇ ਪੰਜਾਬ ਸਰਕਾਰ ਤੇ ਸਿਹਤ ਵਿਭਾਗ ਦੇ ਦੋਸ਼ਪੂਰਨ ਪ੍ਰਬੰਧ ਹਨ।ਇਹ ਵਿਚਾਰ ਸ੍. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪਟਿਆਲਾ ਜ਼ਿਲ੍ਹੇ ਵਿੱਚ ਡਾਇਰੀਆ ਦੀ ਬਿਮਾਰੀ ਫੈਲਣ ਦੇ ਮੁੱਖ ਕਾਰਨਾਂ ਤੇ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਵੱਲੋਂ ਗੈਰ-ਜ਼ਿੰਮੇਵਰਾਨਾ ਕਾਰਵਾਈਆਂ ਨੂੰ ਮੁੱਖ ਤੌਰ 'ਤੇ ਦੋਸ਼ੀ ਠਹਿਰਾਉਂਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਮੰਗ ਕੀਤੀ ਕਿ ਸਰਕਾਰੀ ਹਸਪਤਾਲਾਂ ਵਿੱਚ ਲੰਮੇ ਸਮੇਂ ਤੋਂ ਉਪਰੋਕਤ ਸਟਾਫ ਤੇ ਉਪਕਰਨਾਂ ਦੀ ਘਾਟ ਨੂੰ ਪੂਰਨ ਕਰਕੇ ਪੰਜਾਬ ਦੇ ਨਿਵਾਸੀਆਂ ਦੀ ਸਿਹਤ ਸੰਬੰਧੀ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇ ਅਤੇ ਸ਼ਹਿਰਾਂ ਤੇ ਪਿੰਡਾਂ ਦੀਆਂ ਸਫਾਈਆਂ, ਕੀੜੇਮਾਰ ਦਵਾਈਆਂ ਦੇ ਛਿੜਕਾਅ ਦਾ ਪ੍ਰਬੰਧ ਕਰਕੇ ਇਨ੍ਹਾਂ ਬਿਮਾਰੀਆਂ 'ਤੇ ਕਾਬੂ ਪਾਇਆ ਜਾਵੇ।

# ਸ਼ਹੀਦ ਊਧਮ ਸਿੰਘ ਨੂੰ ਸਮਰਪਤ ਦੇਵੀਗੜ੍ਹ 'ਚ ਸ਼ਹੀਦੀ ਸਮਾਗਮ 29 ਨੂੰ

## ਕੰਬੋਜ ਮਹਾਂ ਸਭਾ ਨੂੰ ਪੰਜਾਬ ਪੱਧਰ 'ਤੇ ਹੋਰ ਮਜ਼ਬੂਤ ਕੀਤਾ ਜਾਵੇਗਾ : ਧੰਜੂ



ਦੇਵੀਗੜ੍ਹ/ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)-ਜਲ੍ਹਿਆਂਵਾਲਾ ਬਾਗ ਵਿੱਚ ਸ਼ਹੀਦ ਕੀਤੇ ਲੋਕਾਂ ਦਾ ਬਦਲਾ ਲੈਣ ਲਈ ਲੰਡਨ ਵਿੱਚ ਜਨਰਲ ਅਡਵਾਇਰ ਨੂੰ ਗੋਲੀ ਨਾਲ ਮਾਰ ਕੇ ਸ਼ਹੀਦਾਂ ਦਾ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਕੰਬੋਜ ਮਹਾਂ ਸਭਾ ਬਲਾਕ ਭੂੰਨਰਹੇੜੀ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਮਾਤਾ ਗੁਜਰੀ ਸਕੂਲ ਦੇਵੀਗੜ੍ਹ ਵਿਖੇ ਪ੍ਰਧਾਨ ਸਵਿੰਦਰ ਸਿੰਘ ਧੰਜੂ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿੱਚ ਬਹੁਤ ਸਾਰੇ ਆਗੂਆਂ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ।ਇਸ ਮੌਕੇ ਆਗੂਆਂ ਨੇ ਕਿਹਾ ਕਿ ਕਿਸੇ ਵੀ ਕੌਮ ਨੂੰ ਜ਼ਿੰਦਾ ਰੱਖਣ ਲਈ ਜੱਦੋ ਜਹਿਦ ਜਾਰੀ ਰੱਖਣੀ ਚਾਹੀਦੀ ਹੈ।ਇਸ ਮੌਕੇ ਸਭਾ ਵੱਲੋਂ ਫੈਸਲਾ ਕੀਤਾ ਗਿਆ ਕਿ ਕੰਬੋਜ ਮਹਾਂ ਸਭਾ ਨੂੰ ਪੰਜਾਬ ਪੱਧਰ 'ਤੇ ਹੋਰ ਮਜ਼ਬੂਤ ਕਰਨ ਲਈ ਸਭਾ ਵਿੱਚ ਹੋਰ ਨਿਯੁਕਤੀਆਂ ਕੀਤੀਆਂ ਜਾਣਗੀਆਂ ਤਾਂ ਕਿ ਸਭਾ ਨੂੰ ਤਗੜਾ ਕੀਤਾ ਜਾ ਸਕੇ।ਇਸ ਮੌਕੇ ਸਭਾ ਵੱਲੋਂ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਇਸ ਵਾਰ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਵੱਡੇ ਪੱਧਰ ਉਤੇ ਦੇਵੀਗੜ੍ਹ ਵਿਖੇ ਮਨਾਇਆ ਜਾਵੇਗਾ, ਜਿਸ ਲਈ ਹੁਣ ਤੋਂ ਹੀ ਤਿਆਰੀਆਂ ਵਿੱਢ ਦਿੱਤੀਆਂ ਗਈਆਂ ਹਨ।ਸਭਾ ਵੱਲੋਂ ਕੁਝ ਹੋਰ ਫੈਸਲੇ ਵੀ ਲਏ ਗਏ ਹਨ ਕਿ ਸ਼ਹੀਦੀ ਦਿਹਾੜੇ ਮੌਕੇ ਕੈਂਸਰ ਦੇ ਕੈਂਪ, ਬਲੱਡ ਕੈਂਪ ਤੇ ਮੈਡੀਕਲ ਕੈਂਪ ਆਦਿ ਵੀ ਲਗਾਏ ਜਾਣਗੇ ਤਾਂ ਕਿ ਇਨ੍ਹਾਂ ਕੈਂਪਾਂ ਵਿੱਚ ਲੋਕ ਮੁਫਤ ਵਿੱਚ ਵੱਖ ਵੱਖ ਰੋਗਾਂ ਦੇ ਟੈਸਟ ਕਰਵਾ ਸਕਣ।ਇਸ ਮੌਕੇ ਇਹ ਵੀ ਫੈਸਲਾ ਲਿਆ ਗਿਆ ਹੈ ਕਿ ਪੰਜਾਬ ਦੇ ਨੌਜਵਾਨਾਂ ਨੂੰ ਅਫਸਰ ਅਤੇ ਡਾਕਟਰ ਬਣਾਉਣ ਲਈ ਯਤਨ ਜਾਰੀ ਰੱਖਣੇ ਚਾਹੀਦੇ ਹਨ।ਇਸ ਮੌਕੇ ਪ੍ਰਧਾਨ ਸਵਿੰਦਰ ਸਿੰਘ ਧੰਜੂ, ਦਵਿੰਦਰ ਸਿੰਘ ਮਾੜੂ ਜਨਰਲ ਸਕੱਤਰ, ਆੜ੍ਹਤੀਆ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ, ਜੀਤ ਸਿੰਘ ਮੀਰਾਂਪੁਰ, ਗੁਰਮੇਲ ਸਿੰਘ ਫਰੀਦਪੁਰ, ਰਾਜਾ ਧੰਜੂ ਦੇਵੀਗੜ੍ਹ, ਭੂਪਿੰਦਰ ਸਿੰਘ ਡਾਇਰੈਕਟਰ, ਕਾਮਰੇਡ ਰਮੇਸ਼ ਸਿੰਘ ਅਜ਼ਾਦ, ਜਥੇਦਾਰ ਕ੍ਰਿਸ਼ਨ ਸਿੰਘ ਸਨੌਰ, ਹਰਦੀਪ ਸਿੰਘ ਜੋਸ਼ਨ ਸਨੌਰ, ਮੁਖਤਿਆਰ ਸਿੰਘ ਨੌਗਾਵਾਂ ਪ੍ਰੈੱਸ ਸਕੱਤਰ, ਰਾਜਿੰਦਰ ਸਿੰਘ ਥਿੰਦ ਪ੍ਰੈੱਸ ਸਕੱਤਰ ਪ੍ਰਿਥੀਪਾਲ ਸਿੰਘ ਸਰਪੰਚ, ਪੇਮ ਸਿੰਘ ਸਵਾਈ ਸਿੰਘ ਵਾਲਾ, ਜਿੱਤੂ ਥਿੰਦ ਜਸਬੀਰ ਜੱਸੀ ਸਰਪੰਚ ਮਲਕੀਤ ਮਲੀ ਨਵਤੇਜ ਸਿੰਘ ਜੱਜ, ਜਸਵੀਰ ਸਿੰਘ ਜੱਸੀ, ਮਨਿੰਦਰ ਫਰਾਂਸਵਾਲਾ, ਬਿਕਰਮ ਸਿੰਘ ਫਰੀਦਪੁਰ, ਗੁਰਭੇਜ ਸਿੰਘ ਭਸਮੜਾ, ਜਸਵਿੰਦਰ ਸਿੰਘ ਬ੍ਰਹਮਪੁਰ ਪ੍ਰੈੱਸ ਸਕੱਤਰ, ਗੁਰਿੰਦਰ ਸਿੰਘ ਰਾਜੂ, ਜੀਤਾ ਥਿੰਦ ਸੋਨੀ, ਲਾਡੀ ਸਪੇਅਰ ਪਾਰਟਸ, ਬਲਜੀਤ ਸਿੰਘ ਮੌਜੂਦ ਸਨ।

# ਕਾਂਗਰਸ ਵਰਕਰ ਚੋਣਾਂ ਲਈ ਤਿਆਰ-ਬਰ-ਤਿਆਰ ਰਹਿਣ : ਗੁਰਮੇਲ ਮੌੜ

## ਮੇਰੇ ਖਿਲਾਫ਼ ਕੀਤੇ ਭੰਡੀ ਪ੍ਰਚਾਰ ਵਾਲੀਆਂ ਪ੍ਰੋਪਰਟੀਆਂ ਦਾ ਕਬਜ਼ਾ ਹੀ ਦਿਵਾ ਦਿਓ ਮੁੱਖ ਮੰਤਰੀ ਸਾਹਿਬ : ਗੋਲਡੀ ਖੰਗੂੜਾ



ਧੂਰੀ (ਮੋਹਿਤ ਗਰਗ, ਬਿੰਨੀ ਗਰਗ)-ਪੰਜਾਬ ਕਾਂਗਰਸ ਪਾਰਟੀ ਵੱਲੋਂ ਸੂਬੇ ਵਿੱਚ ਸੰਗਠਨਕ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਤੇ ਪਾਰਟੀ ਨੂੰ ਹਲਕਾ ਪੱਧਰ 'ਤੇ ਨਵੀ ਜੀਵਨ ਦੇਣ ਲਈ ਜੋ ਕੋਆਡੀਨੇਟਰਾਂ ਦੀ ਨਿਯੁਕਤੀ ਕੀਤੀ ਗਈ ਹੈ, ਉਸ ਦੀ ਲੜੀ ਅਧੀਨ ਹਲਕਾ ਧੂਰੀ ਦੇ ਕੋਆਡੀਨੇਟਰ ਗੁਰਮੇਲ ਸਿੰਘ ਮੌੜ ਨੇ ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਦੇ ਨਿਵਾਸ 'ਤੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮੁੜ ਮਜ਼ਬੂਤ ਕਰਨ ਲਈ ਵਰਕਰਾਂ ਦੀ ਭੂਮਿਕਾ ਬੇਹੱਦ ਜ਼ਰੂਰੀ ਹੈ।ਉਨ੍ਹਾਂ ਆਗਾਮੀ ਚੋਣਾਂ ਨੂੰ ਨਜ਼ਰ ਵਿੱਚ ਰੱਖਦਿਆਂ ਸਾਰੇ ਵਰਕਰਾਂ ਨੂੰ ਏਕਜੁਟ ਹੋਣ ਤੇ ਘਰ-ਘਰ ਜਾ ਕੇ ਲੋਕਾਂ ਨਾਲ ਸੰਪਰਕ ਵਧਾਉਣ ਦੀ ਅਪੀਲ ਕੀਤੀ।

ਦਲਵੀਰ ਸਿੰਘ ਗੋਲਡੀ ਨੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਕੇਂਦਰ ਵਿੱਚ ਭਾਜਪਾ ਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਉੱਤੇ ਤਿੱਖੇ ਸ਼ਬਦਾਂ ਵਿੱਚ ਨਿਸ਼ਾਨਾ ਸਾਧਿਆ।ਉਨ੍ਹਾਂ ਕਿਹਾ ਕਿ ਦੋਹਾਂ ਸਰਕਾਰਾਂ ਨੇ ਸਿਰਫ਼ ਮੌਕਾਪ੍ਰਸਤੀ ਰਾਜਨੀਤੀ ਕੀਤੀ ਹੈ ਤੇ ਜੋ ਵਾਅਦੇ ਲੋਕਾਂ ਨਾਲ ਕੀਤੇ ਗਏ ਸਨ, ਉਨ੍ਹਾਂ ਨੂੰ ਪੂਰਾ ਕਰਨ ਦੀ ਬਜਾਏ ਉਲਟ ਤੋੜ ਮਰੋੜ ਕੇ ਪੇਸ਼ ਕੀਤਾ ਗਿਆ।ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿੱਚ ਵਪਾਰੀਆਂ ਦੇ ਗੋਲੀਆਂ ਮਾਰ ਕੇ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ ਤੇ ਕਤਲੋਗਾਰਦ ਦੀਆਂ ਹੋ ਰਹੀਆਂ ਘਟਨਾਵਾਂ ਕਾਰਨ ਲੋਕ ਆਪਣੇ ਆਪ ਨੂੰ ਮਹਿਫੂਜ਼ ਮਹਿਸੂਸ ਨਹੀਂ ਕਰ ਰਹੇ।ਪੁਲਸ ਹਿਰਾਸਤਾਂ ਵਿੱਚ ਮੌਤਾਂ ਹੋ ਰਹੀਆਂ ਹਨ।ਉਨ੍ਹਾਂ ਲੰਘੀਆਂ ਚੋਣਾਂ ਦੀ ਗੱਲ ਕਰਦਿਆਂ ਕਿਹਾ ਕਿ ਮੌਜੂਦਾ ਸੱਤਾਧਾਰੀਆਂ ਨੇ ਮੇਰੇ ਵਿਰੁੱਧ ਸ਼ਹਿਰ ਦਾ ਇੱਕ ਮੈਰਿਜ ਪੈਲਸ ਖ਼ਰੀਦਣ ਤੇ 100 ਕਿੱਲੇ ਜ਼ਮੀਨ ਖ਼ਰੀਦਣ ਦਾ ਭੰਡੀ ਪ੍ਰਚਾਰ ਕੀਤਾ ਸੀ, ਉਨ੍ਹਾਂ ਸੱਤਾਧਾਰੀਆਂ ਨੂੰ ਉਨ੍ਹਾਂ ਥਾਵਾਂ ਦਾ ਕਬਜ਼ਾ ਦਿਵਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਜੇਕਰ ਸੋਸ਼ਲ ਮੀਡੀਆ 'ਆਪ' ਦੀ ਜਿੱਤ ਦਾ ਕਾਰਨ ਬਣ ਸਕਦੈ ਤਾਂ ਉਨ੍ਹਾਂ ਦੀ ਹਾਰ ਵਿੱਚ ਵੀ ਸੋਸ਼ਲ ਮੀਡੀਆ ਸਭ ਤੋਂ ਵੱਡਾ ਰੋਲ ਨਿਭਾਏਗਾ।ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਜਿਹੜਾ ਦੂਜੇ ਲਈ ਟੋਆ ਪੁੱਟਦਾ ਹੈ, ਉਸ ਵਿੱਚ ਆਪ ਜ਼ਰੂਰ ਗਿਰਦਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਨੇ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਕਿਸਾਨਾਂ ਦਾ ਧਰਨਾ ਰਾਤੋ ਰਾਤ ਚੁਕਵਾ ਕੇ ਕਿਸਾਨ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ।ਇਸ ਮੌਕੇ ਕੋਆਡੀਨੇਟਰ ਗੁਰਮੇਲ ਸਿੰਘ ਮੌੜ ਦਾ ਸਨਮਾਨਤ ਕੀਤਾ ਤੇ ਉਨ੍ਹਾਂ ਦੀ ਅਗਵਾਈ 'ਚ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਦਾ ਵਾਅਦਾ ਕੀਤਾ।ਮੀਟਿੰਗ ਵਿੱਚ ਹਲਕਾ ਸੁਨਾਮ ਦੇ ਕੋਆਡੀਨੇਟਰ ਗੁਰਪਿਆਰ ਸਿੰਘ ਧੂਰਾ, ਕੌਂਸਲਰ ਰਾਜੀਵ ਚੌਧਰੀ, ਜਗਤਾਰ ਸਿੰਘ ਤਾਰਾ, ਚਮਕੌਰ ਸਿੰਘ ਕੁੰਬੜਵਾਲ, ਸਾਬਕਾ ਕੌਂਸਲਰ ਦਰਸ਼ਨ ਕੁਮਾਰ ਦਰਸ਼ੀ, ਠੇਕੇਦਾਰ ਪ੍ਰੇਮ ਕੁਮਾਰ, ਸਾਬਕਾ ਸਰਪੰਚ ਰਣਜੀਤ ਸਿੰਘ ਈਸੀ, ਨਰਿੰਦਰ ਬਖ਼ਸ਼ੀ, ਨਸੀਬ ਸਿੰਘ ਚਾਂਗਲੀ, ਬਹਾਦਰ ਸਿੰਘ ਕਾਤਰੋਂ, ਬੂਟਾ ਸਿੰਘ ਈਸੀ, ਜੱਸੀ ਜੱਖਲਾਂ ਤੇ ਹੋਰ ਕਈ ਵਰਕਰ ਮੌਜੂਦ ਰਹੇ।

# ਕੋਟਕਪੂਰਾ 'ਚ ਇੰਟਰਨੈਸ਼ਨਲ ਅਲਾਇੰਸ ਬਿਜ਼ਨੈੱਸ ਕਨੈਕਟ ਕਲੱਬ ਦਾ ਗਠਨ

## ਸਮਾਜਸੇਵੀ ਚਰਨ ਦਾਸ ਗਰਗ ਚੇਅਰਮੈਨ ਤੇ ਬਲਜੀਤ ਸਿੰਘ ਖੀਵਾ ਬਣੇ ਪ੍ਰਧਾਨ




ਕੋਟਕਪੂਰਾ (ਰਛਪਾਲ ਭੁੱਲਰ)-ਇੰਟਰਨੈਸ਼ਨਲ ਅਲਾਇੰਸ ਕਲੱਬ ਕੋਟਕਪੂਰਾ ਡਾਇਮੰਡ ਡਿਸਟ੍ਰਿਕਟ-111 ਨੇ ਕੋਟਕਪੂਰਾ ਵਿੱਚ ਪੰਜਾਬ ਦੀ ਪਹਿਲੀ ਅਲਾਇੰਸ ਬਿਜ਼ਨੈੱਸ ਕਨੈਕਟ ਦੀ ਸ਼ਾਖਾ ਸਥਾਪਤ ਕਰਕੇ ਸਮਾਜ ਸੇਵਾ ਦੇ ਖੇਤਰ ਵਿੱਚ ਇੱਕ ਨਵਾਂ ਮੀਲ ਪੱਥਰ ਸਾਬਿਤ ਕੀਤਾ ਹੈ।ਇਸ ਸਮੇਂ ਅਲਾਇੰਸ ਕਲੱਬ ਪੰਜਾਬ ਦੇ ਸੰਸਥਾਪਕ ਐਲੀ. ਸੁਭਾਸ਼ ਮੰਗਲਾ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਸਾਡੇ ਕਲੱਬ ਦੇ ਸੰਸਥਾਪਕ ਇੰਟਰਨੈਸ਼ਨਲ ਪ੍ਰਧਾਨ ਸਤੀਸ਼ ਲਖੋਟੀਆ ਨੇ ਅਲਾਇੰਸ ਮੈਂਬਰਾਂ ਦੀ ਵਪਾਰ ਨੂੰ ਵਧਾਉਣ ਲਈ ਇੱਕ ਅੰਤਰਰਾਸ਼ਟਰੀ ਪੱਧਰ ਦੇ ਪਲੇਟਫਾਰਮ ਦਾ ਉਦਘਾਟਨ ਕੀਤਾ ਸੀ ਅਤੇ ਇਸ ਨੂੰ ਅਲਾਇੰਸ ਬਿਜ਼ਨੈੱਸ ਕਨੈਕਟ ਨਾਮ ਦਿੱਤਾ ਸੀ ਅਤੇ ਪੰਜਾਬ ਵਿੱਚ ਇਸ ਕਲੱਬ ਦੀ ਪਹਿਲੀ ਸ਼ਾਖਾ ਕੋਟਕਪੂਰਾ ਦੇ ਅਲਾਇੰਸ ਮੈਂਬਰ ਚਰਨ ਦਾਸ ਗਰਗ ਤੇ ਸਮਾਜਸੇਵੀ ਬਲਜੀਤ ਸਿੰਘ ਖੀਵਾ ਦੁਆਰਾ ਖੋਲ੍ਹੀ ਗਈ ਹੈ।ਉਨ੍ਹਾਂ ਕਿਹਾ ਕਿ ਇਸ ਕਲੱਬ ਦਾ ਮੁੱਖ ਉਦੇਸ਼ ਅਲਾਇੰਸ ਕਲੱਬ ਦੇ ਸਥਾਨਕ ਮੈਂਬਰਾਂ ਨੂੰ ਉਨ੍ਹਾਂ ਦੀਆਂ ਵਪਾਰ ਨੂੰ ਵਧਾਉਣ ਲਈ ਰਾਸ਼ਟਰੀ ਪੱਧਰ ਦੇ ਅਲਾਇੰਸ ਮੈਂਬਰਾਂ ਨਾਲ ਜੋੜਨਾ ਹੈ।ਇਸ ਸਮੇਂ ਐਲੀ. ਸੁਭਾਸ਼ ਮੰਗਲਾ, ਕਲੱਬ ਚੇਅਰਮੈਨ ਚਰਨ ਦਾਸ ਗਰਗ ਤੇ ਕਲੱਬ ਪ੍ਰਧਾਨ ਬਲਜੀਤ ਸਿੰਘ ਖੀਵਾ ਨੇ ਅਲਾਇੰਸ ਬਿਜ਼ਨੈੱਸ ਕਨੈਕਟ ਦੇ ਨਵੇਂ ਮੈਂਬਰਾਂ, ਰਾਜ ਕੁਮਾਰ ਅਗਰਵਾਲ, ਪ੍ਰਦੀਪ ਕੁਮਾਰ ਮਿੱਤਲ, ਪੰਡਿਤ ਅਖਿਲ ਕੌਸ਼ਿਕ, ਵਿਨੈ ਕੌਸ਼ਿਕ, ਗਗਨ ਆਹੂਜਾ, ਕਮਲ ਕਟਾਰੀਆ, ਆਨੰਦ ਕੁਮਾਰ, ਡਾ. ਰਣਜੀਤ ਸਿੰਘ ਸਿੱਧੂ, ਗੁਰਮੀਤ ਸਿੰਘ, ਹਰਸ਼ ਗੌਤਮ ਦਾ ਹਾਰ ਤੇ ਅਲਾਇੰਸ ਮੈਡਲ ਪਾ ਕੇ ਕਲੱਬ ਵਿੱਚ ਸਵਾਗਤ ਕੀਤਾ।ਇਸ ਸਮੇਂ ਸਮੂਹ ਮੈਂਬਰਾਂ ਨੂੰ ਸਹੁੰ ਵੀ ਚੁਕਾਈ ਗਈ।

# ਬਾਲ ਕ੍ਰਿਸ਼ਨ ਬਾਲੀ ਸ਼੍ਰੋਅਦ ਦਾ ਦ੍ਰਿੜ੍ਹ ਤੇ ਵਫਾਦਾਰ ਆਗੂ : ਸੁਖਬੀਰ ਬਾਦਲ

## ਬਾਲੀ ਵਰਗੇ ਨੇਤਾ ਪਾਰਟੀ ਦਾ ਹੁੰਦੇ ਹਨ 'ਮਾਣ'



ਬਾਘਾ ਪੁਰਾਣਾ (ਮਨੀ ਸਿੰਗਲਾ)-ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਧਕ ਢਾਂਚੇ ਨੂੰ ਮਜ਼ਬੂਤ ਕਰਨ ਤੇ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ 2027 ਦੀਆਂ ਚੋਣਾਂ ਨੂੰ ਦੇਖਦੇ ਹੋਏ ਮੋਗਾ ਜ਼ਿਲ੍ਹੇ ਦੇ ਸੀਨੀਅਰ ਆਗੂਆਂ ਨੂੰ ਪਾਰਟੀ ਵਿੱਚ ਅਹਿਮ ਜ਼ਿੰਮੇਵਾਰੀ ਸੌਂਪੀਆਂ ਗਈਆਂ ਹਨ, ਜਿਸ ਨੂੰ ਲੈ ਕੇ ਮੋਗਾ ਵਿਖੇ ਰੱਖੇ ਗਏ ਨਵਨਿਯੁਕਤ ਆਗੂਆਂ ਦੇ ਸਨਮਾਨ ਸਮਾਰੋਹ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰ ਕੇ ਉਨ੍ਹਾਂ ਨੂੰ ਸਨਮਾਨਤ ਕਰਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ।ਇਸ ਕਰਵਾਏ ਗਏ ਸਮਾਗਮ ਵਿੱਚ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਵਰਕਿੰਗ ਕਮੇਟੀ ਮੈਂਬਰ ਤੇ ਉੱਘੇ ਕਾਰੋਬਾਰੀ ਬਾਲ ਕ੍ਰਿਸ਼ਨ ਬਾਲੀ ਵੱਲੋਂ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਾਲ ਵਿਸ਼ੇਸ਼ ਮੁਲਾਕਾਤ ਕਰਕੇ ਉਨ੍ਹਾਂ ਨੂੰ ਵਪਾਰੀ ਵਰਗ ਤੇ ਵਪਾਰੀਆਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਦੇ ਇਲਾਵਾ ਮੋਗਾ ਜ਼ਿਲ੍ਹੇ ਦੇ ਚਾਰੋਂ ਵਿਧਾਨ ਸਭਾ ਹਲਕਿਆਂ ਦੇ ਹਾਲਾਤਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।ਜ਼ਿਕਰਯੋਗ ਹੈ ਕਿ ਨਗਰ ਕੌਂਸਲ ਬਾਘਾ ਪੁਰਾਣਾ ਦੇ ਸਾਬਕਾ ਪ੍ਰਧਾਨ ਤੇ ਪਾਰਟੀ ਦੇ ਸੀਨੀਅਰ ਆਗੂ ਬਾਲ ਕ੍ਰਿਸ਼ਨ ਬਾਲੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਬਹੁਤ ਹੀ ਨਜ਼ਦੀਕ ਹਨ, ਜਦੋਂ ਕਦੇ ਵੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਮੋਗਾ ਜ਼ਿਲ੍ਹੇ ਅੰਦਰ ਜਾਂ ਮਾਲਵੇ ਖਿੱਤੇ ਵਿੱਚ ਉਨ੍ਹਾਂ ਦਾ ਕੋਈ ਪ੍ਰੋਗਰਾਮ ਹੁੰਦਾ ਹੈ ਤਾਂ ਉਹ ਬਾਲ ਕ੍ਰਿਸ਼ਨ ਬਾਲੀ ਦੀ ਰਿਹਾਇਸ਼ ਸ਼ਿਵਾ ਇਨਕਲੇਵ ਮੋਗਾ ਰੋਡ ਵਿਖੇ ਜ਼ਰੂਰ ਉਨ੍ਹਾਂ ਨੂੰ ਮਿਲ ਕੇ ਜਾਂਦੇ ਹਨ ਅਤੇ ਪੰਜਾਬ ਦੇ ਅਹਿਮ ਮੁੱਦਿਆਂ ਤੇ ਸਿਆਸੀ ਵਿਚਾਰਾਂ ਉੱਪਰ ਆਪਣੇ ਵਿਚਾਰ ਵਟਾਂਦਰੇ ਕਰਦੇ ਹਨ।ਸਮਾਗਮ ਦੌਰਾਨ ਜਦੋਂ ਬਾਲ ਕ੍ਰਿਸ਼ਨ ਬਾਲੀ ਵੱਲੋਂ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ ਗਈ ਤਾਂ ਉਨ੍ਹਾਂ ਸ੍ਰੀ ਬਾਲੀ ਨੂੰ ਆਪਣੀ ਗਲਵੱਕੜੀ ਵਿੱਚ ਲੈਂਦਿਆਂ ਆਖਿਆ ਕਿ ਬਾਲ ਕ੍ਰਿਸ਼ਨ ਬਾਲੀ ਨਾਲ ਉਨ੍ਹਾਂ ਦੇ ਸਿਰਫ਼ ਸਿਆਸੀ ਸਬੰਧ ਹੀ ਨਹੀਂ ਸਗੋਂ ਦੋਹਾਂ ਪਰਿਵਾਰਾਂ ਦਾ ਨਿੱਜੀ ਰਿਸ਼ਤਾ ਵੀ ਹੈ, ਜਿਸ ਕਰ ਕੇ ਜਦੋਂ ਉਹ ਪਾਰਟੀ ਦੇ ਕਿਸੇ ਵੀ ਪ੍ਰੋਗਰਾਮ ਲਈ ਏਧਰ ਆਉਂਦੇ ਹਨ ਤਾਂ ਉਹ ਉਨ੍ਹਾਂ ਨੂੰ ਜ਼ਰੂਰ ਮਿਲ ਕੇ ਜਾਂਦੇ ਹਨ।ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬਾਲ ਕ੍ਰਿਸ਼ਨ ਬਾਲੀ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਪਾਰਟੀ ਅੰਦਰ ਰਹਿੰਦਿਆਂ ਉਨ੍ਹਾਂ ਵੱਲੋਂ ਪਾਰਟੀ ਦੀ ਮਜ਼ਬੂਤੀ ਲਈ ਨਿਭਾਈਆਂ ਜਾ ਰਹੀਆਂ ਨੂੰ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਬਾਲ ਕ੍ਰਿਸ਼ਨ ਬਾਲੀ ਪਾਰਟੀ ਦੇ ਦ੍ਰਿੜ੍ਹ, ਦਲੇਰ ਤੇ ਵਫਾਦਾਰ ਆਗੂ ਹਨ, ਜੋ ਪਾਰਟੀ ਦੇ ਨਾਲ ਹਰ ਔਖੇ ਸੌਖੇ ਸਮੇਂ ਪਾਰਟੀ ਦੇ ਨਾਲ ਚੱਟਾਨ ਵਾਂਗ ਖੜ੍ਹੇ ਰਹਿੰਦੇ ਹਨ ਅਤੇ ਬਾਲੀ ਵਰਗੇ ਨੇਤਾ ਪਾਰਟੀ ਦੀ ਸ਼ਾਨ ਹਨ।ਇਸ ਮੌਕੇ ਬਾਲ ਕ੍ਰਿਸ਼ਨ ਬਾਲੀ ਨੇ ਆਖਿਆ ਕਿ ਉਹ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਰਹਿਨੁਮਾਈ ਹੇਠ ਮੋਗਾ ਜ਼ਿਲ੍ਹੇ ਅੰਦਰ ਜਨ ਸੇਵਾਵਾਂ ਨਿਭਾਉਣ ਲਈ ਵਚਨਬੱਧ ਹਨ।ਉਨ੍ਹਾਂ ਆਖਿਆ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਪਾਰਟੀ ਨੇ ਪੰਜਾਬ ਦੇ ਵਿਕਾਸ ਤੇ ਲੋਕਾਂ ਦੀ ਭਲਾਈ ਲਈ ਮਹੱਤਵਪੂਰਨ ਕੰਮ ਕੀਤੇ।ਉਨ੍ਹਾਂ ਕਿਹਾ ਕਿ ਅਕਾਲੀ ਦਲ ਬਾਦਲ ਵਿਰੋਧੀ ਸ਼ਕਤੀਆਂ ਬੇਸ਼ੱਕ ਇਸ ਪਾਰਟੀ ਨੂੰ ਕਮਜ਼ੋਰ ਕਰਨ 'ਤੇ ਲੱਗੀਆਂ ਹੋਈਆਂ ਹਨ, ਪਰ ਲੋਕਾਂ ਦੇ ਪਿਆਰ ਸਦਕਾ ਸ਼੍ਰੋਮਣੀ ਅਕਾਲੀ ਦਲ ਅੱਜ ਵੀ ਚੜ੍ਹਦੀ ਕਲਾ ਵਿਚ ਹੈ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਅੱਜ ਵੀ ਲੋਕ ਵਿਸ਼ਵਾਸ ਕਰਦੇ ਹਨ। ਹੁਣ ਤੱਕ ਜਿੰਨੇ ਵੀ ਆਗੂਆਂ ਨੇ ਅਕਾਲੀ ਦਲ ਨਾਲੋਂ ਵੱਖ ਹੋ ਕੇ ਆਪਣੀ ਪਾਰਟੀ ਬਣਾਈ, ਉਨ੍ਹਾਂ ਨੂੰ ਕਿਤੇ ਵੀ ਢੋਈ ਨਹੀਂ ਮਿਲੀ।ਉਨ੍ਹਾਂ ਸੁਖਬੀਰ ਬਾਦਲ ਦੀ ਅਗਵਾਈ 'ਤੇ ਭਰੋਸਾ ਜਤਾਉਂਦਿਆਂ ਪਾਰਟੀ ਨੂੰ ਮਜ਼ਬੂਤ ਕਰਨ ਦੀ ਵਚਨਬੱਧਤਾ ਦੁਹਰਾਈ।

# ਬੁਰਜ ਹਸਨ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕੀਤੀ ਕਾਰਵਾਈ



**ਬਿਲਗਾ (ਵਿਜੇ ਕੁਮਾਰ)**- ਨਗਰ ਬਿਲਗਾ ਦੇ ਨਜ਼ਦੀਕੀ ਪਿੰਡ ਬੁਰਜ ਹਸਨ ਵਿਖੇ ਯੁੱਧ ਨਸ਼ਿਆਂ ਵਿਰੁੱਧ ਤਹਿਤ ਕੀਤੀ ਕਾਰਵਾਈ ਬਾਰੇ ਡੀਐਸਪੀ ਫਿਲੌਰ ਸਰਵਨ ਸਿੰਘ ਬੱਲ ਨੇ ਦੱਸਿਆ ਕਿ ਪਿੰਡ ਬੁਰਜ ਹਸਨ ਦੇ ਸੁਰਿੰਦਰ ਸਿੰਘ ਉਰਫ਼ ਬਿੰਦਾ ਨੇ ਪੰਚਾਇਤ ਦੀ ਤਕਰੀਬਨ 30 ਮਰਲੇ ਜ਼ਮੀਨ 'ਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ ਅਤੇ ਉਸ ਵਿੱਚ ਕਰੀਬ 10 -12 ਮਰਲੇ ਵਿੱਚ ਕੋਠੀ ਬਣਾਈ ਹੋਈ ਹੈ। ਇਹ ਕੋਠੀ ਪਹਿਲਾਂ ਹੀ ਕੰਪੀਟੈਂਟ ਅਥਾਰਟੀ ਦਿੱਲੀ ਵੱਲੋਂ ਫਰੀਜ਼ ਕੀਤੀ ਹੋਈ ਹੈ। ਉਕਤ ਸੁਰਿੰਦਰ ਸਿੰਘ ਉਰਫ਼ ਬਿੰਦਾ ਇਸ ਵੇਲੇ ਸੈਂਟਰਲ ਜੇਲ੍ਹ ਕਪੂਰਥਲਾ ਵਿਖੇ ਬੰਦ ਹੈ। ਉਸ ਉੱਪਰ ਛੇ ਮੁਕੱਦਮੇ ਦਰਜ ਹਨ। ਬੀਡੀਓ ਕਮਲਜੀਤ ਸਿੰਘ ਅਤੇ ਨਾਇਬ ਤਹਿਸੀਲਦਾਰ ਨੂਰਮਹਿਲ ਜਸਵਿੰਦਰ ਸਿੰਘ ਦੀ ਹਾਜ਼ਰੀ ਵਿੱਚ ਕੋਠੀ ਦਾ ਸਮਾਨ ਪੰਚਾਇਤ ਦੇ ਹਵਾਲੇ ਕਰਕੇ ਕੋਠੀ ਨੂੰ ਜਿੰਦਰੇ ਲਗਾ ਕੇ ਚਾਬੀਆਂ ਪੰਚਾਇਤ ਨੂੰ ਦੇ ਦਿੱਤੀਆਂ ਹਨ ਅਤੇ ਨਜਾਇਜ਼ ਉਸਾਰੀ ਢਹਿ ਢਾਹ ਦਿੱਤੀ ਗਈ ਹੈ। ਇਸ ਮੌਕੇ ਥਾਣਾ ਮੁਖੀ ਬਿਲਗਾ ਪਲਵਿੰਦਰ ਸਿੰਘ ਅਤੇ ਥਾਣਾ ਮੁਖੀ ਗੁਰਾਇਆ ਸਿਕੰਦਰ ਸਿੰਘ ਆਪਣੀ ਪੁਲਸ ਫੋਰਸ ਨਾਲ ਤਾਇਨਾਤ ਸਨ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਸੰਗਰੂਰ ਰੈਲੀ 'ਚ ਸੈਂਕੜੇ ਪੇਂਡੂ ਮਜ਼ਦੂਰ ਸ਼ਾਮਲ ਹੋਣਗੇ : ਆਗੂ

**ਕਰਤਾਰਪੁਰ (ਰਘਬੀਰ ਦੱਤ)**- ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਸੂਬਾ ਸੱਦੇ ਤਹਿਤ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਗ੍ਰਿਫ਼ਤਾਰ ਸਾਥੀਆਂ ਦੀ ਬਿਨਾਂ ਸ਼ਰਤ ਰਿਹਾਈ ਅਤੇ ਪੁਲਸ ਜਬਰ ਖ਼ਿਲਾਫ਼ ਮਜ਼ਦੂਰ ਕਿਸਾਨ ਜਥੇਬੰਦੀਆਂ ਵੱਲੋਂ 25 ਜੁਲਾਈ ਨੂੰ ਸੰਗਰੂਰ ਵਿਖੇ ਕੀਤੀ ਜਾ ਰਹੀ ਰੈਲੀ ਅਤੇ ਮੁਜ਼ਾਹਰੇ ਵਿੱਚ ਇਲਾਕੇ ਭਰ ਚੋਂ ਸੈਂਕੜੇ ਵਰਕਰ ਸ਼ਮੂਲੀਅਤ ਕਰਨਗੇ।ਯੂਨੀਅਨ ਦੇ ਸੂਬਾ ਸੂਬਾਈ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ, ਤਹਿਸੀਲ ਪ੍ਰਧਾਨ ਕੇ ਐੱਸ ਅਟਵਾਲ ਅਤੇ ਤਹਿਸੀਲ ਸਕੱਤਰ ਸਰਬਜੀਤ ਕੌਰ ਕੁੱਦੋਵਾਲ ਨੇ ਤਹਿਸੀਲ ਪੱਧਰੀ ਕੀਤੀ ਮੀਟਿੰਗ ਉਪਰੰਤ ਇਹ ਐਲਾਨ ਕੀਤਾ।ਉਨ੍ਹਾਂ ਦੱਸਿਆ ਕਿ 20 ਮਈ ਨੂੰ ਸੰਗਰੂਰ ਵਿਖੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਬੇਗਮਪੁਰਾ ਵਸਾਉਣ ਜਾਂਦੇ ਦਲਿਤਾਂ ਅਤੇ ਬੇਜ਼ਮੀਨੇ ਲੋਕਾਂ ਨੂੰ ਪੰਜਾਬ ਸਰਕਾਰ ਦੇ ਇਸ਼ਾਰੇ 'ਤੇ ਝੂਠੇ ਕੇਸ ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਸੰਘਰਸ਼ ਕਮੇਟੀ ਦੇ ਰੋਸ ਪ੍ਰਦਰਸ਼ਨ ਕਰਨ ਉੱਪਰ ਅਣ-ਐਲਾਨੀ ਪਾਬੰਦੀ ਲਗਾ ਦਿੱਤੀ ਗਈ ਹੈ। ਪੰਜਾਬ ਸਰਕਾਰ ਦੇ ਇਸ ਜਾਬਰ ਰਵੱਈਏ ਦਾ ਮੂੰਹਤੋੜ ਜਵਾਬ ਦੇਣ ਲਈ ਪੰਜਾਬ ਦੀਆਂ ਸੰਘਰਸ਼ਸ਼ੀਲ ਮਜ਼ਦੂਰ ਕਿਸਾਨ ਜਥੇਬੰਦੀਆਂ ਵੱਲੋਂ ਪਿਛਲੇ ਦਿਨੀਂ



ਮੀਟਿੰਗ ਕਰਕੇ 25 ਜੁਲਾਈ ਨੂੰ ਸੰਗਰੂਰ ਅਨਾਜ ਮੰਡੀ ਵਿੱਚ ਵਿਸ਼ਾਲ ਰੈਲੀ ਕਰਨ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ਼ਾਰੇ 'ਤੇ ਬੇਗਮਪੁਰਾ ਵਸਾਉਣ ਜਾਂਦੇ ਗ੍ਰਿਫ਼ਤਾਰ ਕੀਤੇ ਗਏ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਕਾਰਕੁਨਾਂ ਦੀ ਰਿਹਾਈ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਖ਼ਾਸਕਰ ਸੰਗਰੂਰ ਅੰਦਰ ਕੀਤੇ ਜਾਣ ਵਾਲੇ ਰੋਸ ਪ੍ਰਦਰਸ਼ਨਾਂ ਉੱਪਰ ਲਗਾਈ ਅਣ-ਐਲਾਨੀ ਪਾਬੰਦੀ ਖ਼ਿਲਾਫ਼ ਅਤੇ ਪੰਜਾਬ ਨੂੰ ਪੁਲਸ ਰਾਜ ਵਿੱਚ ਤਬਦੀਲ ਕਰਨ ਵਿਰੁੱਧ 25 ਜੁਲਾਈ ਨੂੰ ਹੋਣ ਵਾਲੀ ਇਸ ਵਿਸ਼ਾਲ ਰੈਲੀ ਵਿੱਚ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੈਂਕੜੇ ਕਾਰਕੁਨ ਇਸ ਦਾ ਹਿੱਸਾ ਬਣਨਗੇ। ਉਨ੍ਹਾਂ ਦੱਸਿਆ ਕਿ ਇਸ ਰੈਲੀ ਦੀ ਤਿਆਰੀ ਲਈ ਪਿੰਡਾਂ ਵਿੱਚ ਰੈਲੀਆਂ ਮੀਟਿੰਗਾਂ ਕਰਕੇ ਪੰਜਾਬ ਸਰਕਾਰ ਦੀਆਂ ਦਲਿਤ ਵਿਰੋਧੀ ਨੀਤੀਆਂ ਦਾ ਪਰਦਾ ਫਾਸ਼ ਕੀਤਾ ਜਾਵੇਗਾ ਅਤੇ ਲੋਕਾਂ ਨੂੰ ਇਸ ਜਬਰ ਖ਼ਿਲਾਫ਼ ਰੈਲੀ ਵਿੱਚ ਪਹੁੰਚਣ ਦਾ ਸੱਦਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇੱਕ ਪਾਸੇ ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਸੰਗਰੂਰ ਦੇ ਜ਼ਿਲ੍ਹਾ ਕਨਵੀਨਰ ਅਵਤਾਰ ਨਿਰਵੇ ਸਿੰਘ ਖਾਈ ਉੱਪਰ ਜਾਨਲੇਵਾ ਹਮਲਾ ਕਰਨ ਵਾਲੇ ਗੁੰਡਾ ਅਨਸਰ ਖੁੱਲ੍ਹੇਆਮ ਘੁੰਮ ਰਹੇ ਹਨ ਅਤੇ ਦੂਜੇ ਪਾਸੇ ਆਪਣੇ ਹੱਕਾਂ ਲਈ ਸੰਘਰਸ਼ ਕਰਨ ਵਾਲੇ ਦਲਿਤ ਮਜ਼ਦੂਰ ਆਗੂਆਂ ਨੂੰ ਪੁਲਸ ਵੱਲੋਂ ਗਲਤ ਤੌਰ 'ਤੇ ਝੂਠੇ ਕੇਸਾਂ ਤਹਿਤ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਪੰਜਾਬ ਸਰਕਾਰ ਦੇ ਇਸ ਦੋਹਰੇ ਕਿਰਦਾਰ ਅਤੇ ਦਲਿਤ ਵਿਰੋਧੀ ਰਵੱਈਏ ਖ਼ਿਲਾਫ਼ ਪੰਜਾਬ ਭਰ ਦੇ ਲੋਕਾਂ ਨੂੰ 25 ਜੁਲਾਈ ਨੂੰ ਹੋਣ ਵਾਲੇ ਇਸ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।ਇਸ ਮੌਕੇ ਮੀਟਿੰਗ ਵਿੱਚ ਯੂਨੀਅਨ ਦੇ ਯੂਥ ਵਿੰਗ ਦੇ ਸੂਬਾ ਆਗੂ ਗੁਰਪ੍ਰੀਤ ਸਿੰਘ ਚੀਦਾ, ਪਰਮਜੀਤ ਕੌਰ ਮੀਕੋ, ਗੋਬਿੰਦਾ, ਸੁਖਵਿੰਦਰ ਸਿੰਘ ਪੁਆਰ, ਬਲਵਿੰਦਰ ਕੌਰ ਘੁੱਗ ਆਦਿ ਹਾਜ਼ਰ ਸਨ।

# ਪੰਜਾਬ ਲੈਂਡ ਪੂਲਿੰਗ ਸਕੀਮ ਕਿਸਾਨਾਂ ਦੇ ਹਿੱਤ 'ਚ ਨਹੀਂ : ਰਾਜੇਸ਼ ਬਾਘਾ

**ਜਲੰਧਰ (ਸ਼ੈਲੀ ਐਲਬਰਟ)**- ਭਾਜਪਾ ਦੇ ਸੂਬਾਈ ਉਪ-ਪ੍ਰਧਾਨ ਅਤੇ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਰਾਜੇਸ਼ ਬਾਘਾ ਨੇ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਸਕੀਮ ਨੂੰ ਪੂਰੀ ਤਰ੍ਹਾਂ



ਕਿਸਾਨ ਵਿਰੋਧੀ ਅਤੇ ਜ਼ਮੀਨ ਹੜੱਪਣ ਦੀ ਸਾਜ਼ਿਸ਼ ਕਰਾਰ ਦਿੱਤਾ। ਰਾਜੇਸ਼ ਬਾਘਾ ਨੇ ਕਿਹਾ ਕਿ ਆਪ ਸਰਕਾਰ ਦੀ ਲੈਂਡ ਪੂਲਿੰਗ ਸਕੀਮ ਕਿਸਾਨਾਂ ਦੀਆਂ ਜੱਦੀ ਜ਼ਮੀਨਾਂ ਹੜੱਪਣ ਦੀ ਸਾਜ਼ਿਸ਼ ਹੈ, ਜਦੋਂ ਕਿ ਪੰਜਾਬ ਸਰਕਾਰ ਦੀ ਇਹ ਸਕੀਮ ਕਿਸਾਨਾਂ ਦੇ ਨਾਲ-ਨਾਲ ਜਨਤਾ ਦੇ ਹਿੱਤ ਵਿੱਚ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਰੀਅਲ ਅਸਟੇਟ ਮਾਫ਼ੀਆ ਅਤੇ ਉਨ੍ਹਾਂ ਦੇ ਨੌਕਰਸ਼ਾਹੀ ਨੂੰ ਲਾਭ ਪਹੁੰਚਾਉਣ ਲਈ ਲਿਆਂਦੀ ਗਈ ਹੈ। ਪੰਜਾਬ ਸਰਕਾਰ ਲੋਕਤੰਤਰੀ ਕਦਰਾਂ-ਕੀਮਤਾਂ ਦਾ ਗਲਾ ਘੁੱਟ ਰਹੀ ਹੈ। ਕਿਸਾਨਾਂ ਦੀ ਸਹਿਮਤੀ ਤੋਂ ਬਿਨਾਂ ਜ਼ਮੀਨ ਹੜੱਪਣ ਦੀ ਕਿਸੇ ਵੀ ਕੋਸ਼ਿਸ਼ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਬਾਘਾ ਨੇ ਕਿਹਾ ਕਿ ਭਾਜਪਾ ਦੇਸ਼ ਦੇ ਅੰਨਦਾਤਾ ਕਿਸਾਨਾਂ ਨਾਲ ਚਟਾਨ ਵਾਂਗ ਖੜ੍ਹੀ ਹੈ। ਜੇਕਰ ਪੰਜਾਬ ਸਰਕਾਰ ਲੈਂਡ ਪੂਲਿੰਗ ਮਾਮਲੇ ਵਿੱਚ ਜਾਰੀ ਨੋਟੀਫਿਕੇਸ਼ਨ ਨੂੰ ਰੱਦ ਕਰਕੇ ਆਪਣਾ ਫੈਸਲਾ ਨਹੀਂ ਬਦਲਦੀ, ਤਾਂ ਭਾਜਪਾ ਕਿਸਾਨਾਂ ਨਾਲ ਸੰਘਰਸ਼ ਕਰੇਗੀ।

## ਰੋਟਰੀ ਕਲੱਬ ਮਿਡ ਟਾਊਨ ਦੀ ਮੀਟਿੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰੋਟਰੀ ਕਲੱਬ ਹੁਸ਼ਿਆਰਪੁਰ ਮਿਡ ਟਾਊਨ ਦੀ ਮਾਸਿਕ ਮੀਟਿੰਗ ਕਲੱਬ ਦੇ ਪ੍ਰਧਾਨ ਰੋਟੇਰੀਅਨ ਅਵਤਾਰ ਸਿੰਘ ਦੀ ਅਗਵਾਈ ਹੇਠ ਕਰਵਾਈ ਗਈ। ਇਸ ਮੌਕੇ ਪਿਛਲੇ ਮਹੀਨੇ ਦੌਰਾਨ ਕਲੱਬ ਵੱਲੋਂ ਕੀਤੇ ਗਏ ਸਮਾਜ ਸੇਵੀ ਪ੍ਰੋਜੈਕਟਾਂ ਦੀ ਸਮੀਖਿਆ ਕੀਤੀ ਗਈ ਤੇ ਆਉਣ ਵਾਲੇ ਸਮੇਂ ਲਈ ਨਵੀਆਂ ਯੋਜਨਾਵਾਂ ਬਣਾਈਆਂ ਗਈਆਂ। ਰੋਟੇਰੀਅਨ ਮਨੋਜ ਓਹਰੀ ਨੇ ਦੱਸਿਆ ਕਿ ਰੋਟਰੀ ਕਲੱਬ ਮਿਡ ਟਾਊਨ ਹੁਸ਼ਿਆਰਪੁਰ ਵੱਲੋਂ ਰੋਟਰੀ ਕਲੱਬ ਇੰਟਰਨੈਸ਼ਨਲ (ਇੰਗਲੈਂਡ) ਦੇ ਸਹਿਯੋਗ



ਨਾਲ ਇਸ ਮਹੀਨੇ ਕਾਰਨੀਆ ਟ੍ਰਾਂਸਪਲਾਂਟ ਦੇ ਉਪਰੇਸ਼ਨ ਕਰਵਾਏ ਜਾਣਗੇ, ਜਿਸ ਰਾਹੀਂ ਅੱਖਾਂ ਦੀ ਰੌਸ਼ਨੀ ਗੁਆ ਬੈਠੇ ਲੋਕਾਂ ਨੂੰ ਨਵੀਂ ਉਮੀਦ ਮਿਲੇਗੀ। ਨਾਲ ਹੀ ਅੱਖਾਂ ਦੀ ਸੰਭਾਲ ਬਾਰੇ ਜਾਗਰੂਕਤਾ ਮੁਹਿੰਮ ਵੀ ਚਲਾਈ ਜਾਵੇਗੀ। ਇਸ ਤੋਂ ਇਲਾਵਾ ਹੁਸ਼ਿਆਰਪੁਰ ਅਤੇ ਆਲੇ-ਦੁਆਲੇ ਦੇ 101 ਸਕੂਲਾਂ ਵਿੱਚ ਆਈ ਸਾਈਟ ਚੈੱਕਅੱਪ ਕੈਂਪ ਲਗਾਏ ਜਾਣਗੇ ਤਾਂ ਜੋ ਵਿਦਿਆਰਥੀਆਂ ਦੀ ਅੱਖਾਂ ਦੀ ਜਾਂਚ ਕੀਤੀ ਜਾ ਸਕੇ ਅਤੇ ਲੋੜਵੰਦ ਬੱਚਿਆਂ ਨੂੰ ਚਸ਼ਮੇ ਮੁਹੱਈਆ ਕਰਵਾਏ ਜਾ ਸਕਣ।ਕਲੱਬ ਵੱਲੋਂ ਅੰਨਪੂਰਨਾ ਦਿਵਸ ਮੌਕੇ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਕਿੱਟਾਂ ਵੰਡਣ ਦਾ ਫੈਸਲਾ ਵੀ ਲਿਆ ਗਿਆ। ਇਸ ਦੇ ਨਾਲ-ਨਾਲ ਚਾਰ ਸਰਕਾਰੀ ਸਕੂਲਾਂ ਨੂੰ ਸਵੇਰੇ ਦੀ ਸਭਾ ਲਈ ਸਾਊਂਡ ਸਿਸਟਮ ਵੀ ਦਿੱਤੇ ਜਾਣਗੇ। ਮੀਟਿੰਗ ਵਿੱਚ ਹਾਜ਼ਰ ਸਾਰੇ ਮੈਂਬਰਾਂ ਨੇ ਇਹ ਯੋਜਨਾਵਾਂ ਸਹਿਮਤੀ ਨਾਲ ਮਨਜ਼ੂਰ ਕਰਦਿਆਂ ਯਕੀਨੀ ਬਣਾਉਣ ਲਈ ਆਪਣੀ ਪੂਰੀ ਸ਼ਮੂਲੀਅਤ ਦਾ ਭਰੋਸਾ ਦਿੱਤਾ। ਇਸ ਮੌਕੇ ਰੋਟੇਰੀਅਨ ਇੰਦਰਪਾਲ ਸਿੰਘ ਸਚਦੇਵਾ, ਡੀ.ਪੀ. ਕਥੂਰੀਆ, ਮਨੋਜ ਓਹਰੀ, ਜੇ.ਐਸ. ਭੋਗਲ, ਪਰਵੀਨ ਪੱਬੀ, ਸੰਦੀਪ ਸ਼ਰਮਾ, ਸੰਜੀਵ ਸ਼ਰਮਾ, ਰਜਨੀਸ਼ ਕੁਮਾਰ ਗੁਲਿਆਣੀ, ਕੁਲਜੀਤ ਸਿੰਘ ਸੈਣੀ ਆਦਿ ਮੌਜੂਦ ਸਨ। ਕਲੱਬ ਪ੍ਰਧਾਨ ਅਵਤਾਰ ਸਿੰਘ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਰੋਟਰੀ ਕਲੱਬ ਦਾ ਮੁੱਖ ਉਦੇਸ਼ ਸਮਾਜ ਦੇ ਪਛੜੇ ਵਰਗ ਦੀ ਸਹਾਇਤਾ ਕਰਨੀ ਅਤੇ ਲੋਕ-ਭਲਾਈ ਦੇ ਕੰਮ ਲਗਾਤਾਰ ਜਾਰੀ ਰੱਖਣੇ ਹਨ।

# ਓਮ ਪ੍ਰਕਾਸ਼ ਮੈਮੋਰੀਅਲ ਇੰਸਟੀਚਿਊਟ ਆਫ ਐਜੂਕੇਸ਼ਨ ਵਿਖੇ ਨਵੇਂ ਕੋਰਸਾਂ ਦੀ ਸ਼ੁਰੂਆਤ ਸੰਬੰਧੀ ਪੰਚਾਇਤਾਂ ਨਾਲ ਮਿਲਣੀ

**ਕਰਤਾਰਪੁਰ (ਰਘਬੀਰ ਦੱਤ)**- ਓਮ ਪ੍ਰਕਾਸ਼ ਮੈਮੋਰੀਅਲ ਇੰਸਟੀਚਿਊਟ ਆਫ ਐਜੂਕੇਸ਼ਨ ਦਿਆਲਪੁਰ ਵਿਖੇ ਕਾਲਜ ਮੈਨੇਜਮੈਂਟ ਦੇ ਦਿਸ਼ਾ ਨਿਰਦੇਸ਼ਾਂ ਤੇ ਪ੍ਰਿੰਸੀਪਲ ਡਾ. ਵਿਨੋਦ ਕੁਮਾਰ ਦੀ ਯੋਗ ਅਗਵਾਈ ਹੇਠ ਇੱਕ ਖਾਸ ਬੈਠਕ ਦਾ ਆਯੋਜਨ ਕੀਤਾ ਗਿਆ।



ਇਸ ਮੌਕੇ ਪਿੰਡ ਦਿਆਲਪੁਰ, ਹਮੀਰਾ, ਮਨਾਰ ਅਤੇ ਹੋਰ ਨੇੜਲੇ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਦੇ ਸਰਪੰਚਾਂ, ਪੰਚਾਇਤ ਮੈਂਬਰਾਂ ਤੋਂ ਇਲਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਸਰਕਾਰੀ ਹਾਈ ਸਕੂਲ ਦਿਆਲਪੁਰ ਦੇ ਪ੍ਰਿੰਸੀਪਲ ਸਾਹਿਬਾਨ ਵੱਲੋਂ ਸ਼ਮੂਲੀਅਤ ਕੀਤੀ ਗਈ। ਇਸ ਖਾਸ ਮੌਕੇ ਪ੍ਰੋਫੈਸਰ ਰਣਜੀਤ ਬੈਂਸ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ ਅਤੇ ਕਾਲਜ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡਿਸਟੈਂਸ ਐਜੂਕੇਸ਼ਨ ਡਿਪਾਰਟਮੈਂਟ ਵੱਲੋਂ ਸਥਾਪਿਤ ਕੀਤੇ ਗਏ ਲਰਨਿੰਗ ਸਪੋਰਟ ਸੈਂਟਰ ਬਾਰੇ ਜਾਣਕਾਰੀ ਦਿੱਤੀ ਗਈ। ਇਸ ਤੋਂ ਬਾਅਦ ਪ੍ਰਿੰਸੀਪਲ ਡਾ. ਵਿਨੋਦ ਕੁਮਾਰ ਵੱਲੋਂ ਕਾਲਜ ਵਿਖੇ ਡਿਸਟੈਂਸ ਐਜੂਕੇਸ਼ਨ ਦੇ ਚਲਾਏ ਜਾ ਰਹੇ ਕੋਰਸਾਂ ਦੇ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹੁਣ ਵਿਦਿਆਰਥੀ ਓਮ ਪ੍ਰਕਾਸ਼ ਮੈਮੋਰੀਅਲ ਇੰਸਟੀਚਿਊਟ, ਦਿਆਲਪੁਰ ਤੋਂ ਬੀ.ਏ., ਬੀ.ਕਾਮ., ਐਮ.ਏ.ਤੋਂ ਇਲਾਵਾ ਡੀ.ਸੀ.ਏ ਅਤੇ ਹੋਰ ਵੀ ਸਰਟੀਫਿਕੇਟ ਕੋਰਸ ਬਹੁਤ ਹੀ ਘੱਟ ਫੀਸਾਂ ਨਾਲ ਕਰ ਸਕਦੇ ਹਨ। ਮੀਟਿੰਗ ਦੇ ਅੰਤ ਵਿੱਚ ਆਏ ਹੋਏ ਮਹਿਮਾਨਾਂ ਵਿੱਚੋਂ ਲੋਕ ਗਾਇਕ ਦਲਵਿੰਦਰ ਦਿਆਲਪੁਰੀ, ਸਰਕਾਰੀ ਹਾਈ ਸਕੂਲ ਦੇ ਮਿਸਟ੍ਰੈਸ ਮੈਡਮ ਮੋਨਿਕਾ ਅਤੇ ਸਾਬਕਾ ਸਰਪੰਚ ਪਰਮਜੀਤ ਸਿੰਘ ਪੱਡਾ ਵੱਲੋਂ ਕਾਲਜ ਦੇ ਭਵਿੱਖ ਦੀ ਬੇਹਤਰੀ ਲਈ ਕੀਮਤੀ ਸੁਝਾਅ ਦਿੱਤੇ ਗਏ ਅਤੇ ਸਾਰੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਅਸਿਸਟੈਂਟ ਪ੍ਰੋਫੈਸਰ ਗੁਰਜੀਤ ਰਾਣੀ, ਅਸਿਸਟੈਂਟ ਪ੍ਰੋਫੈਸਰ ਗੁਰਪ੍ਰੀਤ ਸਿੰਘ, ਆਫਿਸ ਸੁਪਰਡੈਂਟ ਹਰਮੀਤ ਸਿੰਘ, ਲਾਈਬ੍ਰੇਰੀਅਨ ਬਲਵਿੰਦਰ ਸਿੰਘ ਅਤੇ ਕਾਲਜ ਸਟਾਫ ਹਾਜ਼ਰ ਸੀ।

# ਐੱਫ ਪੀ ਓ ਵੱਲੋਂ ਖੇਤੀਬਾੜੀ ਸੰਬੰਧੀ ਕਾਰੋਬਾਰ ਨੂੰ ਪ੍ਰਫੁੱਲਤ ਕਰਨ ਲਈ ਮੀਟਿੰਗ

**ਅੱਡਾਂ ਸਰਾਂ/ਟਾਡਾ (ਜਸਵੀਰ ਕਾਜਲ)** ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ ਬੈਂਕ ਭਾਰਤ ਸਰਕਾਰ ਦੀ ਸਹਾਇਤਾ ਨਾਲ ਚਲਾਈ ਜਾ ਰਹੀ ਕੰਢੀ ਫਾਰਮਰ ਪ੍ਰੋਡਿਊਸਰ ਆਰਗੇਨਾਈਜੇਸ਼ਨ ਦਸੂਹਾ



ਦੀ ਮੀਟਿੰਗ ਪਿੰਡ ਪੰਨਵਾ ਵਿਖੇ ਕੀਤੀ ਗਈ। ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਰਵਿੰਦਰ ਸਿੰਘ ਕਾਹਲੋਂ ਪ੍ਰਧਾਨ ਸ਼ਹੀਦ ਭਗਤ ਸਿੰਘ ਕ੍ਰਾਂਤੀਕਾਰੀ ਸੁਸਾਇਟੀ ਦੋਆਬਾ, ਰਜਤ ਛਾਬੜਾ ਡੀ.ਡੀ.ਐਮ ਨਬਾਰਡ ਹੁਸ਼ਿਆਰਪੁਰ, ਸੁਨੀਲ ਢਿੱਲੋਂ ਚੀਫ ਮੈਨੇਜਰ ਪੰਜਾਬ ਨੈਸ਼ਨਲ ਬੈਂਕ ਦਸੂਹਾ, ਸੀ.ਈ.ਓ., ਬੋਰਡ ਆਫ ਡਾਇਰੈਕਟਰ ਅਤੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਐਫ.ਪੀ.ਓ. ਵੱਲੋਂ ਖੇਤੀਬਾੜੀ ਸੰਬੰਧੀ ਕਾਰੋਬਾਰ ਨੂੰ ਪ੍ਰਫੁੱਲਿਤ ਕਰਨ ਲਈ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਚਰਚਾ ਕੀਤੀ ਗਈ। ਇਸ ਮੌਕੇ ਰਜਤ ਛਾਬੜਾ ਡੀ.ਡੀ.ਐਮ ਨਬਾਰਡ ਹੁਸ਼ਿਆਰਪੁਰ ਨੇ ਕਿਹਾ ਕਿ ਐਫ.ਪੀ.ਓ. ਵੱਲੋਂ ਕਿਸਾਨਾਂ ਦੇ ਆਰਥਿਕ ਵਿਕਾਸ ਲਈ ਡੇਅਰੀ, ਸਬਜ਼ੀਆਂ, ਗੰਨਾ, ਹਲਦੀ, ਵਰਮੀਕੰਪੋਸਟ ਦੇ ਪ੍ਰੋਜੈਕਟ ਲਗਾ ਕੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕੀਤਾ ਜਾਵੇਗਾ। ਇਸ ਮੌਕੇ ਰਵਿੰਦਰ ਸਿੰਘ ਕਾਹਲੋਂ ਨੇ ਕਿਹਾ ਕਿ ਬਲਾਕ ਦਸੂਹਾ ਦੇ ਕਿਸਾਨਾਂ ਨੂੰ ਐਫ.ਪੀ.ਓ. ਨਾਲ ਜੋੜ ਕੇ ਗ੍ਰੇਡਿੰਗ, ਪ੍ਰੋਸੈਸਿੰਗ, ਡਾਇਰੈਕਟ ਮਾਰਕੀਟ, ਬ੍ਰੇਡਿੰਗ, ਸਟੋਰ ਕਰਨ ਅਤੇ ਵੈਲੀਉ ਅਡੀਸ਼ਨ ਦੇ ਮਾਧਿਅਮ ਰਾਹੀਂ ਲਾਭ ਪੁਹੰਚਾਇਆ ਜਾਵੇਗਾ। ਇਸ ਮੌਕੇ ਸੰਬੋਧਨ ਕਰਦਿਆਂ ਸੁਨੀਲ ਢਿੱਲੋਂ ਮੈਨੇਜਰ ਪੰਜਾਬ ਨੈਸ਼ਨਲ ਬੈਂਕ ਦਸੂਹਾ ਨੇ ਕਿਸਾਨਾਂ ਨੂੰ ਐਫ.ਪੀ.ਓ. ਦੇ ਮਾਧਿਅਮ ਰਾਹੀਂ ਬੈਂਕਾਂ ਵੱਲੋਂ ਕੀਤੀ ਜਾ ਰਹੀ ਸਪੋਰਟ, ਲੋਨ ਸਕੀਮ ਅਤੇ ਸਬਸਿਡੀ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸੁਮਨਾ ਦੇਵੀ ਸੀ.ਈ.ਓ ਕੰਡੀ ਐਫ.ਪੀ.ਓ. ਦਸੂਹਾ ਨੇ ਕਿਹਾ ਕਿ ਐਫ.ਪੀ.ਓ. ਕਿਸਾਨਾਂ ਲਈ ਵਰਦਾਨ ਸਾਬਿਤ ਹੋਵੇਗੀ। ਬੋਰਡ ਆਫ ਡਾਇਰੈਕਟਰ ਜਸਵੰਤ ਕੌਰ ਅਤੇ ਸੁੱਖਚਰਨਪਾਲ ਸਿੰਘ ਅਤੇ ਪਰਮਜੀਤ ਸਿੰਘ ਅਤੇ ਸੁਰਜੀਤ ਸਿੰਘ ਕੈਸ਼ੀਅਰ ਪੀ.ਐਨ.ਬੀ.ਬੈਂਕ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਮਨਜੀਤ ਕੌਰ ਆਦੋਚੱਕ ਕਿਸਾਨ ਮੈਂਬਰ, ਸਮਨਜੋਤ ਕੌਰ ਕਿਸਾਨ ਮੈਂਬਰ, ਬਲਵੀਰ ਸਿੰਘ ਬੋਰਡ ਆਫ ਡਾਇਰੈਕਟਰ, ਕੁਲਵਰਨ ਸਿੰਘ ਲਵਲੀ ਕਿਸਾਨ ਆਗੂ, ਸਹਿਬਾਜ ਸਿੰਘ, ਰਾਜਨ, ਰਜਤ, ਨਰੇਸ਼ ਕੁਮਾਰ ਬੋਰਡ ਮੈਂਬਰ, ਮੱਖਣ ਸਿੰਘ, ਜਗਤਾਰ ਸਿੰਘ, ਹਰਬਿਲਾਜ ਸਿੰਘ, ਗੁਰਬਾਜ ਸਿੰਘ, ਅੰਜਲੀ, ਬਬਿਤਾ ਦੇਵੀ ਆਦਿ ਹਾਜ਼ਰ ਸਨ।

## ਸ਼ਹੀਦ ਸਿੰਘਾਂ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਖ਼ੂਨਦਾਨ ਕੈਂਪ

**ਆਦਮਪਰ (ਪਰਮਜੀਤ ਸਿੰਘ)**- ਬੜੇ ਹੀ ਥੋੜ੍ਹੇ ਸਮੇਂ ਅੰਦਰ ਵੱਡਾ ਨਾਮਣਾ ਖੱਟਣ ਵਾਲੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਸ਼ਾਨ ਦਸਵੰਧ ਗਰੀਬਾਂ ਲਈ ਵੈਲਫੇਅਰ ਸੁਸਾਇਟੀ ਰਜਿ ਪੰਜਾਬ ਦੀ ਸਮੁੱਚੀ ਟੀਮ ਵੱਲੋਂ ਗਊ ਤੇ ਗ਼ਰੀਬ ਦੀ ਰੱਖਿਆ ਖਾਤਰ ਸ਼ਹਾਦਤ ਪ੍ਰਾਪਤ ਕਰਨ ਵਾਲੇ ਮਹਾਨ ਸਿੰਘ ਸ਼ਹੀਦ ਧੰਨ ਧੰਨ ਸ਼ਹੀਦ ਬਾਬਾ ਮੱਤੀ ਸਾਹਿਬ ਜੀ ਮਹਾਰਾਜ ਦੇ ਸਲਾਨਾ ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਦੁਆਰਾ ਸ਼ਹੀਦ ਬਾਬਾ ਮੱਤੀਂ ਸਾਹਿਬ ਜੀ ਡਰੋਲੀ ਕਲਾਂ ਦੇ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਡਰੋਲੀ ਕਲਾਂ, ਐਨ ਆਰ ਆਈ ਵੀਰ ਭੈਣਾਂ , ਗੁਰਦੁਆਰਾ ਸ਼ਹੀਦਾਂ ਪਿੰਡ ਬਡਲਾ ਦੇ ਪ੍ਰਧਾਨ ਸੁਰਿੰਦਰ ਸਿੰਘ ਬਾਜਵਾ ਸਬ ਪ੍ਰਬੰਧਕ ਕਮੇਟੀ ਅਤੇ ਗੁਰੂ ਘਰ ਦੇ ਅਨੰਤ ਸੇਵਕ ਲੰਬੜਦਾਰ ਜਤਿੰਦਰ ਸਿੰਘ ਘੁੰਮਣ ਅਤੇ ਦਾਸਰਿਆ ਨੂੰ ਪਹਿਲੇ ਦਿਨ ਤੋਂ ਪਿਆਰ ਕਰਨ ਵਾਲੇ



ਸਮੁੱਚੇ ਮੀਡੀਆ ਪੱਤਰਕਾਰ ਭਾਈਚਾਰੇ ਦੇ ਵੱਡੇ ਸਹਿਯੋਗ ਤੇ ਸੇਵਾਦਾਰ ਭਾਈ ਸੁਖਜੀਤ ਸਿੰਘ ਮਿਨਹਾਸ ਡਰੋਲੀ ਵੱਲੋਂ ਹਮੇਸ਼ਾ ਹੀ ਮਾਨਵਤਾ ਦੀ ਸੱਚੀ ਸੁੱਚੀ ਸੇਵਾ ਲਈ ਕੈਂਪ ਲਗਾਇਆ ਜਾ ਰਿਹਾ ਹੈ।

# ਬਾਬਾ ਦਰਬਾਰਾ ਸਿੰਘ ਕਾਲਜੀਏਟ ਸਕੂਲ ਟਿੱਬਾ ਵਿਖੇ ਹਰਿਆਵਲ ਦਿਵਸ ਮਨਾਇਆ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਬਾਬਾ ਦਰਬਾਰਾ ਸਿੰਘ ਕਾਲਜੀਏਟ ਪਬਲਿਕ ਸਕੂਲ ਟਿੱਬਾ ਵਿਖੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋਫੈਸਰ ਚਰਨ ਸਿੰਘ, ਮੈਨੇਜਿੰਗ ਡਾਇਰੈਕਟਰ ਡਾਕਟਰ ਬਲਜੀਤ ਕੌਰ,



ਪ੍ਰਿੰਸੀਪਲ ਮਧੂ ਗੋਸਵਾਮੀ ਅਤੇ ਸਮੂਹ ਸਟਾਫ, ਮਾਤਾ ਪਿਤਾ ਤੇ ਵਿਦਿਆਰਥੀਆਂ ਵੱਲੋਂ ਮਿਲ ਕੇ ਹਰਿਆਵਲ ਦਿਵਸ ਮਨਾਇਆ ਗਿਆ। ਇਸ ਮਿਸ਼ਨ ਦੀ ਸ਼ੁਰੂਆਤ ਮੌਕੇ ਸਕੂਲ ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਕਵਿਤਾ ਭਾਸ਼ਣ ਪੇਸ਼ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੂੰ ਆਪਣੇ ਵਾਤਾਵਰਣ ਨੂੰ ਸੰਭਾਲਣ ਅਤੇ ਰੁੱਖਾਂ ਦੀ ਹੋ ਰਹੀ ਕਟਾਈ ਨੂੰ ਰੋਕਣ ਲਈ ਉਤਸ਼ਾਹਿਤ ਕੀਤਾ ਗਿਆ। ਮਿਸ਼ਨ ਹਰਿਆਵਲ ਅਧੀਨ ਪ੍ਰਿੰਸੀਪਲ ਮੈਡਮ ਮਧੂ ਗੋਸਵਾਮੀ ਵੱਲੋਂ ਵਿਦਿਆਰਥੀਆਂ ਅਤੇ ਮਾਤਾ ਪਿਤਾ ਨਾਲ ਮਿਲ ਕੇ ਸਕੂਲ ਵਿੱਚ ਸ਼ਾਨਦਾਰ ਬੂਟੇ ਲਗਾਏ ਗਏ। ਪ੍ਰਿੰਸੀਪਲ ਮੈਡਮ ਵੱਲੋਂ ਵਿਦਿਆਰਥੀਆਂ ਨੂੰ ਭਾਸ਼ਣ ਰਾਹੀਂ ਵਾਤਾਵਰਨ ਸਾਫ ਸੁਥਰਾ ਰੱਖਣ ਅਤੇ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਤ ਕੀਤਾ ਗਿਆ ।ਇਸ ਦੌਰਾਨ ਛੋਟੇ ਬੱਚਿਆਂ ਨੇ ਵੀ ਵਾਤਾਵਰਨ ਸੁਰੱਖਿਆਤ ਰੱਖਣ ਲਈ ਕਵਿਤਾਵਾਂ ਪੇਸ਼ ਕੀਤੀਆਂ ਅਤੇ ਮਾਡਲ ਬਣਾ ਕੇ ਲਿਆਂਦੇ। ਮੈਨੇਜਿੰਗ ਡਾਇਰੈਕਟਰ ਡਾਕਟਰ ਬਲਜੀਤ ਕੌਰ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਦੇ ਰਿਵਾਇਤੀ ਰੁੱਖਾਂ ਜਿਵੇਂ ਨਿੰਮ, ਬੋਹੜ, ਪਿੱਪਲ ਅਤੇ ਹੋਰ ਅਨੇਕਾਂ ਫ਼ਲਦਾਰ ਰੁੱਖਾਂ ਨੂੰ ਆਪਣੇ ਘਰਾਂ, ਖੇਤਾਂ, ਖੁੱਲੇ ਪਾਰਕ ਤੇ ਮੈਦਾਨ ਵਿੱਚ ਲਗਾਉਣ ਲਈ ਪ੍ਰੇਰਿਆ। ਇਸ ਮੌਕੇ ਸਕੂਲ ਦੇ ਸਮੁੱਚੇ ਸਟਾਫ ਖਾਸ ਕਰਕੇ ਗਤੀਵਿਧੀ ਇੰਚਾਰਜ ਨਰਿੰਦਰ ਕੌਰ, ਮਨਦੀਪ ਕੌਰ, ਹਰਨੀਤ ਕੌਰ, ਸੰਜਨਾ, ਸ਼ਿਵਾਨੀ, ਅਮਨਪ੍ਰੀਤ ਕੌਰ, ਸੰਦੀਪ ਕੌਰ, ਮੀਨੂ ਸ਼ਰਮਾ, ਸਤਵਿੰਦਰ ਕੌਰ, ਰਜਿੰਦਰ ਕੌਰ, ਨਵਦੀਪ ਕੌਰ, ਭੁਪਿੰਦਰ ਕੌਰ, ਮਨਪ੍ਰੀਤ ਕੌਰ, ਰਣਜੀਤ ਕੌਰ, ਪਲਵਿੰਦਰ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਸਿਲਵਰ ਓਕ ਸਕੂਲ 'ਚ ਇਲੈਕਟ੍ਰੌਨਿਕ ਕ੍ਰਿਕਟ ਬਾਊਲਿੰਗ ਮਸ਼ੀਨ ਦਾ ਉਦਘਾਟਨ

**ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧੂ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜ਼ਪੁਰ ਖੇਡਾਂ ਨੂੰ ਉਤਸ਼ਾਹਿਤ ਕਰਨ ਦੇ ਵਿੱਚ ਬੜਾ ਅਹਿਮ ਯੋਗਦਾਨ ਪਾ ਰਹੀ ਹੈ। ਇਸ ਅਧੀਨ ਸਕੂਲ ਦੇ ਖਿਡਾਰੀਆਂ



ਨੂੰ ਉੱਚਕੋਟੀ ਦੀ ਸਿਖਲਾਈ ਦੇਣ ਲਈ ਚੇਅਰਮੈਨ ਤਰਲੋਚਨ ਸਿੰਘ ਨੇ ਇਲੈਕਟ੍ਰੋਨਿਕ ਕ੍ਰਿਕਟ ਬਾਲਿੰਗ ਮਸ਼ੀਨ ਸਕੂਲ ਦੇ ਖੇਡ ਵਿਭਾਗ ਦੇ ਸਪੁਰਦ ਕੀਤੀ ਅਤੇ ਕਿਹਾ ਕਿ ਜਲਦੀ ਹੀ ਸਕੂਲ 'ਚ ਅੰਤਰਰਾਸ਼ਟਰੀ ਪੱਧਰ ਦੀ ਕ੍ਰਿਕਟ ਪਿੱਚ ਦਾ ਨਿਰਮਾਣ ਪੂਰਾ ਕੀਤਾ ਜਾਵੇਗਾ।ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਦੱਸਿਆ ਕਿ ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੀ ਹਮੇਸ਼ਾ ਇਹ ਕੋਸ਼ਿਸ਼ ਹੁੰਦੀ ਹੈ ਕਿ ਸਕੂਲ ਤੇ ਖਿਡਾਰੀਆਂ ਨੂੰ ਨਵੀਂ ਤੋਂ ਨਵੀਂ ਤਕਨੀਕ ਦੇ ਨਾਲ ਜਾਣੂ ਕਰਵਾਇਆ ਜਾਵੇ ਅਤੇ ਮੁਹਈਆ ਕਰਵਾਈ ਜਾਵੇ ਤਾਂ ਜੋ ਉਹਨਾਂ ਦੀ ਖੇਡ ਦੇ ਵਿੱਚ ਨਿਖਾਰ ਆ ਸਕੇ ਅਤੇ ਉਹ ਉੱਚ ਪੱਧਰੀ ਮੁਕਾਬਲਿਆਂ ਵਿੱਚ ਵਧੀਆ ਪ੍ਰਦਰਸ਼ਨ ਕਰ ਸਕਣ। ਉਹਨਾਂ ਦੱਸਿਆ ਕਿ ਖਿਡਾਰੀਆਂ ਨੂੰ ਵਧੀਆ ਟਰੇਨਿੰਗ ਮੁਹੱਈਆ ਕਰਾਉਣ ਲਈ ਹਰਿਆਣਾ ਰਾਜ ਤੋਂ ਨੈਸ਼ਨਲ ਲੈਵਲ ਕ੍ਰਿਕਟ ਪਲੇਅਰ ਅਤੇ ਕੋਚ ਪੰਕਜ ਨੂੰ ਨਿਯੁਕਤ ਕੀਤਾ ਗਿਆ ਹੈ। ਚੇਅਰਮੈਨ ਤਰਲੋਚਨ ਸਿੰਘ ਨੇ ਪ੍ਰੈਸ ਵਾਰਤਾ ਦੌਰਾਨ ਕਿਹਾ ਕਿ ਬੀਤੇ ਸਮੇਂ ਦੌਰਾਨ ਸੀ.ਬੀ.ਐਸ.ਈ ਅਤੇ ਪੰਜਾਬ ਸਕੂਲ ਖੇਡ ਵਿਭਾਗ ਵੱਲੋਂ ਬਹੁਤ ਸਾਰੀਆਂ ਵੱਡੀਆਂ ਚੈਂਪੀਅਨਸ਼ਿਪ ਇਸ ਸਕੂਲ 'ਚ ਆਯੋਜਿਤ ਕੀਤੀਆਂ ਜਾ ਚੁੱਕੀਆਂ ਹਨ। ਇਹਨਾਂ ਵਿੱਚ ਸੀਬੀਐਸਈ ਨੌਰਥ ਜ਼ੋਨ, ਕਲੱਸਟਰ ਅਤੇ ਪੰਜਾਬ ਬੋਰਡ ਜ਼ੋਨਲ ਅਤੇ ਸਟੇਟ ਲੈਵਲ ਕੰਪੀਟੀਸ਼ਨ ਸ਼ਾਮਿਲ ਹਨ।ਇਸ ਮੌਕੇ ਸੰਸਥਾ ਦੇ ਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਰਿਸੋਰਸ ਕੋਆਰਡੀਨੇਟਰ ਬਿਕਰਮਜੀਤ ਸਿੰਘ ਭੇਲਾ, ਸੰਜੀਵ ਕੁਮਾਰ ਸ਼ਰਮਾ, ਜਗਬੰਧਨ ਸਿੰਘ, ਅਮਰਜੀਤ ਕੌਰ ਸੈਣੀ, ਵਿਸ਼ਾਲੀ, ਵਿਨੇ, ਸ਼ਿਲਪਾ, ਅੰਕਿਤਾ, ਆਚਲ, ਡੌਲੀ, ਬਲਦੇਵ, ਸੁਸ਼ੀਲ, ਮੋਨਿਕਾ, ਗੁਰਪ੍ਰੀਤ, ਸੁਰੇਸ਼, ਰਾਜਵਿੰਦਰ, ਗੁਰਦੇਵ, ਹਰਜੀਤ ਅਤੇ ਹੋਰ ਸਟਾਫ ਮੌਜੂਦ ਸੀ।

# 'ਗਦਰ ਮੂਵਮੈਂਟ' ਪੁਸਤਕ 'ਤੇ ਵਿਚਾਰ-ਚਰਚਾ

**ਜਲੰਧਰ (ਕੇਸਰ)**- ਸੱਭਿਆਚਾਰਕ ਮੰਚ ਅਦਾਰਾ 'ਪਰਵਾਜ਼ ਪੰਜਾਬ' ਵਲੋਂ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਡਾ. ਰਾਣਾ ਪ੍ਰੀਤ ਗਿੱਲ ਦੀ ਗ਼ਦਰ ਲਹਿਰ 'ਤੇ ਅੰਗਰੇਜ਼ੀ ਵਿੱਚ ਲਿਖੀ ਪੁਸਤਕ 'ਗ਼ਦਰ ਮੂਵਮੈਂਟ' ਉੱਤੇ ਵਿਚਾਰ ਚਰਚਾ ਕਰਵਾਈ ਗਈ। ਕ੍ਰਾਂਤੀਕਾਰੀ ਕਵੀ ਦਰਸ਼ਨ ਸਿੰਘ ਖਟਕੜ ਨੇ ਕਿਹਾ ਕਿ ਜਦੋਂ ਹਿੰਦੂਤਵੀ ਫਾਸ਼ੀਵਾਦੀ ਤਾਕਤਾਂ ਵਿਰੋਧੀ ਵਿਚਾਰਾਂ ਉੱਪਰ ਤਿੱਖੇ ਹਮਲੇ ਕਰ ਰਹੀਆਂ ਹਨ, ਉਸ ਸਮੇਂ ਗ਼ਦਰ ਪਾਰਟੀ ਲਹਿਰ ਬਾਰੇ ਪੁਸਤਕ ਲਿਖ ਕੇ ਪਾਠਕਾਂ ਤੱਕ ਪਹੁੰਚਦੀ ਕਰਨਾ ਸੱਚਮੁੱਚ ਹੀ ਜੁਰਅੱਤ ਵਾਲਾ ਕਾਰਜ ਹੈ। ਅਦਾਰਾ ਪਰਵਾਜ਼ ਦੇ ਕੋ-ਕਨਵੀਨਰ ਅਰਵਿੰਦਰ ਕੌਰ ਕਾਕੜਾ (ਡਾ.) ਨੇ ਕਿਹਾ ਕਿ ਪੁਸਤਕ ਵਿੱਚ ਨਾਵਲ ਵਰਗੀ ਰੌਚਕਤਾ ਹੈ। ਇਹ ਪੁਸਤਕ ਵੱਡਾ ਉਪਰਾਲਾ ਹੈ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਅਜਮੇਰ ਸਿੰਘ ਸਮਰਾ,



ਪ੍ਰਸਿੱਧ ਕਹਾਣੀਕਾਰ ਅਜਮੇਰ ਸਿੱਧੂ ਨੇ ਸ਼ਾਮਲ ਸ਼ਖ਼ਸੀਅਤਾਂ ਨੂੰ ਜੀ ਆਇਆਂ ਕਿਹਾ। ਵਿਚਾਰ ਚਰਚਾ ਦੇ ਮੁੱਖ ਬੁਲਾਰੇ ਲੇਖਕ ਅਤੇ ਅਲੋਚਕ ਹਰਵਿੰਦਰ ਭੰਡਾਲ ਨੇ ਇਸ ਪੁਸਤਕ ਬਾਰੇ ਲਿਖਿਆ ਪਰਚਾ ਪੜ੍ਹਦਿਆਂ ਕਿਹਾ ਕਿ ਡਾਕਟਰ ਪ੍ਰੀਤ ਰਾਣਾ ਗਿੱਲ ਭਾਵੇਂ ਇਤਿਹਾਸ ਦੀ ਵਿਦਿਆਰਥਣ ਨਹੀਂ ਹੈ ਪਰ ਫਿਰ ਵੀ ਉਸ ਨੇ ਇਤਿਹਾਸਕ ਵਿਸ਼ੇ ਨੂੰ ਹੱਥ ਪਾ ਕੇ 'ਗਦਰ ਮੂਵਮੈਂਟ' ਪੁਸਤਕ ਦਾ ਕਾਰਜ ਸਿਰੇ ਚਾੜ੍ਹਿਆ ਹੈ। ਇਸਦੀ ਸਫ਼ਲਤਾ ਲਈ ਉਹ ਵਧਾਈ ਦੀ ਹੱਕਦਾਰ ਹੈ। ਇਸ ਮੌਕੇ ਇਤਿਹਾਸਕਾਰ ਚਰੰਜੀ ਲਾਲ ਕੰਗਣੀਵਾਲ ਅਤੇ ਲੇਖਕ ਵਿਜੇ ਬੰਬੇਲੀ ਨੇ ਕਿਹਾ ਕਿ ਭਾਵੇਂ ਇਸ ਪੁਸਤਕ ਵਿਚ ਕੁਝ ਊਣਤਾਈਆਂ ਰਹਿ ਗਈਆਂ ਹਨ ਪਰ ਫੇਰ ਵੀ ਇਹ ਇਕ ਸਫ਼ਲ ਉੱਦਮ ਹੈ। ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਨੇ ਵੀ ਵਿਚਾਰ ਪੇਸ਼ ਕੀਤੇ। ਇਸ ਮੌਕੇ 'ਗਦਰ ਮੂਵਮੈਂਟ' ਪੁਸਤਕ ਦੀ ਲੇਖਕਾ ਡਾ. ਰਾਣਾ ਪ੍ਰੀਤ ਗਿੱਲ ਨੇ ਇਹ ਪੁਸਤਕ ਲਿਖਣ ਦੇ ਆਏ ਵਿਚਾਰ ਤੋਂ ਲੈ ਕੇ ਇਸ ਦੇ ਛੱਪਣ ਤੱਕ ਦੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਪੁਸਤਕ 'ਤੇ ਵਿਚਾਰ ਚਰਚਾ ਕਰਨ ਲਈ ਅਦਾਰਾ ਪਰਵਾਜ਼ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦਾ ਧੰਨਵਾਦ ਕੀਤਾ। ਇਸ ਮੌਕੇ ਅਮਰਜੀਤ ਕੌਰ ਭਾਮ, ਸਵਰਨ ਧਾਰੀਵਾਲ, ਬਲਵੀਰ ਕੁਮਾਰ ਨਵਾਂਸ਼ਹਿਰ ਅਤੇ ਸਰਗਮ ਨੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਮੰਚ ਸੰਚਾਲਨ ਮੈਡਮ ਬਲਜੀਤ ਕੌਰ ਨੇ ਕੀਤਾ। ਅੰਤ ਵਿਚ ਅਦਾਰਾ ਪਰਵਾਜ਼ ਵਲੋਂ ਜਸਬੀਰ ਦੀਪ ਨੇ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

# ਭਾਰਤ ਵਿਕਾਸ ਪ੍ਰੀਸ਼ਦ ਨੇ ਵੰਡੇ ਤੁਲਸੀ ਦੇ 101 ਪੌਦੇ




**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਭਾਰਤ ਵਿਕਾਸ ਪ੍ਰੀਸ਼ਦ ਡੇਰਾਬੱਸੀ ਵੱਲੋਂ ਸ਼ਨੀਵਾਰ ਨੂੰ ਹਨੂੰਮਾਨ ਮੰਦਰ ਸ਼ਕਤੀ ਨਗਰ ਡੇਰਾਬੱਸੀ ਵਿਖੇ 101 ਤੁਲਸੀ ਦੇ ਪੌਦੇ ਵੰਡੇ ਗਏ। ਤੁਲਸੀ ਦੇ ਪੌਦੇ ਦੇ ਨਾਲ ਨਾਲ ਲੋਕਾਂ ਨੂੰ ਇਸ ਦੇ ਗੁਣਾਂ ਤੋਂ ਵੀ ਜਾਣੂੰ ਕਰਵਾਇਆ ਗਿਆ।ਪ੍ਰੀਸ਼ਦ ਦੇ ਸਾਬਕਾ ਪ੍ਰਧਾਨ ਪਰਮਜੀਤ ਰੰਮੀ ਸੈਣੀ ਅਤੇ ਜਰਨਲ ਸਕੱਤਰ ਹਤਿੰਦਰ ਮੋਹਨ ਸ਼ਰਮਾ ਨੇ ਕਿਹਾ ਕਿ ਜਿਥੇ ਤੁਲਸੀ ਦਾ ਪੌਦਾ ਹਵਾ ਨੂੰ ਸ਼ੁੱਧ ਕਰਦਾ ਹੈ, ਉਥੇ ਇਸਦਾ ਹਿੰਦੂ ਧਰਮ ਵਿੱਚ ਬਹੁਤ ਮੱਹਤਵ ਹੈ। ਘਰ ਵਿੱਚ ਤੁਲਸੀ ਦੇ ਪੌਦੇ ਤੋਂ ਬਿਨਾਂ ਹਿੰਦੂ ਘਰ ਅਧੂਰਾ ਮੰਨਿਆ ਜਾਂਦਾ ਹੈ। ਤੁਲਸੀ ਤੋਂ ਬਿਨਾਂ ਭਗਵਾਨ ਵਿਸ਼ਨੂੰ ਅਤੇ ਕ੍ਰਿਸ਼ਨ ਦੀ ਪੂਜਾ ਅਧੂਰੀ ਹੈ। । ਭਗਵਾਨ ਹਨੂਮਾਨ ਜੀ ਨੂੰ ਤੁਲਸੀ ਦਾ ਭੋਗ ਲਗਾਇਆ ਜਾਂਦਾ ਹੈ । ਤੁਲਸੀ ਦੇ ਪੌਦੇ ਤੋਂ ਕਈ ਪ੍ਰਕਾਰ ਦੀਆਂ ਦਵਾਈਆਂ ਵੀ ਬਣਾਈਆਂ ਜਾਂਦੀਆਂ ਹਨ। ਸਾਨੂੰ ਘਰ ਵਿੱਚ ਇੱਕ ਤੁਲਸੀ ਦਾ ਪੌਦਾ ਜਰੂਰ ਲਗਾਉਣਾ ਚਾਹੀਦਾ ਹੈ । ਪ੍ਰੀਸ਼ਦ ਵੱਲੋਂ ਮੰਦਰ ਵਿੱਚ ਕੀਰਤਨ ਤੋਂ ਬਾਅਦ ਸ਼ਰਧਾਲੂਆਂ ਨੂੰ ਪ੍ਰਸ਼ਾਦ ਦੇ ਤੌਰ 'ਤੇ ਤੁਲਸੀ ਦੇ ਪੌਦੇ ਵੰਡੇ ਗਏ। ਭਾਰਤ ਵਿਕਾਸ ਪ੍ਰੀਸ਼ਦ ਦੇ ਸਟੇਟ ਰੀਜਨਲ ਜੁਆਇੰਟ ਸੈਕਟਰੀ ਸੋਮਨਾਥ ਸ਼ਰਮਾ ਨੇ ਦੱਸਿਆ ਹੈ ਕੀ ਇਸ ਵਾਰ ਡੇਰਾਬੱਸੀ ਬ੍ਰਾਂਚ ਵੱਲੋਂ 2100 ਤੁਲਸੀ ਦੇ ਪੌਦੇ ਵੰਡਣ ਦਾ ਟੀਚਾ ਰੱਖਿਆ ਗਿਆ ਹੈ। ਜਿਸ ਨੂੰ ਆਉਣ ਵਾਲੇ ਕੁਝ ਦਿਨਾਂ ਵਿੱਚ ਪੂਰਾ ਕਰ ਲਿਆ ਜਾਵੇਗਾ। ਇਸ ਮੌਕੇ ਪ੍ਰੀਸ਼ਦ ਦੇ ਪ੍ਰਧਾਨ ਸੁਰਿੰਦਰ ਅਰੋੜਾ, ਜਰਨਲ ਸਕੱਤਰ ਹਤਿੰਦਰ ਮੋਹਨ ਸ਼ਰਮਾ, ਖਜਾਨਚੀ ਵਿਸ਼ਾਲ ਸ਼ਰਮਾ, ਪ੍ਰੋਜੈਕਟ ਚੇਅਰਮੈਨ ਨਰੇਸ਼ ਮਲਹੋਤਰਾ ਕ੍ਰਿਸ਼ਨ ਲਾਲ ਉਪਨੇਜਾ, ਰਜਨੀਸ਼ ਸ਼ਰਮਾ ਤੋਂ ਇਲਾਵਾ ਮੰਦਰ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ।

# ਪਾਣੀ ਦੀ ਨਿਕਾਸੀ ਦੇ ਪੱਕੇ ਹੱਲ ਤੱਕ ਸੰਘਰਸ਼ ਜਾਰੀ ਰਹੇਗਾ : ਅਮਰਜੀਤ ਲਾਡੀ

**ਫਿਲੌਰ (ਨਿਰਮਲ)**- ਲੋਕ ਇਨਸਾਫ਼ ਮੰਚ ਵਲੋਂ ਡੇਰਾ ਮਈਆ ਭਗਵਾਨ ਦੇ ਗੇਟ ਸਾਹਮਣੇ ਪੈਂਦੇ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਬੀ ਡੀ ਪੀ ਓ ਦਫਤਰ ਫਿਲੌਰ ਸਾਹਮਣੇ ਪੱਕਾ ਧਰਨਾ ਪੰਜਵੇਂ ਦਿਨ ਵਿੱਚ ਸ਼ਾਮਿਲ ਹੋ ਗਿਆ। ਵੱਖ ਵੱਖ ਧਾਰਮਿਕ ਸੰਸਥਾਵਾਂ ਭਰਾਤਰੀ ਜਥੇਬੰਦੀਆਂ, ਕਲੱਬਾਂ, ਪੰਚਾਇਤਾਂ ਦੇ ਆਗੂਆਂ ਵਲੋਂ ਪੱਕੇ ਧਰਨੇ ਦੀ ਹਿਮਾਇਤ ਦਾ ਐਲਾਨ ਕੀਤਾ ਗਿਆ। ਇਸ ਮੌਕੇ ਹਿਮਾਇਤ ਕਰਨ ਵਾਲੀਆਂ ਧਾਰਮਿਕ ਸੰਸਥਾਵਾਂ ਦੇ ਮੁਖੀ ਜਿਹਨਾਂ ਵਿਚ ਸ਼ੰਭੂ ਡੇਰਾ ਮਈਆ ਭਗਵਾਨ ਫਿਲੌਰ, ਬਾਬਾ ਬਿੱਲੈ ਸ਼ਾਹ ਦਰਬਾਰ ਪਿੰਡ ਕਰੀਹਾ, ਬਾਬਾ ਗਿਆਨ ਚੰਦ ਇੱਛਾਧਾਰੀ ਦਰਬਾਰ ਮੁਕੰਦਪੁਰ, ਬਾਬਾ ਰਣਜੀਤ ਕੌਰ ਦਰਬਾਰ ਮੁਕੰਦਪੁਰ, ਬੀਬੀ ਮੋਬਿਨਾ ਸਾਬਰੀ, ਤਾਜੁਦੀਨ ਡੇਰਾ ਫਿਲੌਰ, ਬੀਬੀ ਵਿਦਿਆ ਡੇਰਾ ਲੱਖ ਦਾਤਾ ਸ਼ੇਲਾਪੁਰ, ਬੀਬੀ ਸਰਬਜੀਤ ਕੌਰ ਡੇਰਾ ਗਿਆਰਵੀਂ ਪੀਰ ਫ਼ਗਵਾੜਾ, ਬੀਬੀ ਮਨਜੀਤ ਕੌਰ ਡੇਰਾ ਬਾਬਾ ਬਾਲਕ ਨਾਥ ਗੁਰਾਇਆ, ਸਾਈਂ ਕਾਲੇ ਸ਼ਾਹ ਡੇਰਾ ਗੁੱਗਾ ਜਾਹਰ ਪੀਰ ਨੰਗਲ, ਬਾਬਾ ਹਰਜਿੰਦਰ ਕੁਮਾਰ ਡੇਰਾ ਬਾਬਾ ਪੀਰ ਪਲਾਹੀ ਸ਼ਾਹ ਸਮਰਾਏ, ਬਾਬਾ ਸ਼ੌਕਤ ਅਲੀ ਹਜ਼ਰਤ ਬਲ਼ੀ ਥਲਾ, ਬਾਬਾ ਨਿਰਮਲ, ਬਬਾ ਹਰਮੇਸ਼ ਅਲੀ ਸਾਬਰੀ ਡੇਰਾ ਬਾਬਾ ਸੋਢੀ ਸ਼ਾਹ , ਬਾਬਾ ਲੱਡੂ ਡੇਰਾ ਮੇਹਰ ਅਲੀ ਲੁਧਿਆਣਾ ਤੇ ਸਾਰੀ ਸੂਫ਼ੀਆਨਾ ਦਰਗਾਹ ਪ੍ਰਬੰਧਕ ਕਮੇਟੀ ਵਲੋਂ ਧਰਨੇ ਵਿੱਚ ਹਾਜ਼ਰੀ ਲਗਵਾਈ ਗਈ। ਇਸ ਮੌਕੇ ਧਰਨੇ ਦੀ ਅਗਵਾਈ ਲੋਕ ਇਨਸਾਫ਼ ਮੰਚ ਦੇ ਪ੍ਰਧਾਨ ਜਰਨੈਲ ਫਿਲੌਰ ਨੇ ਕੀਤੀ। ਇਸ ਮੌਕੇ ਲੋਕ ਇਨਸਾਫ਼ ਮੰਚ ਦੇ ਆਗੂਆਂ ਜਰਨੈਲ ਫਿਲੌਰ, ਪ੍ਰਸ਼ੋਤਮ ਫਿਲੌਰ, ਮਾਸਟਰ ਹੰਸ ਰਾਜ, ਐਡਵੋਕੇਟ ਸੰਜੀਵ ਕੁਮਾਰ ਭੌਰਾ, ਡਾਕਟਰ ਸੰਦੀਪ ਕੁਮਾਰ, ਲਾਡੀ ਮਹਿਸਮਪੁਰ, ਡਾਕਟਰ ਅਸ਼ੋਕ ਕੁਮਾਰ, ਹਨੀ ਸੰਤੋਖਪੁਰਾ, ਰਾਮਜੀ ਦਾਸ ਗੰਨਾ ਪਿੰਡ, ਰਾਜਵਿੰਦਰ ਸਿੰਘ ਮੁਠੱਡਾ,, ਜਸਵੰਤ ਬੋਧ , ਸਰਬਜੀਤ ਸਾਬਕਾ ਸਰਪੰਚ ਰਾਮਗੜ੍ਹ, ਆਦਿ ਆਗੂਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜਦੋਂ ਤੱਕ ਮਸਲਾ ਹੱਲ ਨਹੀਂ ਹੁੰਦਾ ਇਹ ਧਰਨਾ ਪੱਕੇ ਤੌਰ 'ਤੇ ਚਲਦਾ ਰਹੇਗਾ ਅਤੇ 15 ਜੁਲਾਈ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਵੱਡਾ ਇਕੱਠ ਕੀਤਾ ਜਾਵੇਗਾ।

# ਸ਼੍ਰੋਮਣੀ ਅਕਾਲੀ ਦਲ ਦੀ ਪੁਨਰ-ਸੁਰਜੀਤੀ ਲਈ ਪੰਜ ਮੈਂਬਰੀ ਕਮੇਟੀ ਵੱਲੋਂ ਭਰਤੀ ਸੰਬੰਧੀ ਮੀਟਿੰਗ

**ਮਹਿਤਪੁਰ (ਰਾਜਾ)**- ਪਿੰਡ ਢੰਡੋਵਾਲ ਹਲਕਾ ਸ਼ਾਹਕੋਟ ਵਿਖੇ ਅਹੁਦੇਦਾਰ, ਵਰਕਰ ਸਾਹਿਬਾਨ ਅਤੇ ਪਿੰਡ ਵਾਸੀਆਂ, ਸਮੂਹ ਸਾਧ ਸੰਗਤ ਨਾਲ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਪੰਜ ਮੈਂਬਰੀ ਕਮੇਟੀ ਵੱਲੋਂ ਹੋ ਰਹੀ ਭਰਤੀ ਸੰਬੰਧੀ ਮੀਟਿੰਗ ਪੰਜਾਬ ਦੀ ਬਿਹਤਰੀ ਲਈ ਅਕਾਲੀ ਦਲ ਦਾ ਮਜ਼ਬੂਤ ਹੋਣਾ ਬਹੁਤ ਹੀ ਜ਼ਰੂਰੀ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸਰਜੀਤੀ ਲਈ ਪੰਜ ਮੈਂਬਰੀ ਕਮੇਟੀ ਦੇ ਸਰਗਰਮ ਅਤੇ ਸੀਨੀਅਰ ਮੈਂਬਰ ਹਲਕਾ ਨਕੋਦਰ ਤੋਂ ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਦੇ ਹੱਕ ਵਿੱਚ ਹਲਕਾ ਸ਼ਾਹਕੋਟ ਦੇ ਅਧੀਨ ਆਉਂਦੇ ਪਿੰਡ ਢੰਡੋਵਾਲ ਵਿਖੇ ਜਥੇਦਾਰ ਬਲਵਿੰਦਰ ਸਿੰਘ ਢੰਡੋਵਾਲ ਦੇ ਗ੍ਰਹਿ ਵਿਖੇ ਸੰਗਤਾਂ ਦਾ ਇਕੱਠ ਹੋਇਆ ਅਤੇ ਸਵਰਗਵਾਸੀ ਜਥੇਦਾਰ ਬਲਦੇਵ ਸਿੰਘ ਚੱਠਾ ਢੰਡੋਵਾਲ ਦੀਆਂ ਪੰਜਾਬ ਪ੍ਰਤੀ, ਖਾਸ ਤੌਰ 'ਤੇ ਪਿੰਡ ਪ੍ਰਤੀ ਅਤੇ ਪਾਰਟੀ ਪ੍ਰਤੀ ਕੀਤੀਆਂ ਹੋਈਆਂ ਸੇਵਾਵਾਂ ਨੂੰ ਵੀ ਯਾਦ ਕੀਤਾ ਗਿਆ। ਇਸ ਮੀਟਿੰਗ ਦੌਰਾਨ ਜਥੇਦਾਰ ਵਡਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਕਾਲੀ ਦਲ ਦੀ ਮਜ਼ਬੂਤੀ ਲਈ ਜੋ ਵੀ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਹੁਕਮ ਹੋਇਆ ਹੈ ਉਸ ਹੁਕਮ ਅਨੁਸਾਰ ਹੀ ਭਰਤੀ ਚੱਲ ਰਹੀ ਹੈ। ਉਹਨਾਂ ਕਿਹਾ ਕਿ ਪੰਜਾਬ ਦੀ ਬਿਹਤਰੀ ਲਈ ਅਕਾਲੀ ਦਲ ਦਾ ਮਜ਼ਬੂਤ ਹੋਣਾ ਬਹੁਤ ਹੀ ਜ਼ਰੂਰੀ ਹੈ ਅਤੇ ਇਸ ਲਈ ਨੌਜਵਾਨਾਂ ਨੂੰ ਖਾਸ ਤੌਰ ਤੇ ਅਤੇ ਬੀਬੀਆਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਹੈ। ਸ਼ਾਹਕੋਟ



ਹਲਕਾ ਬਹੁਤ ਹੀ ਵਧੀਆ ਹਲਕਾ ਹੈ ਅਤੇ ਇਸ ਵਿੱਚ ਮੰਡਿਆਲਾ ਪਿੰਡ ਅਤੇ ਹੋਰ ਵੀ ਵੱਡੇ ਛੋਟੇ ਪਿੰਡ ਪੰਥਕ ਹਨ। ਇਸੇ ਤਰ੍ਹਾਂ ਹਰ ਪਿੰਡ ਸ਼ਹਿਰ ਵਿੱਚ ਮੀਟਿੰਗਾਂ ਚੱਲ ਰਹੀਆਂ ਹਨ। ਬਹੁਤ ਹੀ ਭਾਰੀ ਉਤਸ਼ਾਹ ਸੰਗਤਾਂ ਵਿੱਚ ਹੈ। ਇਸ ਮੌਕੇ ਹਲਕਾ ਸ਼ਾਹਕੋਟ ਦੀਆਂ ਸੰਗਤਾਂ ਵੱਲੋਂ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਦਾ ਸਿਰੋਪਾਓ ਦੇ ਕੇ ਸਨਮਾਨਤ ਵੀ ਕੀਤਾ ਗਿਆ। ਇਸ ਵਿੱਚ ਮੁੱਖ ਤੌਰ ਤੇ ਸਾਬਕਾ ਮੰਤਰੀ ਬ੍ਰਿੱਜ ਭੁਪਿੰਦਰ ਸਿੰਘ ਕੰਗ ਲਾਲੀ, ਜਥੇਦਾਰ ਸੁਖਵੰਤ ਸਿੰਘ ਰੌਲੀ, ਜਥੇਦਾਰ ਉਧਮ ਸਿੰਘ ਔਲਖ ਅਤੇ ਅਮਰੀਕ ਸਿੰਘ ਪਰਜੀਆਂ, ਜਥੇਦਾਰ ਲਸ਼ਕਰ ਸਿੰਘ ਰਹੀਮਪੁਰ, ਜਥੇਦਾਰ ਬਲਵਿੰਦਰ ਸਿੰਘ ਆਲੇਵਾਲੀ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਸੁਰਜੀਤ ਸਿੰਘ ਢੰਡੋਵਾਲ, ਰਸ਼ਪਾਲ ਸਿੰਘ ਪੰਨੂ, ਜਸਬੀਰ ਸਿੰਘ ਭਦਮਾ, ਰਜਿੰਦਰ ਸਿੰਘ ਦਾਨੇਵਾਲ, ਹਰਭਜਨ ਸਿੰਘ ਪਰਜੀਆਂ, ਸੁਖਵਿੰਦਰ ਸਿੰਘ, ਤਰਲੋਕ ਸਿੰਘ ਮਾਲੋਵਾਲ, ਗੁਰਵਿੰਦਰ ਸਿੰਘ ਮਾਲੋਵਾਲ, ਪਰਮਜੀਤ ਸਿੰਘ ਹਰੀਪੁਰ, ਮੰਗਲ ਸਿੰਘ ਰਾਏਪੁਰ ਅਰਾਈਆਂ, ਮੇਜਰ ਸਿੰਘ ਮੰਡਿਆਲਾ, ਬਲਵਿੰਦਰ ਸਿੰਘ ਸਾਬਕਾ ਸਰਪੰਚ ਅਵਾਨ ਖਾਲਸਾ, ਬਲਜੀਤ ਸਿੰਘ ਉਮਰੇਵਾਲ, ਨਿਰਮਲ ਸਿੰਘ ਮਹੇੜੂ, ਗੁਰਵਿੰਦਰ ਸਿੰਘ ਉਮਰਵਾਲ ਬਿੱਲੇ, ਪਾਲ ਸਿੰਘ ਸਾਬਕਾ ਸਰਪੰਚ ਗੋਬਿੰਦ ਨਗਰ, ਰਸ਼ਪਾਲ ਸਿੰਘ ਪੰਨੂ ਤੰਦਾਊਰਾ, ਜਸਵਿੰਦਰ ਸਿੰਘ ਰੌਲੀ, ਬਲਵਿੰਦਰ ਸਿੰਘ ਬੂੜੀ ਪਿੰਡ, ਗੁਲਜਾਰ ਸੁਰਜੀਤ ਸਾਬਕਾ ਸਰਪੰਚ, ਦਲਵੀਰ ਸਿੰਘ, ਪਾਲ ਸਿੰਘ ਸਾਬਕਾ ਪੰਚ, ਬੂਟਾ ਸਿੰਘ ਪ੍ਰਧਾਨ ਗੁਰਦੁਆਰਾ ਸਿੰਘ ਸਭਾ ਢੰਡੋਵਾਲ, ਲੱਖਾ ਸਿੰਘ, ਗੁਰਦੇਵ ਸਿੰਘ, ਬਿੰਦਰ ਸਿੰਘ, ਕੁਲਬੀਰ ਸਿੰਘ ਚੱਠਾ ਯੂਕੇ ਢੰਡੋਵਾਲ, ਲਹਿੰਬਰ ਭਲਵਾਨ ਨਵਾਂ ਪਿੰਡ, ਲਾਡੀ ਭਲਵਾਨ ਸ਼ਾਹਕੋਟ, ਜੱਸਾ ਸਿੰਘ ਢੰਡੋਵਾਲ, ਕੁਲਦੀਪ ਸਿੰਘ ਸਮਰਾ ਮਹਿਤਪੁਰ, ਬਲਵੀਰ ਸਿੰਘ ਮਹਿਤਪੁਰ, ਨਛੱਤਰ ਸਿੰਘ ਸਾਬਕਾ ਸਰਪੰਚ ਵੇਰਾਂ ਅਤੇ ਜਥੇਦਾਰ ਹਰਭਜਨ ਸਿੰਘ ਹੁੰਦਲ, ਜਥੇਦਾਰ ਹਰਿੰਦਰ ਸਿੰਘ ਸਰੀਂਹ, ਜਥੇਦਾਰ ਸੁਰਜੀਤ ਸਿੰਘ ਕਲੇਰ, ਗੁਰਜੀਤ ਸਿੰਘ ਸ਼ਾਹਕੋਟ, ਪੰਮਾ ਸ਼ਾਹਕੋਟ ਅਤੇ ਆਦਿ ਪਿੰਡਾਂ ਤੋਂ ਸੰਗਤਾਂ ਹਾਜ਼ਰ ਸਨ।

# ਪੰਜਾਬ ਸਰਕਾਰ ਨੇ ਬੰਗਾ 'ਚ ਲਾਇਆ ਕਿਸਾਨ ਮੇਲਾ

**ਬੰਗਾ (ਅਵਤਾਰ ਕਲੇਰ)**- ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਆਧੁਨਿਕ ਖੇਤੀ ਜਾਣਕਾਰੀ ਅਤੇ ਤਕਨੀਕ ਤੋਂ ਜਾਣੂ ਕਰਵਾਉਣ ਲਈ ਸੂਬੇ ਭਰ ਵਿੱਚ ਲਾਏ ਜਾ ਰਹੇ ਕਿਸਾਨ ਮੇਲਿਆਂ ਦੀ ਲੜੀ ਤਹਿਤ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਅਤੇ ਜਿਲ੍ਹਾ ਪ੍ਰਸ਼ਾਸਨ ਵੱਲੋਂ ਅੱਜ ਇਥੇ ਜ਼ਿਲ੍ਹਾ ਪੱਧਰੀ ਕਿਸਾਨ ਮੇਲੇ ਵਿੱਚ ਸਾਉਣੀ ਦੀਆਂ ਫਸਲਾਂ, ਕੁਦਰਤੀ ਸਰੋਤਾਂ ਦੀ ਸੰਭਾਲ, ਆਧੁਨਿਕ ਖੇਤੀ ਦੀਆਂ ਸੰਭਾਵਨਾਵਾਂ, ਜੈਵਿਕ ਖੇਤੀ ਦੇ ਨਾਲ-ਨਾਲ ਫਸਲਾਂ ਦੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧਨ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਗਈ । ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਸਾਨ ਮੇਲੇ ਦਾ ਉਦਘਾਟਨ ਕਰਦਿਆਂ ਕਿਹਾ ਕਿ ਮੌਜੂਦਾ ਸਮੇਂ ਕੁਦਰਤੀ ਸਰੋਤਾਂ ਦੀ ਸੰਭਾਲ ਨੂੰ ਤਰਜੀਹ ਦੇ ਕੇ ਆਧੁਨਿਕ ਖੇਤੀ ਤਕਨੀਕਾਂ ਨੂੰ ਅਪਣਾਉਣਾ ਸਮੇਂ ਦੀ ਮੁੱਖ ਮੰਗ ਹੈ ।ਉਨ੍ਹਾਂ ਕਿਹਾ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸਮੇਂ-ਸਮੇਂ ਸਿਰ ਕਿਸਾਨਾਂ ਦੀ ਸਹੂਲਤ ਲਈ ਵੱਖ-ਵੱਖ ਸਕੀਮਾਂ ਸ਼ੁਰੂ ਕਰਨ ਤੋਂ ਇਲਾਵਾ ਫਸਲਾਂ ਦੀਆਂ ਕਿਸਮਾਂ ਤੇ ਬੀਜਾਂ ਬਾਰੇ ਅਹਿਮ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਸਿਰਫ ਖੇਤੀਬਾੜੀ ਵਿਭਾਗ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਰਾਂ ਵੱਲੋਂ ਸਿਫਾਰਸ਼ ਕੀਤੇ ਬੀਜ, ਖਾਦ ਅਤੇ ਕੀਟਨਾਸ਼ਕਾਂ ਦੀ ਹੀ ਵਰਤੋਂ ਕੀਤੀ ਜਾਵੇ । ਮੇਲੇ ਦੀ ਰਸਮੀ ਸ਼ੁਰੂਆਤ ਕਰਨ ਉਪਰੰਤ ਡਿਪਟੀ ਕਮਿਸ਼ਨਰ ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਅਤੇ ਵੱਖ-ਵੱਖ ਥਾਵਾਂ ਤੋਂ ਆਏ ਕਿਸਾਨਾਂ ਸਮੇਤ ਸਟਾਲ ਅਤੇ ਪ੍ਰਦਰਸ਼ਨੀਆਂ ਦਾ ਵੀ ਜਾਇਜ਼ਾ ਲਿਆ । ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਹਾ ਕਿ ਮੇਲੇ ਵਿੱਚ ਜੈਵਿਕ ਖੇਤੀ, ਫਸਲਾਂ ਦੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧਨ, ਸੈਲਫ ਹੈਲਪ ਗਰੁੱਪਾਂ ਅਤੇ ਅਗਾਂਹਵਧੂ ਕਿਸਾਨਾਂ ਵੱਲੋਂ ਵੱਖ-ਵੱਖ ਸਟਾਲ ਅਤੇ ਪ੍ਰਦਰਸ਼ਨੀਆਂ ਖਿੱਚ ਦਾ ਕੇਂਦਰ ਰਹੀਆਂ । ਉਨ੍ਹਾਂ ਦੱਸਿਆ ਕਿ ਸਾਉਣੀ



2025 ਦੌਰਾਨ ਜ਼ਿਲ੍ਹੇ ਵਿੱਚ ਮੱਕੀ ਦੀ ਫਸਲ ਹੇਠ 9000 ਹੈਕਟੇਅਰ, ਝੋਨੇ ਦੀ ਬਿਜਾਈ ਹੇਠ 61000 ਹੈਕਟੇਅਰ, ਗੰਨੇ ਲਈ 6000 ਹੈਕਟੇਅਰ, ਦਾਲਾਂ ਦੀ ਕਾਸ਼ਤ ਲਈ 220 ਹੈਕਟੇਅਰ ਰਕਬਾ ਲਿਆਉਣ ਦਾ ਟੀਚਾ ਰੱਖਿਆ ਗਿਆ ਹੈ । ਖੇਤੀਬਾੜੀ ਵਿਭਾਗ ਦੇ ਜੁਆਇੰਟ ਡਾਇਰੈਕਟਰ ਇੰਜੀਨੀਅਰ ਜਗਦੀਸ਼ ਸਿੰਘ ਨੇ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਦਾ ਖੇਤਾਂ ਵਿੱਚ ਸੁਚੱਜਾ ਪ੍ਰਬੰਧਨ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। । ਮੁੱਖ ਖੇਤੀਬਾੜੀ ਅਫਸਰ ਡਾ. ਰਾਕੇਸ਼ ਕੁਮਾਰ ਸ਼ਰਮਾ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਮਿਆਰੀ ਬੀਜਾਂ, ਖਾਦਾਂ ਅਤੇ ਕੀਟਨਾਸ਼ਕਾਂ ਦੀ ਹੀ ਵਰਤੋਂ ਕੀਤੀ ਜਾਵੇ । ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਰਾਲੀ ਦੇ ਪ੍ਰਬੰਧਨ ਲਈ ਸੀ.ਆਰ.ਐਮ. ਸਕੀਮ ਤਹਿਤ ਸਾਲ 2024-25 ਦੌਰਾਨ ਵੱਖ-ਵੱਖ ਮਸ਼ੀਨਰੀ ਸਬਸਿਡੀ ਉੱਤੇ ਦੇਣ ਲਈ ਆਨਲਾਈਨ ਪੋਰਟਲ ਰਾਹੀਂ 239 ਮਸ਼ੀਨਾਂ ਦੀ ਬਣਦੀ 4,15,74,800 ਰੁਪਏ ਦੀ ਰਾਸ਼ੀ ਸਿੱਧੀ ਕਿਸਾਨਾਂ ਦੇ ਖਾਤਿਆਂ ਵਿੱਚ ਟਰਾਂਸਫਰ ਕੀਤੀ ਗਈ । ਸਬ-ਮਿਸ਼ਨ ਆਨ ਐਗਰੀਕਲਚਰਲ ਮੈਕੇਨਾਈਜ਼ੇਸ਼ਨ (ਸਮੈਮ) ਇਸ ਸਕੀਮ ਅਧੀਨ ਸਾਲ 2024-25 ਦੌਰਾਨ ਜ਼ਿਲ੍ਹੇ ਦੀਆਂ ਪ੍ਰਾਪਤ ਅਰਜੀਆਂ ਅਤੇ ਟੀਚੇ ਅਨੁਸਾਰ ਕੁੱਲ 29 ਮਸ਼ੀਨਾਂ ਨੂੰ ਸਬਸਿਡੀ ਮੁਹੱਈਆ ਕਰਵਾ ਦਿੱਤੀ ਗਈ, ਜਿਸ ਦੀ ਕੁੱਲ ਰਾਸ਼ੀ 59,99,500 ਰੁਪਏ ਕਿਸਾਨਾਂ ਦੇ ਖਾਤੇ ਵਿੱਚ ਡੀ.ਬੀ.ਟੀ ਰਾਹੀ ਟਰਾਂਸਫਰ ਕਰ ਦਿੱਤੇ ਗਏ ਹਨ। ਮੇਲੇ ਦੌਰਾਨ ਪੰਜਾਬ ਜਲ ਸਰੋਤ ਪ੍ਰਬੰਧਨ ਵਿਕਾਸ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਕੁਲਜੀਤ ਸਿੰਘ ਸਰਹਾਲ, ਆਮ ਆਦਮੀ ਪਾਰਟੀ ਦੀ ਸੀਨੀਅਰ ਆਗੂ ਹਰਜੋਤ ਕੌਰ ਲੋਹਟੀਆ, ਸਤਨਾਮ ਸਿੰਘ ਜਲਵਾਹਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਅਤੇ ਸੋਹਨ ਲਾਲ ਢਾਂਡਾ ਨੇ ਕਿਸਾਨਾਂ ਨੂੰ ਸੰਬੋਧਨ ਕਰਦੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਖੇਤੀ ਖੇਤਰ ਵਿੱਚ ਲੋੜੀਂਦੇ ਸੁਧਾਰ ਲਿਆਂਦੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਚਾਲੂ ਵਿਤੀ ਸਾਲ ਦੌਰਾਨ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਲਈ 14524 ਕਰੋੜ ਰੁਪਏ ਦੀ ਬਜਟ ਵਿਵਸ਼ਥਾ ਕੀਤੀ ਹੈ ਜਿਸ ਵਿੱਚ ਪਿਛਲੇ ਸਾਲ ਨਾਲੋਂ 5 ਫੀਸਦੀ ਦਾ ਇਜਾਫਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਬਿਜਾਈ ਕਰਨ ਤੋਂ ਪਹਿਲਾਂ ਜ਼ਿਲ੍ਹੇ ਦੇ ਖੇਤੀ ਮਾਹਰਾਂ ਤੋਂ ਸੇਧ ਲੈਣੀ ਚਾਹੀਦੀ ਹੈ ਤਾਂ ਜੋ ਫਸਲਾਂ ਤੋਂ ਵੱਧ ਤੋਂ ਵੱਧ ਮੁਨਾਫਾ ਲਿਆ ਜਾ ਸਕੇ। ਇਸ ਤੋਂ ਇਲਾਵਾ ਡਾ.ਰਜੇਸ਼ ਕੁਮਾਰ ਬਾਗਬਾਨੀ ਵਿਭਾਗ, ਪਸ਼ੂ ਪਾਲਣ ਵਿਭਾਗ, ਪੰਜਾਬ ਨੈਸ਼ਨਲ ਬੈਂਕ ਦੇ ਮਾਹਰਾਂ ਵਲੋਂ ਆਪਣੇ ਆਪਣੇ ਵਿਭਾਗ ਦੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਡਾ. ਕੁਲਵਿੰਦਰ ਕੌਰ ਏ.ਓ. ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਇਸ ਮੌਕੇ ਡਾ. ਰਾਜ ਕੁਮਾਰ ਏ.ਓ. ਨਵਾਂਸ਼ਹਿਰ, ਡਾ.ਲਛਮਣ ਦਾਸ ਏ.ਓ. ਬੰਗਾ, ਡਾ. ਲੇਖ ਰਾਜ ਏ.ਓ. ਔੜ, ਡਾ. ਸੁਰਿੰਦਰ ਕੁਮਾਰ ਏ.ਓ., ਬਲਾਚੌਰ, ਡਾ.ਨਿਤਿਨ ਏ.ਓ. ਸੜੋਆ, ਡਾ. ਵਿਜੈ ਕੁਮਾਰ ਏ.ਡੀ.ਓ. ਡਾ.ਜਸਵਿੰਦਰ ਕੁਮਾਰ ਏ.ਡੀ.ਓ., ਇੰਜੀ:ਚੰਦਨ ਸ਼ਰਮਾ, ਅਤੇ ਡਾ. ਕਮਲਦੀਪ ਸਿੰਘ ਪ੍ਰੋਜਕੈਟ ਡਾਇਰੈਕਟਰ ਆਤਮਾ, ਡਾ.ਪਰਮਵੀਰ ਡੀ ਪੀਡ ੀ ਅਤੇ ਯੋਗੇਸ਼ ਕੁਮਾਰ ਬੱਸੀ ਹਾਜ਼ਰ ਸਨ। ਇਸ ਤੋਂ ਇਲਾਵਾ ਸਵਰਨ ਸਿੰਘ ਲਾਦੀਆਂ, ਜੁਝਾਰ ਸਿੰਘ ਕਟਾਰੀਆਂ, ਮਹਿੰਦਰ ਸਿੰਘ ਖਾਲਸਾ, ਬਲਵੀਰ ਸਿੰਘ ਭੌਰਾ, ਬਲਦੇਵ ਸਿੰਘ ਆਦਿ ਹਾਜ਼ਰ ਸਨ। ਜਿਲ੍ਹੇ ਦੇ ਵੱਖ ਵੱਖ ਹਿੱਸਿਆਂ ਤੋਂ ਆਏ 1300 ਤੋਂ ਵੱਧ ਕਿਸਾਨ ਅਤੇ ਕਿਸਾਨ ਬੀਬੀਆਂ ਨੇ ਇਸ ਕੈਂਪ ਵਿੱਚ ਭਾਗ ਲਿਆ।

## 2 ਮਹੀਨੇ ਤੋਂ ਪ੍ਰਿੰਸੀਪਲ ਦੀ ਪੋਸਟ ਖਾਲੀ

**ਫਿਲੌਰ (ਨਿਰਮਲ)**- ਸਥਾਨਿਕ ਸਕੂਲ ਆਫ ਐਮੀਨਸ ਫਿਲੌਰ ਵਿਖੇ ਪ੍ਰਿੰਸੀਪਲ ਰਾਜਵੰਤ ਸਿੰਘ 30 ਅਪ੍ਰੈਲ 2025 ਨੂੰ ਸੇਵਾ ਮੁਕਤ ਹੋ ਗਏ ਸਨ। ਇਸ ਸਕੂਲ ਵਿੱਚ ਪ੍ਰਿੰਸੀਪਲ ਦੀ ਪੋਸਟ ਪਿਛਲੇ 2 ਮਹੀਨੇ ਤੋਂ ਖਾਲ੍ਹੀ ਪਈ ਹੈ। ਹਲਕਾ ਫਿਲੌਰ ਦਾ ਇਹ ਸਕੂਲ ਸਭ ਤੋਂ ਵੱਡਾ ਸਕੂਲ ਹੈ। ਪੰਜਾਬ ਸਰਕਾਰ ਵੱਲੋਂ ਪਿਛਲੇ ਸਮੇਂ 117 ਸਕੂਲ ਐਮੀਨਸ ਬਣਾਏ ਗਏ ਸਨ, ਇਨ੍ਹਾਂ ਵਿੱਚ ਫਿਲੌਰ ਦਾ ਇਹ ਸਕੂਲ ਵੀ ਆਉਂਦਾ ਹੈ।ਬੱਚਿਆਂ ਦੇ ਮਾਪਿਆਂ ਅਤੇ ਇਲਾਕੇ ਦੇ ਪਤਵੰਤੇ ਸੱਜਣਾਂ ਨੇ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਇਸ ਸਕੂਲ ਵਿੱਚ ਬਿਨਾਂ ਕਿਸੇ ਦੇਰੀ ਪ੍ਰਿੰਸੀਪਲ ਭੇਜਿਆ ਜਾਵੇ ਤਾਂ ਜੋ ਬੱਚਿਆਂ ਦੀ ਪੜ੍ਹਾਈ 'ਤੇ ਮਾੜਾ ਅਸਰ ਨਾ ਪਵੇ।

## 'ਮੇਰੀ ਬਗੀਚੀ ਮੇਰੀ ਸ਼ਾਨ' ਤਹਿਤ ਸਰਕਾਰੀ ਹਸਪਤਾਲ 'ਚ ਬੂਟੇ ਲਾਏ

**ਮਾਹਿਲਪੁਰ (ਸ਼ਫ਼ਰੀ)**- ਵਾਤਾਵਰਨ ਸੰਤੁਲਨ ਅਤ ਸਾਫ ਸੁਥਰਾ ਅਤੇ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਪੰਜਾਬੀ ਜਾਗਰਣ ਵਲੋਂ ਚਲਾਈ ਮੁਹਿੰਮ ਮੇਰੀ ਬਗੀਚੀ ਮੇਰੀ ਸ਼ਾਨ ਤਹਿਤ ਸਰਕਾਰੀ ਹਸਪਤਾਲ ਮਾਹਿਲਪੁਰ 'ਚ ਐਸ ਐਮ ਓ ਡਾਕਟਰ ਜਸਵੰਤ ਸਿੰਘ ਥਿੰਦ ਵਲੋਂ ਸਮੂਹ ਸਟਾਫ ਦੇ ਸਹਿਯੋਗ ਨਾਲ ਹਸਪਤਾਲ ਵਿਚ ਫਲਦਾਰ ਅਤੇ ਛਾਂਦਾਰ ਬੂਟੇ ਲਾਏ। ਥਿੰਦ ਨੇ ਕਿਹਾ ਕਿ ਉਹ ਜਲਦ ਹੀ ਆਪਣੇ



ਅਧੀਨ ਪੈਂਦੀਆਂ ਡਿਸਪੈਂਸਰੀਆਂ ਵਿਚ ਮੁਹਿੰਮ ਨੂੰ ਅੱਗੇ ਵਧਾਇਆ ਜਾਵੇਗਾ। ਉਨ੍ਹਾਂ ਕਿਹਾ ਬੂਟੇ ਲਾਉਣ ਨਾਲ ਗਰਮੀ ਨੂੰ ਕੰਟਰੋਲ ਵਿੱਚ ਲਿਆਂਦਾ ਜਾ ਸਕਦਾ ਹੈ। ਉਨਾਂ ਕਿਹਾ ਕਿ ਵਾਤਵਰਨ ਸ਼ੁੱਧ ਤੇ ਸਾਫ ਰੱਖਣ ਵਿੱਚ ਬੂਟਿਆਂ ਦਾ ਬਹੁਤ ਵੱਡਾ ਯੋਗਦਾਨ ਹੈ। ਇਸ ਮੌਕੇ ਅਪਥਾਲਮਿਕ ਅਫਸਰ ਪਰਮਿੰਦਰ ਸਿੰਘ ਨੇ ਕਿਹਾ ਬੂਟੇ ਜਿਆਦਾ ਲਾਉਣ ਨਾਲ ਜਿੱਥੇ ਵਾਤਾਵਰਨ ਸ਼ੁੱਧ ਤੇ ਸਾਫ ਹੁੰਦਾ ਹੈ ਉੱਥੇ ਮਨੁੱਖ,ਜੀਵ ਜੰਤੂ ਵੀ ਤੰਦਰੁਸਤ ਅਤੇ ਨਰੋਏ ਰਹਿੰਦੇ ਹਨ। ਉਨਾਂ ਕਿਹਾ ਕਿ ਬੂਟੇ ਲਾਉਣਾ ਸਭ ਤੋਂ ਵੱਡਾ ਪੁੰਨ ਦਾ ਕੰਮ ਹੈ ।ਉਨਾਂ ਕਿਹਾ ਕਿ ਸਾਰੀਆਂ ਸੰਸਥਾਵਾਂ ਨੂੰ ਇਸ ਮੁਹਿੰਮ ਦਾ ਹਿੱਸਾ ਬਣਨਾ ਚਾਹੀਦਾ ਹੈ। ਇਸ ਮੌਕੇ ਡਾ. ਮਨਜੀਤ ਕੌਰ,ਕਮਲਜੀਤ ਕੌਰ, ਮਮਤਾ,ਪਲਵੀ ਸਮੇਤ ਸਮੂਹ ਸਟਾਫ ਹਾਜ਼ਰ ਸੀ।

# ਮਾਨ ਸਰਕਾਰ 19 ਹਜ਼ਾਰ ਕਿਲੋਮੀਟਰ ਸੜਕਾਂ ਚੌੜੀਆਂ ਕਰਨ ਲਈ ਖਰਚੇਗੀ 2872 ਕਰੋੜ ਰੁਪਏ : ਧਾਲੀਵਾਲ

## * ਵਿਧਾਇਕ ਧਾਲੀਵਾਲ ਨੇ ਹਲਕੇ 'ਚ 9.25 ਕਰੋੜ ਰੁਪਏ ਸੜਕਾਂ ਦੇ ਨਿਰਮਾਣ ਕਾਰਜਾਂ ਲਈ ਰੱਖੇ ਨੀਂਹ ਪੱਥਰ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਵਿਧਾਨ ਸਭਾ ਹਲਕਾ ਅਜਨਾਲਾ 'ਚ ਬਹੁਪੱਖੀ ਵਿਕਾਸ ਕਾਰਜਾਂ 'ਚ ਜੰਗੀ ਪੱਧਰ ਤੇ ਤੇਜ਼ੀ ਲਿਆਉਂਦਿਆਂ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸ: ਕੁਲਦੀਪ ਸਿੰਘ ਧਾਲੀਵਾਲ ਨੇ ਪਿੰਡ ਭੰਡੇਰ ਵਿਖੇ 25 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਬਣੇ ਪਸ਼ੂ ਹਸਪਤਾਲ ਦਾ ਉਦਘਾਟਨ ਕਰਨ ਤੋਂ ਇਲਾਵਾ ਕਾਮਲਪੁਰਾ ਤੋਂ ਤੇੜਾ ਕਲਾਂ ਤੱਕ ਲਿੰਕ ਸੜਕ ਨੂੰ 1 ਕਰੋੜ 34 ਲੱਖ ਰੁਪਏ ਦੀ ਲੱਗਤ ਨਾਲ 10 ਫੁੱਟ ਤੋਂ 18 ਫੁੱਟ ਚੌੜੀ ਕਰਨ, ਫਤਿਹਗੜ੍ਹ ਚੂੜੀਆਂ-ਰਮਦਾਸ ਰੋਡ ਤੋਂ ਪਿੰਡ ਬੋਹੜਵਾਲਾ ਤੱਕ 76 ਲੱਖ ਰੁਪਏ ਦੀ ਲਾਗਤ ਨਾਲ ਲਿੰਕ ਰੋਡ 10 ਫੁੱਟ ਤੋਂ 18 ਫੁੱਟ ਚੌੜਾ ਕਰਨ ਸਮੇਤ ਕੁਕੜਾਂਵਾਲਾ-ਫਤਿਹਗੜ੍ਹ ਚੂੜੀਆਂ ਰੋਡ ਖਤਰਾਏਂ ਕਲਾਂ ਤੇੜਾ ਕਲਾਂ ਤੱਕ ਸੜਕ ਨੂੰ 10 ਫੁੱਟ ਤੋਂ 18 ਫੁੱਟ ਚੌੜਾ ਕਰਨ ਅਤੇ ਪਿੰਡ ਘੁੰਮਰਾਏ ਵਿਖੇ ਸੱਕੀ ਨਾਲੇ ਉੱਪਰ ਨਵੇਂ ਪੁਲ ਦੀ ਉਸਾਰੀ ਕਰਨ ਅਤੇ ਡਿਫੈਂਸ ਲਾਈਨ ਤੱਕ 12 ਫੁੱਟ ਚੌੜੀ ਨਵੀਂ ਸੜਕ ਆਦਿ 9 ਕਰੋੜ 18 ਲੱਖ ਰੁਪਏ ਦੀ ਲਾਗਤ ਨਾਲ ਨਵ ਨਿਰਮਾਣ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖਣ ਦੀ ਅਦਾਇਗੀ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ, ਮੋਹਤਬਰਾਂ, ਸੱਤਾਧਾਰੀ ਪਾਰਟੀ ਆਗੂਆਂ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੌਜੂਦਗੀ 'ਚ ਤਾੜੀਆਂ ਤੇ ਜ਼ਿੰਦਾਬਾਦ ਨਾਅਰਿਆਂ ਦੀ ਗੂੰਜ 'ਚ ਧੂਮ ਧੜੱਕੇ ਨਾਲ ਕੀਤੀ।ਉਪਰੰਤ ਗੱਲਬਾਤ ਦੌਰਾਨ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸ: ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ



ਅਗਵਾਈ ਵਾਲੀ ਸਰਕਾਰ ਦੇ ਸੁਹਿਰਦ ਯਤਨ ਹਨ ਕਿ ਪੰਜਾਬ ਦੇ ਸਮੁੱਚੇ ਬੁਨਿਆਦੀ ਢਾਂਚੇ ਦੇ ਵਿਕਾਸ ਤੋਂ ਇਲਾਵਾ ਪੰਜਾਬ ਨੂੰ ਨਸ਼ਾ ਮੁਕਤ ਤੇ ਗੈਂਗਸਟਰ ਮੁਕਤ ਬਣਾ ਕੇ ਫਿਰਕੂ ਸਦਭਾਵਨਾ ਦੀ ਰੁਮਕਦੀ ਹਵਾ ਦਰਮਿਆਨ ਬੇਰੁਜ਼ਗਾਰੀ ਨੂੰ ਖਤਮ ਕਰਕੇ ਉਦਯੋਗਿਕ ਖੇਤਰ ਤੇ ਪਬਲਿਕ ਸੈਕਟਰ 'ਚ ਨੌਕਰੀਆਂ ਦੇ ਅਵਸਰ ਪੈਦਾ ਕਰਕੇ ਬੇਰੁਜ਼ਗਾਰੀ ਨੂੰ ਵਿਰਾਮ ਦਿੰਦਿਆਂ ਰੰਗਲੇ ਪੰਜਾਬ ਦੀ ਸਿਰਜਣਾ ਕੀਤੀ ਜਾਵੇ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਇਹ ਸੁਹਿਰਦ ਯਤਨ ਸਫਲਤਾ ਦੀ ਟੀਸੀ ਵੱਲ ਅੱਗੇ ਵੱਧ ਰਹੇ ਹਨ।ਉਨ੍ਹਾਂ ਕਿਹਾ ਕਿ ਸੜਕਾਂ ਜੀਵਨ ਰੇਖਾ ਹਨ ਅਤੇ ਪੰਜਾਬ ਦੇ ਪਹਿਲੇ ਗੇੜ 'ਚ 2872 ਕਰੋੜ ਰੁਪਏ ਦੀ ਲਾਗਤ ਨਾਲ ਇਸ ਸਾਲ ਦੇ ਅੰਤ ਤੱਕ 19 ਹਜ਼ਾਰ ਕਿਲੋਮੀਟਰ ਲਿੰਕ ਸੜਕਾਂ 10 ਫੁੱਟ ਤੋਂ 18 ਫੁੱਟ ਚੌੜੀਆਂ ਕਰਨ ਦਾ ਵਿਕਾਸ ਕਾਰਜ ਮੁਕੰਮਲ ਹੋ ਜਾਵੇਗਾ।ਉਨ੍ਹਾਂ ਕਿਹਾ ਕਿ ਇਨ੍ਹਾਂ ਚੌੜੀਆਂ ਹੋ ਰਹੀਆਂ ਸੜਕਾਂ 'ਚ ਅੱਜ ਹਲਕਾ ਅਜਨਾਲਾ 'ਚ ਸ਼ੁਰੂ ਕਰਵਾਏ ਗਏ ਸੜਕਾਂ ਦੇ ਵਿਕਾਸ ਕਾਰਜਾਂ (ਨੀਂਹ ਪੱਥਰ ਰੱਖਣ) ਸਮੇਤ ਹਲਕੇ ਦੀਆਂ 200 ਕਿਲੋਮੀਟਰ ਦੇ ਕਰੀਬ ਹੋਰ ਚੌੜੀਆਂ ਹੋ ਰਹੀਆਂ ਲਿੰਕ ਸੜਕਾਂ ਸ਼ਾਮਲ ਹਨ।ਸ: ਧਾਲੀਵਾਲ ਨੇ ਸਪੱਸ਼ਟ ਕੀਤਾ ਕਿ ਹਲਕੇ 'ਚ ਬੁਨਿਆਦੀ ਵਿਕਾਸ ਕਾਰਜਾਂ 'ਚ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਗ੍ਰਾਂਟਾ ਦੇ ਖੁੱਲ੍ਹੇ ਗੱਫਿਆਂ 'ਚ ਕੋਈ ਕਮੀ ਨਹੀਂ ਆਉਣ ਦੇਣਗੇ ਅਤੇ ਵਿਕਾਸ ਕਾਰਜਾਂ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।ਸਮੁੱਚੇ ਵਿਕਾਸ ਕਾਰਜਾਂ 'ਚ ਪਾਰਦਰਸ਼ਤਾ ਰੱਖਣ ਲਈ ਅਧਿਕਾਰੀਆਂ ਸਮੇਤ ਪੰਚਾਇਤਾਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ ਅਤੇ ਕੁਤਾਹੀ ਬਰਦਾਸ਼ਤ ਨਹੀਂ ਹੋਵੇਗੀ।ਇਸ ਮੌਕੇ ਤੇ ਖੁਸ਼ਪਾਲ ਸਿੰਘ ਧਾਲੀਵਾਲ, ਮਾਰਕੀਟ ਕਮੇਟੀ ਅਜਨਾਲਾ ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਓਐੱਸਡੀ ਗੁਰਜੰਟ ਸਿੰਘ ਸੋਹੀ, ਪੀਏ ਮੁਖਤਾਰ ਸਿੰਘ ਬਲੜਵਾਲ, ਮੰਡੀ ਬੋਰਡ ਐਕਸੀਐਨ ਇੰਜੀ: ਹਰਚਰਨ ਸਿੰਘ, ਹਰਜੀਤ ਸਿੰਘ ਸਰਕਾਰੀਆ ਆਦਿ ਮੌਜੂਦ ਸਨ।

# ਐੱਸ ਡੀ ਐੱਮ ਤੇ ਡੀ ਐੱਸ ਪੀ ਨੇ ਟਾਵਰ ਮੋਰਚਾ ਆਗੂਆਂ ਨਾਲ ਕੀਤੀ ਗੱਲਬਾਤ



ਸਮਾਣਾ (ਇਕਬਾਲ ਸਿੰਘ ਬੱਲ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਟਾਵਰ ਮੋਰਚਾ ਸਮਾਣਾ ਦੇ ਸੰਯੋਜਕ ਭਾਈ ਗੁਰਪ੍ਰੀਤ ਸਿੰਘ ਟਹਿਲ ਸੇਵਾ ਅੱਠੇ ਪਹਿਰ ਆਨੰਦਪੁਰ ਸਾਹਿਬ, ਤਲਵਿੰਦਰ ਸਿੰਘ ਔਲਖ, ਬਾਬਾ ਭਰਪੂਰ ਸਿੰਘ ਤੇ ਭਾਈ ਗੁਰਜੀਤ ਸਿੰਘ ਦੇ ਭਰਾ ਨਾਲ ਬੀਤੀ 28 ਜੂਨ ਨੂੰ ਮੁੱਖ ਸਕੱਤਰ ਪੰਜਾਬ, ਗ੍ਰਹਿ ਵਿਭਾਗ ਪੰਜਾਬ, ਕਾਨੂੰਨ ਵਿਭਾਗ ਪੰਜਾਬ, ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ, ਜ਼ਿਲ੍ਹਾ ਪੁਲਸ ਮੁਖੀ ਵਰੁਣ ਸ਼ਰਮਾ, ਉਪ-ਮੰਡਲ ਅਫ਼ਸਰ ਸਮਾਣਾ ਰਿਚਾ ਗੋਇਲ ਤੇ ਪੁਲਸ ਉਪ-ਕਪਤਾਨ ਸਮਾਣਾ ਫਤਹਿ ਸਿੰਘ ਬਰਾੜ ਦੀ ਹਾਜ਼ਰੀ ਵਿੱਚ 45 ਮਿੰਟ ਕੀਤੀ ਬੈਠਕ ਵਿੱਚ ਦਿੱਤੇ ਭਰੋਸੇ ਤੋਂ ਪਿੱਛੇ ਹਟਣ ਨਾਲ ਟਾਵਰ ਮੋਰਚੇ ਦੇ ਆਗੂ ਡਾਢੇ ਖ਼ਫ਼ਾ ਹੋ ਗਏ ਹਨ ਤੇ ਪੰਜਾਬ ਸਰਕਾਰ ਦੇ ਟਾਲ-ਮਟੋਲ ਦੇ ਰਵੱਈਏ ਤੋਂ ਖ਼ਫ਼ਾ ਹੋ ਕੇ 12 ਅਕਤੂਬਰ 2024 ਤੋਂ ਭਾਰਤੀ ਸੰਚਾਰ ਨਿਗਮ ਦੇ 400 ਫੁੱਟ ਉੱਚੇ ਟਾਵਰ 'ਤੇ ਚੜ੍ਹੇ ਭਾਈ ਗੁਰਜੀਤ ਸਿੰਘ ਖੇੜੀ ਨਗਾਈਆਂ ਨੇ ਦਵਾਈ ਤੇ ਖਾਣਾ ਫਿਰ ਛੱਡ ਦਿੱਤਾ ਹੈ, ਜਿਸ ਕਾਰਨ ਉਹ ਬੇਹੋਸ਼ ਹੋ ਗਏ ਹਨ। ਅੱਜ ਮੁੱਖ ਮੰਤਰੀ ਨਾਲ ਬੈਠਕ ਕਰਨ ਤੋਂ ਬਾਅਦ ਮੋਰਚੇ ਦੇ ਸੰਚਾਲਕ ਪੰਜਾਬ ਸਰਕਾਰ ਦੀ ਅਨਿਸ਼ਚਿਤਤਾ ਕਾਰਨ ਫਿਰ ਨਿਰਾਸ਼ ਹੋ ਗਏ ਹਨ। ਅੱਜ ਉਪ-ਮੰਡਲ ਮੈਜਿਸਟ੍ਰੇਟ ਸਮਾਣਾ ਰਿਚਾ ਗੋਇਲ ਤੇ ਪੁਲਸ ਉਪ-ਕਪਤਾਨ ਫਤਹਿ ਸਿੰਘ ਬਰਾੜ ਨੇ ਮੋਰਚੇ ਦੇ ਆਗੂਆਂ ਨਾਲ ਗੱਲਬਾਤ ਕਰਕੇ ਭਾਈ ਗੁਰਜੀਤ ਸਿੰਘ ਨੂੰ ਖਾਣਾ ਖਾਣ ਤੇ ਦਵਾਈ ਵਗੈਰਾ ਲੈਣ ਦੀ ਅਪੀਲ ਕੀਤੀ। ਮੋਰਚੇ ਦੇ ਆਗੂ ਤਲਵਿੰਦਰ ਸਿੰਘ ਔਲਖ ਨੇ ਖ਼ਫ਼ਾ ਹੋ ਕੇ ਕਿਹਾ ਕਿ ਮੁੱਖ ਮੰਤਰੀ ਦੇ ਨਾਂਅ 'ਤੇ ਖੁੱਲ੍ਹਾ ਪੱਤਰ ਜਾਰੀ ਕਰਦਿਆਂ ਮੰਗ ਕੀਤੀ ਕਿ ਉਨ੍ਹਾਂ ਦੀ ਸਮਵਰਤੀ ਸੂਚੀ ਮੁਤਾਬਕ ਵੀ ਇਹ ਕਾਨੂੰਨ ਰਾਜ ਸਰਕਾਰ ਬਣਾ ਸਕਦੀ ਹੈ। ਬੈਠਕ ਤੋਂ ਬਾਅਦ 28 ਜੂਨ ਨੂੰ ਹੀ ਮੁੱਖ ਮੰਤਰੀ ਦੇ ਦਫਤਰ ਵੱਲੋਂ ਅਧਿਕਾਰਤ ਪ੍ਰੈੱਸ ਬਿਆਨ ਜਾਰੀ ਕੀਤਾ ਗਿਆ ਕਿ ਧਰਮ ਗ੍ਰੰਥਾਂ ਦੀ ਬੇਅਦਬੀ ਸੰਬੰਧੀ ਕੋਈ ਕਾਨੂੰਨ ਨਹੀਂ ਹੈ। ਇਸ ਕਰਕੇ ਸਮਵਰਤੀ ਸੂਚੀ ਮੁਤਾਬਕ ਪੰਜਾਬ ਸਰਕਾਰ ਪੰਜਾਬ ਰਾਜ ਦੇ ਲਈ ਸਖ਼ਤ ਸਜ਼ਾ ਦਾ ਕਾਨੂੰਨ ਲੈ ਕੇ ਆਵੇਗੀ ਤੇ ਜਲਦ ਹੀ ਕੈਬਨਿਟ ਬੈਠਕ ਸੱਦ ਕੇ ਕਾਨੂੰਨ ਸਬੰਧੀ ਮਤਾ ਪਾਸ ਕੀਤਾ ਜਾਵੇਗਾ। ਭਾਈ ਗੁਰਜੀਤ ਸਿੰਘ ਨੇ ਆਪਣਾ ਇਲਾਜ ਕਰਵਾਉਣਾ ਸ਼ੁਰੂ ਕਰ ਦਿੱਤਾ, ਪਰ ਹੁਣ ਸਰਕਾਰ ਦਾ ਰਵੱਈਆ ਟਾਲ-ਮਟੋਲ ਵਾਲਾ ਬਣਿਆ ਹੋਇਆ ਹੈ। ਉਨ੍ਹਾਂ ਮੰਗ ਕੀਤੀ ਕਿ 14 ਜੁਲਾਈ ਤੋਂ ਪਹਿਲਾਂ ਕੈਬਨਿਟ ਬੈਠਕ ਸੱਦ ਕੇ ਇਹ ਮਤਾ ਕੈਬਨਿਟ ਵਿੱਚ ਪਾਸ ਕੀਤਾ ਜਾਵੇ ਤੇ 14-15 ਜੁਲਾਈ ਨੂੰ ਵਿਧਾਨ ਸਭਾ ਦੇ ਸੈਸ਼ਨ ਵਿੱਚ ਇਸ ਮਤੇ ਨੂੰ ਪਾਸ ਕਰਵਾਇਆ ਜਾਵੇ।

# ਉਸਮਾ ਟੋਲ ਪਲਾਜ਼ਾ ਦੇ ਕਰਮਚਾਰੀਆਂ ਦੇ ਅੜੀਅਲ ਵਤੀਰੇ ਤੋਂ ਪੱਤਰਕਾਰ ਪਰੇਸ਼ਾਨ

## * ਜੇ ਇਹ ਸਿਲਸਿਲਾ ਬੰਦ ਨਾ ਹੋਇਆ ਤਾਂ ਟੋਲ ਪਲਾਜ਼ਾ 'ਤੇ ਲਾਵਾਂਗੇ ਧਰਨਾ : ਮਨਜੀਤ ਸੰਧੂ, ਬਲਵਿੰਦਰ ਚੋਹਲਾ

ਚੋਹਲਾ ਸਾਹਿਬ (ਰਮਨ ਚੱਢਾ)-ਉਸਮਾ ਟੋਲ ਪਲਾਜ਼ਾ ਕਰਮਚਾਰੀਆਂ ਵੱਲੋਂ ਜਿੱਥੇ ਇਲਾਕੇ ਦੇ ਆਮ ਰਾਹਗੀਰਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ ਉਥੇ ਜ਼ਿਲ੍ਹਾ ਤਰਨ ਤਾਰਨ ਨਾਲ ਸੰਬੰਧਿਤ ਪੱਤਰਕਾਰਤਾ ਦੀ ਸੇਵਾ ਨਿਭਾ ਰਹੇ ਪੱਤਰਕਾਰਾਂ ਨੂੰ ਟੋਲ ਪਲਾਜ਼ੇ ਤੋਂ ਲੰਘਣ ਲਈ ਪਾਸ ਬਣਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ।ਇਸ ਮਸਲੇ ਦੇ ਸਬੰਧ ਵਿੱਚ ਬਲਾਕ ਚੋਹਲਾ ਸਾਹਿਬ ਦੇ ਸਮੂਹ ਪੱਤਰਕਾਰਾਂ ਦੀ ਇੱਕ ਇਕੱਤਰਤਾ ਬਲਾਕ ਪ੍ਰਧਾਨ ਮਨਜੀਤ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਚੋਹਲਾ ਸਾਹਿਬ ਵਿਖੇ ਹੋਈ, ਜਿਸ ਵਿੱਚ ਸਰਬਸੰਮਤੀ ਨਾਲ ਇਹ ਮਤਾ ਪਾਸ ਕੀਤਾ ਗਿਆ ਕਿ ਜੇਕਰ ਉਨ੍ਹਾਂ ਦੀ ਮੰਗ ਤੇ ਕੋਈ ਅਮਲ ਨਾ ਕੀਤਾ ਗਿਆ ਤਾਂ ਆਉਂਦੇ ਦਿਨਾਂ ਤੱਕ ਉਸਮਾ ਟੋਲ ਪਲਾਜ਼ੇ ਦੇ ਕਰਮਚਾਰੀਆਂ ਦੇ ਅੜੀਅਲ ਵਤੀਰੇ ਖਿਲਾਫ ਸੰਘਰਸ਼ ਵਿੱਢਿਆ ਜਾਵੇਗਾ।ਵਰਨਣਯੋਗ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਜ਼ਿਲ੍ਹਾ ਤਰਨ ਤਾਰਨ ਨਾਲ ਸੰਬੰਧਿਤ ਕੁੱਝ ਪੱਤਰਕਾਰਾਂ ਨੂੰ ਇਸ ਰੋਡ ਉੱਪਰ ਆਉਣ ਜਾਣ ਸਮੇਂ ਪਾਸ ਬਣਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ।ਪ੍ਰਧਾਨ ਮਨਜੀਤ ਸਿੰਘ ਸੰਧੂ ਨੇ ਕਿਹਾ ਕਿ ਜੇਕਰ ਕਰਮਚਾਰੀਆਂ ਵੱਲੋਂ ਆਪਣੇ ਅੜੀਅਲ ਵਤੀਰੇ ਤੇ ਕੋਈ ਅਮਲ ਨਾ ਕੀਤਾ ਗਿਆ ਤਾਂ ਆਉਂਦੇ ਕੁਝ ਦਿਨਾਂ ਤੱਕ ਜ਼ਿਲ੍ਹੇ ਨਾਲ ਸੰਬੰਧਿਤ ਵੱਖ-ਵੱਖ ਇਕਾਈਆਂ ਦੇ ਸੈਂਕੜੇ ਪੱਤਰਕਾਰਾਂ ਵੱਲੋਂ ਵੱਡੀ ਪੱਧਰ ਤੇ ਇਕੱਠੇ ਹੋ ਕੇ ਉਸਮਾ ਟੋਲ ਪਲਾਜ਼ੇ 'ਤੇ ਧਰਨਾ ਦਿੱਤਾ ਜਾਵੇਗਾ ਜਿਸ ਦੀ ਜ਼ਿੰਮੇਵਾਰੀ ਉਸਮਾ ਟੋਲ ਪਲਾਜ਼ਾ ਦੇ ਠੇਕੇਦਾਰਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਹੋਵੇਗੀ।ਇਸ ਮੌਕੇ ਗੱਲਬਾਤ ਕਰਦਿਆਂ ਹੋਇਆਂ ਚੰਡੀਗੜ੍ਹ ਪੰਜਾਬ ਜਰਨਲਿਸਟ ਯੂਨੀਅਨ ਜ਼ਿਲ੍ਹਾ ਤਰਨ ਤਾਰਨ ਦੇ ਵਾਇਸ ਪ੍ਰਧਾਨ ਅਤੇ ਇਕਾਈ ਚੋਹਲਾ ਸਾਹਿਬ ਦੇ ਪ੍ਰਧਾਨ ਬਲਵਿੰਦਰ ਸਿੰਘ ਚੋਹਲਾ ਨੇ ਕਿਹਾ ਕਿ ਜ਼ਿਲ੍ਹਾ ਤਰਨ ਤਾਰਨ ਦੇ ਪੱਤਰਕਾਰਾਂ ਨੂੰ ਰਿਪੋਰਟਿੰਗ ਕਰਨ ਲਈ ਦਿਨ ਵਿੱਚ ਕਈ ਵਾਰ ਵੱਖ-ਵੱਖ





ਪਿੰਡਾਂ ਵਿੱਚ ਜਾਣ ਲਈ ਨੈਸ਼ਨਲ ਹਾਈਵੇ 54 ਤੇ ਬਣੇ ਇਸ ਟੋਲ ਪਲਾਜ਼ੇ ਰਾਹੀਂ ਜਾਣਾ ਪੈਂਦਾ ਹੈ, ਜਿਸ ਤੇ ਉਸਮਾ ਟੋਲ ਪਲਾਜ਼ੇ ਦੇ ਕੁਝ ਅੜੀਅਲ ਕਰਮਚਾਰੀਆਂ ਵੱਲੋਂ ਕੁਝ ਪੱਤਰਕਾਰਾਂ ਨਾਲ ਦੁਰਵਿਹਾਰ ਕਰਨ ਦੀ ਸੂਚਨਾ ਪ੍ਰਾਪਤ ਹੋਈ ਹੈ,ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੱਤਰਕਾਰ ਆਪਣੇ ਹਿੱਤਾਂ ਨੂੰ ਪਿੱਛੇ ਰੱਖ ਕੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਪਹਿਲ ਦੇ ਅਧਾਰ 'ਤੇ ਨਿਭਾਉਣ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਦਿਨ ਵਿੱਚ ਕਈ ਵਾਰ ਫੀਲਡ ਵਿੱਚ ਆਉਣ-ਜਾਣ ਲਈ ਟੋਲ ਪਲਾਜ਼ੇ ਵਿੱਚੋਂ ਗੁਜ਼ਰਨਾ ਪੈਂਦਾ ਹੈ ਅਤੇ ਪੰਜਾਬ ਸਰਕਾਰ ਵੱਲੋਂ ਵੀ ਉਨ੍ਹਾਂ ਨੂੰ ਫਰੀ ਟੋਲ ਪਲਾਜ਼ੇ ਦੀ ਸਹੂਲਤ ਦਿੱਤੀ ਹੋਈ ਹੈ।

ਕੁਝ ਦਿਨ ਪਹਿਲਾਂ ਇਸ ਟੋਲ ਪਲਾਜ਼ੇ ਤੇ ਆਏ ਨਵੇਂ ਠੇਕੇਦਾਰਾਂ ਵੱਲੋਂ ਪੱਤਰਕਾਰਾਂ ਕੋਲੋਂ ਉਨ੍ਹਾਂ ਦਾ ਹੱਕ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਸਮੂਹ ਪੱਤਰਕਾਰਾਂ ਨੇ ਟੋਲ ਪਲਾਜ਼ਾ ਕਰਮਚਾਰੀਆਂ ਨੂੰ ਆਪਣੀਆਂ ਵਧੀਕੀਆਂ ਬੰਦ ਕਰਨ ਦੀ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜ਼ਿਲ੍ਹਾ ਤਰਨ ਤਾਰਨ ਨਾਲ ਸੰਬੰਧਿਤ ਪੱਤਰਕਾਰਾਂ ਨੂੰ ਜੇਕਰ ਇਸੇ ਤਰ੍ਹਾਂ ਤੰਗ ਪਰੇਸ਼ਾਨ ਕੀਤਾ ਗਿਆ ਤਾਂ ਉਨ੍ਹਾਂ ਦੀ ਯੂਨੀਅਨ ਵੱਲੋਂ ਵੱਡੇ ਪੱਧਰ ਤੇ ਟੋਲ ਪਲਾਜ਼ੇ ਦਾ ਘਰਾਓ ਕੀਤਾ ਜਾਵੇਗਾ।

ਮੌਕੇ ਚੋਹਲਾ ਸਾਹਿਬ ਪ੍ਰੈੱਸ ਕਲੱਬ ਦੇ ਸੀਨੀਅਰ ਪੱਤਰਕਾਰ ਤਜਿੰਦਰ ਸਿੰਘ ਖਾਲਸਾ, ਅਜੇ ਸਿੰਘ ਹੁੰਦਲ, ਹਰਪ੍ਰੀਤ ਸਿੰਘ ਚੰਬਾ, ਭਗਤ ਸਿੰਘ ਸੰਧੂ, ਪਰਮਿੰਦਰ ਸਿੰਘ ਚੋਹਲਾ, ਰਕੇਸ਼ ਨਈਅਰ, ਰਮਨ ਚੱਢਾ, ਲਵਲੀ ਕੁਮਾਰ ਹਰੀਕੇ, ਨਿਰਮਲ ਸਿੰਘ ਸੰਗਤਪੁਰਾ, ਸੰਦੀਪ ਸਿੰਘ ਸਿੱਧੂ ਚੋਹਲਾ, ਸ਼ਾਦਲ ਚੋਹਲਾ ਆਦਿ ਪੱਤਰਕਾਰ ਸਾਥੀ ਹਾਜ਼ਰ ਸਨ।

# ਸ਼ਹਿਰ 'ਚ ਨਜਾਇਜ਼ ਤੌਰ 'ਤੇ ਲੱਗੇ ਹੋਰਡਿੰਗਜ਼ ਬੋਰਡਾਂ ਨੂੰ ਹਟਾਉਣ ਦੀ ਵਿੱਢੀ ਮੁਹਿੰਮ

ਬਟਾਲਾ, ਜੁਲਾਈ (ਡਾ. ਮਲਵਿੰਦਰ ਸਿੰਘ)-ਬਟਾਲਾ ਸ਼ਹਿਰ ਵਿੱਚ ਆਵਾਜਾਈ ਨੂੰ ਸੁਖਾਲਾ ਬਣਾਉਣ ਲਈ ਦੂਜੇ ਦਿਨ ਵੀ ਨਾਜਾਇਜ਼ ਤੌਰ 'ਤੇ ਲਗਾਏ ਹੋਰਡਿੰਗਜ਼ ਬੋਰਡ ਉਤਾਰੇ ਗਏ ਤੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਟਰੈਫਿਕ ਦੀ ਸਮੱਸਿਆ ਨੂੰ ਸੁਚਾਰੂ ਢੰਗ ਨਾਲ ਕੰਟੇ ਜਾਣ ਲਈ ਸਹਿਯੋਗ ਕਰਨ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਨੀਰਜ ਸ਼ਰਮਾ, ਫਾਇਰ ਬਿਗਰੇਡ ਅਫਸਰ ਨੇ ਦੱਸਿਆ ਕਿ ਐੱਸਡੀਐੱਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ ਵਿਖੇ ਟਰੈਫਿਕ ਦੀ ਸਮੱਸਿਆ ਤੋਂ ਨਿਜਾਤ ਦਿਵਾਉਣ ਲਈ, ਨਾਜਾਇਜ਼ ਤੌਰ 'ਤੇ ਲਗਾਏ





ਹੋਰਡਿੰਗਜ਼/ਬੋਰਡ ਆਦਿ ਲਾਹੇ ਜਾ ਰਹੇ ਹਨ।ਸ਼ਹਿਰ ਦੇ ਅੰਦਰੂਨੀ ਖੇਤਰ ਸਿਨੇਮਾ ਰੋਡ, ਸਮਾਧ ਰੋਡ, ਜੱਸਾ ਸਿੰਘ ਰਾਮਗੜ੍ਹੀਆ ਚੌਕ, ਖਜੂਰੀ ਗੇਟ ਅਤੇ ਲਵ-ਕੁਸ਼ ਚੌਕ ਵਿੱਚ ਨਾਜਾਇਜ਼ ਤੌਰ 'ਤੇ ਹੋਰਡਿੰਗਜ਼/ਬੋਰਡ ਅਤੇ ਸੜਕ ਦੇ ਕਿਨਾਰਿਆਂ ਤੇ ਫਲੈਕਸ ਬੋਰਡ ਲਗਾਏ ਗਏ ਸਨ, ਜਿਸ ਨਾਲ ਆਵਾਜਾਈ ਵਿੱਚ ਵਿਘਨ ਪੈਂਦਾ ਸੀ ਤੇ ਟਰੈਫਿਕ ਦੀ ਸਮੱਸਿਆ ਵੀ ਪੈਦਾ ਹੁੰਦੀ ਸੀ।

ਉਨ੍ਹਾਂ ਕਿਹਾ ਕਿ ਟਰੈਫਿਕ ਦੀ ਸਮੱਸਿਆ ਤੋਂ ਛੁਟਕਾਰਾ ਪਾਉਣ ਦੇ ਮੰਤਵ ਨਾਲ ਇਹ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ।

ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਨਾਜਾਇਜ਼ ਤੌਰ 'ਤੇ ਲਗਾਏ ਬੋਰਡ/ਹੋਰਡਿੰਗਜ਼ ਅਤੇ ਕਬਜ਼ਿਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਉਨ੍ਹਾਂ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਦੁਕਾਨ ਦਾ ਸਾਮਾਨ ਨਿਰਧਾਰਤ ਹੱਦ ਅੰਦਰ ਹੀ ਰੱਖਣ ਤਾਂ ਜੋ ਪੈਦਲ ਅਤੇ ਵਹੀਕਲ ਚਲਾਉਣ ਵਾਲਿਆਂ ਨੂੰ ਕੋਈ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ, ਨਹੀਂ ਤਾਂ ਨਗਰ ਨਿਗਮ ਵੱਲੋਂ ਸਖ਼ਤ ਕਾਰਵਾਈ ਕਰਦਿਆਂ ਚਲਾਨ ਕੱਟੇ ਜਾਣਗੇ।

# ਗੁ. ਬਾਬਾ ਸ਼੍ਰੀ ਚੰਦ ਵਿਖੇ ਅੱਖਾਂ ਦਾ ਫ੍ਰੀ ਚੈੱਕਅਪ ਕੈਂਪ ਲਗਾਇਆ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਥਾਨਕ ਕਸਬਾ ਡੇਰਾ ਬਾਬਾ ਨਾਨਕ ਦੇ ਦਸ ਡੋਗਰਾ ਸਥਿਤ ਗੁਰਦੁਆਰਾ ਬਾਬਾ ਸ਼੍ਰੀ ਚੰਦ ਵਿਖੇ ਇਲਾਕੇ ਦੇ ਲੋੜਵੰਦ ਲੋਕਾਂ ਦੀ ਸਹੂਲਤ ਲਈ ਓਮ ਪ੍ਰਕਾਸ਼ ਅੱਖਾਂ ਦੇ ਹਸਪਤਾਲ ਅੰਮ੍ਰਿਤਸਰ ਵੱਲੋਂ ਬਾਬਾ ਸ਼੍ਰੀ ਚੰਦ ਚੈਰੀਟੇਬਲ ਟਰੱਸਟ ਡੇਰਾ ਬਾਬਾ ਨਾਨਕ ਦੇ ਸਹਿਯੋਗ ਨਾਲ ਅੱਖਾਂ ਦਾ ਫ੍ਰੀ ਚੈੱਕਅਪ ਕੈਂਪ ਲਗਾਇਆ ਗਿਆ।ਇਸ ਕੈਂਪ ਦੌਰਾਨ ਹਸਪਤਾਲ ਦੇ ਮਾਹਿਰ ਡਾ. ਮੇਹੁਲ ਅਤੇ ਉਨ੍ਹਾਂ ਦੀ ਟੀਮ ਵੱਲੋਂ 120 ਦੇ ਕਰੀਬ ਲੋੜਵੰਦ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ, ਸ਼ੂਗਰ ਦੇ ਟੈਸਟ ਅਤੇ ਬਲੱਡ ਪ੍ਰੈਸ਼ਰ ਦੀ ਵੀ ਜਾਂਚ ਕੀਤੀ ਗਈ, ਜਿਸ ਦੌਰਾਨ ਕੁਝ ਮਰੀਜ਼ਾਂ ਨੂੰ ਲੋੜ ਅਨੁਸਾਰ ਅੱਖਾਂ ਵਿੱਚ ਪਾਉਣ ਲਈ ਫ੍ਰੀ ਦਾਰੂ ਵੀ ਦਿੱਤਾ।



ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਡਾਕਟਰ ਮੇਹੁਲ ਨੇ ਦੱਸਿਆ ਕਿ ਅੱਜ ਦਾ ਇਹ ਕੈਂਪ ਡਾਕਟਰ ਓਮ ਪ੍ਰਕਾਸ਼ ਅੱਖਾਂ ਦੇ ਹਸਪਤਾਲ ਅੰਮ੍ਰਿਤਸਰ ਵੱਲੋਂ ਇਸ ਸਰਹੱਦੀ ਇਲਾਕੇ ਦੇ ਲੋਕਾਂ ਦੀ ਸਹੂਲਤ ਲਈ ਲਗਾਇਆ ਗਿਆ ਸੀ, ਜਿਸ ਵਿੱਚ ਬਾਬਾ ਸ਼੍ਰੀ ਚੰਦ ਚੈਰੀਟੇਬਲ ਟਰੱਸਟ ਡੇਰਾ ਬਾਬਾ ਨਾਨਕ ਦੇ ਚੇਅਰਮੈਨ ਸੰਤ ਬਾਬਾ ਰਜਿੰਦਰ ਸਿੰਘ ਬੇਦੀ ਵੱਲੋਂ ਪ੍ਰਦੇਸ਼ ਵਿੱਚ ਰਹਿੰਦਿਆਂ ਵੀ ਵਿਸ਼ੇਸ਼ ਤੌਰ ਤੇ ਸਹਿਯੋਗ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਬਾਬਾ ਜੀ ਵੱਲੋਂ ਸਾਨੂੰ ਗੁਰਦੁਆਰਾ ਸਾਹਿਬ ਵਿਖੇ ਜਗ੍ਹਾ ਦੇ ਨਾਲ ਨਾਲ ਸਾਡੀ ਟੀਮ ਅਤੇ ਅੱਖਾਂ ਚੈੱਕਅਪ ਕਰਵਾਉਣ ਵਾਲੇ ਸਮੂਹ ਮਰੀਜ਼ਾਂ ਨੂੰ ਚਾਹ ਪਾਣੀ ਅਤੇ ਦੁਪਹਿਰ ਦਾ ਖਾਣਾ ਦਿੱਤਾ ਗਿਆ। ਇਸ ਮੌਕੇ ਡਾਕਟਰਾਂ ਦੀ ਸਮੁੱਚੀ ਟੀਮ ਵੱਲੋਂ ਬਾਬਾ ਰਜਿੰਦਰ ਸਿੰਘ ਬੇਦੀ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਵੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੈਂਪ ਵਿੱਚ ਕੁਝ ਮਰੀਜ਼ਾਂ ਦੀ ਜਾਂਚ ਦੌਰਾਨ ਉਨ੍ਹਾਂ ਨੂੰ ਲੈਂਜ਼ ਪਾਉਣ ਦੀ ਸਲਾਹ ਦਿੱਤੀ ਗਈ। ਜੇਕਰ ਉਹ ਸਾਡੇ ਹਸਪਤਾਲ ਤੋਂ ਇਲਾਜ ਕਰਵਾਉਂਦੇ ਹਨ ਤਾਂ ਉਨ੍ਹਾਂ ਦੀ ਸਹੂਲਤ ਲਈ ਉਨ੍ਹਾਂ ਨੂੰ ਇਸ ਜਗ੍ਹਾ ਤੋਂ ਆਪਣੀ ਟਰਾਂਸਪੋਰਟ ਰਾਹੀਂ ਹਸਪਤਾਲ ਵਿੱਚ ਖੜ੍ਹਿਆ ਤੇ ਵਾਪਸ ਵੀ ਲਿਆਂਦਾ ਜਾਵੇਗਾ।

ਉਨ੍ਹਾਂ ਮਰੀਜ਼ਾਂ ਦੇ ਸਾਰੇ ਟੈਸਟ ਵੀ ਫ੍ਰੀ ਕੀਤੇ ਜਾਣਗੇ। ਮਰੀਜ਼ ਸਿਰਫ ਲੈਂਜ਼ ਦਾ ਖਰਚਾ 5 ਹਜ਼ਾਰ ਰੁਪਏ ਦੇਣਗੇ ਜਦਕਿ ਇਸ ਦਾ ਖਰਚਾ ਕਰੀਬ 20 ਹਜ਼ਾਰ ਰੁਪਏ ਬਣਦਾ ਹੈ।ਇਸ ਮੌਕੇ ਹੈੱਡ ਗ੍ਰੰਥੀ ਬਾਬਾ ਭੁਪਿੰਦਰ ਸਿੰਘ, ਸੁੱਚਾ ਸਿੰਘ ਸ਼ਿਕਾਰ, ਗੁਰਦੀਪ ਸਿੰਘ ਬਿੰਟਾ, ਨਿਰਮਲ ਸਿੰਘ ਰਹੂਵਾਲ, ਵਿਕਰਮਜੀਤ, ਪ੍ਰਸ਼ਾਂਤ ਗੁਪਤਾ, ਰੀਮਾ, ਸਰਬਜੀਤ ਕੌਰ, ਪ੍ਰਿਆ, ਹਰਪ੍ਰੀਤ ਸਿੰਘ ਅਤੇ ਕਰਨਦੀਪ ਆਦਿ ਹਾਜ਼ਰ ਸਨ।

## ਪਬਲਿਕ ਨੋਟਿਸ

ਮੈਂ, ਸੁਖਪ੍ਰੀਤ ਸਿੰਘ (ਅਧਾਰ ਨੰਬਰ 2245 9014 8829) ਪੁੱਤਰ ਜਸਵੰਤ ਸਿੰਘ ਪੁੱਤਰ ਸ. ਕਰਤਾਰ ਸਿੰਘ, ਵਾਸੀ ਮਕਾਨ ਨੰਬਰ 4, ਗੁਰੂ ਤੇਗ ਬਹਾਦਰ ਨਗਰ ਐਕਸਟੈਨਸ਼ਨ, ਜਲੰਧਰ, ਦਾ ਰਹਿਣ ਵਾਲਾ ਹਾਂ ਮੈਂ ਇੱਕ ਮੁਖਤਾਰਨਾਮਾ ਆਮ ਬਜਰਿਆ ਦਸਤਾਵੇਜ ਨੰਬਰ 1401 ਮਿਤੀ 3.10.2017, ਦਵਿੰਦਰ ਸਿੰਘ ਪੁੱਤਰ ਰਤਨ ਸਿੰਘ, ਵਾਸੀ ਮਕਾਨ ਨੰਬਰ 75, ਸ਼ਹੀਦ ਉੱਧਮ ਸਿੰਘ ਨਗਰ, ਜਲੰਧਰ ਦੇ ਹੱਕ ਵਿੱਚ ਕੀਤਾ ਸੀ।

ਪਰ ਮੈਨੂੰ ਹੁਣ ਉਕਤ ਅਟਾਰਨੀ ਦਵਿੰਦਰ ਸਿੰਘ ਤੇ ਭਰੋਸਾ ਨਹੀਂ ਹੈ ਅਤੇ ਸ਼ੱਕ ਹੈ ਕਿ ਉਹ ਇਸਦੀ ਦੁਰਵਰਤੋਂ ਕਰ ਸਕਦਾ ਹੈ।

ਇਸ ਲਈ ਉਪਰੋਕਤ ਕਾਰਨਾ ਕਰਕੇ, ਉਕਤ ਮੁਖਤਾਰਨਾਮਾ ਆਮ ਬਜਰਿਆ ਦਸਤਾਵੇਜ ਨੰਬਰ 2025-26/186/4/547 ਮਿਤੀ 7.7.2025, ਸਬ ਰਜਿਸਟਰਾਰ, ਜਲੰਧਰ ਰਾਹੀ ਕੈਂਸਲ ਕਰਵਾ ਦਿੱਤਾ ਹੈ। ਹੁਣ ਮੈਂ ਆਪਣੇ ਇਸ ਹਲਫੀਆ ਬਿਆਨ ਰਾਹੀਂ ਇਹ ਸੂਚਨਾ ਬਜਰਿਆ ਪਬਲਿਕ ਨੋਟਿਸ ਰਾਹੀਂ ਦੇਣਾ ਚਾਹੁੰਦਾ ਹਾਂ ਕਿ ਮੈਂ ਆਪਣੇ ਵੱਲੋ ਜਾਰੀ ਉਕਤ ਮੁਖਤਾਰਨਾਮਾ ਆਮ ਕੈਂਸਲ ਕਰਵਾ ਚੁੱਕਾ ਹਾਂ ਅਤੇ ਜੇਕਰ ਕੋਈ ਵੀ ਵਿਅਕਤੀ ਉਕਤ ਦਵਿੰਦਰ ਸਿੰਘ ਪੁੱਤਰ ਰਤਨ ਸਿੰਘ ਨਾਲ ਉਕਤ ਮੁਖਤਾਰਨਾਮਾ ਆਮ ਦੇ ਅਧਾਰ ਤੇ ਕੋਈ ਡੀਲ ਕਰਦਾ ਹੈ ਤਾਂ ਉਸਦਾ ਉਹ ਖੁਦ ਜਿੰਮੇਵਾਰ ਹੋਵੇਗੀ, ਉਸ ਵਿੱਚ ਮੇਰੀ ਕਿਸੇ ਤਰ੍ਹਾਂ ਦੀ ਕੋਈ ਜਿੰਮੇਵਾਰੀ ਜਾਂ ਤਲੁਕਵਾਸਤਾ ਨਾ ਹੋਵੇਗਾ।


## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਪੱਤਰ ਨੰ.:-75, 76, 81-2025-26-ADEN-JRC & 77, 78,79,80-2025-26-ADEN-LDH ਤਾਰੀਕ 11.07.2025

ਸੀਨੀਅਰ ਮੰਡਲ ਇੰਜੀਨੀਅਰ-ਫਸਟ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 04.08.2025 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨੂੰ ਕੇਵਲ www.ireps.gov.in ਪੋਰਟਲ ਤੇ ਉਪਲਬਧ ਭੁਗਤਾਨ ਮੋਡ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਨਿਵਿਦਾ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦੇ ਲਈ ਇਸ ਨਿਵਿਦਾ ਦੇ ਲਈ ਭੁਗਤਾਨ ਕਰਨ ਦੀ ਇਜਾਜਤ ਹੈ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਜਮ੍ਹਾ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜ਼ਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਪੈਕੇਟ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 10.07.2025 | 21.07.2025 | 04.08.2025 15:00 ਵਜੇ |

ਲੜੀ ਨੰਬਰ: 1 | ਨਿਵਿਦਾ ਨੰਬਰ : 75-2025-26-ADEN-JRC

ਨਿਵਿਦਾ ਦਾ ਵੇਰਵਾ: ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਕੈਂਟ ਦੇ ਅਧਿਕਾਰ ਖੇਤਰ ਵਿਚ ਜਲੰਧਰ ਕੈਂਟ ਵਿਚ ਪੰਜ ਸਾਲਾਂ ਦੇ ਲਈ ਸੰਚਾਲਨ ਅਤੇ ਰਖਰਖਾਅ ਦੇ ਨਾਲ-ਨਾਲ ਘੱਟੋ ਘੱਟ ਕਲੋਰੀਨੀਕਰਨ ਪੱਧਰ ਬਣਾਏ ਰਖਣ ਦੇ ਲਈ ਆਟੋਮੈਟਿਕ ਪਾਣੀ ਕਲੋਰੀਨੇਟਰ ਪ੍ਰਦਾਨ ਕਰਨਾ ਅਤੇ ਸਥਾਪਿਤ ਕਰਨਾ।

| ਵਿਗਿਆਪਨ ਮੁਲ (ਰੁ) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
|---|---|---|---|
| 23,98,106.31/- | 48,000.00/- | 60 ਦਿਨ | 60 ਮਹੀਨੇ |

ਸਮਾਨ ਨੇਚਰ ਦਾ ਕੰਮ: "ਕੋਈ ਕੰਮ ਨਹੀਂ।"

ਲੜੀ ਨੰਬਰ: 2 | ਨਿਵਿਦਾ ਨੰਬਰ : 76-2025-26-ADEN-JRC

ਨਿਵਿਦਾ ਦਾ ਵੇਰਵਾ: ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਕੈਂਟ ਦੇ ਅਧਿਕਾਰ ਖੇਤਰ ਵਿਚ ਜਲੰਧਰ ਸ਼ਹਿਰ ਵਿਚ ਪੰਜ ਸਾਲਾਂ ਦੇ ਲਈ ਸੰਚਾਲਨ ਅਤੇ ਰਖਰਖਾਅ ਦੇ ਨਾਲ-ਨਾਲ ਘੱਟੋ ਘੱਟ ਕਲੋਰੀਨੀਕਰਨ ਪੱਧਰ ਬਣਾਏ ਰਖਣ ਦੇ ਲਈ ਆਟੋਮੈਟਿਕ ਪਾਣੀ ਕਲੋਰੀਨੇਟਰ ਪ੍ਰਦਾਨ ਕਰਨਾ ਅਤੇ ਸਥਾਪਿਤ ਕਰਨਾ।

| ਵਿਗਿਆਪਨ ਮੁਲ (ਰੁ) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
|---|---|---|---|
| 36,56,655.55/- | 73,100.00/- | 60 ਦਿਨ | 60 ਮਹੀਨੇ |

ਸਮਾਨ ਨੇਚਰ ਦਾ ਕੰਮ: "ਕੋਈ ਕੰਮ ਨਹੀਂ।"

ਲੜੀ ਨੰਬਰ: 3 | ਨਿਵਿਦਾ ਨੰਬਰ : 77-2025-26-ADEN-LDH

ਨਿਵਿਦਾ ਦਾ ਵੇਰਵਾ: ਸਹਾਇਕ ਮੰਡਲ ਇੰਜੀਨੀਅਰ/ਲੁਧਿਆਣਾ ਦੇ ਅਧਿਕਾਰ ਖੇਤਰ ਵਿਚ 5 ਸਾਲਾਂ ਦੇ ਲਈ ਸੰਚਾਲਨ ਅਤੇ ਰਖਰਖਾਅ ਦੇ ਨਾਲ-ਨਾਲ ਘੱਟੋ ਘੱਟ ਕਲੋਰੀਨੀਕਰਨ ਪੱਧਰ ਬਣਾਏ ਰਖਣ ਦੇ ਲਈ ਆਟੋਮੈਟਿਕ ਪਾਣੀ ਕਲੋਰੀਨੇਟਰ ਪ੍ਰਦਾਨ ਕਰਨਾ ਅਤੇ ਸਥਾਪਿਤ ਕਰਨਾ।

| ਵਿਗਿਆਪਨ ਮੁਲ (ਰੁ) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
|---|---|---|---|
| 79,93,138.50/- | 1,59,900.00/- | 60 ਦਿਨ | 60 ਮਹੀਨੇ |

ਸਮਾਨ ਨੇਚਰ ਦਾ ਕੰਮ:-"ਇਲੈਕਟ੍ਰਾਨਿਕ ਕਲੋਰੀਨੇਟਰਾਂ ਦੇ ਲਈ ਪ੍ਰਾਵਧਾਨ/ ਮੁਰੰਮਤ/ਸਲਾਨਾ ਰਖਰਖਾਅ ਕਾਂਟਰੈਕਟ।"

ਲੜੀ ਨੰਬਰ: 4 | ਨਿਵਿਦਾ ਨੰਬਰ : 78-2025-26-ADEN-LDH

ਨਿਵਿਦਾ ਦਾ ਵੇਰਵਾ: ਸਹਾਇਕ ਮੰਡਲ ਇੰਜੀਨੀਅਰ/ਲੁਧਿਆਣਾ ਦੇ ਤਹਿਤ ਸੀਨੀਅਰ ਅਨੁਭਾਗੀ ਇੰਜੀਨੀਅਰ/ ਕੰਮ/ਲੁਧਿਆਣਾ ਦੇ ਅਨੁਭਾਗ ਵਿਚ ਜੰਗਾਲ ਲਗੀ ਪਾਣੀ ਸਪਲਾਈ ਪਾਈਪ ਲਾਈਨਾਂ ਦੀ ਮੁਰੰਮਤ ਅਤੇ ਪਾਣੀ ਦੀਆਂ ਟੰਕੀਆਂ ਦੇ ਨਾਲ ਨਵੇਂ ਪੰਪਾਂ ਦਾ ਅੰਤਸੰਵਰਧਨ ਅਤੇ ਕਾਲੋਨੀ ਨੰਬਰ 5 ਤੋਂ 7 ਦੀ ਪਾਣੀ ਨਿਕਾਸੀ ਅਤੇ ਸੀਵਰੇਜ ਦੀ ਭਾਰੀ ਮੁਰੰਮਤ ਅਤੇ ਰਖਰਖਾਅ ਦਾ ਕੰਮ।

| ਵਿਗਿਆਪਨ ਮੁਲ (ਰੁ) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
|---|---|---|---|
| 1,85,47,530.06/- | 2,42,700.00/- | 60 ਦਿਨ | 09 ਮਹੀਨੇ |

ਸਮਾਨ ਨੇਚਰ ਦਾ ਕੰਮ: "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।"

ਲੜੀ ਨੰਬਰ: 5 | ਨਿਵਿਦਾ ਨੰਬਰ : 79-2025-26-ADEN-LDH

ਨਿਵਿਦਾ ਦਾ ਵੇਰਵਾ: ਸਹਾਇਕ ਮੰਡਲ ਇੰਜੀਨੀਅਰ/ਲੁਧਿਆਣਾ ਦੇ ਤਹਿਤ ਸਹਾਇਕ ਮੰਡਲ ਇੰਜੀਨੀਅਰ/ਲੁਧਿਆਣਾ ਦੇ ਅਨੁਭਾਗ ਵਿਚ ਕਾਲੋਨੀ ਨੰਬਰ 1 ਤੋਂ 13 ਵਿਚ ਸੜਕਾਂ ਅਤੇ ਰਸਤਿਆਂ ਦੀ ਮੁਰੰਮਤ ਅਤੇ ਰਖਰਖਾਅ, ਲੁਧਿਆਣਾ ਵਿਚ ਕਾਲੋਨੀ ਨੰਬਰ 1 ਤੋਂ 13 ਵਿਚ ਘਿਸੇ ਹੋਏ ਦਰਵਾਜੇ ਅਤੇ ਖਿੜਕੀਆਂ, ਸਨਸ਼ੇਡ, ਮਮਟੀ ਛੱਤਾਂ ਵਾਲੇ ਸਟਾਫ ਕਵਾਟਰਾਂ ਨੂੰ ਬਦਲਣ ਦਾ ਕੰਮ।

| ਵਿਗਿਆਪਨ ਮੁਲ (ਰੁ) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
|---|---|---|---|
| 1,19,99,605.50/- | 2,10,000.00/- | 60 ਦਿਨ | 09 ਮਹੀਨੇ |

ਸਮਾਨ ਨੇਚਰ ਦਾ ਕੰਮ: "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।"

ਲੜੀ ਨੰਬਰ: 6 | ਨਿਵਿਦਾ ਨੰਬਰ : 80-2025-26-ADEN-LDH

ਨਿਵਿਦਾ ਦਾ ਵੇਰਵਾ: ਸਹਾਇਕ ਮੰਡਲ ਇੰਜੀਨੀਅਰ/ਲੁਧਿਆਣਾ ਦੇ ਤਹਿਤ ਸੀਨੀਅਰ ਅਨੁਭਾਗੀ ਇੰਜੀਨੀਅਰ/ ਕੰਮ/ਫਗਵਾੜਾ ਅਨੁਭਾਗ ਵਿਚ ਗੈਂਗ ਕਵਾਟਰ ਅਤੇ ਸਟਾਫ ਕਵਾਟਰ ਦੇ ਘਿਸੇ ਹੋਏ ਦਰਵਾਜਿਆਂ ਅਤੇ ਖਿੜਕੀਆਂ ਨੂੰ ਬਦਲਣਾ ਅਤੇ ਸਟਾਫ ਕਵਾਟਰ ਅਤੇ ਗੈਂਗ ਕਵਾਟਰ ਦੇ ਕਮਰੇ, ਸ਼ੌਚਾਲਯ, ਸ਼ਨਾਨਘਰ ਅਤੇ ਰਸੋਈ ਵਿਚ ਫਰਸ਼ ਵਿਚ ਸੁਧਾਰ ਕਰਨ ਦਾ ਕੰਮ।

| ਵਿਗਿਆਪਨ ਮੁਲ (ਰੁ) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
|---|---|---|---|
| 1,19,99,820.69/- | 2,10,000.00/- | 60 ਦਿਨ | 09 ਮਹੀਨੇ |

ਸਮਾਨ ਨੇਚਰ ਦਾ ਕੰਮ: "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।"

ਲੜੀ ਨੰਬਰ: 7 | ਨਿਵਿਦਾ ਨੰਬਰ : 81-2025-26-ADEN-JRC

ਨਿਵਿਦਾ ਦਾ ਵੇਰਵਾ: ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਕੈਂਟ ਦੇ ਤਹਿਤ ਜਲੰਧਰ ਸ਼ਹਿਰ ਵਿਚ ਕਾਲੋਨੀ ਨੰਬਰ 1,2 ਅਤੇ 3 ਵਿਚ ਕਾਲੋਨੀ ਦੀਆਂ ਸੜਕਾਂ ਅਤੇ ਫੁਟਪਾਥਾਂ ਦੀ ਮੁਰੰਮਤ ਅਤੇ ਜਲੰਧਰ ਸ਼ਹਿਰ ਵਿਚ ਕਾਲੋਨੀ ਨੰਬਰ 1,2, ਅਤੇ 3 ਵਿਚ ਸਟਾਫ ਕਵਾਟਰਾਂ ਦੇ ਘਿਸੇ ਹੋਏ ਦਰਵਾਜਿਆਂ ਦੀ ਮੁਰੰਮਤ ਅਤੇ ਸਟਾਫ ਕਵਾਟਰਾਂ ਦੇ ਪਲਾਸਟਰ ਫਰਸ਼ ਦੀ ਮੁਰੰਮਤ ਦਾ ਕੰਮ।

| ਵਿਗਿਆਪਨ ਮੁਲ (ਰੁ) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
|---|---|---|---|
| 1,49,99,685.71/- | 2,25,000.00/- | 60 ਦਿਨ | 09 ਮਹੀਨੇ |

ਸਮਾਨ ਨੇਚਰ ਦਾ ਕੰਮ: "ਕੋਈ ਕੰਮ ਨਹੀਂ।"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ। 2106/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ

ਵਿਰੁੱਧ: ਤਕਸੀਮ ਕੇਸ ਵੱਲੋਂ ਕੇਸ ਸਿੰਘ ਪੁੱਤਰ ਨਰਿੰਦਰ ਸਿੰਘ ਉਰਫ ਗਿੰਦਰ ਸਿੰਘ ਵਾਸੀ ਖਾਈ, ਤਹਿ: ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਖੇਵਟ ਨੰਬਰ 833, 714, ਖਤੌਨੀ ਨੰਬਰ 1355 ਤੋਂ 1361, 1362/1, 1182 ਤੋਂ 1186 ਜਮ੍ਹਾਂਬੰਦੀ ਸਾਲ 2018-2019 ਵਾਕਿਆ ਰਕਬਾ ਪਿੰਡ ਖਾਈ ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ ਮਿਤੀ 22-7-2025 ਮੁਕੱਰਰ ਹੈ। ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਾਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕੀ ਹੈ। ਇਸ ਲਈ ਉਹਨਾਂ ਦੇ ਖਿਲਾਫ ਆਰਡਰ 5 ਰੂਲ 20 ਸੀ ਪੀ ਸੀ ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

(1) ਸਾਉਣ ਸਿੰਘ ਪੁੱਤਰ ਸਾਧੂ ਸਿੰਘ ਪੁੱਤਰ ਕਿਸ਼ਨ ਸਿੰਘ (2) ਜਸਵਿੰਦਰ ਕੌਰ ਪਤਨੀ ਹਰਬੰਸ ਸਿੰਘ ਪੁੱਤਰ ਜੋਗਿੰਦਰ ਸਿੰਘ (3) ਕੁਲਵੰਤ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਸੋਹਣ ਸਿੰਘ (4) ਬਲੌਰ ਸਿੰਘ ਪੁੱਤਰ ਨਾਜ਼ਰ ਸਿੰਘ ਪੁੱਤਰ ਸੁੱਚਾ ਸਿੰਘ (5) ਗੁਰਮੁੱਖ ਸਿੰਘ (6) ਹਰਦੀਪ ਸਿੰਘ ਪੁੱਤਰਾਨ ਸੁਖਦੇਵ ਸਿੰਘ ਪੁੱਤਰ ਨਾਜ਼ਰ ਸਿੰਘ (7) ਗੁਰਵਿੰਦਰ ਸਿੰਘ ਪੁੱਤਰ ਚਮਕੌਰ ਸਿੰਘ ਪੁੱਤਰ ਨਾਜ਼ਰ ਸਿੰਘ (8) ਹਰਵਿੰਦਰ ਸਿੰਘ (9) ਕਿਰਨਜੀਤ ਕੌਰ ਵਿਧਵਾ ਬਲਦੇਵ ਸਿੰਘ ਪੁੱਤਰ ਨਾਜ਼ਰ ਸਿੰਘ (10) ਹਰਜਿੰਦਰ ਕੌਰ ਪੁੱਤਰੀ ਨਾਜ਼ਰ ਸਿੰਘ ਪੁੱਤਰ ਸੁੱਚਾ ਸਿੰਘ (11) ਗੁਰਮੁੱਖ ਸਿੰਘ (12) ਹਰਦੀਪ ਸਿੰਘ ਪੁੱਤਰਾਨ ਸੁਖਦੇਵ ਸਿੰਘ ਪੁੱਤਰ ਨਾਜ਼ਰ ਸਿੰਘ (13) ਗੁਰਬਚਨ ਸਿੰਘ (14) ਮੁਖਤਿਆਰ ਸਿੰਘ (15) ਸ਼ਿੰਗਾਰਾ ਸਿੰਘ (16) ਜਗਤਾਰ ਸਿੰਘ (17) ਜ਼ੋਰਾ ਸਿੰਘ ਪੁੱਤਰਾਨ ਦਿਆਲ ਸਿੰਘ ਪੁੱਤਰ ਕਿਸ਼ਨ ਸਿੰਘ (18) ਹਰਮਨਜੋਤ ਸਿੰਘ ਪੁੱਤਰ ਕੁਲਵੰਤ ਸਿੰਘ ਪੁੱਤਰ ਬਹਾਦਰ ਸਿੰਘ (19) ਸੁਖਵਿੰਦਰ ਸਿੰਘ (20) ਜਸਵਿੰਦਰ ਸਿੰਘ ਪੁੱਤਰਾਨ ਗੁਰਮੇਲ ਸਿੰਘ ਪੁੱਤਰ ਅਮਰ ਸਿੰਘ (21) ਕੁਲਵਿੰਦਰ ਸਿੰਘ ਪੁੱਤਰ ਆਤਮਾ ਸਿੰਘ ਪੁੱਤਰ ਅਮਰ ਸਿੰਘ (22) ਬਲਵਿੰਦਰ ਸਿੰਘ ਪੁੱਤਰ ਨਛੱਤਰ ਸਿੰਘ ਪੁੱਤਰ ਅਮਰ ਸਿੰਘ (23) ਗੁਰਪ੍ਰੀਤ ਸਿੰਘ (24) ਲਵਪ੍ਰੀਤ ਸਿੰਘ ਪੁੱਤਰਾਨ ਕਰਮ ਸਿੰਘ ਪੁੱਤਰ ਅਮਰ ਸਿੰਘ (25) ਪ੍ਰਗਟ ਸਿੰਘ (26) ਚਰਨਜੀਤ ਕੌਰ ਪੁੱਤਰੀ ਸਾਧੂ ਸਿੰਘ ਪੁੱਤਰ ਕਿਸ਼ਨ ਸਿੰਘ (27) ਹਰਦੇਵ ਸਿੰਘ ਉਰਫ ਦੇਵ ਸਿੰਘ ਪੁੱਤਰ ਪ੍ਰੀਤਮ ਸਿੰਘ ਪੁੱਤਰ ਕਿਸ਼ਨ ਸਿੰਘ ਸਾਰੇ ਵਾਸੀਆਨ ਪਿੰਡ ਖਾਈ, ਤਹਿ. ਨਿਹਾਲ ਸਿੰਘ ਵਾਲਾ, ਜਿਲ੍ਹਾ ਮੋਗਾ (28) ਜਸਪਾਲ ਸਿੰਘ (29) ਸੁਰਿੰਦਰ ਸਿੰਘ ਪੁੱਤਰ ਗੁਰਚਰਨ ਸਿੰਘ ਪੁੱਤਰ ਬਲਵੰਤ ਸਿੰਘ (30) ਹਰਜਿੰਦਰ ਸਿੰਘ (31) ਜਸਵੀਰ ਸਿੰਘ ਪੁੱਤਰਾਨ ਸੁਖਦਰਸ਼ਨ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਪਿੰਡ ਖੋਟੇ ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ (32) ਨਾਜਰ ਸਿੰਘ ਪੁੱਤਰ ਤੋਤਾ ਸਿੰਘ ਪੁੱਤਰ ਅਰਜਨ ਸਿੰਘ (33) ਸੁਰਿੰਦਰ ਕੌਰ(34) ਪਰਮਜੀਤ ਸਿੰਘ (35) ਸਰਬਜੀਤ ਸਿੰਘ ਪੁੱਤਰ ਸੋਦਾਗਰ ਸਿੰਘ ਪੁੱਤਰ ਤੋਤਾ ਸਿੰਘ (36) ਯਾਦਵਿੰਦਰ ਸਿੰਘ ਪੁੱਤਰ ਜਸਪਾਲ ਸਿੰਘ ਪੁੱਤਰ ਈਸ਼ਰ ਸਿੰਘ (37) ਜਸਮੇਲ ਕੌਰ ਪਤਨੀ ਅਜਮੇਰ ਸਿੰਘ ਪੁੱਤਰ ਈਸ਼ਰ ਸਿੰਘ (38) ਕੁਲਦੀਪ ਸਿੰਘ ਪੁੱਤਰ ਹਰੀ ਸਿੰਘ ਪੁੱਤਰ ਈਸ਼ਰ ਸਿੰਘ (39) ਸੁਰਿੰਦਰ ਕੌਰ ਪਤਨੀ ਗੁਰਮੇਲ ਸਿੰਘ ਪੁੱਤਰ ਅਜੀਤ ਸਿੰਘ (40) ਕੁਲਵੰਤ ਸਿੰਘ ਪੁੱਤਰ ਬਹਾਦਰ ਸਿੰਘ ਪੁੱਤਰ ਤੋਤਾ ਸਿੰਘ (41) ਹਰਪਿੰਦਰ ਕੌਰ ਪੁੱਤਰੀ ਗੁਰਚਰਨ ਸਿੰਘ ਪੁੱਤਰ ਬਹਾਦਰ ਸਿੰਘ (42) ਜਗਸੀਰ ਸਿੰਘ ਪੁੱਤਰ ਗੁਲਜਾਰਾ ਸਿੰਘ ਪੁੱਤਰ ਕਿਸ਼ਨ ਸਿੰਘ (43) ਦਲਜੀਤ ਸਿੰਘ ਪੁੱਤਰ ਹਰਬੰਸ ਸਿੰਘ ਪੁੱਤਰ ਮੇਜਰ ਸਿੰਘ (46) ਰਘਵੀਰ ਸਿੰਘ ਪੁੱਤਰ ਸਰਬਜੀਤ ਸਿੰਘ ਪੁੱਤਰ ਹਰਬੰਸ ਸਿੰਘ ਸਾਰੇ ਵਾਸੀ ਖਾਈ (47) ਗੁਰਮੀਤ ਕੌਰ ਪੁੱਤਰੀ ਮੰਗਲ ਸਿੰਘ ਪੁੱਤਰ ਕਿਸ਼ਨ ਸਿੰਘ ਹਾਲ ਪਤਨੀ ਮਹਿੰਦਰ ਸਿੰਘ ਪੁੱਤਰ ਤਾਰਾ ਸਿੰਘ (48) ਜਸਵੀਰ ਕੌਰ ਪੁੱਤਰੀ ਮੰਗਲ ਸਿੰਘ ਪੁੱਤਰ ਕਿਸ਼ਨ ਸਿੰਘ ਹਾਲ ਪਤਨੀ ਬਲਵਿੰਦਰ ਸਿੰਘ ਪੁੱਤਰ ਤਾਰਾ ਸਿੰਘ (49) ਬਲਵੀਰ ਕੌਰ ਵਿਧਵਾ (50) ਹਰਬੰਸ ਸਿੰਘ (51) ਗੁਰਮੀਤ ਕੌਰ ਪੁੱਤਰੀ ਮੰਗਲ ਸਿੰਘ ਪੁੱਤਰ ਕਿਸ਼ਨ ਸਿੰਘ ਹਾਲ ਪਤਨੀ ਮਹਿੰਦਰ ਸਿੰਘ ਪੁੱਤਰ ਤਾਰਾ ਸਿੰਘ (51) ਜਸਵੀਰ ਕੌਰ ਪੁੱਤਰੀ ਮੰਗਲ ਸਿੰਘ ਪੁੱਤਰ ਕਿਸ਼ਨ ਸਿੰਘ ਹਾਲ ਪਤਨੀ ਬਲਵਿੰਦਰ ਸਿੰਘ ਪੁੱਤਰ ਤਾਰਾ ਸਿੰਘ ਵਾਸੀਆਨ ਪਿੰਡ ਘੋਲੀਆ ਖੁਰਦ, ਤਹਿ: ਨਿਹਾਲ ਸਿੰਘ ਵਾਲਾ, ਜ਼ਿਲਾ ਮੋਗਾ।

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ, ਨਿਹਾਲ ਸਿੰਘ ਵਾਲਾ (ਮੋਗਾ )

## PUBLIC NOTICE

Under the instruction of Aadhar Housing Finance Ltd I hereby informed the general public that Pushpa Rani W/o Heera Lal R/o Bhikhiwind Tarn Taran is the absolute owner of Property measuring 4.75 Marlas i.e. having 19/440 share out of khasra No. 95//14/3, 95//14/14, 95//15/1, situated in the area of Bhikhiwind Tehsil Bhikhiwind Distt. Tarn Taran Bounded by East-Manjit Singh Fooji, West-Goldi Sharma, North-Vinod Bhandania South-Gali.

And

That Neeraj Sharma S/o Ravinder Kumar is taking purchased loan on above said property from Aadhar Housing Finance Ltd 6th Floor Burj Punjab, SCO No. 9 Distt. Shopping Complex Ranjit Avenue Amritsar and his Seller has lost previous two sale deed (1) Original Sale deed executed by Harjeet Kaur W/o Hardev Singh in favour of Sarabjit Kaur W/o Nishan Singh vide Doc No. 2021-22/171/1/1356 dated 07-03-2022 (2) Original Sale deed executed by Sarwan Singh S/o Malook Singh in favour of Harjeet Kaur W/o Hardev Singh vide Doc No. 2020-21/171/1/448 dated 28-08-2020 and has also been got registered Lost Information Report 607690/2025 dated 08-07-2025 in this respect. Anybody having claim or claiming any manner in this property or has raised loan by depositing the aforesaid document to any person / bank / corporation / Financial Institution may approach the undersigned and may submitted objections within 7 days from the date of this public notice. After the expiry of the period of this notice, no claim shall be entertained and such claim sell be deemed to be false fake frivolous fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with Aadhar Housing Finance Ltd.

**Harpal Singh Nijjar (Advocate)**
First Floor, Above Bhagwan Dass Vasika,
Opp. NRI Police Station,
Kacheri Chownk Amritsar.
Mobile No. 98156-10005

## ਜਨਤਕ ਸੂਚਨਾ

ਸੂਚਨਾ ਦਿੱਤੀ ਜਾਂਦੀ ਹੈ ਕਿ ਸ੍ਰੀ ਗੁਰਪ੍ਰੀਤ ਸਿੰਘ ਪੁੱਤਰ ਅਜਮੇਰ ਸਿੰਘ ਵਾਸੀ ਬੁਰਜ ਹਮੀਰਾ ਸਕੱਤਰ ਦੀ ਬੁਰਜ ਹਮੀਰਾ MPCASS LTD. ਮਿਤੀ 24/04/2025 ਤੋਂ ਆਪਣੀ ਡਿਊਟੀ ਉੱਪਰ ਗੈਰ ਹਾਜ਼ਰ ਚੱਲ ਰਿਹਾ ਹੈ ਪ੍ਰਬੰਧਕ ਕਮੇਟੀ ਵੱਲੋਂ ਉਸ ਨੂੰ ਹਾਜ਼ਰ ਹੋਣ ਲਈ ਰਜਿਸਟਡ ਡਾਕ ਰਾਹੀਂ ਨੋਟਿਸ ਵੀ ਭੇਜੇ ਜਾ ਚੁਕੇ ਹਨ ਸੋ ਇਸ ਜਨਤਕ ਸੂਚਨਾ ਰਾਹੀਂ ਹਰ ਆਮ ਅਤੇ ਖਾਸ, ਸ੍ਰੀ ਗੁਰਪ੍ਰੀਤ ਸਿੰਘ ਨਾਲ ਸੰਬੰਧਿਤ ਸਕੇ ਸੰਬੰਧੀ ਦੋਸਤਾਂ ਨੂੰ ਸੂਚਨਾ ਦਿੱਤੀ ਜਾਂਦੀ ਹੈ ਜੇਕਰ ਗੁਰਪ੍ਰੀਤ ਸਿੰਘ ਮਿਤੀ 19/07/2025 ਤੱਕ ਆਪਣੀ ਡਿਊਟੀ ਉੱਪਰ ਹਾਜ਼ਰ ਨਹੀਂ ਹੁੰਦਾ ਤਾਂ ਉਸ ਖਿਲਾਫ ਦੀ ਪੰਜਾਬ ਸਟੇਟ ਕੋਆਪਰੇਟਿਵ ਇਮਪਲਾਇਜ ਸਰਵਿਸ ਰੂਲ 1997 ਅਧੀਨ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਵੱਲੋਂ ਪ੍ਰਧਾਨ ਬੁਰਜ ਹਮੀਰਾ **MPCASS LTD.**

## ਪਬਲਿਕ ਨੋਟਿਸ

ਸੂਚਿਤ ਕੀਤਾ ਜਾਂਦਾ ਹੈ ਕਿ ਟਿਊਬਵੈੱਲ ਕੁਨੈਕਸ਼ਨ, ਜਿਸ ਦਾ ਖਾਤਾ ਨੰ. ਏ ਪੀ 240814, ਜੋ ਕਿ ਸ੍ਰੀ ਯਸ਼ਪਾਲ ਸ਼ਰਮਾ ਪੁੱਤਰ ਸ੍ਰੀ ਮੁਰਾਰੀ ਲਾਲ ਸ਼ਰਮਾ ਵਾਸੀ ਕੋਠੀ ਨੰਬਰ 347, ਮਾਸਟਰ ਤਾਰਾ ਸਿੰਘ ਨਗਰ, ਜਲੰਧਰ ਦੇ ਨਾਂਅ 'ਤੇ ਰਕਬਾ ਪਿੰਡ ਫਰਾਲਾ ਸਬ-ਡਵੀਜ਼ਨ ਬਹਿਰਾਮ-1 ਵਿਖੇ ਚੱਲਦਾ ਹੈ। ਇਨ੍ਹਾਂ ਦੇ ਨਾਂਅ ਦੀ ਤਬਦੀਲੀ ਲਈ ਸ੍ਰੀ ਟਿੰਮੀ ਪੁੱਤਰ ਲੇਟ ਸ੍ਰੀ ਯਸ਼ਪਾਲ ਸ਼ਰਮਾ ਵਾਸੀ ਕੋਠੀ ਨੰ. 347, ਮਾਸਟਰ ਤਾਰਾ ਸਿੰਘ ਨਗਰ, ਜਲੰਧਰ ਰਕਬਾ ਪਿੰਡ ਫਰਾਲਾ ਨੇ ਇਸ ਦਫਤਰ ਵਿਖੇ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ 30 ਦਿਨਾਂ ਦੇ ਅੰਦਰ ਸਬ-ਡਵੀਜ਼ਨ ਬਹਿਰਾਮ-1 ਵਿਖੇ ਸੰਪਰਕ ਕਰ ਸਕਦਾ ਹੈ। ਬਾਅਦ ਵਿੱਚ ਅਗਲੇਰੀ ਕਾਰਵਾਈ ਕਰ ਦਿੱਤੀ ਜਾਵੇਗੀ।

ਸਹਾਇਕ ਇੰਜੀਨੀਅਰ ਪੰ. ਰਾ: ਪਾ: ਕਾ:
ਲਿਮਟਿਡ ਉਪ ਮੰਡਲ ਨੰ. 1, ਬਹਿਰਾਮ।

## NOTICE TO APPEAR/ATTEND PROCEEDINGS OF DLM&SFC-LDH

Through this Publication this is for Constructive Notice for respondent **M/S G K KNITWEARS having registered office at PLOT NO. 81, HOSIERY COMPLEX, NOOREWALA ROAD, OPPOSITE THAMAN GAS AGENCY, LUDHIANA, PUNJAB, 141008**to appear in person or through authorized representative before the **District Level Micro & Small facilitation Council Ludhiana, District Industries Centre, Ludhiana on Dated 04-09-2025** regarding claim reference petition submitted by claimant **M/S ATAM DYEING & FINISHING MILLS** U/s 18(1) of MSMED Act 2006 bearing reference: **MSEFC/DIC/05/24/3082.** If respondent still fails or omits to appear as above then arbitration proceedings shall be conducted as per section 23 & 25 of Arbitration and Conciliation Act and award shall also be passed on the basis of evidence before it.

**Member Secretary cum General Manager, District Industries Centre, Industrial Estate, Ludhiana**
**Ph. No. 0161-2540695, E-mail:dicludhiana5@gmail.com, Ludhiana.msefc@gmail.com**

## The Salvation Army
### India Northern Territory
Office of the Chief Secretary

## ਜਨਤਕ ਸੂਚਨਾ



ਸ੍ਰੀ ਪਤ੍ਰਸ ਮਸੀਹ



ਸ੍ਰੀਮਤੀ ਸ਼ਿਲਪਾ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਪਤ੍ਰਸ ਮਸੀਹ ਪੁੱਤਰ ਮਹਿੰਗਾ ਅਤੇ ਉਸ ਦੀ ਪਤਨੀ ਸ਼ਿਲਪਾ ਵਾਸੀ ਬੱਬਰੀ ਨੰਗਲ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਨੂੰ ਮੁਕਤੀ ਫੌਜ ਨੇ 7 ਮਈ 2025 ਨੂੰ ਬਰਖਾਸਤ ਕਰ ਦਿੱਤਾ ਹੈ।

ਉਹ ਹੁਣ ਮੁਕਤੀ ਫੌਜ ਦੇ ਅਫਸਰ (ਪਾਦਰੀ) ਨਹੀਂ ਹਨ। ਉਹ ਹੁਣ ਮੁਕਤੀ ਫੌਜ ਦੀ ਵਰਦੀ ਪਹਿਨਣ ਦੇ ਹੱਕਦਾਰ ਨਹੀਂ ਹਨ। ਜੇਕਰ ਕੋਈ ਵੀ ਵਿਅਕਤੀ ਮੁਕਤੀ ਫੌਜ ਦੇ ਨਾਂਅ 'ਤੇ ਉਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਲੈਣ-ਦੇਣ ਕਰਦਾ ਹੈ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੁਕਤੀ ਫੌਜ ਕਿਸੇ ਵੀ ਤਰੀਕੇ ਨਾਲ ਜ਼ਿੰਮੇਵਾਰ ਨਹੀਂ ਹੋਵੇਗਾ।

ਜੇਕਰ ਸ੍ਰੀ ਪਤ੍ਰਸ ਅਤੇ ਉਸ ਦੀ ਪਤਨੀ ਸ੍ਰੀਮਤੀ ਸ਼ਿਲਪਾ ਵੱਲੋਂ ਕੋਈ ਗੈਰ-ਕਾਨੂੰਨੀ ਕੰਮ ਕੀਤਾ ਜਾਂਦਾ ਹੈ ਤਾਂ ਮੁਕਤੀ ਫੌਜ ਇਸ ਲਈ ਕਿਸੇ ਵੀ ਤਰੀਕੇ ਨਾਲ ਜ਼ਿੰਮੇਵਾਰ ਨਹੀਂ ਹੋਵੇਗੀ।

ਲੈਫਟੀਨੈਂਟ ਕਰਨਲ ਐਂਡਰਿਊਜ਼ ਡੀ. ਕ੍ਰਿਸਤਚਨ
ਚੀਫ ਸੈਕੇਟ੍ਰੀ
ਉੱਤਰੀ ਭਾਰਤ ਟੈਰੀਟਰੀ ਵੱਲੋਂ

# ਕਲਾਸੀਫਾਈਡ ਇਸ਼ਤਿਹਾਰ

## ਆਮ ਸੂਚਨਾ

ਮੈਂ ਯੋਗਿੰਦਰ ਕੁਮਾਰ ਪੁੱਤਰ ਦਰਸ਼ਨ ਕੁਮਾਰ ਵਾਸੀ ਪਿੰਡ ਚੈੜਾਂ, ਡਾਕਖਾਨਾ ਅਜਨੋਹਾ, ਤਹਿਸੀਲ ਗੜ੍ਹਸ਼ੰਕਰ, ਜਿਲ੍ਹਾ ਹੁਸ਼ਿਆਰਪੁਰ, ਪੰਜਾਬ, ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ 'ਦਵਿੰਦਰ ਕੁਮਾਰ' ਅਤੇ ਉਸਦੀ ਪਤਨੀ 'ਮਨਦੀਪ ਕੌਰ' ਨੂੰ ਅਖਬਾਰ ਰਾਹੀਂ ਬੇਦਖਲ ਕੀਤਾ ਸੀ। ਪਰ ਹੁਣ ਮੇਰਾ ਲੜਕਾ 'ਦਵਿੰਦਰ ਕੁਮਾਰ' ਅਤੇ ਉਸਦੀ ਪਤਨੀ 'ਮਨਦੀਪ ਕੌਰ' ਮੇਰੇ ਕਹਿਣੇ ਵਿਚ ਹਨ ਇਸ ਕਰਕੇ ਮੈਂ ਇਨ੍ਹਾਂ ਦੀ ਬੇਦਖਲੀ ਰੱਦ ਕਰਦਾ ਹਾਂ। ਹੁਣ ਮੇਰਾ ਲੜਕਾ 'ਦਵਿੰਦਰ ਕੁਮਾਰ' ਅਤੇ ਉਸਦੀ ਪਤਨੀ 'ਮਨਦੀਪ ਕੌਰ' ਮੇਰੀ ਸਾਰੀ ਚੱਲ-ਅਚੱਲ ਜਾਇਦਾਦ ਦੇ ਕਾਨੂੰਨੀ ਵਾਰਸ, ਹੱਕਦਾਰ ਹੋਣਗੇ। ਸਾਰੇ ਸਬੰਧਤ ਨੋਟ ਕਰਨ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏ ਪੀ 31/976, 3 ਬੀ ਐੱਚ ਪੀ, ਜੋ ਸ੍ਰੀ ਗੁਰਦੇਵ ਸਿੰਘ ਪੁੱਤਰ ਪ੍ਰੀਤਮ ਸਿੰਘ ਦੇ ਨਾਂਅ 'ਤੇ ਪਿੰਡ ਜਾਹਦਪੁਰ ਵਿਖੇ ਚਲਦਾ ਹੈ, ਨੂੰ ਬਦਲ ਕੇ ਸੁਖਵਿੰਦਰ ਸਿੰਘ ਅਤੇ ਦਵਿੰਦਰ ਸਿੰਘ ਪੁੱਤਰ ਅਰਜਨ ਸਿੰਘ ਜਾਹਦਪੁਰ, ਤਹਿਸੀਲ ਬਟਾਲਾ ਦੇ ਨਾਂਅ ਕਰਨਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ ਉਹ 07 ਦਿਨ ਦੇ ਅੰਦਰ-ਅੰਦਰ ਉਪ ਮੰਡਲ ਅਫਸਰ ਪੱਛਮ ਸ/ਡ ਉਮਰਪੁਰਾ, ਬਟਾਲਾ ਦੇ ਦਫਤਰ ਅਰਜ਼ੀ ਦੇ ਸਕਦਾ ਹੈ।

ਮੈਂ, ਵਿਧਵਾ ਆਸ਼ਾ ਰਾਣੀ ਪਤਨੀ ਲੇਟ ਰਾਜ ਕੁਮਾਰ ਵਾਸੀ ਪਿੰਡ ਬਰਿਆਰ, ਡਾਕਖਾਨਾ ਖੋਜੇਪੁਰ, ਥਾਣਾ ਦੀਨਾਨਗਰ, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਰਕੇਸ਼ ਕੁਮਾਰ, ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਸਾਲ 2023 ਵਿੱਚ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ, ਹੁਣ ਮੇਰਾ ਲੜਕਾ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਵਿੱਚ ਹੈ ਅਤੇ ਪਹਿਲਾਂ ਵਾਂਗ ਚੱਲ-ਅਚੱਲ ਜਾਇਦਾਦ ਦਾ ਹਿੱਸੇਦਾਰ ਹੋਵੇਗਾ। ਮੇਰੇ ਵੱਲੋਂ ਦਿੱਤਾ ਗਿਆ ਬੇਦਖਲੀ ਨੋਟਿਸ ਰੱਦ ਸਮਝਿਆ ਜਾਵੇ।

## ਬੇਦਖਲੀ ਨੋਟਿਸ

ਮੈਂ ਦਵਿੰਦਰ ਮਹਿਰਾ ਪੁੱਤਰ ਲੇਟ ਦੁਆਰਕਾ ਦਾਸ ਮਹਿਰਾ ਵਾਸੀ ਮਕਾਨ ਨੰ.2046,ਸੀ ਬਲਾਕ, ਰਣਜੀਤ ਐਵੀਨਿਊ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਵੱਡਾ ਲੜਕਾ ਸੁਮਤ ਮਹਿਰਾ (45 ਸਾਲ) ਜੋ ਕਿ ਸ਼ਾਦੀਸ਼ੁਦਾ ਹੈ ਮੇਰੇ ਕਹਿਣੇ ਤੋਂ ਬਾਹਰ ਹੈ, ਮੇਰੀ ਕੋਈ ਗੱਲ ਨਹੀਂ ਮੰਨਦਾ, ਮਨ ਮਰਜੀ ਕਰਦਾ ਹੈ ਅਤੇ ਬਹੁਤ ਤੰਗ ਪਰੇਸ਼ਾਨ ਕਰਦਾ ਹੈ। ਮੈਂ ਉਸ ਨਾਲ ਆਪਣੇ ਸਾਰੇ ਸਬੰਧ ਖਤਮ ਕਰਦਾ ਹਾਂ। ਉਸਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਇੰਦਰਜੀਤ ਸਿੰਘ ਪੁੱਤਰ ਸ੍ਰ. ਹਰਜੀਤ ਸਿੰਘ ਵਾਸੀ ਮਕਾਨ ਨੰ.277, ਗਲੀ ਨੰ.2, ਗੋਬਿੰਦ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਪ੍ਰੀਤ ਸਿੰਘ ਜੋ ਕਿ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹੈ ਅਤੇ ਮੈਨੂੰ ਬਹੁਤ ਤੰਗ ਪਰੇਸ਼ਾਨ ਕਰਦਾ ਹੈ। ਮੈਂ ਉਸਨੂੰ ਆਪਣੀ ਹਰ ਕਿਸਮ ਦੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ ਅਮਰ ਜੀਤ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ 31 ਬੀ, ਬੀ ਬਲਾਕ, ਸੰਧੂ ਕਾਲੋਨੀ, ਛੇਹਰਟਾ, ਅੰਮ੍ਰਿਤਸਰ ਆਪਣੇ ਲੜਕੇ ਹਰਭਾਲ ਸਿੰਘ ਸ਼ਾਦੀਸ਼ੁਦਾ ਜੋ ਮੇਰੇ ਕਹਿਣੇ ਵਿੱਚ ਨਹੀ ਹੈ, ਮੇਰੀ ਕੋਈ ਗੱਲ ਨਹੀਂ ਮੰਨਦਾ, ਆਪਣੀ ਮਰਜੀ ਕਰਦਾ ਹੈ ਨੂੰ ਆਪਣੀ ਚੱਲ ਅਚੱਲ, ਝੁੱਕਵੀ ਅਣਝੁਕਵੀ ਜਾਇਦਾਦ ਤੋ ਬੇਦਖਲ ਕਰਦਾ ਹਾਂ। ਉਸਦੇ ਕਿਸੇ ਵੀ ਮਾੜੇ ਚੰਗੇ ਕੰਮ, ਨਫ਼ੇ ਨੁਕਸਾਨ, ਲੈਣ ਦੇਣ, ਲੜਾਈ ਝਗੜੇ ਦੇ ਲਈ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਮੈਂਬਰ ਜਿੰਮੇਵਾਰ ਨਹੀ ਹੋਵੇਗਾ। ਮੇਰਾ ਹੁਣ ਹਰਭਾਲ ਸਿੰਘ ਅਤੇ ਉਸਦੇ ਪਰਿਵਾਰ ਦੇ ਨਾਲ ਕੋਈ ਸੰਬੰਧ ਨਹੀ ਹੈ।

ਅਸੀਂ ਸ਼ਸ਼ੀ ਅਰੋੜਾ ਪਤਨੀ ਨਰਿੰਦਰ ਕੁਮਾਰ ਵਾ ਨਰਿੰਦਰ ਕੁਮਾਰ ਪੁੱਤਰ ਦੁਨੀ ਚੰਦ ਵਾਸੀ ਮਕਾਨ ਨੰਬਰ 604/5 ਜੀ.ਟੀ ਰੋਡ, ਨੇੜੇ ਰਾਮ ਮੂਰਤੀ ਹਸਪਤਾਲ ਵਾਲੀ ਗਲੀ, ਗੁਰਦਾਸਪੁਰ ਬਿਆਨ ਕਰਦੇ ਹਾਂ ਕਿ ਅਸੀਂ ਆਪਣੇ ਲੜਕੇ ਵਿਸ਼ਵ ਅਰੋੜਾ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਹ ਸਾਡੇ ਅਤੇ ਸਾਡੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀਂ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਰਾਮ ਦਾਸ ਪੁੱਤਰ ਕਿਸ਼ਨ ਚੰਦ ਵਾਸੀ ਸੁਨਾਮ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ ਸੂਚਿਤ ਕਰਦਾ ਹਾਂ ਕਿ ਮੇਰੀ ਪੁੱਤਰੀ ਨੇਹਾ ਰਾਣੀ ਅਤੇ ਉਸ ਦਾ ਪਤੀ ਦਿਪਾਨਸ਼ੂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਜੋਗਿੰਦਰ ਪਾਲ ਪੁੱਤਰ ਲੇਟ ਬਿਸ਼ਨ ਚੰਦ ਵਾਸੀ ਮਕਾਨ ਨੰ. 359, ਵੀਨਸ ਵੈਲੀ, ਨੇੜੇ ਕਾਲੀਆ ਕਾਲੋਨੀ, ਫੇਸ-2, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਲੜਕਾ ਕੁਲਦੀਪ ਕੁਮਾਰ (ਸ਼ਾਦੀਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (12245)

ਮੈਂ, ਪ੍ਰੇਮ ਚੰਦ ਪੁੱਤਰ ਹੁਕਮ ਚੰਦ ਵਾਸੀ ਪਿੰਡ ਜਵਾਲਪੁਰ , ਬਾਹਮਣ ਮਾਜਰਾ, ਜ਼ਿਲ੍ਹਾ ਪਟਿਆਲਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਪਰਮਿੰਦਰ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਜਗੀਰ ਹੁਸੈਨ ਪੁੱਤਰ ਠਾਕਰ ਦਾਸ ਵਾਸੀ ਪਿੰਡ ਲੱਲੀਆਂ ਖੁਰਦ, ਡਾਕਖਾਨਾ ਲਾਂਬੜਾ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਵੀ ਅਤੇ ਮੇਰੀ ਨੂੰਹ ਸ਼ੀਦਾਂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਬਲਦੇਵ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਪਿੰਡ ਸਿਕੰਦਰ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਮਨਦੀਪ ਸਿੰਘ ਉਰਫ ਬਿੱਲੂ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸੁਖਵਿੰਦਰ ਸਿੰਘ ਪੁੱਤਰ ਅਮਰ ਸਿੰਘ ਵਾਸੀ ਅਬਾਦੀ ਗੁਰੂ ਨਾਨਕ ਨਗਰ, ਪਿੰਡ ਸੋਹੀਆਂ ਖੁਰਦ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅੰਮ੍ਰਿਤਪਾਲ ਸਿੰਘ ਅਤੇ ਮੇਰੀ ਨੂੰਹ ਸੀਮਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਗੁਰਮੀਤ ਕੌਰ ਪਤਨੀ ਲੇਟ ਸ੍ਰੀ ਗੁਰਨਾਮ ਸਿੰਘ ਵਾਸੀ ਹਿਰਦਾਪੁਰ, ਡਾਕਘਰ ਪੁਰਖਾਲੀ, ਤਹਿਸੀਲ ਵਾ ਜ਼ਿਲ੍ਹਾ ਰੂਪਨਗਰ ਸੂਚਿਤ ਕਰਦੀ ਹਾਂ ਕਿ ਮੇਰੇ ਦੋਵੇਂ ਪੁੱਤਰ ਸੁਖਵਿੰਦਰ ਸਿੰਘ ਅਤੇ ਉਸ ਦੀ ਪਤਨੀ ਅਤੇ ਉਸ ਦੇ ਦੋਵੇਂ ਬੱਚੇ ਅਤੇ ਪੁੱਤਰ ਗੁਰਦੀਪ ਸਿੰਘ ਅਤੇ ਉਸ ਦੀ ਪਤਨੀ ਅਤੇ ਉਸ ਦਾ ਬੇਟਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਲਾਜ ਰਾਣੀ ਪਤਨੀ ਲੇਟ ਗੁਰਨਾਮ ਲਾਲ ਵਾਸੀ ਰਵਿਦਾਸ ਮੁਹੱਲਾ, ਵਾਰਡ ਨੰ. 12, ਪਿੰਡ ਢਿੱਲਵਾਂ, ਡਾਕਖਾਨਾ ਦਕੋਹਾ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਪੁੱਤਰ ਭਾਰਤ ਭੂਸ਼ਨ ਵਾ ਉਸ ਦੀ ਪਤਨੀ ਨਿਰਮਲ ਕੌਰ ਅਤੇ ਉਸ ਦੇ ਵਾਰਸਾਨ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ ਕੋਮਲ ਪੁੱਤਰੀ ਨਿਰੰਜਨ ਸਿੰਘ ਨਿਵਾਸੀ ਪਿੰਡ ਤੇ ਡਾਕਖਾਨਾ ਬਿਆਸ ਪਿੰਡ ਜਿਲ੍ਹਾ ਜਲੰਧਰ ਨੇ ਆਪਣਾ ਨਾਮ ਕੋਮਲ ਤੋਂ ਬਦਲ ਕੇ ਕੋਮਲ ਕੁਮਾਰੀ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ ਨਿੰਦਰਪਾਲ ਕੌਰ ਪਤਨੀ ਗੁਰਪ੍ਰੀਤ ਸਿੰਘ ਵਾਸੀ ਪਿੰਡ ਕਲਸ ਤਹਿਸੀਲ ਪੱਟੀ ਜਿਲਾ ਤਾਰਨ ਤਾਰਨ ਨੇ ਅਪਣਾ ਨਾਮ ਨਿੰਦਰ ਕੌਰ ਤੋਂ ਬਦਲ ਕੇ ਨਿੰਦਰਪਾਲ ਕੌਰ ਰੱਖ ਲਿਆ ਹੈ ਸੰਬੰਧਤ ਨੋਟ ਕਰਨ

# ਗੌਰਮਿੰਟ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ



ਸੰਗਰੂਰ (ਪ੍ਰਵੀਨ ਸਿੰਘ)-ਸਥਾਨਕ ਜ਼ਿਲ੍ਹਾ ਕੰਪਲੈਕਸ ਵਿਖੇ ਗੌਰਮਿੰਟ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਸੰਗਰੂਰ ਯੂਨਿਟ ਵੱਲੋਂ ਪੈਨਸ਼ਨਰਜ਼ ਦੀਆਂ ਮੰਗਾਂ ਪ੍ਰਤੀ ਟਾਲਮਟੋਲ ਨੀਤੀ ਵਿਰੁੱਧ ਵਿਸ਼ਾਲ ਮੁਜ਼ਾਹਰਾ ਤੇ ਰੋਸ ਪ੍ਰਦਰਸ਼ਨ ਐਸੋਸੀਏਸ਼ਨ ਦੇ ਪ੍ਰਧਾਨ ਭੁਪਿੰਦਰ ਸਿੰਘ ਜੱਸੀ ਦੀ ਅਗਵਾਈ ਵਿੱਚ ਕੀਤਾ ਗਿਆ।

ਸਮੂਹ ਸਾਥੀਆਂ ਵੱਲੋਂ ਵਰਦੇ ਮੀਂਹ ਵਿੱਚ ਪੰਜਾਬ ਸਰਕਾਰ ਮੁਰਦਾਬਾਦ ਦੇ ਨਾਹਰੇ ਲਗਾਏ ਗਏ।ਇਸ ਮੌਕੇ ਰਾਜ ਕੁਮਾਰ ਅਰੋੜਾ ਜ਼ਿਲ੍ਹਾ ਪ੍ਰਧਾਨ ਅਤੇ ਸੂਬਾਈ ਮੁੱਖ ਬੁਲਾਰੇ ਤੇ ਭੁਪਿੰਦਰ ਸਿੰਘ ਜੱਸੀ ਨੇ ਪੈਨਸ਼ਨਰਜ਼ ਸਾਥੀਆਂ ਦੀਆਂ ਮੰਗਾਂ ਜਿਵੇਂ 2.59 ਗੁਣਾਂਕ, ਡੀ ਏ ਕਿਸ਼ਤਾਂ ਦਾ ਬਕਾਇਆ, ਪੇ ਕਮਿਸ਼ਨ ਅਨੁਸਾਰ ਇੱਕ ਮੁਸ਼ਤ ਬਕਾਏ ਦੀ ਅਦਾਇਗੀ, ਮੈਡੀਕਲ ਭੱਤੇ ਵਿੱਚ ਵਾਧਾ ਤੇ ਕੈਸ਼ਲੈਸ ਹੈਲਥ ਸਕੀਮ ਲਾਗੂ ਕਰਨ ਲਈ ਕਿਹਾ ਅਤੇ 2004 ਤੋਂ ਬਾਅਦ ਬੰਦ ਕੀਤੀ ਪੈਨਸ਼ਨ ਸਕੀਮ ਨੂੰ ਲਾਗੂ ਕਰਨਾ ਆਦਿ ਦਾ ਜ਼ਿਕਰ ਕਰਦੇ ਹੋਏ ਦੱਸਿਆ ਕਿ ਇਸ ਸਬੰਧੀ ਸਾਂਝੇ ਫਰੰਟ ਨਾਲ ਸਰਕਾਰ ਵੱਲੋਂ ਵਾਰ ਵਾਰ ਮੀਟਿੰਗਾਂ ਦੇ ਸੱਦੇ ਆਏ ਹਨ ਪ੍ਰੰਤੂ ਮੌਕੇ ਤੇ ਮੀਟਿੰਗ ਮੁਲਤਵੀ ਕਰਕੇ ਅਗਲੀ ਮਿਤੀ ਦੇ ਕੇ ਆਗੂਆਂ ਨੂੰ ਪ੍ਰੇਸ਼ਾਨ ਕੀਤਾ ਜਾਂਦਾ ਹੈ ਜਿਸ ਕਾਰਨ ਲੱਖਾਂ ਮੁਲਾਜ਼ਮਾਂ ਵਿੱਚ ਰੋਸ ਫੈਲਿਆ ਹੋਇਆ ਹੈ।

ਵੱਖ ਵੱਖ ਬੁਲਾਰਿਆਂ ਦਰਸ਼ਨ ਸਿੰਘ ਨੌਰਥ ਜ਼ਿਲ੍ਹਾ ਸਕੱਤਰ, ਗੁਰਦੀਪ ਸਿੰਘ ਮੰਗਵਾਲ ਸੀਨੀਅਰ ਮੀਤ ਪ੍ਰਧਾਨ, ਜਗਜੀਤ ਇੰਦਰ ਸਿੰਘ ਚੇਅਰਮੈਨ, ਰਾਮ ਲਾਲ ਪਾਂਧੀ, ਨਿਹਾਲ ਸਿੰਘ ਮਾਨ, ਸੁਰਿੰਦਰ ਪਾਲ ਸਿੰਘ ਸਿਦਕੀ, ਭੁਪਿੰਦਰ ਸਿੰਘ ਜੱਸੀ, ਸੱਤਦੇਵ ਸ਼ਰਮਾ, ਹਰਵਿੰਦਰ ਸਿੰਘ ਭੱਠਲ ਆਦਿ ਨੇ ਵੀ ਸਰਕਾਰ ਦੀ ਟਾਲਮਟੋਲ ਨੀਤੀ ਵਿਰੁੱਧ ਰੋਸ ਦਾ ਪ੍ਰਗਟਾਵਾ ਕੀਤਾ ਤੇ ਚਿਤਾਵਨੀ ਦਿੱਤੀ ਕਿ ਜੇ ਮੰਗਾਂ ਨਾ ਮੰਨੀਆਂ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ ਤੇ ਸੜਕਾਂ 'ਤੇ ਆਉਣ ਲਈ ਮਜਬੂਰ ਹੋਵਾਂਗੇ।

ਇਸ ਮੌਕੇ ਲਾਭ ਸਿੰਘ, ਹਰਪਾਲ ਸਿੰਘ ਸੰਗਰੂਰਵੀ, ਸਤਪਾਲ ਸਿੰਗਲਾ, ਨੰਦ ਲਾਲ ਮਲਹੋਤਰਾ, ਦਵਿੰਦਰ ਜਿੰਦਲ, ਰਾਮ ਸਰੂਪ ਸਿੰਘ ਅਲੀਸ਼ੇਰ, ਜੰਟ ਸਿੰਘ ਸੋਹੀਆਂ, ਜਰਨੈਲ ਸਿੰਘ ਲੁਬਾਣਾ, ਗੁਰਦੇਵ ਸਿੰਘ ਲੂੰਬਾ, ਪੀ ਸੀ ਬਾਘਾ, ਕਰਨੈਲ ਸਿੰਘ ਸ਼ੇਖੋਂ, ਸੁਰਿੰਦਰ ਸਿੰਘ ਸੋਢੀ, ਰਾਜਿੰਦਰ ਸਿੰਘ ਚੰਗਾਲ, ਰਾਜ ਕੁਮਾਰ ਬਾਂਸਲ, ਤੇਜਾ ਸਿੰਘ ਜਗਦੀਸ਼ ਕੁਮਾਰ ਆਦਿ ਸਮੇਤ ਵੱਡੀ ਗਿਣਤੀ ਵਿੱਚ ਪੈਨਸ਼ਨਰਜ਼ ਸਾਥੀ ਹਾਜ਼ਰ ਸਨ।

## Change of Name

I, Lakshmi (W/o Sh. Naresh Kumar) R/o B-9/180, Santokhpura , Jalandhar, Punjab-144004 declare that I have changed my name from Lakshmi to Given name as Lakshmi and Surname as Kumari. All concerned please note.

I, Naresh Kumar R/o H.No. B-9/180, Santokhpura, Jaldandhar , Punjab-144004, declare that I have changed my name from Naresh Kumar to Given name as Naresh and Surname as Kumar. All concerned please note.

I, Surjit S/O Babu Ram R/O VPO Bagga, Tehsil Shahkot Distt. Jalandhar, Punjab, also known as Surjeet Singh, have changed my name to Surjit Singh. All concerned may note please.

I, Vidya Devi D/o Ram Kumar R/o Vill. Sawla PO Pandoh Tehsil Sadar Distt. Mandi Himachal Pradesh Declare that my father's correct name is Ram Kumar. Concerned note.

I, Trishla Manhas D/o Inder Singh W/o Jagdish Singh R/o. VPO Behbal Manj Tehsil Mukerian Distt. Hoshiarpur declare that my correct name is Trishla Manhas. Concerned note.

I, Yogesh Kumar Bamotra S/o Ramesh Kumar, R/o H.No. 264, Ward No. 6, Mohalla Bhallian, Kartarpur, Jalandhar have changed my name from Yogesh Kumar To Yogesh Kumar Bamotra.

I, Jaspreet Kaur W/o Jarmanjit Singh Batth R/o Village Bhoe, PO Mattewal, Tehsil Baba Bakala, Distt. Amritsar, Punjab have changed my name from Jaspreet Kaur to Kaur is my surname and Jaspreet is my given name.

I, Lashkri Ram S/o Nanak Ram R/o Village Bambianwali P.O. Kukar Pind District Jalandhar declare that I have changed My Son name from Ritik to Ritik Ram.

I,Kuldip Kumar Bhatia S/O Kesar Dass R/O 5024,12,Daim Ganj, Amritsar,Punjab have changed my name from Kuldip Kumar Bhatia to Kuldip Bhatia.Concerned note.

I,Karmandeep Singh S/O Gurpinder Jit Singh R/O Village Tera Khurd,Distt.Amritsar,Punjab have changed my name from Karmandeep Singh to Karmandeep Singh Sandhu.Concerned note.

I, Santokh Singh Atwal S/o Gurmej Singh R/o VPO. Ghurka, Tehsil Phillaur, Distt. Jalandhar, Punjab-144632 have changed my name from Santokh Singh Atwal to Santokh Singh. All concerned please note.


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

13 July Page 8.qxd 7/12/2025 11:00 PM Page 1



# ਟੋਲ ਪਲਾਜ਼ੇ 'ਤੇ ਗੋਲੀਬਾਰੀ ਦਾ ਕੇਸ ਹੱਲ, ਅਸਲੇ ਦੀ ਵੱਡੀ ਖੇਪ ਬਰਾਮਦ

**ਕਪੂਰਥਲਾ (ਪ੍ਰੀਤ ਸੰਗੋਜਲਾ)**- ਕਪੂਰਥਲਾ ਪੁਲਸ ਨੇ ਪਿਛਲੇ ਦਿਨੀਂ ਢਿਲਵਾਂ ਵਿਖੇ ਟੋਲ ਪਲਾਜ਼ੇ ਉੱਪਰ ਗੋਲੀਬਾਰੀ ਦੀ ਘਟਨਾ ਦੇ ਦੋਸ਼ੀਆਂ ਨੂੰ ਕਾਬੂ ਕਰਨ ਦੇ ਨਾਲ-ਨਾਲ ਅਸਲੇ ਦੀ ਵੱਡੀ ਖੇਪ ਬਰਾਮਦ ਕੀਤੀ ਹੈ। ਅਸਲਾ ਖੇਪ ਦੀ ਬਰਾਮਦਗੀ ਦੌਰਾਨ ਪੁਲਸ ਹਿਰਾਸਤ ਵਿਚੋਂ ਭੱਜਣ ਦੀ ਕੋਸ਼ਿਸ਼ ਕਰਨ ਵਾਲਾ ਇਕ ਦੋਸ਼ੀ ਪੁਲਸ ਦੀ ਕਾਰਵਾਈ ਵਿਚ ਜ਼ਖਮੀ ਹੋ ਗਿਆ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਐਸ ਐਸ ਪੀ ਕਪੂਰਥਲਾ ਗੌਰਵ ਤੂਰਾ ਨੇ ਦੱਸਿਆ ਕਿ 25 ਜੂਨ ਨੂੰ ਟੋਲ ਪਲਾਜ਼ਾ ਢਿਲਵਾਂ ਉੱਪਰ ਟੋਲ ਦੀ ਫੀਸ ਨਾ ਦੇਣ ਕਰਕੇ ਬਹਿਸ ਦੌਰਾਨ ਗੋਲੀ ਚਲਾਉਣ 'ਤੇ ਥਾਣਾ ਢਿਲਵਾਂ ਵਿਖੇ ਅਸਲਾ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ।ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਪ੍ਰਭਜੋਤ ਸਿੰਘ ਵਿਰਕ ਪੁਲਸ ਕਪਤਾਨ ਤਫਤੀਸ਼, ਕਰਨੈਲ ਸਿੰਘ ਡੀ ਐਸ ਪੀ ਭੁਲੱਥ, ਪਰਮਿੰਦਰ ਸਿੰਘ ਡੀ ਐਸ ਪੀ ਤਫਤੀਸ਼, ਇੰਸ ਜਰਨੈਲ ਸਿੰਘ ਇੰਚਾਰਜ ਸੀ ਆਈ ਏ ਕਪੂਰਥਲਾ ਤੇ ਏ.ਐਸ.ਆਈ ਚਰਨਜੀਤ ਸਿੰਘ ਇੰਚਾਰਜ ਟੈਕਨੀਕਲ ਸੈਲ ਦੀ ਇਕ ਟੀਮ ਦਾ ਗਠਨ ਕੀਤਾ ਗਿਆ। ਪੁਲਸ ਟੀਮ ਵਲੋਂ ਕੇਸ ਵਿਚ ਦੋਸ਼ੀ ਰਮਨਦੀਪ ਸਿੰਘ ਉਰਫ ਰਮਾ ਪੁੱਤਰ



ਰਣਜੀਤ ਸਿੰਘ ਵਾਸੀ ਕੋਟਲਾ ਤਰਨਤਾਰਨ ਜ਼ਿਲ੍ਹਾ ਅੰਮ੍ਰਿਤਸਰ, ਦਲਜੀਤ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਮਜੀਠਾ ਰੋਡ, ਨਹਿਰੂ ਕਾਲੋਨੀ ਅੰਮ੍ਰਿਤਸਰ ਤੇ 3 ਹੋਰਾਂ ਨੂੰ ਨਾਮਜ਼ਦ ਕਰਕੇ 10 ਜੁਲਾਈ ਨੂੰ ਗ੍ਰਿਫਤਾਰ ਕਰਕੇ ਲਿਆਂਦਾ। ਉਨ੍ਹਾਂ ਦੱਸਿਆ ਕਿ ਸ਼ੁੱਕਰਵਾਰ ਪੁਲਸ ਵਲੋਂ ਉਕਤ ਦੋਸ਼ੀ ਰਮਨਦੀਪ ਨੂੰ ਪੁਲਸ ਪਾਰਟੀ ਬਰਾਮਦਗੀ ਲਈ ਢਿਲਵਾਂ ਮੰਡ ਲੈ ਕੇ ਗਈ ਸੀ, ਜਿੱਥੇ ਉਹ ਪੁਲਸ ਨਾਲ ਗੁੱਥਮ ਗੁੱਥਾ ਹੋ ਕੇ ਭੱਜ ਗਿਆ। ਇਸੇ ਦੌਰਾਨ ਪੁਲਸ ਵਲੋਂ ਰੋਕੇ ਜਾਣ 'ਤੇ ਉਹ ਰੁਕਿਆ ਨਹੀਂ ਤੇ ਪੁਲਸ ਵਲੋਂ ਚਲਾਈ ਗੋਲੀ ਉਸ ਦੀ ਲੱਤ ਵਿਚ ਲੱਗੀ ਤੇ ਉਸ ਨੂੰ ਦੁਬਾਰਾ ਕਾਬੂ ਕਰ ਲਿਆ ਗਿਆ। ਰਮਨਦੀਪ ਸਿੰਘ ਨੂੰ ਇਲਾਜ ਲਈ ਸਿਵਲ ਹਸਪਤਾਲ ਕਪੂਰਥਲਾ ਭੇਜਿਆ ਗਿਆ। ਗੌਰਵ ਤੂਰਾ ਨੇ ਦੱਸਿਆ ਕਿ ਦੋਸ਼ੀ ਰਮਨਦੀਪ ਸਿੰਘ ਵਿਰੁੱਧ ਪੁਲਸ ਪਾਰਟੀ ਦੀ ਡਿਊਟੀ ਵਿਚ ਵਿਘਨ ਪਾਉਣ 'ਤੇ ਥਾਣਾ ਢਿਲਵਾਂ ਵਿਖੇ ਮੁਕੱਦਮਾ ਨੰਬਰ 58 ਦਰਜ ਕੀਤਾ ਗਿਆ ਹੈ। ਰਮਨਦੀਪ ਸਿੰਘ ਵੱਖ-ਵੱਖ ਸੰਗੀਨ ਧਾਰਾਵਾਂ ਤਹਿਤ ਪਹਿਲਾਂ ਵੀ 12 ਮਾਮਲੇ ਦਰਜ ਹਨ। ਉਨ੍ਹਾਂ ਦੱਸਿਆ ਕਿ ਦੋਸ਼ੀਆਂ ਕੋਲੋਂ ਹੁਣ ਤੱਕ ਮਹਿੰਦਰਾ ਥਾਰ ਪੀ ਬੀ 02 ਡੀ ਡੀ 0999, ਚਿੱਟੇ ਰੰਗ ਦੀ ਹੁੰਡਾਈ ਕਾਰ, 3 ਗਲਕ ਪਿਸਤੌਲ 9 ਐਮ ਐਮ ਮੈਗਜ਼ੀਨ ਸਮੇਤ (ਇੰਪੋਰਟਡ),2 ਪਿਸਤੌਲ 32 ਬੋਰ ਸਮੇਤ ਮੈਗਜ਼ੀਨ, 1 ਰਿਵਾਲਵਰ 0.32 ਬੋਰ, ਇਕ 12 ਬੋਰ ਗੰਨ, 51 ਰੌਂਦ 7.62 ਐਮ.ਐਮ. , 25 ਰੌਂਦ 9 ਐਮ ਐਮ, 8 ਰੌਂਦ 12 ਬੋਰ, 30 ਰੌਂਦ 0.32 ਬੋਰ ਪਿਸਤੌਲ ਤੇ 24 ਰੌਂਦ 0.32 ਬੋਰ ਰਿਵਾਲਵਰ ਬਰਾਮਦ ਕੀਤੇ ਗਏ ਹਨ।

# ਸੀ ਟੀ ਇੰਸਟੀਚਿਊਟ ਸ਼ਾਹਪੁਰ ਦੇ ਐੱਨ ਸੀ ਸੀ ਕੈਂਪ 'ਚ ਛਾਇਆ ਦੇਸ਼ ਦੀ ਸੰਸਕ੍ਰਿਤੀ ਦਾ ਰੰਗ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਜਲੰਧਰ ਸੀ ਟੀ ਇੰਸਟੀਚਿਊਟ ਸ਼ਾਹਪੁਰ 'ਚ ਚੱਲ ਰਿਹਾ 10 ਦਿਨਾ ਐਨ ਸੀ ਸੀ ਕੈਂਪ ਹੁਣ ਆਪਣੇ ਸਮਾਪਨ ਵੱਲ ਵਧ ਰਿਹਾ ਹੈ। ਇਸ ਕੈਂਪ ਵਿੱਚ 5 ਏ ਐਨ ਓ ਅਤੇ 30 ਫੌਜੀ ਟ੍ਰੇਨਰਾਂ ਦੀ ਮਦਦ ਨਾਲ 590 ਕੈਡਟਸ ਐਨ ਸੀ ਸੀ ਦੀ ਸਖ਼ਤ ਸਿਖਲਾਈ ਲੈ ਰਹੇ ਹਨ। ਕੈਂਪ ਕਮਾਂਡੈਂਟ ਕਰਨਲ ਵਿਨੋਦ ਜੋਸ਼ੀ ਨੇ ਦੱਸਿਆ



ਕਿ ਕੈਂਪ ਵਿੱਚ ਹਥਿਆਰਾਂ ਨਾਲ ਫਾਇਰਿੰਗ ਦੀ ਪ੍ਰੈਕਟਿਸ, ਡ੍ਰਿਲ, ਟੀਮ ਭਾਵਨਾ ਨਾਲ ਖੇਡਾਂ ਤੋਂ ਇਲਾਵਾ ਵਾਦ-ਵਿਵਾਦ ਮੁਕਾਬਲੇ ਅਤੇ ਤਤਕਾਲ ਭਾਸ਼ਣ ਰਾਹੀਂ ਕੇਡਟਸ ਨੂੰ ਇੱਕ ਅਨੁਸ਼ਾਸਿਤ ਅਤੇ ਜ਼ਿੰਮੇਵਾਰ ਨਾਗਰਿਕ ਬਣਾਉਣ ਦੀ ਪ੍ਰਕਿਰਿਆ ਜਾਰੀ ਹੈ। ਕੈਂਪ ਵਿੱਚ ਲੈਫਟੀਨੈਂਟ ਕੁਲਦੀਪ ਸ਼ਰਮਾ ਨੇ ਨੀਤੀ ਅਤੇ ਨੀਤੀ-ਸ਼ਾਸਤਰ, ਸੈਕੰਡ ਅਫ਼ਸਰ ਦੀਪਿਕਾ ਦੁਆ ਨੇ ਐਨ ਸੀ ਸੀ ਸੰਗਠਨ ਅਤੇ ਸੂਬੇਦਾਰ ਰਜਿੰਦਰ ਸਿੰਘ ਨੇ ਬੈਟਲ ਫਾਰਮੇਸ਼ਨ 'ਤੇ ਆਪਣੇ ਲੈਕਚਰ ਰਾਹੀਂ ਕੇਡਟਸ ਨੂੰ ਵਿਸਥਾਰ ਨਾਲ ਜਾਣਕਾਰੀ ਦਿੱਤੀ।ਕੈਂਪ ਵਿੱਚ ਡ੍ਰਿਲ ਸਦਾ ਤੋਂ ਹੀ ਖਾਸ ਆਕਰਸ਼ਣ ਦਾ ਕੇਂਦਰ ਰਹੀ ਹੈ। ਕੈਂਪ ਦੇ ਨੌਵੇਂ ਦਿਨ ਜਦੋਂ ਜੂਨੀਅਰ ਅਤੇ ਸੀਨੀਅਰ ਡਿਵੀਜ਼ਨ ਦੇ ਕੇਡਟਸ ਫ਼ੁੱਟ ਡ੍ਰਿਲ ਅਤੇ ਵੱਖਨ ਡ੍ਰਿਲ ਮੁਕਾਬਲੇ ਲਈ ਮੈਦਾਨ ਵਿੱਚ ਉਤਰੇ, ਤਾਂ ਇਸ ਨੂੰ ਦੇਖਣ ਲਈ ਏਅਰ ਵਿੰਗ ਦੇ ਕੇਡਟਸ ਦੇ ਨਾਲ-ਨਾਲ ਸੀ ਟੀ ਪਬਲਿਕ ਸਕੂਲ ਮਕਸੂਦਾਂ ਅਤੇ ਸੀ ਟੀ ਵਰਲਡ ਸਕੂਲ, ਸ਼ਾਹਪੁਰ ਦੇ ਵਿਦਿਆਰਥੀ ਅਤੇ ਸਟਾਫ਼ ਮੈਂਬਰ ਵੀ ਖਾਸ ਤੌਰ 'ਤੇ ਪਹੁੰਚੇ।ਸਖ਼ਤ ਅਤੇ ਰੋਮਾਂਚਕ ਮੁਕਾਬਲੇ ਤੋਂ ਬਾਅਦ ਕੇਡਟਸ ਨੂੰ ਆਪਣੇ ਡ੍ਰਿਲ ਕੌਸ਼ਲ ਦਾ ਇਨਾਮ ਕੈਂਪ ਕਮਾਂਡੈਂਟ ਕਰਨਲ ਵਿਨੋਦ ਜੋਸ਼ੀ ਦੇ ਰੂਪ ਵਿੱਚ ਮਿਲਿਆ। ਲਾਂਸ ਨਾਇਕ ਕਰਮ ਸਿੰਘ ਪਰਮਵੀਰ ਚੱਕਰ ਦੀ ਕੰਪਨੀ ਨੇ ਹੋਰ ਸਾਰੀਆਂ ਕੰਪਨੀਆਂ ਨੂੰ ਪਿੱਛੇ ਛੱਡ ਦਿੱਤਾ।ਕੈਂਪ ਵਿੱਚ ਨੌਵੇਂ ਦਿਨ ਇੱਕ ਰੰਗਾਰੰਗ ਸੰਸਕ੍ਰਿਤਿਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ।ਕੇਡਟ ਸ਼ੁਸ਼ਾਂਕ ਸਿੰਘ ਦੇ ਸ਼ਿਵ ਤਾਂਡਵ ਨੇ ਸਾਰੇ ਦਰਸ਼ਕਾਂ ਦੇ ਮਨ ਮੋਹ ਲਏ।ਇਸ ਸੰਸਕ੍ਰਿਤਿਕ ਪ੍ਰੋਗਰਾਮ ਵਿੱਚ ਸੀਟੀ ਗਰੁੱਪ ਦੇ ਚੇਅਰਮੈਨ ਦੀ ਧਰਮਪਤਨੀ ਪਰਮਿੰਦਰ ਕੌਰ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਐਮ.ਡੀ. ਮਨਵੀਰ ਸਿੰਘ ਅਤੇ ਡਾ. ਅਰਜੁਨ ਸਿੰਘ (ਡੀਨ, ਸਟੂਡੈਂਟ ਵੈਲਫੇਅਰ) ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

# ਚੌਧਰੀ ਨੇ ਵਿਧਾਨ ਸਭਾ 'ਚ ਵਿਦਿਆਰਥੀ ਸ਼ੋਸ਼ਣ ਤੇ ਆਵਾਰਾ ਪਸ਼ੂਆਂ ਦੇ ਮਾਮਲੇ 'ਤੇ ਗੰਭੀਰ ਚਿੰਤਾ ਜਤਾਈ



**ਫਿਲੌਰ (ਨਿਰਮਲ)**- ਫਿਲੌਰ ਤੋਂ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੇ ਚੱਲ ਰਹੀ ਪੰਜਾਬ ਵਿਧਾਨ ਸਭਾ ਦੀ ਕਾਰਵਾਈ ਦੌਰਾਨ ਰਾਜ ਦੇ ਦੋ ਮਹੱਤਵਪੂਰਨ ਸਮੱਸਿਆਵਾਂ ਉੱਤੇ ਧਿਆਨ ਖਿੱਚਿਆ। ਉਹਨਾਂ ਨੇ ਸੀ.ਜੀ.ਸੀ. ਯੂਨੀਵਰਸਿਟੀ, ਮੋਹਾਲੀ ਬਿੱਲ 2025 'ਤੇ ਚਰਚਾ ਕਰਦਿਆਂ ਕਿਹਾ ਕਿ ਪੰਜਾਬ ਦੇ ਕਈ ਵਿਸ਼ਵ ਵਿਦਿਆਲਿਆਂ ਅਤੇ ਕਾਲਜਾਂ ਵੱਲੋਂ ਸਰਕਾਰੀ ਸਕਾਲਰਸ਼ਿਪਸ ਦੇ ਰੁਕੇ ਹੋਏ ਭੁਗਤਾਨਾਂ ਦੀ ਆੜ ਲੈ ਕੇ ਵਿਦਿਆਰਥੀਆਂ ਦੇ ਸਰਟੀਫਿਕੇਟ ਰੋਕ ਕੇ ਰੱਖੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਇਹ ਵਿਦਿਆਰਥੀਆਂ ਖਾਸ ਕਰਕੇ ਗਰੀਬ ਪਿਛੋਕੜ ਤੋਂ ਆਏ ਵਿਦਿਆਰਥੀਆਂ ਦਾ ਸਿੱਧਾ ਸ਼ੋਸ਼ਣ ਹੈ। ਚੌਧਰੀ ਨੇ ਸਰਕਾਰ ਕੋਲੋਂ ਮੰਗ ਕੀਤੀ ਕਿ ਇਹੋ ਜਿਹੀਆਂ ਸੰਸਥਾਵਾਂ ਖਿਲਾਫ ਸਖਤ ਕਾਨੂੰਨ ਬਣਾਏ ਜਾਣ ਤਾਂ ਜੋ ਕੋਈ ਵੀ ਵਿਦਿਆਰਥੀ ਨਾਂ ਤਾਂ ਬੇਇੱਜ਼ਤ ਹੋਵੇ, ਨਾ ਹੀ ਆਪਣੇ ਭਵਿੱਖ ਲਈ ਸੰਘਰਸ਼ ਕਰੇ। ਇਸ ਤੋਂ ਇਲਾਵਾ ਉਨ੍ਹਾਂ ਸੜਕਾਂ 'ਤੇ ਖੁੱਲ੍ਹੇ ਘੁੰਮ ਰਹੇ ਅਵਾਰਾ ਪਸ਼ੂਆਂ ਕਾਰਨ ਵਧ ਰਹੀਆਂ ਦੁਰਘਟਨਾਵਾਂ 'ਤੇ ਜਨਤਕ ਡਰ ਦਾ ਮੁੱਦਾ ਉਠਾਇਆ। ਉਨ੍ਹਾਂ ਨੇ ਕਿਹਾ ਕਿ ਬਜ਼ੁਰਗ ਅਤੇ ਬੱਚੇ ਸਵੇਰੇ ਦੀ ਸੈਰ ਜਾਂ ਖੇਡ ਕਿਰਿਆਵਾਂ ਲਈ ਬਾਹਰ ਜਾਣ ਤੋਂ ਡਰਦੇ ਹਨ, ਖਾਸ ਕਰਕੇ ਕੁੱਤਿਆਂ ਦੇ ਕਟਣ ਦੇ ਡਰ ਕਾਰਨ। ਚੌਧਰੀ ਨੇ ਕਿਹਾ ਕਿ ਹਜ਼ਾਰਾਂ ਲੋਕ ਅਵਾਰਾ ਪਸ਼ੂਆਂ ਕਾਰਨ ਸੜਕ ਹਾਦਸਿਆਂ 'ਚ ਆਪਣੀ ਜਾਨ ਗੁਆ ਰਹੇ ਹਨ ਅਤੇ ਸਰਕਾਰ ਨੂੰ ਤੁਰੰਤ ਅਤੇ ਪ੍ਰਭਾਵਸ਼ਾਲੀ ਕਦਮ ਚੁੱਕਣੇ ਚਾਹੀਦੇ ਹਨ।

# ਦਾਣਾ ਮੰਡੀ ਹੁਸ਼ਿਆਰਪੁਰ ਨੂੰ ਮਾਡਲ ਮੰਡੀ ਵਜੋਂ ਕੀਤਾ ਜਾਵੇਗਾ ਵਿਕਸਤ : ਆਸ਼ਿਕਾ ਜੈਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦਾਣਾ ਮੰਡੀ ਹੁਸ਼ਿਆਰਪੁਰ ਦਾ ਦੌਰਾ ਕਰਕੇ ਉਥੋਂ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਜਸਪਾਲ ਸਿੰਘ ਚੇਚੀ ਵੀ ਉਨ੍ਹਾਂ ਦੇ ਨਾਲ ਸਨ। ਦੌਰੇ ਦੌਰਾਨ ਡਿਪਟੀ ਕਮਿਸ਼ਨਰ ਨੇ ਮੰਡੀ ਵਿਚ ਸਾਫ-ਸਫ਼ਾਈ ਦੀ ਸਥਿਤੀ, ਖੇਤੀਬਾੜੀ ਰਹਿੰਦ-ਖੂੰਹਦ ਦੇ ਪ੍ਰਬੰਧਨ ਅਤੇ ਸੜਕਾਂ ਤੇ ਸੀਵਰੇਜ ਵਰਗੀਆਂ ਮੁੱਢਲੀਆਂ ਸਹੂਲਤਾਂ ਦਾ ਜਾਇਜ਼ਾ ਲਿਆ। ਡਿਪਟੀ ਕਮਿਸ਼ਨਰ ਨੇ ਕਿਹਾ ਕਿ



ਝੋਨੇ ਦੇ ਸੀਜ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਮੰਡੀ ਵਿਚ ਸਫ਼ਾਈ ਵਿਵਸਥਾ ਨੂੰ ਮਜ਼ਬੂਤ ਕੀਤਾ ਜਾਵੇਗਾ ਤਾਂ ਜੋ ਕਿਸਾਨਾਂ ਅਤੇ ਵਪਾਰੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਮੰਡੀ ਵਿਚ ਪੈਦਾ ਹੋਣ ਵਾਲੇ ਖੇਤੀਬਾੜੀ ਰਹਿੰਦ-ਖੂੰਹਦ ਦਾ ਪ੍ਰਬੰਧਨ ਨਗਰ ਨਿਗਮ ਦੇ ਸਹਿਯੋਗ ਨਾਲ ਇਕ ਵਿਸ਼ੇਸ਼ ਪ੍ਰੋਜੈਕਟ ਤਹਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੰਡੀ ਦੀਆਂ ਅੰਦਰੂਨੀ ਸੜਕਾਂ ਦੀ ਮੁਰੰਮਤ ਅਤੇ ਸੀਵਰੇਜ ਸਿਸਟਮ ਨੂੰ ਵੀ ਬਿਹਤਰ ਬਣਾਇਆ ਜਾਵੇਗਾ।ਚੇਅਰਮੈਨ ਮਾਰਕੀਟ ਕਮੇਟੀ ਜਸਪਾਲ ਸਿੰਘ ਚੇਚੀ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਨਾਲ ਮੰਡੀ ਦਾ ਦੌਰਾ ਕਰਨਾ ਮੰਡੀ ਦੀ ਬਿਹਤਰੀ ਲਈ ਇਕ ਮਹੱਤਵਪੂਰਨ ਕਦਮ ਹੈ। ਅਸੀਂ ਪੂਰੀ ਵਚਨਬੱਧਤਾ ਨਾਲ ਮੰਡੀ ਨੂੰ ਸਾਫ਼-ਸੁਥਰਾ, ਸੁਵਿਧਾਯੁਕਤ ਅਤੇ ਕਿਸਾਨ-ਪੱਖੀ ਬਣਾਵਾਂਗੇ। ਉਨ੍ਹਾਂ ਕਿਹਾ ਕਿ ਪੀਣ ਵਾਲੇ ਪਾਣੀ, ਲਾਈਟਾਂ, ਸ਼ੈੱਡ ਅਤੇ ਬੈਠਣ ਵਰਗੀਆਂ ਬੁਨਿਆਦੀ ਸਹੂਲਤਾਂ ਵਿਚ ਵੀ ਸੁਧਾਰ ਕੀਤਾ ਜਾਵੇਗਾ । ਚੇਅਰਮੈਨ ਨੇ ਭਰੋਸਾ ਦਿੱਤਾ ਕਿ ਪ੍ਰਸ਼ਾਸਨ ਅਤੇ ਮਾਰਕੀਟ ਕਮੇਟੀ ਦੇ ਇਸ ਸਾਂਝੇ ਉਪਰਾਲੇ ਨਾਲ ਦਾਣਾ ਮੰਡੀ ਨੂੰ ਸੂਬੇ ਦੀਆਂ ਆਦਰਸ਼ ਮੰਡੀਆਂ ਵਿਚ ਸ਼ਾਮਿਲ ਕਰਨ ਵੱਲ ਤੇਜ਼ੀ ਨਾਲ ਕੰਮ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਮੰਡੀ ਅਫ਼ਸਰ ਗੁਰਕਿਰਪਾਲ ਸਿੰਘ, ਕਾਰਜਕਾਰੀ ਦਿਲਪ੍ਰੀਤ ਸਿੰਘ, ਸਕੱਤਰ ਮਾਰਕੀਟ ਕਮੇਟੀ ਵਿਨੋਦ ਕੁਮਾਰ, ਅਮਿਤ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

# ਨਿਯੁਕਤੀਆਂ ਨਾਲ ਅਕਾਲੀ ਦਲ ਬਾਦਲ ਹੋਵੇਗਾ ਮਜ਼ਬੂਤ : ਲੇਸੜੀਵਾਲ

**ਆਦਮਪੁਰ (ਪਰਮਜੀਤ ਸਿੰਘ)**- ਸ਼੍ਰੋਮਣੀ ਅਕਾਲੀ ਦਲ ਦੇ ਪੰਜਾਬ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਬੀਤੇ ਦਿਨੀਂ ਕੀਤੀਆਂ ਗਈਆਂ ਨਿਯੁਕਤੀਆਂ ਨਾਲ ਅਕਾਲੀ ਦਲ ਹੋਰ ਮਜ਼ਬੂਤ ਹੋਵੇਗਾ। ਇਹਨਾਂ ਵਿਚਾਰਾਂ ਦਾ



ਪ੍ਰਗਟਾਵਾ ਧਰਮਪਾਲ ਲੇਸੜੀਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਐਸ ਸੀ ਵਿੰਗ ਜਲੰਧਰ ਦਿਹਾਤੀ ਹਲਕਾ ਆਦਮਪੁਰ ਨੇ ਕੀਤਾ। ਉਹਨਾਂ ਕਿਹਾ ਕਿ ਜਲੰਧਰ ਦਿਹਾਤੀ ਦੇ ਵਿੱਚ ਟਕਸਾਲੀ ਪਰਵਾਰ ਜਥੇਦਾਰ ਅਜੀਤ ਸਿੰਘ ਕੋਹਾੜ ਦੇ ਪੋਤਰੇ ਬਚਿੱਤਰ ਸਿੰਘ ਕੋਹਾੜ ਨੂੰ ਦਿਹਾਤੀ ਦਾ ਪ੍ਰਧਾਨ ਲਾਉਣ 'ਤੇ ਵਰਕਰਾਂ ਵਿੱਚ ਕਾਫੀ ਉਤਸ਼ਾਹ ਪਾਇਆ ਜਾ ਰਿਹਾ ਹੈ। ਸਾਰੇ ਵਰਕਰ ਇਸ ਨਿਯੁਕਤੀ ਦਾ ਸਵਾਗਤ ਕਰ ਰਹੇ ਹਨ। ਜਲੰਧਰ ਸ਼ਹਿਰੀ ਦਾ ਪ੍ਰਧਾਨ ਇਕਬਾਲ ਸਿੰਘ ਢੀਂਡਸਾ ਨੂੰ ਲਗਾਇਆ ਗਿਆ ਹੈ ਜੋ ਕਿ ਕਾਫੀ ਮਿਹਨਤੀ ਹਨ। ਇਹਨਾਂ ਦੋਨਾਂ ਦੇ ਪ੍ਰਧਾਨ ਲੱਗਣ ਨਾਲ ਜਲੰਧਰ ਸ਼ਹਿਰੀ ਤੇ ਜਲੰਧਰ ਦਿਹਾਤੀ ਵਿੱਚ ਅਕਾਲੀ ਦਲ ਹੋਰ ਮਜ਼ਬੂਤ ਹੋਵੇਗਾ ਅਤੇ ਵਰਕਰਾਂ ਨੇ ਵੀ ਮਨ ਬਣਾ ਲਿਆ ਹੈ ਕਿ 2027 ਵਿੱਚ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣੀ ਹੈ। ਧਰਮਪਾਲ ਲੇਸੜੀਵਾਲ ਨੇ ਇਹਨਾਂ ਨਿਯੁਕਤੀਆਂ ਦਾ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਵੀ ਕੀਤਾ।

# ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਵੱਲੋਂ 19 ਨੂੰ ਦਿੜ੍ਹਬਾ 'ਚ ਸੰਘਰਸ਼ ਕਰਨ ਦਾ ਐਲਾਨ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1406-22 ਬੀ ਚੰਡੀਗੜ੍ਹ ਨਾਲ ਸੰਬੰਧਤ ਜੰਗਲਾਤ ਦੇ ਫੀਲਡ ਕਾਮਿਆਂ ਦੀ ਇਕੋ-ਇਕ ਸਿਰਮੌਰ ਸੰਘਰਸ਼ਸ਼ੀਲ ਜਥੇਬੰਦੀ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਅਮਰੀਕ ਸਿੰਘ ਗੜ੍ਹਸ਼ੰਕਰ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਜਾਣਕਾਰੀ ਦਿੰਦਿਆਂ ਜੱਥੇਬੰਦੀ ਦੇ ਸੂਬਾ ਜਨਰਲ ਸਕੱਤਰ ਜਸਵੀਰ ਸਿੰਘ ਸੀਰਾ ਅਤੇ ਸੂਬਾ ਸਕੱਤਰ ਜਸਵਿੰਦਰ ਸਿੰਘ ਸੌਜਾ ਨੇ ਦੱਸਿਆ ਕਿ ਵਣ ਅਤੇ ਜੰਗਲੀ ਜੀਵ ਵਿਭਾਗ ਵਿਚ ਕੰਮ ਕਰਦੇ ਕਾਮਿਆਂ ਦੀਆ ਮੰਗਾਂ ਸੰਬੰਧੀ ਵਣ ਮੰਤਰੀ



ਅਤੇ ਵਿੱਤ ਮੰਤਰੀ ਨਾਲ ਅਨੇਕਾਂ ਮੀਟਿੰਗਾਂ ਹੋਣ ਦੇ ਬਾਵਜੂਦ ਇਕ ਵੀ ਮੰਗ ਦਾ ਹੱਲ ਨਹੀਂ ਹੋਇਆ। ਸੂਬਾ ਚੇਅਰਮੈਨ ਵਿਰਸਾ ਸਿੰਘ ਚਹਿਲ, ਵਿਤ ਸਕੱਤਰ ਅਮਨਦੀਪ ਸਿੰਘ, ਸੀਨੀਅਰ ਮੀਤ ਪ੍ਰਧਾਨ ਰਣਜੀਤ ਸਿੰਘ ਗੁਰਦਾਸਪੁਰ, ਬਲਵੀਰ ਸਿੰਘ ਤਰਨ ਤਾਰਨ ਅਤੇ ਸ਼ੇਰ ਸਿੰਘ ਸਰਹਿੰਦ ਨੇ ਪ੍ਰੈਸ ਨੂੰ ਬਿਆਨ ਕਰਦਿਆਂ ਕਿਹਾ ਕਿ ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਦੇ ਕਾਮਿਆਂ ਦਾ ਮੈਡੀਕਲ ਤੇ ਪੁਲਸ ਵੈਰੀਫਿਕੇਸ਼ਨ ਹੋਣ ਦੇ ਬਾਵਜੂਦ ਰੈਗੂਲਰ ਕਰਨ ਵਿੱਚ ਪੰਜਾਬ ਸਰਕਾਰ ਵਲੋਂ ਆਨਾਕਾਨੀ ਕੀਤੀ ਜਾ ਰਹੀ ਹੈ ਤੇ ਨਾ ਪਿਛਲੇ ਕਈ ਮਹੀਨਿਆਂ ਤੋਂ ਫੀਲਡ ਕਾਮਿਆਂ ਨੂੰ ਤਨਖਾਹਾਂ ਦਿੱਤੀਆਂ ਗਈਆਂ। ਜਿਸ ਕਾਰਨ ਕਾਮਿਆਂ ਵਿੱਚ ਭਾਰੀ ਰੋਸ ਬੇਚੈਨੀ ਪਾਈ ਜਾ ਰਹੀ ਹੈ। ਇਸ ਲਈ ਜਥੇਬੰਦੀ ਨੇ ਫੈਸਲਾ ਕੀਤਾ ਕਿ 14 ਜੁਲਾਈ ਤੋਂ 18 ਜੁਲਾਈ ਤੱਕ ਪੰਜਾਬ ਦੇ ਸਮੂਹ ਵਣ ਮੰਡਲ ਦਫਤਰਾਂ ਅੱਗੇ ਰੋਸ ਪ੍ਰਦਰਸ਼ਨ ਕਰਕੇ 19 ਜੁਲਾਈ ਨੂੰ ਵਿਧਾਨ ਸਭਾ ਹਲਕਾ ਦਿੜ੍ਹਬਾ ਵਿਖੇ ਰੋਸ ਧਰਨਾ-ਪ੍ਰਦਰਸ਼ਨ ਕੀਤਾ ਜਾਵੇਗਾ। ਸਤਨਾਮ ਸਿੰਘ ਸੰਗਤੀਵਾਲਾ, ਰਵੀਕਾਂਤ ਰੋਪੜ, ਬੱਬੂ ਸਿੰਘ ਮਾਨਸਾ,ਕੇਵਲ ਕ੍ਰਿਸ਼ਨ ਨਵਾਂਸ਼ਹਿਰ ਅਤੇ ਮਲਕੀਤ ਸਿੰਘ ਮੁਕਤਸਰ ਨੇ ਦੱਸਿਆ ਕਿ ਵਣ ਅਤੇ ਜੰਗਲੀ ਜੀਵ ਵਿਭਾਗ ਵਿਚ ਕੰਮ ਕਰਦੇ ਡੇਲੀਵੇਜ ਕਾਮਿਆਂ ਨੂੰ ਬਿਨਾਂ ਸ਼ਰਤ ਪੱਕਿਆ ਕਰਵਾਉਣ ਲਈ, ਵਿਭਾਗ ਵਿਚ ਨਵੇਂ ਕੰਮ ਚਲਾਉਣ ਲਈ, ਰੁੱਖਾਂ ਅਤੇ ਜੀਵ ਜੰਤੂਆਂ ਦੀ ਸਾਂਭ ਸੰਭਾਲ ਕਰਵਾਉਣ ਆਦਿ ਮੰਗਾਂ ਨੂੰ ਹੱਲ ਕਰਵਾਉਣ ਲਈ ਕੀਤੀ ਜਾ ਰਹੀ ਹੈ, ਕਿਉਂਕਿ ਪਿਛਲੇ ਸਮੇਂ ਦੌਰਾਨ ਅਕਾਲੀ, ਕਾਂਗਰਸ ਸਰਕਾਰਾਂ ਦੇ ਸਮੇਂ ਜੰਗਲਾਤ ਦੇ ਕਾਮੇ ਬਿਨਾਂ ਸ਼ਰਤ ਪੱਕੇ ਕੀਤੇ ਗਏ ਸਨ, ਪਰ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਸ਼ਰਤਾਂ ਲਗਾਈਆਂ ਜਾ ਰਹੀਆਂ ਹਨ, ਜਿਸ ਦੇ ਰੋਸ ਵਜੋਂ ਇਹ ਪ੍ਰਦਰਸ਼ਨ ਕੀਤਾ ਜਾਵੇਗਾ। ਮੀਟਿੰਗ ਦੇ ਅੰਤ ਵਿੱਚ ਸੂਬਾ ਪ੍ਰਧਾਨ/ ਸਕੱਤਰ ਵੱਲੋਂ 19 ਜੁਲਾਈ ਦੀ ਰੈਲੀ ਵਿੱਚ ਸਮੂਹ ਜ਼ਿਲਿਆਂ ਦੇ ਫੀਲਡ ਕਾਮਿਆ ਨੂੰ ਵੱਡੀ ਗਿਣਤੀ ਵਿੱਚ ਪਹੁੰਚਣ ਲਈ ਕਿਹਾ ਗਿਆ। ਮੀਟਿੰਗ ਵਿੱਚ ਸਾਮਿਲ ਆਗੂ ,ਸੁਲੱਖਣ ਸਿੰਘ ਮੋਹਾਲੀ, ਸੁਖਦੇਵ ਸਿੰਘ ਜਲੰਧਰ,ਰਵੀ ਕੁਮਾਰ ਲੁਧਿਆਣਾ, ਗੁਰਬੀਰ ਸਿੰਘ ਫਿਰੋਜ਼ਪੁਰ, ਬਲਰਾਜ ਸਿੰਘ ਪਠਾਨਕੋਟ, ਭੁਵਿਸਨ ਲਾਲ ਜਲੰਧਰ, ਕੁਲਦੀਪ ਸਿੰਘ ਗੁਰਦਾਸਪੁਰ, ਪਵਨ ਕੁਮਾਰ ਹੁਸ਼ਿਆਰਪੁਰ, ਭੁਪਿੰਦਰ ਸਿੰਘ ਦਸੂਹਾ,ਰਣਜੀਤ ਸਿੰਘ ਰਾਣਾ ਅਜੇ ਹੁਸ਼ਿਆਰਪੁਰ ਅਤੇ ਕਰਮ ਸਿੰਘ ਹਰੀਕੇ ਪੱਤਣ ਆਦਿ ਆਗੂ ਵੀ ਹਾਜ਼ਰ ਹੋਏ।

# ਭਾਰਤ ਵਿਕਾਸ ਪ੍ਰੀਸ਼ਦ ਡੇਰਾ ਬੱਸੀ ਨੇ ਸਕੂਲ 'ਚ ਲਾਏ ਪੌਦੇ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਬਰਸਾਤ ਦੇ ਮੌਸਮ ਵਿਚ ਹਰ ਸਾਲ ਦੀ ਤਰ੍ਹਾਂ ਪੌਦੇ ਲਾਉਣ ਦੀ ਮੁਹਿੰਮ ਆਰੰਭੀ ਹੋਈ ਹੈ। ਪ੍ਰੀਸ਼ਦ ਵੱਲੋਂ



ਨਜ਼ਦੀਕੀ ਪਿੰਡ ਦੰਦਰਾਲਾ ਦੇ ਸਰਕਾਰੀ ਸਕੂਲ ਵਿੱਚ ਪੌਦੇ ਲਗਾਏ ਗਏ। ਪ੍ਰੀਸ਼ਦ ਦੇ ਸਾਬਕਾ ਪ੍ਰਧਾਨ ਪਰਮਜੀਤ ਰੰਮੀ ਅਤੇ ਪ੍ਰੀਸ਼ਦ ਦੇ ਜਨਰਲ ਸਕੱਤਰ ਹਤਿੰਦਰ ਮੋਹਨ ਸ਼ਰਮਾ ਨੇ ਕਿਹਾ ਕਿ ਪ੍ਰੀਸ਼ਦ ਵੱਲੋਂ ਵਿਸ਼ੇਸ਼ ਕਰਕੇ ਬਰਸਾਤਾਂ ਵਿਚ ਹਰ ਸਾਲ ਪੌਦੇ ਲਗਾਏ ਜਾਂਦੇ ਹਨ, ਕਿਉਂਕਿ ਇਸ ਵੇਲੇ ਲਗਾਏ ਪੌਦਿਆਂ ਨੂੰ ਘੱਟ ਪਾਣੀ ਅਤੇ ਘੱਟ ਦੇਖਭਾਲ ਦੀ ਜ਼ਰੂਰਤ ਪੈਂਦੀ ਹੈ। ਜਿਸ ਨਾਲ ਇਹ ਬਹੁਤ ਜਲਦੀ ਜੜ੍ਹਾਂ ਪਕੜ ਲੈਂਦੇ ਹਨ। ਸ਼ੁੱਕਰਵਾਰ ਨੂੰ ਸਰਕਾਰੀ ਐਲੀਮੈਂਟਰੀ ਸਕੂਲ ਦੰਦਰਾਲਾ ਵਿਖੇ ਪ੍ਰੀਸ਼ਦ ਵੱਲੋਂ ਪੌਦੇ ਲਗਾਏ ਗਏ। ਇਸ ਮੌਕੇ ਪ੍ਰੀਸ਼ਦ ਦੇ ਪ੍ਰਧਾਨ ਸੁਰਿੰਦਰ ਅਰੋੜਾ, ਜਨਰਲ ਸਕੱਤਰ ਹਤਿੰਦਰ ਮੋਹਨ ਸ਼ਰਮਾ, ਖਜ਼ਾਨਚੀ ਵਿਸ਼ਾਲ ਸ਼ਰਮਾ, ਪ੍ਰੋਜੈਕਟ ਚੇਅਰਮੈਨ ਕ੍ਰਿਸ਼ਨ ਲਾਲ, ਨਰੇਸ਼ ਮਲਹੋਤਰਾ, ਅਮਰਨਾਥ ਸੋਹਲ, ਰਜਨੀਸ਼ ਸ਼ਰਮਾ, ਸੋਹਨ ਲਾਲ ਤੋਂ ਇਲਾਵਾ ਸਕੂਲ ਸਟਾਫ ਹਾਜ਼ਰ ਸੀ। ਅੰਤ ਵਿੱਚ ਸਕੂਲ ਪ੍ਰਿੰਸੀਪਲ ਵੱਲੋਂ ਸਕੂਲ ਵਿੱਚ ਪੌਦੇ ਲਗਾਉਣ 'ਤੇ ਪ੍ਰੀਸ਼ਦ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

# ਰੇਲ ਗੱਡੀ ਦੀ ਲਪੇਟ 'ਚ ਆਉਣ ਨਾਲ ਮੌਤ



**ਫਿਲੌਰ (ਨਿਰਮਲ)**- ਰੇਲਵੇ ਪੁਲਸ ਚੌਂਕੀ ਦੇ ਇੰਚਾਰਜ ਥਾਣੇਦਾਰ ਪ੍ਰੇਮ ਨਾਥ ਨੇ ਦੱਸਿਆ ਕਿ ਇਕ 50-55 ਸਾਲਾ ਮੋਨਾ ਵਿਅਕਤੀ ਫਿਲੌਰ ਰੇਲਵੇ ਸਟੇਸ਼ਨ 'ਤੇ ਜਨ ਨਾਇਕ ਚਲਦੀ ਰੇਲ ਗੱਡੀ ਵਿੱਚ ਚੜ੍ਹਦੇ ਸਮੇਂ ਪੈਰ ਫਿਸਲਣ ਕਾਰਨ ਰੇਲਵੇ ਲਾਈਨਾਂ ਵਿਚ ਡਿੱਗ ਕੇ ਗੰਭੀਰ ਹਾਲਤ ਵਿਚ ਜ਼ਖਮੀ ਹੋ ਗਿਆ, ਜਿਸ ਨੂੰ ਸਿਵਲ ਹਸਪਤਾਲ ਫਿਲੌਰ ਵਿਖੇ ਦਾਖ਼ਲ ਕਰਵਾਇਆ ਗਿਆ। ਡਾਕਟਰਾਂ ਨੇ ਨਾਜ਼ੁਕ ਹਾਲਤ ਨੂੰ ਦੇਖਦੇ ਹੋਏ ਜਲੰਧਰ ਰੈਫਰ ਕਰ ਦਿੱਤਾ, ਜਿੱਥੇ ਉਸ ਦੀ ਮੌਤ ਹੋ ਗਈ। ਲਾਸ਼ ਸਿਵਲ ਹਸਪਤਾਲ ਫਿਲੌਰ ਵਿਖੇ 72 ਘੰਟੇ ਲਈ ਰੱਖ ਕੇ ਉਸ ਦੇ ਵਾਰਸਾਂ ਦੀ ਭਾਲ ਜਾਰੀ ਹੈ।

# ਐੱਲ ਪੀ ਯੂ ਉਦਯੋਗ ਵਿਸ਼ੇਸ਼ ਤੇ ਹੁਨਰਮੰਦ ਪ੍ਰੋਗਰਾਮਾਂ ਰਾਹੀਂ ਭਵਿੱਖ ਦੇ ਫੋਰੈਂਸਿਕ ਮਾਹਰਾਂ ਨੂੰ ਤਿਆਰ ਕਰਦਾ

**ਜਲੰਧਰ (ਸ਼ੈਲੀ ਐਲਬਰਟ)**- ਅਪਰਾਧ ਦ੍ਰਿਸ਼ ਜਾਂਚ ਅਤੇ ਡਿਜੀਟਲ ਧੋਖਾਧੜੀ ਖੋਜ ਤੋਂ ਲੈ ਕੇ ਵਾਤਾਵਰਣ ਫੋਰੈਂਸਿਕ ਅਤੇ ਜਨਤਕ ਸਿਹਤ ਵਿਸ਼ਲੇਸ਼ਣ ਤੱਕ ਹਾਲ ਹੀ ਦੇ ਸਾਲਾਂ ਵਿੱਚ ਫੋਰੈਂਸਿਕ ਵਿਗਿਆਨ ਦਾ ਦਾਇਰਾ ਵਧਦਾ ਜਾ ਰਿਹਾ ਹੈ। ਹੁਨਰਮੰਦ ਪੇਸ਼ੇਵਰਾਂ ਦੀ ਵਧਦੀ ਵਿਸ਼ਵਵਿਆਪੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਵਿਖੇ ਫੋਰੈਂਸਿਕ ਸਾਇੰਸ ਪ੍ਰੋਗਰਾਮ ਵਿਗਿਆਨਕ ਤੌਰ ਅਤੇ ਭਵਿੱਖ ਲਈ ਤਿਆਰ ਹੈ। ਇਸ ਸਮੇਂ ਗ੍ਰੈਜੂਏਟ, ਪੋਸਟ-ਗ੍ਰੈਜੂਏਟ ਅਤੇ ਡਾਕਟਰੇਟ ਪ੍ਰੋਗਰਾਮਾਂ ਲਈ ਦਾਖਲੇ ਖੁੱਲ੍ਹੇ ਹਨ।ਐਲ ਪੀ ਯੂ ਦਾ ਸਿਲੇਬਸ ਰਾਸ਼ਟਰੀ ਸਿੱਖਿਆ ਨੀਤੀ (ਐਨ ਈ ਪੀ) 2020 ਦੇ ਅਨੁਸਾਰ ਹੈ ਅਤੇ ਇੱਕ ਮਜ਼ਬੂਤ ਸਿਧਾਂਤ ਨੂੰ ਵਿਹਾਰਕ ਸਿੱਖਿਆ ਦੇ ਨਾਲ ਜੋੜਦਾ ਹੈ। ਵਿਦਿਆਰਥੀ ਵਰਚੁਅਲ ਫੋਰੈਂਸਿਕ ਲੈਬਾਂ, ਮੌਕ ਕ੍ਰਾਈਮ ਸੀਨ ਸਿਮੂਲੇਸ਼ਨਾਂ ਅਤੇ ਬੈਲਿਸਟਿਕਸ, ਟੌਕਸੀਕੋਲੋਜੀ, ਸਾਈਬਰ ਫੋਰੈਂਸਿਕ ਅਤੇ ਡੀ ਐਨ ਏ ਵਿਸ਼ਲੇਸ਼ਣ ਲਈ ਵਿਸ਼ੇਸ਼ ਲੈਬਾਂ ਰਾਹੀਂ ਅਸਲ-ਸੰਸਾਰ ਦਾ ਅਨੁਭਵ ਪ੍ਰਾਪਤ ਕਰਦੇ ਹਨ।ਐਲਪੀਯੂ ਦਾ ਫੋਰੈਂਸਿਕ ਸਾਇੰਸ ਪ੍ਰੋਗਰਾਮ ਮਜ਼ਬੂਤ ਅਕਾਦਮਿਕ ਅਤੇ ਮਾਹਰ ਮਾਰਗਦਰਸ਼ਨ ਦੇ ਨਾਲ ਬਣਾਇਆ ਗਿਆ



ਹੈ, ਜਿਸ ਵਿੱਚ ਉਦਯੋਗ ਦੇ ਹੁਨਰਾਂ ਅਤੇ ਭਵਿੱਖ ਦੀਆਂ ਜ਼ਰੂਰਤਾਂ 'ਤੇ ਧਿਆਨ ਕੇਂਦ੍ਰਤ ਕੀਤਾ ਗਿਆ ਹੈ। ਇਸ ਦ੍ਰਿਸ਼ਟੀਕੋਣ ਨੂੰ ਡਾ. ਅਜੈ ਸ਼ਰਮਾ, ਡਾਇਰੈਕਟਰ, ਸਟੇਟ ਫੋਰੈਂਸਿਕ ਸਾਇੰਸ ਲੈਬਾਰਟਰੀ, ਜੈਪੁਰ ਅਤੇ ਹੋਰ ਮਾਹਿਰਾਂ ਦੁਆਰਾ ਨਿਰਦੇਸ਼ਤ ਕੀਤਾ ਗਿਆ ਹੈ। ਡਾ. ਤੇਜਸਵੀ ਪਾਂਡੇ, ਐਚ ਓ ਡੀ, ਫੋਰੈਂਸਿਕ ਸਾਇੰਸ ਵਿਭਾਗ, ਐਲ ਪੀ ਯੂ ਨੇ ਕਿਹਾ, ਸਾਡੇ ਪ੍ਰੋਗਰਾਮ ਦੀ ਤਾਕਤ ਅਪਲਾਈਡ ਸਾਇੰਸ ਪ੍ਰਤੀ ਇਸਦੀ ਵਚਨਬੱਧਤਾ ਵਿੱਚ ਹੈ। ਫੋਰੈਂਸਿਕਸ ਅੱਜ ਸਾਈਬਰ ਸੁਰੱਖਿਆ, ਫਾਰਮਾਸਿਊਟੀਕਲ, ਵਾਤਾਵਰਣ ਨਿਗਰਾਨੀ ਅਤੇ ਆਫ਼ਤ ਪ੍ਰਤੀਕਿਰਿਆ ਨਾਲ ਵਧਦੀ ਜਾ ਰਹੀ ਹੈ। ਅਸੀਂ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਵਿੱਚ ਸੋਚਣ, ਸਚਾਈ ਅਤੇ ਜਨਤਕ ਭਲਾਈ ਲਈ ਵਿਗਿਆਨਕ ਗਿਆਨ ਨੂੰ ਅਨੁਕੂਲ ਬਣਾਉਣ ਲਈ ਸਿਖਲਾਈ ਦਿੰਦੇ ਹਾਂ।ਮਹਾਵੀਰ ਕੈਂਸਰ ਸੰਸਥਾਨ (ਪਟਨਾ) ਅਤੇ ਸ਼ੇਰਲਾਕ ਇੰਸਟੀਚਿਊਟ ਆਫ਼ ਫੋਰੈਂਸਿਕ ਸਾਇੰਸ (ਦਿੱਲੀ) ਵਰਗੇ ਸੰਸਥਾਨਾਂ ਨਾਲ ਰਣਨੀਤਕ ਸਹਿਯੋਗ ਵਿਦਿਆਰਥੀਆਂ ਲਈ ਖੋਜ, ਇੰਟਰਨਸ਼ਿਪ ਅਤੇ ਖੇਤਰ ਦੇ ਸਭ ਤੋਂ ਵਧੀਆ ਸਿੱਖਣ ਦੇ ਮੌਕਿਆਂ ਨੂੰ ਹੋਰ ਵਧਾਉਂਦਾ ਹੈ। ਐਲ ਪੀ ਯੂ ਦੇ ਸਾਬਕਾ ਵਿਦਿਆਰਥੀ ਸੰਗੀਤ ਏ.ਕੇ. ਨੇ ਕਿਹਾ, ਵਿਹਾਰਕ ਅਨੁਭਵ ਨੇ ਮੇਰੇ ਜਾਂਚ ਦ੍ਰਿਸ਼ਟੀਕੋਣ ਨੂੰ ਆਕਾਰ ਦਿੱਤਾ ਅਤੇ ਮੈਨੂੰ ਕੇਂਦਰੀ ਫੋਰੈਂਸਿਕ ਵਿਗਿਆਨ ਪ੍ਰਯੋਗਸ਼ਾਲਾ ਵਿੱਚ ਇੱਕ ਸਥਾਨ ਪ੍ਰਾਪਤ ਕਰਨ ਵਿੱਚ ਮਦਦ ਕੀਤੀ।

# ਸਾਧੂ-ਸੰਤਾਂ ਦੀ ਧਰਤੀ 'ਤੇ ਆਪਸੀ ਭਾਈਚਾਰੇ ਦੀ ਮਿਸਾਲ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਪੰਜਾਬ ਇੱਕ ਐਸੀ ਪਵਿੱਤਰ ਧਰਤੀ ਹੈ ਜਿੱਥੇ ਸੰਤਾਂ, ਸਾਧੂਆਂ, ਪੀਰਾਂ ਅਤੇ ਫਕੀਰਾਂ ਦੀ ਪਰੰਪਰਾ ਨੇ ਸਦਾ ਸਮਾਜ ਨੂੰ ਸ਼ਾਂਤੀ, ਏਕਤਾ ਅਤੇ ਪਿਆਰ ਦਾ ਸੁਨੇਹਾ



ਦਿੱਤਾ ਹੈ। ਇਸੇ ਪਰੰਪਰਾ ਨੂੰ ਅੱਗੇ ਵਧਾਉਂਦੇ ਹੋਏ ਪਿੰਡ ਬਿਹਾਲਾ ਵਿਖੇ ਹੋਏ ਦਰਬਾਰ ਹਜ਼ਰਤ ਮਸਤ ਬਾਬਾ ਬੋਦੀਆਂ ਵਾਲੇ ਵਿਖੇ ਮੈਂਬਰ ਲੋਕ ਸਭਾ ਡਾ. ਰਾਜ ਕੁਮਾਰ ਚੱਬੇਵਾਲ ਨੇ ਨਤਮਸਤਕ ਹੋ ਕੇ ਆਸ਼ੀਰਵਾਦ ਲਿਆ ਅਤੇ ਕਿਹਾ ਕਿ ਐਸੇ ਪਵਿੱਤਰ ਸਥਾਨਾਂ ਨਾਲ ਜੁੜਨਾ ਇਕ ਸੋਭਾਗੇ ਦੀ ਗੱਲ ਹੁੰਦੀ ਹੈ।ਜੋੜ ਮੇਲੇ ਦੇ ਇਸ ਪਵਿੱਤਰ ਮੌਕੇ 'ਤੇ ਸ਼ਰਧਾਲੂ ਸੰਗਤ ਵੱਲੋਂ ਵੱਡੀ ਗਿਣਤੀ ਵਿਚ ਹਾਜ਼ਰੀ ਭਰੀ ਗਈ। ਡਾ. ਚੱਬੇਵਾਲ ਨੇ ਕਿਹਾ ਕਿ ਪੰਜਾਬ ਦੀ ਸਭਿਆਚਾਰਕ ਵਿਰਾਸਤ ਆਪਸੀ ਭਾਈਚਾਰੇ ਅਤੇ ਸਦਭਾਵਨਾ 'ਤੇ ਆਧਾਰਿਤ ਹੈ। ਇਥੇ ਲੋਕ ਜਾਤ-ਪਾਤ, ਧਰਮ ਅਤੇ ਵਰਗ ਤੋਂ ਉਪਰ ਉੱਠ ਕੇ ਇਕ-ਦੂਜੇ ਦਾ ਸਤਿਕਾਰ ਕਰਦੇ ਹਨ। ਉਨ੍ਹਾਂ ਕਿਹਾ ਕਿ ਜੋੜ ਮੇਲੇ ਸਿਰਫ ਧਾਰਮਿਕ ਆਸਥਾ ਦੇ ਪ੍ਰਤੀਕ ਨਹੀਂ, ਸਗੋਂ ਇਹ ਸਮਾਜਿਕ ਏਕਤਾ ਅਤੇ ਰਿਵਾਇਤ ਦਾ ਪ੍ਰਤੀਕ ਵੀ ਹਨ। ਇਹ ਮੇਲੇ ਲੋਕਾਂ ਨੂੰ ਜੋੜਨ ਦਾ ਕੰਮ ਕਰਦੇ ਹਨ।ਸਾਂਸਦ ਨੇ ਕਿਹਾ ਕਿ ਸੰਤ-ਮਹਾਤਮਾ ਦੀਆਂ ਸਿੱਖਿਆਵਾਂ ਅੱਜ ਵੀ ਸਮਾਜ ਨੂੰ ਦਿਸ਼ਾ ਦੇ ਰਹੀਆਂ ਹਨ ਅਤੇ ਸਾਨੂੰ ਆਪਸੀ ਪਿਆਰ, ਸਹਿਯੋਗ ਅਤੇ ਸੇਵਾ ਭਾਵਨਾ ਨਾਲ ਜਿਉਣ ਦੀ ਪ੍ਰੇਰਨਾ ਦਿੰਦੀਆਂ ਹਨ।

# ਨੌਜਵਾਨ ਨੇ ਨਹਿਰ 'ਚ ਛਾਲ ਮਾਰ ਕੇ ਜੀਵਨ ਲੀਲ੍ਹਾ ਕੀਤੀ ਸਮਾਪਤ

**ਮਾਹਿਲਪੁਰ (ਸ.ਫਰੀ)** ਬਿਆਸਤ ਦੋਆਬ ਨਹਿਰ 'ਚ ਹੜੀ ਆ ਰਹੀ ਲਾਸ਼ ਕੋਟ ਫਤੂਹੀ ਨੇੜੇ ਲੋਕਾਂ ਨੇ ਬਾਹਰ ਕੱਢੀ । ਥਾਣਾ ਮਾਹਿਲਪੁਰ ਦੇ ਅਧੀਨ ਪੈਂਦੀ ਚੌਂਕੀ ਕੋਟ ਫਤੂਹੀ ਦੇ ਇੰਚਾਰਜ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਕਬਜ਼ੇ ਵਿਚ ਲੈਕੇ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ।ਪ੍ਰਾਪਤ ਜਾਣਕਾਰੀ ਅਨੁਸਾਰ ਕੋਟ ਫਤੂਹੀ ਚੌਂਕੀ ਇੰਚਾਰਜ ਬਲਵੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਹਗੀਰਾਂ ਨੇ ਫੋਨ 'ਤੇ ਦੱਸਿਆ ਕਿ ਨਹਿਰ 'ਚ ਲਾਸ਼ ਹੜ ਕੇ ਆ ਰਹੀ ਹੈ। ਉਨ੍ਹਾਂ ਲੋਕਾਂ ਦੀ ਮੱਦਦ ਨਾਲ ਲਾਸ਼ ਬਾਹਰ ਕੱਢੀ ,ਜਿਸ ਦੀ ਪਛਾਣ ਦਲਵੀਰ ਸਿੰਘ ਪੁੱਤਰ ਰਤਨ ਸਿੰਘ ਵਾਸੀ ਮਹਿਰੋਵਾਲ ਵਜੋਂ ਹੋਈ ਹੈ। ਉਸ ਨੂੰ ਕੁਝ ਟਾਇਮ ਪਹਿਲਾਂ ਬਿੰਜੋ ਠੇਕੇ 'ਤੇ ਘੁੰਮਦਾ ਦੇਖਿਆ ਗਿਆ ਸੀ।ਉਸ ਦਾ ਆਪਣੀ ਪਤਨੀ ਨਾਲ ਦੋ ਸਾਲ ਤੋਂ ਤਲਾਕ ਦਾ ਕੇਸ ਚੱਲ ਰਿਹਾ ਸੀ।



ਉਸ ਦਾ ਨੌਂ ਸਾਲ ਦਾ ਬੱਚਾ ਹੈ ਜੋ ਆਪਣੀ ਮਾਤਾ ਕੋਲ ਪਿੰਡ ਚੌਹਾਲ ਕੋਲ ਰਹਿ ਰਿਹਾ ਹੈ। ਕੋਟ ਫਤੂਹੀ ਦੀ ਪੁਲਸ ਨੇ ਲਾਸ਼ ਕਬਜ਼ੇ ਵਿਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਗੁਰਸਿਮਰਨ ਸਿੰਘ ਬੀ ਸੀ ਏ ਦੀ ਪ੍ਰੀਖਿਆ 'ਚ 'ਵਰਸਿਟੀ 'ਚੋਂ ਅੱਵਲ ਰਿਹਾ

**ਗੁਰਦਾਸਪੁਰ (ਜਨਕ ਮਹਾਜਨ)**- ਸਰਕਾਰੀ ਕਾਲਜ ਗੁਰਦਾਸਪੁਰ ਦੇ ਵਿਦਿਆਰਥੀ ਗੁਰਸਿਮਰਨ ਸਿੰਘ ਨੇ ਬੀ.ਸੀ.ਏ. ਕਲਾਸ ਵਿਚ 2023/2400 ਨੰਬਰ ਹਾਸਲ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਸਰਕਾਰੀ ਕਾਲਜ ਗੁਰਦਾਸਪੁਰ ਦੇ ਪ੍ਰਿੰਸੀਪਲ ਡਾ. ਅਸ਼ਵਨੀ ਕੁਮਾਰ ਭੱਲਾ ਨੇ ਅੱਵਲ ਰਹਿਣ ਵਾਲੇ ਵਿਦਿਆਰਥੀ ਗੁਰਸਿਮਰਨ ਸਿੰਘ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਹਰੇਕ ਵਿੱਦਿਅਕ ਅਦਾਰੇ ਨੂੰ ਅਜਿਹੇ ਵਿਦਿਆਰਥੀਆਂ 'ਤੇ ਮਾਣ ਹੁੰਦਾ ਹੈ, ਜੋ ਆਪਣੀ ਸਖ਼ਤ ਮਿਹਨਤ ਤੇ ਲਗਨ ਪ੍ਰੀਖਿਆਵਾਂ ਵਿਚ ਮੋਹਰੀ ਰਹਿ ਕੇ ਹੋਰ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਬਣਦੇ ਹਨ। ਉਨ੍ਹਾਂ ਵਿਦਿਆਰਥੀ ਗੁਰਸਿਮਰਨ ਸਿੰਘ ਨੇ ਚੰਗੇਰੇ ਭਵਿੱਖ ਲਈ ਕਾਮਨਾ ਕਰਦੇ ਹੋਏ, ਉਸ ਨੂੰ ਕਿਹਾ ਕਿ ਉਹ ਇਸੇ ਤਰਾਂ ਮਿਹਨਤ ਤੇ ਲਗਨ ਨਾਲ ਆਪਣੀ ਪੜ੍ਹਾਈ ਨੂੰ ਪੂਰੀ ਕਰਕੇ ਉੱਚੇ ਮੁਕਾਮ ਉੱਪਰ ਪਹੁੰਚੇ।

# ਨਾਲੀਆਂ 'ਚ ਫਸੇ ਕੂੜੇ ਤੇ ਪੈਦਾ ਹੋ ਰਹੀ ਬਦਬੂ ਕਾਰਨ ਲੋਕ ਪ੍ਰੇਸ਼ਾਨ





**ਫਿਲੌਰ (ਨਿਰਮਲ)**- ਸਥਾਨਕ ਭਗਵਾਨ ਵਾਲਮੀਕਿ ਚੌਂਕ ਦੇ ਦੁਕਾਨਦਾਰਾਂ ਨਿਰਮਲ ਕੁਮਾਰ, ਸਾਬਕਾ ਕੌਂਸਲਰ ਰਾਜ ਕੁਮਾਰ ਗਰੋਵਰ, ਬਲਵਿੰਦਰ ਸਿੰਘ ਸੱਗੂ, ਸੰਜੂ ਖੋਸਲਾ, ਰਵੀ ਕੁਮਾਰ ਕਰੜੇ, ਪੰਕਜ ਅਰੋੜਾ, ਸੰਜੀਵ ਕੁਮਾਰ, ਵਿਕਾਸ ਗਰੋਵਰ, ਹਰਦਿਆਲ ਸਿੰਘ ਆਦਿ ਨੇ ਸਾਂਝੇ ਤੌਰ 'ਤੇ ਰੋਸ ਪ੍ਰਗਟ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਕਈ ਵਾਰ ਨਗਰ ਕੌਂਸਲ ਨੂੰ ਸ਼ਿਕਾਇਤ ਕੀਤੀ ਹੈ ਕਿ ਉਨ੍ਹਾਂ ਦੀਆਂ ਦੁਕਾਨਾਂ ਦੇ ਬਾਹਰ ਵਹਿੰਦੀਆਂ ਗੰਦੇ ਪਾਣੀ ਦੇ ਨਿਕਾਸੀ ਵਾਲੀਆਂ ਨਾਲੀਆਂ ਕੂੜੇ ਕਰਕਟ ਨਾਲ ਬੰਦ ਹੋ ਰਹੀਆਂ ਹਨ ਅਤੇ ਨਾਲੀਆਂ ਬੰਦ ਹੋਣ ਕਾਰਨ ਪੈਦਾ ਹੋਣ ਵਾਲੀ ਬਦਬੂ ਉਨ੍ਹਾਂ ਲਈ ਪ੍ਰੇਸ਼ਾਨੀ ਦਾ ਸਬੱਬ ਬਣ ਰਹੀ ਹੈ, ਉਨ੍ਹਾਂ ਨੂੰ ਦੁਕਾਨਾਂ 'ਤੇ ਬੈਠਣਾ ਦੁਸ਼ਵਾਰ ਹੋ ਜਾਂਦਾ ਹੈ, ਆਲੇ ਦੁਆਲੇ ਗੰਦਗੀ ਫੈਲਣ ਕਾਰਨ ਗ੍ਰਾਹਕ ਵੀ ਉਨ੍ਹਾਂ ਦੀਆਂ ਦੁਕਾਨਾਂ 'ਤੇ ਆਉਣ ਤੋਂ ਟਾਲਾ ਵੱਟਦੇ ਹਨ। ਉਨ੍ਹਾਂ ਦੱਸਿਆ ਕਿ ਉਹ ਅਨੇਕਾਂ ਵਾਰ ਨਗਰ ਕੌਂਸਲ ਨੂੰ ਸ਼ਿਕਾਇਤ ਕਰ ਚੁੱਕੇ ਹਨ ਅਤੇ ਸੰਬੰਧਤ ਅਧਿਕਾਰੀ ਇਹ ਕਹਿ ਕੇ ਗੋਂਗਲੂ ਤੋਂ ਮਿੱਟੀ ਝਾੜ ਦਿੰਦੇ ਹਨ ਕਿ ਸਫਾਈ ਕਰਮਚਾਰੀ ਭੇਜ ਰਹੇ ਹਨ। ਠੀਕ ਢੰਗ ਨਾਲ ਸਫਾਈ ਨਾ ਹੋਣ ਕਾਰਨ ਅਤੇ ਪਾਣੀ ਦੀ ਨਿਕਾਸੀ ਸਹੀ ਢੰਗ ਨਾਲ ਨਾ ਹੋਣ ਕਾਰਨ ਦੁਕਾਨਦਾਰ ਅੱਤ ਦੇ ਪ੍ਰੇਸ਼ਾਨ ਹਨ। ਉਨ੍ਹਾਂ ਸਥਾਨਕ ਨਗਰ ਕੌਂਸਲ ਤੋਂ ਮੰਗ ਕੀਤੀ ਕਿ ਬਰਸਾਤ ਦਾ ਮੌਸਮ ਹੈ ਅਤੇ ਗੰਦਗੀ ਕਾਰਨ ਪੈਦਾ ਹੋਣ ਵਾਲੇ ਮੱਖੀ ਮੱਛਰ ਹੋਣ ਕਰਕੇ ਡੇਂਗੂ ਵਰਗੀਆਂ ਭਿਆਨਕ ਬਿਮਾਰੀਆਂ ਫੈਲਣ ਦਾ ਖ਼ਤਰਾ ਬਣਿਆ ਹੋਇਆ ਹੈ, ਇਸ ਲਈ ਭਗਵਾਨ ਵਾਲਮੀਕਿ ਚੌਂਕ ਨੇੜੇ ਦੁਕਾਨਾਂ ਦੇ ਬਾਹਰ ਬਣੀਆਂ ਨਾਲੀਆਂ ਦੀ ਚੰਗੀ ਤਰਾਂ ਸਫਾਈ ਕਰਵਾਈ ਜਾਵੇ। ਕਾਰਜ ਸਾਧਕ ਅਧਿਕਾਰੀ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸ਼ਿਕਾਇਤ ਮਿਲੀ ਸੀ ਅਤੇ ਉਨ੍ਹਾਂ ਨੇ ਸਫਾਈ ਕਰਮਚਾਰੀ ਭੇਜੇ ਸਨ ਪਰ ਜੇ ਸ਼ਿਕਾਇਤ ਦਾ ਨਿਵਾਰਨ ਨਹੀਂ ਹੋਇਆ ਤਾਂ ਉਹ ਚੈਕ ਕਰਨਗੇ।

# ਰੋਟਰੀ ਕਲੱਬ ਮਿਡ ਟਾਊਨ ਨੇ ਲੋੜਵੰਦ ਬੱਚਿਆਂ ਨੂੰ ਵੰਡੀਆਂ ਐਨਕਾਂ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਰੋਟਰੀ ਕਲੱਬ ਹੋਸ਼ਿਆਰਪੁਰ ਮਿਡ ਟਾਊਨ ਵੱਲੋਂ ਰੋਟਰੀ ਕਲੱਬ ਆਫ ਵਾਰਵਿਕ (ਇੰਗਲੈਂਡ) ਦੇ ਸਹਿਯੋਗ ਨਾਲ ਸਰਕਾਰੀ ਐਲੀਮੈਂਟਰੀ ਸਕੂਲ, ਰਹਿਮਪੁਰ (ਹੁਸ਼ਿਆਰਪੁਰ) ਵਿੱਚ ਪੜ੍ਹ ਰਹੇ ਲੋੜਵੰਦ ਵਿਦਿਆਰਥੀਆਂ ਨੂੰ 13 ਜੋੜੇ ਐਨਕਾਂ ਵੰਡੀਆਂ ਗਈਆਂ। ਇਹ ਉਪਰਾਲਾ ਕਲੱਬ ਦੀ ਵਿਸ਼ੇਸ਼ ਸਿਹਤ ਸੇਵਾ ਪ੍ਰੋਜੈਕਟ ਰੀਸਾਈਟ ਵਿਜ਼ਨ ਦੇ ਤਹਿਤ ਕੀਤਾ ਗਿਆ। ਇਸ ਪ੍ਰੋਜੈਕਟ ਦਾ ਮਕਸਦ ਉਹਨਾਂ



ਬੱਚਿਆਂ ਦੀਆਂ ਅੱਖਾਂ ਦੀਆਂ ਸਮੱਸਿਆਵਾਂ ਨੂੰ ਸਮੇਂ ਸਿਰ ਪਛਾਣ ਕੇ ਉਨ੍ਹਾਂ ਨੂੰ ਜ਼ਰੂਰੀ ਐਨਕਾਂ ਉਪਲਬਧ ਕਰਵਾਉਣਾ ਹੈ, ਤਾਂ ਜੋ ਉਹ ਆਪਣੀ ਪੜ੍ਹਾਈ 'ਚ ਪਿੱਛੇ ਨਾ ਰਹਿ ਜਾਣ ।ਇਸ ਸਾਲ ਰੋਟਰੀ ਕਲੱਬ ਹੁਸ਼ਿਆਰਪੁਰ ਮਿਡ ਟਾਊਨ ਵੱਲੋਂ ਹੁਣ ਤੱਕ ਕੁੱਲ 887 ਜੋੜੇ ਐਨਕਾਂ ਵੱਖ-ਵੱਖ ਸਕੂਲਾਂ ਦੇ ਲੋੜਵੰਦ ਬੱਚਿਆਂ ਨੂੰ ਵੰਡੇ ਜਾ ਚੁੱਕੇ ਹਨ।ਇਸ ਮੌਕੇ ਕਲੱਬ ਦੇ ਪ੍ਰਧਾਨ ਰੋਟੇਰੀਅਨ ਅਸ਼ੋਕ ਸ਼ਰਮਾ ਨੇ ਕਿਹਾ, ਸਾਡਾ ਮਕਸਦ ਸਿਰਫ਼ ਐਨਕਾਂ ਵੰਡਣਾ ਨਹੀਂ, ਸਗੋਂ ਉਹਨਾਂ ਬੱਚਿਆਂ ਦੀ ਜ਼ਿੰਦਗੀ ਵਿੱਚ ਆਸ ਤੇ ਉਜਾਲਾ ਲਿਆਉਣਾ ਹੈ ਜੋ ਅੱਖਾਂ ਦੀ ਕਮਜ਼ੋਰੀ ਕਰਕੇ ਪੜ੍ਹਾਈ ਵਿੱਚ ਪਿੱਛੇ ਰਹਿ ਜਾਂਦੇ ਹਨ। ਰੀਸਾਈਟ ਵਿਜ਼ਨ ਸਿੱਖਿਆ ਅਤੇ ਸਿਹਤ ਦਰਮਿਆਨ ਦੀ ਖਾਈ ਨੂੰ ਪੂਰਾ ਕਰਨ ਦੀ ਕੋਸ਼ਿਸ਼ ਹੈ। ਅਸੀਂ ਨਹੀਂ ਚਾਹੁੰਦੇ ਕਿ ਕੋਈ ਵੀ ਬੱਚਾ ਆਪਣੀਆਂ ਅੱਖਾਂ ਦੀ ਕਮਜ਼ੋਰੀ ਕਰਕੇ ਆਪਣੇ ਸੁਪਨਿਆਂ ਤੋਂ ਮੁੱਕਰ ਜਾਵੇ। ਇਹ ਕੰਮ ਰੋਟਰੀ ਕਲੱਬ ਵਾਰਵਿਕ (ਇੰਗਲੈਂਡ) ਦੇ ਸਹਿਯੋਗ ਨਾਲ ਹੀ ਸੰਭਵ ਹੋਇਆ ਹੈ। ਇਸ ਸਮਾਗਮ ਵਿੱਚ ਕਲੱਬ ਦੇ ਹੋਰ ਮੈਂਬਰਾਂ ਰੋਟੇਰੀਅਨ ਅਵਤਾਰ ਸਿੰਘ, ਇੰਦਰਪਾਲ ਸਿੰਘ, ਮਨੋਜ ਓਹਰੀ, ਐਲ. ਐਨ. ਵਰਮਾ, ਜਗਮੀਤ ਸਿੰਘ ਸੈਂਥੀ, ਅਮਰਜੀਤ ਸਿੰਘ, ਜਸਵੰਤ ਸਿੰਘ ਭੋਗਲ, ਕੁਲਜੀਤ ਸਿੰਘ ਅਤੇ ਰਜਨੀਸ਼ ਕੁਮਾਰ ਗੁਲਿਆਨੀ ਨੇ ਵੀ ਭਾਗ ਲਿਆ।ਸਕੂਲ ਦੀ ਮੁੱਖ ਅਧਿਆਪਕਾ ਆਸ਼ਾ ਭਾਰਗਵ ਅਤੇ ਸਕੂਲ ਸਟਾਫ ਨੇ ਰੋਟਰੀ ਕਲੱਬ ਦਾ ਧੰਨਵਾਦ ਕੀਤਾ। ਇਸ ਮੌਕੇ ਬਲਵਿੰਦਰ ਕੌਰ, ਗੀਤਾ ਰਾਣੀ, ਅਨੁਰਾਧਾ ਅਤੇ ਪੂਜਾ ਸ਼ਰਮਾ ਵੀ ਹਾਜ਼ਰ ਸਨ।

# ਮਾਡਲ ਟਾਊਨ ਸੇਵਾ ਕੇਂਦਰ 6 ਦਿਨ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਖੁੱਲ੍ਹੇਗਾ

**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਸਰਕਾਰ ਦੇ ਨਿਰਦੇਸ਼ਾਂ 'ਤੇ ਮਾਡਲ ਟਾਊਨ ਦਾ ਸੇਵਾ ਕੇਂਦਰ ਹੁਣ 14 ਜੁਲਾਈ ਤੋਂ ਸਵੇਰੇ 8 ਤੋਂ ਸ਼ਾਮ 8 ਵਜੇ ਤੱਕ ਲਗਾਤਾਰ 12 ਘੰਟੇ ਖੁੱਲ੍ਹਾ ਰਹੇਗਾ। ਇਹ ਸੇਵਾ ਕੇਂਦਰ ਸੋਮਵਾਰ ਤੋਂ ਸ਼ਨੀਵਾਰ ਤੱਕ ਖੁੱਲ੍ਹਾ ਰਹੇਗਾ।ਇਹ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਜਿੱਥੇ ਆਮ ਜਨਤਾ ਨੂੰ ਇਸਦਾ ਫਾਇਦਾ ਪਹੁੰਚੇਗਾ, ਉੱਥੇ ਨੌਕਰੀਆਂ ਜਾਂ ਹੋਰ ਕੰਮਕਾਰ ਕਰਨ ਵਾਲੇ ਵਿਅਕਤੀ ਵੀ ਇਸਦਾ ਲਾਹਾ ਲੈ ਸਕਣਗੇ। ਅਜਿਹੇ ਵਿਅਕਤੀ ਜਦੋਂ ਸ਼ਾਮ ਨੂੰ 5 ਵਜੇ ਤੱਕ ਆਪਣੇ ਕੰਮਕਾਰ ਤੋਂ ਵਿਹਲੇ ਹੁੰਦੇ ਸਨ, ਤਾਂ ਸੇਵਾ ਕੇਂਦਰ ਬੰਦ ਹੋ ਜਾਂਦੇ ਸਨ। ਹੁਣ ਉਹ ਰਾਤ ਦੇ 8 ਵਜੇ ਤੱਕ ਇਸ ਸੇਵਾ ਦਾ ਲਾਭ ਲੈ ਸਕਦੇ ਹਨ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਿਨ੍ਹਾਂ ਲੋਕਾਂ ਨੂੰ ਦਿਨ ਦੌਰਾਨ ਆਪਣੇ ਕੰਮ ਕਾਰਨ ਜਾਂ ਕਿਸੇ ਹੋਰ ਕਾਰਨਾਂ ਕਰਕੇ ਸੇਵਾ ਕੇਂਦਰ ਆਉਣ ਵਿੱਚ ਮੁਸ਼ਕਿਲ ਹੁੰਦੀ ਸੀ, ਉਹ ਹੁਣ ਸਵੇਰੇ-ਸ਼ਾਮ ਆਪਣਾ ਕੰਮ ਕਰਵਾ ਸਕਣਗੇ।ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵਧੇ ਹੋਏ ਸਮੇਂ ਦਾ ਪੂਰਾ ਲਾਭ ਲੈਣ ਅਤੇ ਕਿਸੇ ਵੀ ਜਾਣਕਾਰੀ ਲਈ ਸੇਵਾ ਕੇਂਦਰ ਨਾਲ ਸਿੱਧਾ ਸੰਪਰਕ ਕੀਤਾ ਜਾ ਸਕਦਾ ਹੈ। ਜ਼ਿਕਰਯੋਗ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਸੇਵਾ ਕੇਂਦਰਾਂ ਰਾਹੀਂ ਆਧਾਰ ਕਾਰਡ, ਜਨਮ-ਮੌਤ, ਜਾਤੀ, ਆਮਦਨ, ਰਿਹਾਇਸ਼ ਪ੍ਰਮਾਣ ਪੱਤਰ, ਮੈਰਿਜ ਸਰਟੀਫਿਕੇਟ, ਪੈਨਸ਼ਨ ਆਦਿ ਤੋਂ ਇਲਾਵਾ 400 ਤੋਂ ਵੱਧ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

# ਚੱਬੇਵਾਲ ਨੇ ਸੰਤ ਨਾਰਾਇਣ ਦਾਸ ਬਲਾਈਂਡ ਸਕੂਲ ਬਾਹੋਵਾਲ ਦਾ ਕੀਤਾ ਦੌਰਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਹੁਸ਼ਿਆਰਪੁਰ ਲੋਕ ਸਭਾ ਖੇਤਰ ਤੋਂ ਮੈਂਬਰ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ



ਪਿੰਡ ਬਾਹੋਵਾਲ ਵਿਖੇ ਸਥਿਤ ਸੰਤ ਨਾਰਾਇਣ ਦਾਸ ਬਲਾਈਂਡ ਸਕੂਲ ਦਾ ਦੌਰਾ ਕੀਤਾ। ਇਸ ਮੌਕੇ ਸਕੂਲ ਦੇ ਬੱਚਿਆਂ ਨੇ ਡਾਕਟਰ ਚੱਬੇਵਾਲ ਨਾਲ ਆਪਣੇ ਮਨ ਦੀਆਂ ਗੱਲਾਂ ਸਾਂਝੀਆਂ ਕੀਤੀਆਂ ਅਤੇ ਆਪਣੇ ਤਜਰਬਿਆਂ ਤੋਂ ਉਨ੍ਹਾਂ ਨੂੰ ਜਾਣੂ ਕਰਵਾਇਆ। ਡਾ. ਚੱਬੇਵਾਲ ਨੇ ਬੱਚਿਆਂ ਨਾਲ ਭਾਵਨਾਤਮਕ ਤੌਰ 'ਤੇ ਜੁੜਦੇ ਹੋਏ ਕਿਹਾ ਕਿ ਇਹ ਬੱਚੇ ਕਿਸੇ ਵੀ ਰੂਪ ਵਿਚ ਸਮਾਜ ਤੋਂ ਘੱਟ ਨਹੀਂ ਹਨ, ਸਗੋਂ ਉਨ੍ਹਾਂ ਦੀ ਜ਼ਿੰਦਾਦਿਲੀ ਅਤੇ ਹੌਸਲਾ ਸਾਡੇ ਲਈ ਪ੍ਰੇਰਨਾ ਦਾ ਸਰੋਤ ਹਨ। ਉਨ੍ਹਾਂ ਨੇ ਸਕੂਲ ਦੇ ਸਟਾਫ ਅਤੇ ਪ੍ਰਬੰਧਨ ਦੀ ਸਿਫ਼ਤ ਕਰਦਿਆਂ ਕਿਹਾ ਕਿ ਜੋ ਸੇਵਾ ਇਹ ਸੰਸਥਾ ਕਰ ਰਹੀ ਹੈ, ਉਹ ਬੇਹੱਦ ਸਰਾਹਣਯੋਗ ਅਤੇ ਮਨੁੱਖਤਾ ਦੀ ਅਸਲ ਮਿਸਾਲ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਅਤਰ ਸਿੰਘ ਨੇ ਸਾਂਸਦ ਦਾ ਸਵਾਗਤ ਕਰਦਿਆਂ ਦੱਸਿਆ ਕਿ ਇਹ ਸੰਸਥਾ ਕਈ ਸਾਲਾਂ ਤੋਂ ਨੇਤ੍ਰਹੀਣ ਬੱਚਿਆਂ ਨੂੰ ਸਿੱਖਿਆ, ਸੰਸਕਾਰ ਅਤੇ ਖੁਦਮੁਖਤਿਆਰ ਜੀਵਨ ਲਈ ਤਿਆਰ ਕਰ ਰਹੀ ਹੈ। ਉਨ੍ਹਾਂ ਨੇ ਸਕੂਲ ਦੀਆਂ ਵੱਖ-ਵੱਖ ਲੋੜਾਂ ਅਤੇ ਚੁਣੌਤੀਆਂ ਤੋਂ ਵੀ ਸਾਂਸਦ ਨੂੰ ਜਾਣੂ ਕਰਵਾਇਆ। ਸਾਂਸਦ ਨੇ ਭਰੋਸਾ ਦਿੱਤਾ ਕਿ ਉਹ ਸਕੂਲ ਦੀਆਂ ਜ਼ਰੂਰਤਾਂ ਨੂੰ ਤਰਜੀਹ ਦੇ ਅਧਾਰ 'ਤੇ ਸੰਬੰਧਤ ਵਿਭਾਗਾਂ ਦੇ ਸਾਹਮਣੇ ਰੱਖਣਗੇ ਅਤੇ ਹਰ ਸੰਭਵ ਮਦਦ ਯਕੀਨੀ ਬਣਾਉਣਗੇ।

# ਦਲਿਤ ਚੇਤਨਾ ਮੰਚ ਪੰਜਾਬ ਵੱਲੋਂ ਸਨਮਾਨ ਸਮਾਰੋਹ

**ਮੋਹਾਲੀ (ਗੁਰਜੀਤ ਬਿੱਲਾ)**- ਸਮਾਜ ਸੇਵਾ ਦੇ ਖੇਤਰ ਵਿੱਚ ਸਰਗਰਮ ਜਥੇਬੰਦੀ ਦਲਿਤ ਚੇਤਨਾ ਮੰਚ ਪੰਜਾਬ ਵੱਲੋਂ ਇਥੇ ਫੇਜ਼ 9 ਸਥਿਤ ਹੋਟਲ ਮੈਜੇਸਟਿਕ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਨਵੇਂ ਚੁਣੇ ਜ਼ਿਲ੍ਹਾ ਪ੍ਰਧਾਨ ਮੋਹਾਲੀ ਪਰਵਿੰਦਰ ਸਿੰਘ ਸੋਹਾਣਾ ਨੂੰ ਸਨਮਾਨਤ ਕਰਨ ਲਈ ਇੱਕ ਪ੍ਰਭਾਵਸ਼ਾਲੀ ਸਨਮਾਨ ਸਮਾਰੋਹ ਕੀਤਾ ਗਿਆ। ਸਮਾਗਮ ਦੌਰਾਨ ਸੋਹਾਣਾ ਨੂੰ ਸ੍ਰੀ ਸਾਹਿਬ ਅਤੇ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ ਗਿਆ। ਜਥੇਦਾਰ ਸੋਹਾਣਾ ਨੇ ਆਪਣੇ ਸੰਬੋਧਨ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਦੂਰਅੰਦੇਸ਼ੀ ਸੋਚ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ ਪੰਜਾਬ 'ਚ ਸਿੱਖਿਆ, ਸਿਹਤ, ਖੇਡਾਂ ਅਤੇ ਬੁਨਿਆਦੀ ਢਾਂਚੇ ਖੇਤਰ ਵਿੱਚ ਵੱਡੇ ਕੰਮ ਹੋਏ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਨੇ ਦਲਿਤ ਸਮਾਜ ਲਈ ਕਈ ਯੋਜਨਾਵਾਂ ਲਾਗੂ ਕਰਕੇ ਇਸ ਵੰਨਗੀ ਨੂੰ ਆਰਥਿਕ ਅਤੇ ਸਮਾਜਿਕ ਤੌਰ 'ਤੇ ਮਜਬੂਤ ਕੀਤਾ, ਪਰ ਮੌਜੂਦਾ ਹਕੂਮਤ ਨੇ ਇਹ ਸਭ ਬੰਦ ਕਰਕੇ ਗਰੀਬਾਂ ਨਾਲ ਧੋਖਾ ਕੀਤਾ ਹੈ। ਉਨ੍ਹਾ ਕਿਹਾ ਕਿ ਨਾ ਸਿਰਫ ਪੂਰੇ ਪੰਜਾਬ ਸਗੋਂ ਖਾਸ ਤੌਰ 'ਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਵਿੱਚ ਅਕਾਲੀ ਦਲ ਦੀ ਸਰਕਾਰ ਵੇਲੇ ਬੁਨਿਆਦੀ ਢਾਂਚੇ ਦੇ ਵਿਕਾਸ ਵਾਸਤੇ 2500 ਕਰੋੜ ਖਰਚ ਕੀਤੇ ਗਏ। ਇਸ ਦੌਰਾਨ ਮੋਹਾਲੀ ਦੀ ਸ਼ਾਪਿੰਗ ਸਟਰੀਟ ਨੂੰ ਚੌੜਾ ਕਰਕੇ ਡਬਲ ਸੜਕ ਬਣਾਈ ਗਈ, ਅੱਠ ਖੇਡ ਸਟੇਡੀਅਮ ਬਣਾਏ ਗਏ, ਜ਼ਿਲ੍ਹਾ ਕੰਪਲੈਕਸ ਬਣਾਇਆ ਗਿਆ, ਮੈਰੀਟੋਰੀਅਸ ਸਕੂਲ, ਮਹਾਰਾਜਾ ਰਣਜੀਤ



ਸਿੰਘ ਅਕੈਡਮੀ ਮਾਈ ਭਾਗੋ ਅਕੈਡਮੀ, ਗੱਲ ਕੀ ਹਰ ਤਰ੍ਹਾਂ ਦੀਆਂ ਸੁਵਿਧਾਵਾਂ ਮੋਹਾਲੀ ਨੂੰ ਪ੍ਰਦਾਨ ਕੀਤੀਆਂ ਗਈਆਂ ਅਤੇ ਇਸ ਦੇ ਨਾਲ ਨਾਲ ਚੱਪੜਚਿੜੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦਗਾਰ ਵਿੱਚ ਫਤਹਿ ਮੀਨਾਰ ਸਥਾਪਤ ਕੀਤੀ ਗਈ। ਉਹਨਾਂ ਕਿਹਾ ਕਿ ਪੰਜਾਬ ਦਾ ਅੱਜ ਤੱਕ ਦਾ 90 ਫੀਸਦੀ ਵਿਕਾਸ ਅਕਾਲੀ ਰਾਜ ਵੇਲੇ ਹੋਇਆ ਹੈ ਅਤੇ ਉਸ ਕੀਤੇ ਗਏ ਵਿਕਾਸ ਦਾ ਰੱਖ ਰਖਾਅ ਵੀ ਸਮੇਂ ਦੀਆਂ ਸਰਕਾਰਾਂ ਨਹੀਂ ਕਰ ਸਕੀਆਂ। ਸਮਾਰੋਹ ਵਿੱਚ ਮੌਜੂਦ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਦਲਿਤ ਚੇਤਨਾ ਮੰਚ ਦੇ ਸੂਬਾ ਪ੍ਰਧਾਨ ਸ਼ਮਸ਼ੇਰ ਪੁਰਖਾਲਵੀ ਨੇ ਕਿਹਾ ਕਿ ਸਾਡੀ ਜਥੇਬੰਦੀ ਪਿਛਲੇ 28 ਸਾਲਾਂ ਤੋਂ ਦਲਿਤ ਸਮਾਜ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ। ਅਗਲੀ ਵਿਧਾਨ ਸਭਾ ਚੋਣਾਂ ਵਿੱਚ ਸਰਕਾਰ ਬਦਲਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਦਲਿਤ ਸਮਾਜ ਵਿਰੋਧੀ ਸੋਚ ਅਤੇ ਸਿਆਸੀ ਪਾਰਟੀਆਂ ਦੀ ਅਣਗਹਿਲੀ ਨੂੰ ਦੋਸ਼ ਦਿੰਦਿਆਂ ਕਿਹਾ ਕਿ ਇਹ ਵਰਗ ਅੱਜ ਵੀ ਇਨਸਾਫ ਲਈ ਥਾਣਿਆਂ ਅਤੇ ਦਫਤਰਾਂ ਦੇ ਚੱਕਰ ਲਗਾ ਰਿਹਾ ਹੈ। ਇਸ ਮੌਕੇ ਡਾ. ਹਰਪ੍ਰੀਤ ਸਿੰਘ, ਸਾਬਕਾ ਡਾਇਰੈਕਟਰ ਦਲਜੀਤ ਸਿੰਘ ਗਿੱਲ, ਹਰੀ ਸਿੰਘ (ਸਾਬਕਾ ਡਿਪਟੀ ਡਾਇਰੈਕਟਰ), ਬਾਬੂ ਰਾਮ ਦੀਵਾਨਾ, ਨਿਰਮਲ ਸਿੰਘ (ਸਾਬਕਾ ਈ ਟੀ ਓ), ਰਾਜਿੰਦਰ ਸਿੰਘ ਸਿੱਧੂ, ਪਵਿੱਤਰ ਸਿੰਘ ਵਿਰਦੀ (ਕੰਜ਼ਿਊਮਰ ਫੋਰਮ), ਐਚ. ਐਸ. ਕਮਲ (ਫੇਜ਼ 4), ਅਜੀਤ ਸਿੰਘ (ਸੈਕਟਰ 89), ਬਿਸ਼ਨ ਦਾਸ ਸਵੈਨ (ਗੁਰੂ ਰਵਿਦਾਸ ਨੌਜਵਾਨ ਸਭਾ), ਬਲਜਿੰਦਰ ਕੌਰ ਢਿੱਲੋਂ, ਕਰਣ ਜੌਹਰ, ਡਾ. ਅਸ਼ਵਨੀ ਭਾਟੀਆ, ਦਰਸ਼ਨ ਸਿੰਘ ਜੌਲੀ ਤੇ ਕਈ ਹੋਰ ਸਨਮਾਨਿਤ ਲੋਕ ਸ਼ਾਮਲ ਰਹੇ। ਸਮਾਰੋਹ ਦੌਰਾਨ ਮੌਜੂਦ ਪਤਵੰਤੇ ਸੱਜਣਾਂ ਨੇ ਪਰਵਿੰਦਰ ਸਿੰਘ ਸੋਹਾਣਾ ਨੂੰ ਮੁਬਾਰਕਬਾਦ ਦਿੱਤੀ ਤੇ ਅਗਲੀ ਚੋਣਾਂ ਵਿੱਚ ਉਹਨਾਂ ਨੂੰ ਪੂਰਾ ਸਮਰਥਨ ਦੇਣ ਦਾ ਯਕੀਨ ਦਿਵਾਇਆ।

# ਬਹੁਜਨ ਸਮਾਜ ਪਾਰਟੀ ਹਲਕਾ ਨਕੋਦਰ ਦੇ ਸਰਕਲ ਬਿਲਗਾ ਦੀ ਵਿਸ਼ੇਸ਼ ਮੀਟਿੰਗ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਬਹੁਜਨ ਸਮਾਜ ਪਾਰਟੀ ਹਲਕਾ ਨਕੋਦਰ ਦੇ ਸਰਕਲ ਬਿਲਗਾ ਦੀ ਵਿਸ਼ੇਸ਼ ਮੀਟਿੰਗ ਇਤਿਹਾਸਕ ਕਸਬਾ ਬਿਲਗਾ ਵਿਖੇ ਕੀਤੀ ਗਈ ਜਿਸ ਵਿੱਚ 2027 ਨੂੰ ਮੁੱਖ ਰੱਖਦੇ ਹੋਏ ਸੂਬੇ ਵਿਚ ਬਸਪਾ ਦੀ ਸਰਕਾਰ ਬਣਾਉਣ ਲਈ ਪਾਰਟੀ ਗਤੀਵਿਧੀਆਂ ਨੂੰ ਤੇਜ਼ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਬਸਪਾ ਦੀ ਬੂਥ ਇਕਾਈ ਨੂੰ ਮਜ਼ਬੂਤ ਕਰਨ ਲਈ ਪਿੰਡ ਪਿੰਡ ਯੂਨਿਟ ਬਣਾਉਣ ਲਈ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ।ਇਸ ਤੋਂ ਉਪਰੰਤ ਕੁਝ ਅਖੌਤੀ ਲੋਕਾਂ ਵਲੋਂ ਆਪਣੇ ਆਪ ਨੂੰ ਬਸਪਾ ਦੇ ਲੀਡਰ ਦੱਸ ਕੇ ਬਸਪਾ ਵਰਕਰਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ, ਦੂਸਰੀਆਂ ਪਾਰਟੀਆਂ 'ਚ ਬੈਠ ਕੇ ਬਸਪਾ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜੋ ਲੋਕ ਪਾਰਟੀ ਦੀਆਂ ਹਦਾਇਤਾਂ ਅਤੇ ਪ੍ਰੋਟੋਕੋਲ ਨੂੰ ਨਹੀਂ ਮੰਨਦੇ ਉਹਨਾਂ ਦਾ ਪਾਰਟੀ ਵਿਚ ਕੋਈ ਸਥਾਨ ਨਹੀਂ ।ਇਸ ਲਈ ਅੱਗੇ ਤੋਂ ਜੋ ਵੀ ਆਦਮੀ ਆਪਣੇ ਆਪ ਨੂੰ ਬਸਪਾ ਵਰਕਰ ਦੱਸ ਕੇ ਬਸਪਾ ਵਰਕਰਾਂ ਨੂੰ ਗੁੰਮਰਾਹ ਕਰਦੇ ਹਨ, ਉਹਨਾਂ ਨੂੰ ਪਾਰਟੀ ਵਲੋਂ ਆਖਰੀ ਹਦਾਇਤ ਹੈ ਕਿ ਉਹ ਸਿਆਸੀ ਰੋਟੀਆਂ ਨਾ ਸੇਕਣ ਤੇ ਪਾਰਟੀ ਨੂੰ ਕਿਸੇ ਕਨੂੰਨੀ ਕਾਰਵਾਈ ਕਰਨ ਲਈ ਮਜਬੂਰ ਨਾ ਕਰਨ।ਇਸ ਸਮੇਂ ਜਗਦੀਸ਼ ਪੁਰੀ ਜ਼ਿਲ੍ਹਾ ਪ੍ਰਧਾਨ, ਮੰਗਤ ਸਿੰਘ ਮੈਂਟੀ ਜ਼ਿਲ੍ਹਾ ਕੋਆਰਡੀਨੇਟਰ, ਦੇਵਰਾਜ ਸੁਮਨ ਪ੍ਰਧਾਨ ਸਭਾ,ਦਲਬੀਰ ਕੱਦੋਂ ਐਕਸ ਐਮ ਸੀ, ਰਾਣਾ ਤਲਵਣ, ਮਨਜੀਤ ਸਿੱਧਮ, ਪਰਮਜੀਤ ਠੇਕੇਦਾਰ, ਰਾਜੂ ਤਲਵਣ, ਭਾਗ ਰਾਮ, ਸੁਰਿੰਦਰ ਕੁਮਾਰ ਪੰਚ, ਕਰਨੈਲ ਰਾਮ ਥੰਮਣਵਾਲ, ਗੁਰਦਾਵਰ ਰਾਮ, ਰਾਜੂ ਰਾਵਾਂ, ਪਰਮਜੀਤ ਨਾਹਲ, ਆਸ਼ੂ ਬਿਲਗਾ, ਮੱਖਣ ਬਿਲਗਾ, ਤੀਰਥ ਅੌਜਲਾ, ਹਰਮੇਸ਼ ਲਾਲ ਅੌਜਲਾ, ਛਿੰਦਰ ਪਾਲ ਪੁਆਦੜਾ, ਬਲਬੀਰ ਮਾਖਾ ਤੇ ਹੋਰ ਸਾਥੀ ਮੌਜੂਦ ਸਨ।


ਐਲਫਰੈਡ ਨੋਬੇਲ
(ਆਖਰੀ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਗ਼ਮਲੇ ਅੰਦਰ ਸੁੱਕਿਆ ਫੁੱਲ ਮੁਸਕਾਇਆ ਏ
ਉਸ ਨੇ ਘਰ ਵਿੱਚ ਘਾਹ ਦਾ ਮੈਟ ਵਿਛਾਇਆ ਏ
ਅੱਧੀ ਰਾਤੀਂ ਕੁੱਤੇ ਰੋਵਣ ਫਿਰਨੀ 'ਤੇ
ਸਹਿਮ ਜਿਹੇ ਨੇ ਸਾਰਾ ਪਿੰਡ ਜਗਾਇਆ ਏ।

- ਹਰ ਮਨ

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 13 ਜੁਲਾਈ 2025 www.nawanzamana.in ਕੀਮਤ 5.00 ਰੁਪਏ


# ਕੇਰਲਾ ਦੇ ਪਹਿਲੇ ਕਮਿਊਨਿਸਟ ਮੁੱਖ ਮੰਤਰੀ : ਈ ਐੱਮ ਐੱਸ ਨੰਬੂਦਰੀਪਾਦ





ਅਨਿਲ ਰਾਜੀਮਵਾਲੇ

ਅਨੁਵਾਦ : ਐੱਮ ਐੱਸ ਭਾਟੀਆ


1951-52 ਦੀਆਂ ਪਹਿਲੀਆਂ ਆਮ ਚੋਣਾਂ ਵਿੱਚ ਸੀ ਪੀ ਆਈ ਮੁੱਖ ਵਿਰੋਧੀ ਪਾਰਟੀ ਵਜੋਂ ਉੱਭਰੀ; ਇਸ ਨੇ ਨਾ ਸਿਰਫ 1957 ਵਿੱਚ ਦੂਜੀਆਂ ਆਮ ਚੋਣਾਂ ਵਿੱਚ ਇਸ ਰਵਾਇਤ ਨੂੰ ਬਰਕਰਾਰ ਰੱਖਿਆ, ਸਗੋਂ ਕੇਰਲ ਰਾਜ ਵਿੱਚ ਇੱਕ ਸੱਤਾਧਾਰੀ ਪਾਰਟੀ ਵੀ ਬਣ ਗਈ। ਦੁਨੀਆ ਵਿੱਚ ਦੂਜੀ ਵਾਰ ਅਤੇ ਭਾਰਤ ਵਿੱਚ ਪਹਿਲੀ ਵਾਰ, ਕਮਿਊਨਿਸਟ ਪਾਰਟੀ ਚੋਣਾਂ ਰਾਹੀਂ ਸੱਤਾ ਵਿੱਚ ਆਈ। ਇਸ ਨੇ ਨਾ ਸਿਰਫ ਰਾਜਨੀਤਕ ਹਲਕਿਆਂ ਅਤੇ ਲੋਕਾਂ ਵਿੱਚ ਲਹਿਰਾਂ ਪੈਦਾ ਕੀਤੀਆਂ, ਸਗੋਂ ਕਮਿਊਨਿਸਟਾਂ ਨੂੰ ਆਪਣੇ ਸਿਧਾਂਤ ਨੂੰ ਸੋਧਣ ਲਈ ਵੀ ਮਜਬੂਰ ਕੀਤਾ ਕਿ 'ਕਮਿਊਨਿਸਟ ਬੁਰਜੂਆ ਚੋਣਾਂ ਰਾਹੀਂ ਸੱਤਾ ਵਿੱਚ ਨਹੀਂ ਆ ਸਕਦੇ'। ਪਾਰਟੀ ਨੇ ਈ ਐੱਮ ਐੱਸ ਨੂੰ ਪਹਿਲੇ ਮੁੱਖ ਮੰਤਰੀ ਵਜੋਂ ਨਿਯੁਕਤ ਕਰਕੇ ਇਤਿਹਾਸ ਰਚਿਆ।

**ਆਜ਼ਾਦੀ ਅੰਦੋਲਨ ਵਿੱਚ ਈ ਐੱਮ ਐੱਸ**

ਏਲਮਕੁਲਮ ਮਾਨੱਕਲ ਸੰਕਰਨ (ਈ ਐੱਮ ਐੱਸ) ਨੰਬੂਦਰੀਪਾਦ ਦਾ ਜਨਮ 13 ਜੂਨ, 1909 ਨੂੰ ਪਰਮੇਸ਼ਵਰਨ ਨੰਬੂਦਰੀਪਾਦ ਅਤੇ ਵਿਸ਼ਨੂੰਦਾਥ ਅੰਤਰਜਨਮ ਦੇ ਚੌਥੇ ਪੁੱਤਰ ਵਜੋਂ, ਪੇਰੀਥਲਮੰਨਾ ਤਾਲੁਕ ਦੇ ਮਲੱਪਪੁਰਮ ਜ਼ਿਲ੍ਹੇ ਵਿੱਚ ਕੁੰਠੀ ਨਦੀ ਦੇ ਕੰਢੇ 'ਤੇ ਏਲਮਕੁਲਮ ਵਿਖੇ ਇੱਕ ਕੁਲੀਨ ਪਰਵਾਰ ਵਿਚ ਪੈਦਾ ਹੋਇਆ ਸੀ। ਨੰਬੂਦਰੀ ਭਾਈਚਾਰੇ ਵਿੱਚ ਸਦੀਆਂ ਪੁਰਾਣੀ ਰੂੜੀਵਾਦੀ ਸੋਚ ਦਾ ਹੌਲੀ-ਹੌਲੀ ਵਿਰੋਧ ਹੋ ਰਿਹਾ ਸੀ, ਸਮਾਜਿਕ ਸੁਧਾਰ ਲਹਿਰਾਂ ਉੱਭਰ ਰਹੀਆਂ ਸਨ, ਜਿਸ ਕਾਰਨ ਪ੍ਰਗਤੀਸ਼ੀਲ ਨੌਜਵਾਨਾਂ ਅਤੇ ਹੋਰ ਸੰਗਠਨਾਂ ਦੀ 'ਯੋਗਕਸੇਮ ਸਭਾ' ਦਾ ਗਠਨ ਹੋਇਆ। ਈ ਐੱਮ ਐੱਸ ਨੇ ਸਭਾ ਦੇ ਤਰਜਮਾਨ ਵਿੱਚ 'ਫਰਾਂਸੀਸੀ ਕ੍ਰਾਂਤੀ ਅਤੇ ਨੰਬੂਦਰੀ ਭਾਈਚਾਰਾ' ਨਾਂਅ ਦਾ ਇੱਕ ਲੇਖ ਵੀ ਲਿਖਿਆ।

ਈ ਐੱਮ ਐੱਸ ਨੇ ਸ਼ੁਰੂਆਤੀ ਸਿੱਖਿਆ ਨਿੱਜੀ ਮਾਸਟਰ ਤੋਂ ਲਈ ਅਤੇ 1925 ਵਿਚ ਤੀਜੀ ਜਮਾਤ ਵਿੱਚ ਸਕੂਲ ਵਿੱਚ ਦਾਖਲਾ ਲਿਆ ਅਤੇ 1929 ਵਿੱਚ ਐੱਸ ਐੱਸ ਸੀ ਪਾਸ ਕੀਤੀ। ਉਹ ਸੰਸਕ੍ਰਿਤ ਅਤੇ ਅੰਗਰੇਜ਼ੀ ਦੇ ਚੰਗੇ ਜਾਣਕਾਰ ਸਨ।

ਰਾਸ਼ਟਰਵਾਦ ਦੇ ਪਹਿਲੇ ਸੰਪਰਕ ਵਜੋਂ 1927 ਵਿੱਚ, ਜਦੋਂ ਉਹ ਪੰਜਵੀਂ ਜਮਾਤ ਵਿੱਚ ਸਨ, ਉਹ ਮਦਰਾਸ ਕਾਂਗਰਸ ਦੇ ਨਗਰ ਸੈਸ਼ਨ ਵਿਚ ਗਏ ਅਤੇ ਸੈਸ਼ਨਾਂ ਵਿੱਚ ਹਾਜ਼ਰ ਰਹੇ। ਉਹ ਸੰਸਦ ਮੈਂਬਰ ਨਾਰਾਇਣ ਮੈਨਨ, ਆਜ਼ਾਦੀ ਘੁਲਾਟੀਏ ਅਤੇ ਕੋਚੀਨ ਦੇ ਪ੍ਰਭਾਵਸ਼ਾਲੀ ਆਗੂ ਵੀ.ਜੇ. ਮਥਾਈ ਤੋਂ ਬਹੁਤ ਪ੍ਰਭਾਵਿਤ ਸਨ, ਜਿਨ੍ਹਾਂ ਨੂੰ ਸੁਣਨ ਲਈ ਉਹ 5 ਤੋਂ 8 ਕਿਲੋਮੀਟਰ ਪੈਦਲ ਤੁਰ ਕੇ ਜਾਂਦੇ ਸਨ। ਪ੍ਰਾਂਤਿਕ ਕਾਂਗਰਸ ਕਮੇਟੀ ਦੀ ਦੋ ਮੈਂਬਰੀ ਟੀਮ ਨੇ ਈ ਐੱਮ ਐੱਸ ਦੇ ਲਾਜ ਦਾ ਦੌਰਾ ਕੀਤਾ ਅਤੇ ਉਸ ਨੂੰ ਬਾਈਕਾਟ ਦੇ ਮਤੇ ਦਾ ਅੰਗਰੇਜ਼ੀ ਤੋਂ ਮਲਿਆਲਮ ਵਿੱਚ ਅਨੁਵਾਦ ਕਰਨ ਲਈ ਕਿਹਾ।

ਉਹ 1928-29 ਦੇ ਸਾਲ ਸਕੂਲ ਲਈ ਪਾਲਘਾਟ ਚਲੇ ਗਏ ਅਤੇ ਫਿਰ ਜੂਨ 1929 ਵਿੱਚ ਸੇਂਟ ਥਾਮਸ ਕਾਲਜ, ਤ੍ਰਿਚੁਰ ਵਿੱਚ ਦਾਖਲ ਹੋ ਗਏ। ਰਾਜਗੋਪਾਲਾਚਾਰੀ ਅਤੇ ਜਮਨਾ ਲਾਲ ਬਜਾਜ ਹਿੰਦੀ ਦਾ ਪ੍ਰਚਾਰ ਕਰਨ ਲਈ ਪਾਲਘਾਟ ਆਏ, ਜਿਸ ਦਾ ਪ੍ਰਿੰਸੀਪਲ ਨੇ ਵਿਰੋਧ ਕੀਤਾ। ਈ ਐੱਮ ਐੱਸ ਅਤੇ ਦੋਸਤ ਹਿੰਦੀ ਅੰਦੋਲਨ ਵਿੱਚ ਕੁੱਦ ਪਏ, ਉਨ੍ਹਾਂ ਦੋਵਾਂ ਨੂੰ ਮਿਲੇ ਅਤੇ ਕ੍ਰਿਸ਼ਨਾਸਵਾਮੀ ਅਈਅਰ ਦੇ ਸਬਰੀ ਆਸ਼ਰਮ ਗਏ। ਉਹ ਰਾਮਾਸਵਾਮੀ ਨਾਇਕਰ ਨਾਲ ਜੁੜ ਗਏ, ਜੋ 'ਯੁਕਤੀਵਾਦੀ' (ਇੱਕ ਤਰਕਸ਼ੀਲ ਰਸਾਲਾ) ਵਿੱਚ ਕੰਮ ਕਰਦੇ ਸਨ।

ਕਾਂਗਰਸ ਸੋਸ਼ਲਿਸਟ ਪਾਰਟੀ (ਸੀ ਐੱਸ ਪੀ) ਅਤੇ ਕੇਰਲ ਪ੍ਰਦੇਸ਼ ਕਾਂਗਰਸ ਕਮੇਟੀ (ਕੇ ਪੀ ਸੀ ਸੀ) ਵਿੱਚ

ਉਹਨਾਂ ਨੇ ਗਾਂਧੀ ਜੀ ਦੇ ਸਿਵਲ ਨਾਫਰਮਾਨੀ ਅੰਦੋਲਨ ਵਿੱਚ ਸ਼ਾਮਲ ਹੋਣ ਲਈ ਕਾਲਜ ਛੱਡ ਦਿੱਤਾ। ਰਾਸ਼ਟਰੀ ਅਤੇ ਸਮਾਜਿਕ ਸੁਧਾਰ ਅੰਦੋਲਨਾਂ ਨਾਲ ਜੁੜੇ ਹੋਣ ਦੇ ਬਾਵਜੂਦ ਉਹ ਜੀ.ਡੀ.ਐੱਚ. ਕੋਲ ਅਤੇ ਕੁਝ ਹੋਰਾਂ ਦੀਆਂ ਕਿਤਾਬਾਂ ਰਾਹੀਂ ਕਮਿਊਨਿਜ਼ਮ ਦੇ ਨੇੜੇ ਆਏ। ਉਹ ਕੈਥੋਲਿਕ ਅੰਦੋਲਨ ਅਤੇ ਆਪਣੇ ਅਧਿਆਪਕ ਜੋਸਫ ਮੁੰਡਾਸੇਰੀ ਦੇ ਵੀ ਨੇੜੇ ਆਏ, ਜੋ ਬਾਅਦ ਵਿੱਚ 1957 ਦੇ ਕਮਿਊਨਿਸਟ ਮੰਤਰੀ ਮੰਡਲ ਵਿੱਚ ਮੰਤਰੀ ਬਣੇ। ਈ ਐੱਮ ਐੱਸ ਨੂੰ ਸਿਵਲ ਨਾਫਰਮਾਨੀ ਅੰਦੋਲਨ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਹਨਾਂ ਦੇ ਅਧਿਆਪਕ ਐੱਮ.ਪੀ. ਪੌਲ ਨੂੰ ਉਹਨਾਂ ਦੀ ਤਾਰੀਫ ਕਰਨ ਲਈ ਕਾਲਜ ਛੱਡਣਾ ਪਿਆ ਸੀ।

'ਨੰਬੂਦੀਰੀ ਯੁਵਜਨ ਸੰਘਮ' ਨੇ ਗਰੀਬ ਲੋਕਾਂ ਦੇ ਅੰਦੋਲਨਾਂ ਦਾ ਆਯੋਜਨ ਕੀਤਾ ਅਤੇ ਡਾਂਡੀ ਮਾਰਚ ਦੀ ਤਰਜ਼ 'ਤੇ ਰਾਜ-ਵਿਆਪੀ ਮਾਰਚ ਆਯੋਜਿਤ ਕੀਤੇ। ਈ ਐੱਮ ਐੱਸ ਨੇ ਉਸ ਸਮੇਂ ਜਵਾਹਰ ਲਾਲ ਨਹਿਰੂ ਦੀ ਇੱਕ ਛੋਟੀ ਜਿਹੀ ਜੀਵਨੀ ਵੀ ਲਿਖੀ। ਖਾਦੀ ਪਹਿਨਣ ਨੂੰ ਬਹੁਤ ਉਤਸ਼ਾਹ ਨਾਲ ਲਿਆ ਗਿਆ, ਨਾਲ ਹੀ ਵਿਦੇਸ਼ੀ ਕੱਪੜੇ ਦੀਆਂ ਦੁਕਾਨਾਂ ਅੱਗੇ ਧਰਨੇ ਲਾਏ ਗਏ ਅਤੇ ਵਿਦੇਸ਼ੀ ਕੱਪੜੇ ਦਾ ਬਾਈਕਾਟ ਵੀ ਕੀਤਾ ਗਿਆ।

ਗਾਂਧੀ-ਇਰਵਿਨ ਸਮਝੌਤੇ ਤੋਂ ਬਾਅਦ ਈ ਐੱਮ ਐੱਸ ਨੇ ਪਯਨੂਰ ਅਤੇ ਬਡਾਗਰਾ ਵਿੱਚ ਰਾਜਨੀਤਕ ਕਾਨਫਰੰਸਾਂ ਵਿੱਚ ਹਿੱਸਾ ਲਿਆ, ਜਿੱਥੇ ਜੇ.ਐੱਮ. ਸੇਨਗੁਪਤਾ, ਕੇ.ਐੱਫ. ਨਰੀਮਨ ਅਤੇ ਹੋਰਾਂ ਨੇ ਹਿੱਸਾ ਲਿਆ। ਇਹਨਾਂ ਵਿੱਚੋਂ ਬਹੁਤ ਸਾਰੇ ਲੋਕ ਭਵਿੱਖ ਵਿਚ ਉਹਨਾਂ ਦੇ ਸਹਿਯੋਗੀ ਬਣ ਗਏ।

ਗੁਰੂਵਾਯੂਰ ਮੰਦਰ ਪ੍ਰਵੇਸ਼ ਸੱਤਿਆਗ੍ਰਹਿ 1 ਨਵੰਬਰ, 1931 ਨੂੰ ਸ਼ੁਰੂ ਹੋਇਆ ਸੀ, ਜਿਸ ਵਿੱਚ ਈ ਐੱਮ ਐੱਸ ਨੇ ਹਿੱਸਾ ਲਿਆ। ਕਾਲਜ ਵਿੱਚ ਪੂਰਾ ਬਾਈਕਾਟ ਹੋ ਗਿਆ ਸੀ। ਉਹਨਾਂ ਨੇ ਇਹ ਮਹਿਸੂਸ ਕਰਦੇ ਹੋਏ ਕਿ ਕਾਲਜ ਦੀ ਪੜ੍ਹਾਈ ਅੰਦੋਲਨਾਂ ਵਿੱਚ ਸਰਗਰਮ ਹਿੱਸਾ ਲੈਣ ਵਿੱਚ ਵਿਘਨ ਪਾਉਂਦੀ ਹੈ, ਉਹਨਾਂ ਨੇ 4 ਜਨਵਰੀ, 1932 ਨੂੰ ਕਾਲਜ ਛੱਡ ਦਿੱਤਾ। ਹਫਤਾਵਾਰੀ 'ਉਨ੍ਹੀ ਨੰਬੂਦਰੀ' ਦੇ ਪਾਠਕਾਂ ਲਈ ਇੱਕ ਲਿਖਤੀ ਸੰਦੇਸ਼ ਛੱਡ ਕੇ, ਉਹ ਕਾਂਗਰਸ ਦੇ ਸਿਵਲ ਨਾਫਰਮਾਨੀ ਸੱਤਿਆਗ੍ਰਹਿ ਵਿੱਚ ਹਿੱਸਾ ਲੈਣ ਲਈ ਤ੍ਰਿਚੁਰ ਤੋਂ ਕਾਲੀਕਟ ਲਈ ਰਵਾਨਾ ਹੋ ਗਏ। ਗ੍ਰਿਫਤਾਰ ਹੋਣ 'ਤੇ ਉਹਨਾਂ ਨੂੰ ਕਾਲੀਕਟ, ਕੈਨਾਨੋਰ ਅਤੇ ਵੇਲੋਰ ਜੇਲ੍ਹਾਂ ਸਮੇਤ ਵੱਖ-ਵੱਖ ਜੇਲ੍ਹਾਂ ਵਿੱਚ ਰੱਖਿਆ ਗਿਆ। ਉੱਥੇ ਉਹ ਮਸ਼ਹੂਰ ਕ੍ਰਿਸ਼ਨਾ ਪਿੱਲਈ ਅਤੇ ਬਾਅਦ ਵਿੱਚ ਏਕੇ ਗੋਪਾਲਨ ਨੂੰ ਮਿਲੇ। ਉਹ ਕੇ.ਐੱਨ. ਤਿਵਾੜੀ, ਕਿਰਨ ਦਾਸ, ਆਰ.ਐੱਮ. ਸੇਨਗੁਪਤਾ, ਆਰ.ਸੀ. ਆਚਾਰੀਆ, ਐੱਨ.ਜੀ. ਰੰਗਾ ਅਤੇ ਹੋਰਾਂ ਨੂੰ ਵੀ ਮਿਲੇ। 1933-34 ਵਿੱਚ ਕੈਨਾਨੋਰ ਜੇਲ੍ਹ ਵਿੱਚ ਖੱਬੇ ਪੱਖੀ ਕਾਂਗਰਸੀਆਂ ਦਾ ਇੱਕ ਸਮੂਹ ਬਣਾਇਆ ਗਿਆ ਸੀ।

ਉਹ ਜਲਦੀ ਹੀ ਕਾਂਗਰਸ ਸੋਸ਼ਲਿਸਟ ਪਾਰਟੀ ਵਿੱਚ ਸ਼ਾਮਲ ਹੋ ਗਏ ਅਤੇ ਬਾਅਦ ਵਿੱਚ ਇਸ ਦੀ ਆਲ ਇੰਡੀਆ ਕਾਰਜਕਾਰਨੀ ਵਿੱਚ ਸ਼ਾਮਲ ਹੋ ਗਏ। 1934 ਵਿੱਚ ਕਾਲੀਕਟ ਵਿੱਚ ਖੱਬੇ ਪੱਖੀ ਕਾਂਗਰਸੀਆਂ ਦੀ ਇੱਕ ਮੀਟਿੰਗ ਨੇ ਸੀ ਐੱਸ ਪੀ ਦੀ ਕੇਰਲ ਇਕਾਈ ਬਣਾਈ, ਜਿਸ ਦੀ ਪ੍ਰਧਾਨਗੀ ਕੇਲੱਪਨ ਨੇ ਕੀਤੀ। ਉਹ ਮਈ 1934 ਵਿੱਚ ਪਟਨਾ ਵਿੱਚ ਸੀ ਐੱਸ ਪੀ ਦੀ ਪਹਿਲੀ ਆਲ ਇੰਡੀਆ ਕਨਵੈਨਸ਼ਨ ਵਿੱਚ ਸ਼ਾਮਲ ਹੋਏ।



ਜੇ.ਪੀ ਦੀ ਲਿਖਤ 'ਸਮਾਜਵਾਦ ਕਿਉਂ?' ਨੇ ਈ ਐੱਮ ਐੱਸ ਨੂੰ ਡੂੰਘਾ ਪ੍ਰਭਾਵਿਤ ਕੀਤਾ। ਇਸ ਲਿਖਤ ਦੀ ਕਮਿਊਨਿਸਟਾਂ ਵੱਲੋਂ ਕੀਤੀ ਗਈ ਆਲੋਚਨਾ ਨੇ ਉਨ੍ਹਾਂ ਨੂੰ ਸੀ ਪੀ ਆਈ ਵੱਲ ਵਧਣ ਵਿੱਚ ਮਦਦ ਕੀਤੀ। ਉਹ 1935 ਵਿੱਚ ਮਦਰਾਸ ਵਿੱਚ ਕ੍ਰਿਸ਼ਨਾ ਪਿੱਲਈ, ਐੱਸ.ਵੀ. ਘਾਟੇ ਅਤੇ ਸੁੰਦਰੱਈਆ ਨੂੰ ਮਿਲੇ ਅਤੇ ਜਨਵਰੀ 1936 ਵਿੱਚ ਸੀ ਪੀ ਆਈ ਦੇ ਮੈਂਬਰ ਬਣ ਗਏ। ਇਸ ਤਰ੍ਹਾਂ ਉਸ ਸਮੇਂ ਉਹ ਇੱਕ ਸਰਗਰਮ ਕਾਂਗਰਸੀ, ਇੱਕ ਸੀ ਐੱਸ ਪੀ ਨੇਤਾ ਅਤੇ ਇੱਕ ਕਮਿਊਨਿਸਟ ਸਨ।

ਜੁਲਾਈ 1937 ਵਿੱਚ ਕੇਰਲਾ ਵਿੱਚ ਸੀ ਪੀ ਆਈ ਦਾ ਗਠਨ ਕੀਤਾ ਗਿਆ ਸੀ, ਜਿਸ ਵਿੱਚ ਕ੍ਰਿਸ਼ਨਾ ਪਿੱਲਈ ਸਕੱਤਰ ਬਣੇ ਅਤੇ ਕੇ ਦਾਮੋਦਰਨ, ਐੱਨ ਸੀ ਸ਼ੇਖਰ ਅਤੇ ਈ ਐੱਮ ਐੱਸ ਲੀਡਰਸ਼ਿਪ ਦੇ ਹੋਰ ਮੈਂਬਰ ਸਨ। ਈ ਐੱਮ ਐੱਸ ਨੂੰ 1937-38 ਵਿੱਚ ਕੇ ਪੀ ਸੀ ਸੀ ਦੇ ਸੰਗਠਨ ਸਕੱਤਰ ਅਤੇ ਦੋ ਵਾਰ (1938-40) ਲਈ ਕੇ ਪੀ ਸੀ ਸੀ ਦੇ ਸਕੱਤਰ ਵਜੋਂ ਵੀ ਚੁਣਿਆ ਗਿਆ ਸੀ।

ਈ ਐੱਮ ਐੱਸ ਨੇ ਲਿਖਿਆ ਕਿ ਮਦਰਾਸ ਅਤੇ ਬੰਬਈ ਵਿੱਚ ਕਾਂਗਰਸ ਮੰਤਰੀ ਮੰਡਲ ਦੇ ਗਠਨ ਨੇ ਪਾਰਟੀ ਦੇ ਮੁਕਾਬਲਤਨ ਖੁੱਲ੍ਹੇ ਕੰਮਕਾਜ ਨੂੰ ਸੁਵਿਧਾਜਨਕ ਬਣਾਇਆ। ਮਾਲਾਬਾਰ ਵਿੱਚ ਸੀ ਐੱਸ ਪੀ ਯੂਨਿਟ ਨੇ ਈ ਐੱਮ ਐੱਸ ਦੁਆਰਾ ਸੰਪਾਦਿਤ ਇੱਕ ਹਫਤਾਵਾਰੀ 'ਪ੍ਰਭਾਤਮ' ਸ਼ੁਰੂ ਕੀਤਾ। ਇਸ ਸਮੇਂ ਕਮਿਊਨਿਸਟ ਅਤੇ ਸੀ ਐੱਸ ਪੀ ਵਾਲੇ ਕੇ ਪੀ ਸੀ ਸੀ ਦੇ ਕੰਟਰੋਲ ਵਿੱਚ ਸਨ। ਇਸ ਕੋਸ਼ਿਸ਼ ਵਿੱਚ 'ਨੈਸ਼ਨਲ ਫਰੰਟ' ਅਤੇ 'ਕਾਂਗਰਸ ਸੋਸ਼ਲਿਸਟ' ਰਸਾਲੇ ਮਦਦਗਾਰ ਸਨ।

**ਮਾਲਾਬਾਰ ਕਿਸਾਨ ਅੰਦੋਲਨ**

ਉਨ੍ਹਾਂ ਸਾਲਾਂ ਵਿੱਚ ਮਾਲਾਬਾਰ ਮਦਰਾਸ ਪ੍ਰੈਜ਼ੀਡੈਂਸੀ ਦਾ ਹਿੱਸਾ ਸੀ। 1937 ਅਤੇ 1938 ਵਿੱਚ ਦੋ ਵਾਰ ਨਾਮਜ਼ਦਗੀਆਂ ਰੱਦ ਹੋਣ ਤੋਂ ਬਾਅਦ, ਈ ਐੱਮ ਐੱਸ ਫਰਵਰੀ 1939 ਵਿੱਚ ਮਦਰਾਸ ਅਸੈਂਬਲੀ ਲਈ ਬਿਨਾਂ ਮੁਕਾਬਲਾ ਚੁਣੇ ਗਏ। ਉਹ ਵਿਧਾਨ ਸਭਾ ਦੀ 'ਟੈਨੈਂਸੀ ਇਨਕੁਆਰੀ ਕਮੇਟੀ' ਦੇ ਮੈਂਬਰ ਬਣੇ। ਕਮੇਟੀ ਵਿਚ ਵਿਰੋਧੀਆਂ ਨੇ ਮਾਲਾਬਾਰ ਟੈਨੈਂਸੀ ਐਕਟ ਵਿੱਚ ਸਖਤ ਸੋਧ ਅਤੇ ਬਦਨਾਮ ਜਗੀਰੂ 'ਜੇਨਮੀ' ਪ੍ਰਣਾਲੀ ਨੂੰ ਖਤਮ ਕਰਨ ਦਾ ਸਮਰਥਨ ਕੀਤਾ। ਇਸ ਨੇ ਈ ਐੱਮ ਐੱਸ ਨੂੰ ਮਾਲਾਬਾਰ ਅਤੇ ਕੋਚੀਨ ਅਤੇ ਤ੍ਰਾਵਣਕੋਰ ਦੇ ਜਗੀਰੂ ਰਾਜਾਂ ਸਮੇਤ ਹੋਰ ਥਾਵਾਂ 'ਤੇ ਖੇਤੀਬਾੜੀ ਸੰਬੰਧਾਂ ਦਾ ਅਧਿਐਨ ਕਰਨ ਵਿੱਚ ਮਦਦ ਕੀਤੀ। ਸ਼ੁਰੂ ਵਿੱਚ ਉਹਨਾਂ ਨੇ ਅੰਦੋਲਨਾਂ ਨੂੰ 'ਸਮਾਜਵਾਦੀ ਬਾਰਦੋਲੀ' ਕਿਹਾ।

ਖੱਬੇ ਪੱਖੀ ਕਾਂਗਰਸੀਆਂ ਨੇ ਮਾਲਾਬਾਰ ਤੋਂ ਤ੍ਰਾਵਣਕੋਰ ਤੱਕ ਕਿਸਾਨ ਜੱਥਾ ਮਾਰਚ ਆਯੋਜਿਤ ਕੀਤਾ, ਜਿਸ ਵਿੱਚ ਈ ਐੱਮ ਐੱਸ ਸਰਗਰਮੀ ਨਾਲ ਹਿੱਸਾ ਲਿਆ।

1940 ਵਿੱਚ ਸੀ ਐੱਸ ਪੀ ਕਾਰਕੁਨਾਂ ਦੀ ਇੱਕ ਕਾਨਫਰੰਸ ਨੇ ਸੀ ਐੱਸ ਪੀ ਯੂਨਿਟ ਨੂੰ ਸੀ ਪੀ ਆਈ ਵਿੱਚ ਪੂਰੀ ਤਰ੍ਹਾਂ ਮਿਲਾਉਣ ਦਾ ਫੈਸਲਾ ਕੀਤਾ। ਇਸ ਸਮੇਂ ਵਿੱਚ ਉਹਨਾਂ ਨੇ 'ਕੇਰਲ ਵਿੱਚ ਕਿਸਾਨ ਅੰਦੋਲਨ ਦਾ ਇੱਕ ਛੋਟਾ ਇਤਿਹਾਸ' ਲਿਖਿਆ। 1942 ਦੇ ਮੱਧ ਵਿੱਚ ਪਾਰਟੀ ਤੋਂ ਪਾਬੰਦੀ ਹਟਾ ਦਿੱਤੀ ਗਈ। ਕਯੂਰ ਘਟਨਾ ਮਾਰਚ 1943 ਵਿੱਚ ਵਾਪਰੀ, ਜਿਸ ਵਿੱਚ ਚਾਰ ਕਿਸਾਨ ਕਾਰਕੁਨਾਂ ਨੂੰ ਫਾਂਸੀ ਦੇ ਦਿੱਤੀ ਗਈ।

ਈ ਐੱਮ ਐੱਸ ਨੂੰ ਪਹਿਲੀ ਪਾਰਟੀ ਕਾਂਗਰਸ (ਬੰਬਈ, 1943) ਵਿੱਚ ਚੁਣੀ ਗਈ ਕੇਂਦਰੀ ਕਮੇਟੀ 'ਚ ਸ਼ਾਮਲ ਕੀਤਾ ਗਿਆ ਸੀ।

ਈ ਐੱਮ ਐੱਸ ਨੂੰ ਜਨਵਰੀ 1947 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ, ਜਦੋਂ ਉਹ ਚੇਚਕ ਨਾਲ ਬਿਸਤਰੇ 'ਤੇ ਪਏ ਸਨ ਅਤੇ 7 ਮਹੀਨਿਆਂ ਲਈ ਵੈਲੋਰ ਜੇਲ੍ਹ ਵਿੱਚ ਰੱਖਿਆ ਗਿਆ ਸੀ।

**'ਬੀ ਟੀ ਆਰ ਪੀਰੀਅਡ' ਅਤੇ ਈ ਐੱਮ ਐੱਸ**

1946-51 ਦੌਰਾਨ ਪਾਰਟੀ ਦੀ ਕਿਸਮਤ ਵਿੱਚ ਉਤਰਾਅ-ਚੜ੍ਹਾਅ ਬਾਰੇ ਆਪਣੀ ਸਥਿਤੀ ਦਾ ਸੰਖੇਪ ਵਿੱਚ ਵਰਣਨ ਕਰਦੇ ਹੋਏ, ਉਹ ਕਹਿੰਦੇ ਹਨ ਕਿ 1946 ਤੋਂ ਪਹਿਲਾਂ, ਉਹਨਾਂ ਨੇ ਜੋਸ਼ੀ ਲਾਈਨ ਦੀ ਪਾਲਣਾ ਕੀਤੀ। 1946 ਵਿੱਚ ਉਹਨਾਂ ਨੇ ਪੂਰੇ ਦਿਲ ਨਾਲ 'ਮਹਾਨ ਖਾੜਕੂਵਾਦ ਵੱਲ ਤਬਦੀਲੀ' ਦਾ ਸਮਰਥਨ ਕੀਤਾ, ਜਿਸ ਨਾਲ 'ਪੁੰਨਪਰਾ-ਵਯਾਲਰ' ਅਤੇ ਤੇਲੰਗਾਨਾ ਹੋਇਆ। ਉਹ ਕਹਿੰਦੇ ਹਨ ਕਿ ਕਲਕੱਤਾ (1948) ਵਿਖੇ, "ਮੈਂ ਬਾਕੀ ਸਾਥੀਆਂ ਨਾਲ ਗਿਆ ਅਤੇ ਤਬਦੀਲੀ ਦਾ ਸਵਾਗਤ ਕੀਤਾ।" ਉਹਨਾਂ ਨੇ ਦੁਬਾਰਾ 'ਆਂਧਰਾ ਲਾਈਨ' ਵਿੱਚ ਤਬਦੀਲੀ ਦਾ ਸਮਰਥਨ ਕੀਤਾ। ਇਸ ਲਈ ਉਹਨਾਂ ਨੂੰ ਮਹਿਸੂਸ ਹੋਇਆ ਕਿ ਉਹਨਾਂ ਨੂੰ 'ਰਣਦੀਵੇ ਜਾਂ ਰਾਜੇਸ਼ਵਰ ਰਾਓ ਪੋਲਿਟ ਬਿਊਰੋ' ਵਿੱਚ ਸ਼ਾਮਲ ਨਹੀਂ ਕੀਤਾ ਗਿਆ ਸੀ, ਜਿਵੇਂ ਕਿ ਉਹ ਕਹਿੰਦੇ ਹਨ। ਉਹ 'ਬੀ ਟੀ ਆਰ ਲਾਈਨ' ਨੂੰ ਲੈ ਕੇ ਕੋਈ ਸਪੱਸ਼ਟ ਸਥਿਤੀ ਨਹੀਂ ਲੈਂਦੇ।

1950 ਵਿੱਚ ਜਦੋਂ 4 ਮੈਂਬਰੀ ਸੀ ਪੀ ਆਈ ਵਫਦ ਮਾਸਕੋ ਗਿਆ ਤਾਂ ਈ ਐੱਮ ਐੱਸ ਨੂੰ ਪਾਰਟੀ ਕੇਂਦਰ ਦਾ ਇੰਚਾਰਜ ਬਣਾਇਆ ਗਿਆ। ਅਜੋਏ ਘੋਸ਼ ਜਲਦੀ ਹੀ ਜਨਰਲ ਸਕੱਤਰ ਬਣ ਗਏ। ਈ ਐੱਮ ਐੱਸ ਨੂੰ 1951 ਦੇ ਪੋਲਿਟ ਬਿਊਰੋ ਵਿੱਚ ਸ਼ਾਮਲ ਕੀਤਾ ਗਿਆ। ਉਹਨਾਂ ਨੂੰ 1953-54 (ਮਦੁਰਾਈ) ਅਤੇ ਪਾਲਘਾਟ (1956) ਦੇ ਪੋਲਿਟ ਬਿਊਰੋ ਵਿੱਚ, ਅਤੇ ਅੰਮ੍ਰਿਤਸਰ (1958) ਅਤੇ ਵਿਜੇਵਾੜਾ (1961) ਵਿੱਚ ਕੇਂਦਰੀ ਕਾਰਜਕਾਰੀ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ।

ਉਹ ਕੁਝ ਸਮੇਂ ਲਈ ਪਾਰਟੀ ਦੇ ਤਰਜਮਾਨ 'ਨਿਊ ਏਜ' ਦੇ ਸੰਪਾਦਕ ਰਹੇ।

**ਪਹਿਲੇ ਕਮਿਊਨਿਸਟ ਮੁੱਖ ਮੰਤਰੀ, 1957**

ਕੇਰਲਾ ਰਾਜ ਵਿਧਾਨ ਸਭਾ ਦੀਆਂ ਪਹਿਲੀਆਂ ਚੋਣਾਂ 1957 ਵਿੱਚ ਕੇਰਲਾ ਰਾਜ ਦੇ ਗਠਨ ਤੋਂ ਤੁਰੰਤ ਬਾਅਦ ਹੋਈਆਂ, ਜਿਸ ਵਿਚ ਸੀ ਪੀ ਆਈ ਨੂੰ ਬਹੁਮਤ ਮਿਲਿਆ। ਇਸ ਨਾਲ ਦੇਸ ਵਿੱਚ ਲਹਿਰਾਂ ਪੈਦਾ ਹੋ ਗਈਆਂ। ਲੋਕ ਅਤੇ ਰਾਜਨੀਤਿਕ ਹਲਕੇ ਹੈਰਾਨ ਸਨ। ਕਮਿਊਨਿਸਟਾਂ ਨੂੰ ਖੁਦ ਆਪਣੀ ਪੁਰਾਣੀ ਕੱਟੜ ਸਮਝ ਬਦਲਣੀ ਪਈ ਕਿ 'ਉਹ 'ਬੁਰਜੂਆ' ਚੋਣ ਨਹੀਂ ਜਿੱਤ ਸਕਦੇ ਅਤੇ ਯਕੀਨੀ ਤੌਰ 'ਤੇ ਸਰਕਾਰ ਨਹੀਂ ਬਣਾ ਸਕਦੇ'। ਵਿਚਾਰਾਂ ਤੋਂ ਬਾਅਦ, ਸੀ ਪੀ ਆਈ ਨੇ ਉਨ੍ਹਾਂ ਨੂੰ ਮੁੱਖ ਮੰਤਰੀ ਵਜੋਂ ਚੁਣਨ ਦਾ ਫੈਸਲਾ ਕੀਤਾ। ਭੂਮੀ ਸੁਧਾਰ ਅਤੇ ਸਿੱਖਿਆ ਬਿੱਲ ਪੇਸ਼ ਕੀਤੇ ਗਏ। 1959 ਵਿੱਚ ਮੰਤਰੀ ਮੰਡਲ ਨੂੰ ਬਰਖਾਸਤ ਕਰ ਦਿੱਤਾ ਗਿਆ। ਈ ਐੱਮ ਐੱਸ 1967 ਵਿੱਚ ਦੂਜੀ ਵਾਰ 7-ਪਾਰਟੀ ਗੱਠਜੋੜ ਦੀ ਅਗਵਾਈ ਕਰਦੇ ਹੋਏ ਮੁੱਖ ਮੰਤਰੀ ਬਣੇ ਅਤੇ 1969 ਤੱਕ ਇਸ ਅਹੁਦੇ 'ਤੇ ਰਹੇ। ਸੀ ਪੀ ਆਈ ਦੇ ਸੀ.ਅਛੂਤਾ ਮੈਨਨ 1969 ਵਿੱਚ ਮੁੱਖ ਮੰਤਰੀ ਬਣੇ, ਜੋ ਕਿ ਵੰਡ ਤੋਂ ਬਾਅਦ ਸੀ ਪੀ ਆਈ ਦੇ ਪਹਿਲੇ ਮੁੱਖ ਮੰਤਰੀ ਸਨ।

**ਅੰਮ੍ਰਿਤਸਰ ਪਾਰਟੀ ਕਾਂਗਰਸ,1958**

ਸੀ ਪੀ ਆਈ ਨੇ ਇਸ ਕਾਂਗਰਸ ਵਿੱਚ ਆਪਣੇ ਸੰਵਿਧਾਨ, ਪ੍ਰੋਗਰਾਮ ਦੇ ਸੰਕਲਪਾਂ ਅਤੇ ਸੰਗਠਨਾਤਮਕ ਢਾਂਚੇ ਵਿੱਚ ਮਹੱਤਵਪੂਰਨ ਬਦਲਾਅ ਲਿਆਂਦੇ। ਇਸ ਨੇ 'ਪ੍ਰੋਲੇਤਾਰੀ ਤਾਨਾਸ਼ਾਹੀ' ਦੀ ਧਾਰਨਾ ਨੂੰ ਤਿਆਗ ਦਿੱਤਾ, ਸਮਾਜਵਾਦੀ ਭਾਰਤ ਵਿੱਚ ਵਿਰੋਧੀ ਪਾਰਟੀਆਂ ਦੇ ਉੱਨਤ ਸੰਕਲਪ ਨੂੰ ਅੱਗੇ ਵਧਾਇਆ ਅਤੇ ਸੰਗਠਨਾਤਮਕ ਢਾਂਚੇ ਨੂੰ 2-ਪੱਧਰੀ ਤੋਂ 3-ਪੱਧਰੀ ਵਿੱਚ ਬਦਲ ਦਿੱਤਾ। ਕਾਂਗਰਸ ਤੋਂ ਤੁਰੰਤ ਬਾਅਦ ਈ ਐੱਮ ਐੱਸ ਨੇ 'ਨਿਊ ਏਜ' ਵਿੱਚ ਇੱਕ ਮਹੱਤਵਪੂਰਨ ਲੇਖ ਵਿੱਚ ਨਾ ਸਿਰਫ ਫੈਸਲਿਆਂ ਦੀ ਸ਼ਲਾਘਾ ਕੀਤੀ, ਸਗੋਂ ਇਹ ਵੀ ਕਿਹਾ ਕਿ ਇਨ੍ਹਾਂ ਫੈਸਲਿਆਂ ਰਾਹੀਂ ਸੀ ਪੀ ਆਈ ਸਿਰਫ ਮਹਾਤਮਾ ਗਾਂਧੀ ਦੀ ਵਿਰਾਸਤ ਨੂੰ ਹੀ ਅੱਗੇ ਵਧਾ ਰਹੀ ਹੈ।

ਜਨਰਲ ਸਕੱਤਰ ਵਜੋਂ

ਜਨਵਰੀ 1962 ਵਿੱਚ ਅਜੋਏ ਘੋਸ਼ ਦੀ ਮੌਤ ਤੋਂ ਬਾਅਦ, ਈ ਐੱਮ ਐੱਸ ਨੰਬੂਦਰੀਪਾਦ ਸੀ ਪੀ ਆਈ ਦੇ ਜਨਰਲ ਸਕੱਤਰ ਬਣੇ, ਜਦੋਂ ਕਿ ਐੱਸ.ਏ. ਡਾਂਗੇ ਚੇਅਰਮੈਨ ਸਨ।

**ਸੀ ਪੀ ਐੱਮ ਵਿੱਚ ਸ਼ਾਮਲ ਹੋਏ**

1964 ਵਿੱਚ ਸੀ ਪੀ ਆਈ ਵਿੱਚ ਫੁੱਟ ਤੋਂ ਬਾਅਦ ਈ ਐੱਮ ਐੱਸ ਸੀ ਪੀ ਆਈ-ਐੱਮ ਵਿੱਚ ਸ਼ਾਮਲ ਹੋਏ; ਉਹ ਅਪ੍ਰੈਲ 1964 ਦੀ ਕੌਮੀ ਕੌਂਸਲ ਦੀ ਮੀਟਿੰਗ ਤੋਂ ਵਾਕਆਊਟ ਕਰਨ ਵਾਲੇ 32 ਸਾਥੀਆਂ ਵਿੱਚੋਂ ਇੱਕ ਸਨ। ਪੀ. ਸੁੰਦਰੱਈਆ ਦੇ ਅਸਤੀਫੇ ਤੋਂ ਬਾਅਦ ਉਹ 1977 ਵਿੱਚ ਸੀ ਪੀ ਆਈ-ਐੱਮ ਦੇ ਜਨਰਲ ਸਕੱਤਰ ਬਣੇ ਅਤੇ 1992 ਤੱਕ ਇਸ ਅਹੁਦੇ 'ਤੇ ਰਹੇ।

ਈ ਐੱਮ ਐੱਸ ਦੀ ਮੌਤ 19 ਮਾਰਚ, 1998 ਨੂੰ 89 ਸਾਲ ਦੀ ਉਮਰ ਵਿੱਚ ਹੋਈ।

**ਲਿਖਤਾਂ**

ਈ ਐੱਮ ਐੱਸ ਨੇ ਖੇਤੀਬਾੜੀ ਮੁੱਦਿਆਂ ਸਮੇਤ ਵੱਖ-ਵੱਖ ਵਿਸ਼ਿਆਂ 'ਤੇ ਵਿਆਪਕ ਤੌਰ 'ਤੇ ਲਿਖਿਆ। ਉਹਨਾਂ ਨੇ ਆਪਣੀ ਆਤਮਕਥਾ 'ਇੱਕ ਭਾਰਤੀ ਕਮਿਊਨਿਸਟ ਦੀਆਂ ਯਾਦਾਂ', ਭਾਰਤੀ ਆਜ਼ਾਦੀ ਸੰਘਰਸ਼ ਦਾ ਇਤਿਹਾਸ, ਮਹਾਤਮਾ ਅਤੇ ਉਸ ਦਾ 'ਵਾਦ', ਆਰਥਿਕ ਮੁੱਦਿਆਂ ਅਤੇ ਕਈ ਹੋਰ ਰਚਨਾਵਾਂ ਅਤੇ ਲੇਖ ਅੰਗਰੇਜ਼ੀ ਅਤੇ ਮਲਿਆਲਮ ਦੋਵਾਂ ਵਿੱਚ ਲਿਖੇ। ਉਹਨਾਂ ਦੇ ਚੋਣਵੇਂ ਸੰਗ੍ਰਹਿ ਮਲਿਆਲਮ ਵਿੱਚ ਪ੍ਰਕਾਸ਼ਿਤ ਕੀਤੇ ਗਏ ਹਨ। ਉਹ ਸੱਭਿਆਚਾਰਕ ਖੇਤਰ ਵਿੱਚ ਵੀ ਸਰਗਰਮ ਸਨ।


ਮੋਬਾ. +91 99884-91002


# ਜ਼ਮੀਨ ਦੀ ਵੱਤਰ ਪਰਖਣਾ ਜ਼ਰੂਰੀ ਹੁੰਦਾ


ਡਾ. ਗੁਰਬਖਸ਼ ਸਿੰਘ ਭੰਡਾਲ



ਜਾਗਦੇ ਹੋਇਆਂ ਸੁਪਨਾ ਲੈਣ ਤੋਂ ਵੀ ਪਹਿਲਾਂ ਜ਼ਰੂਰੀ ਹੁੰਦਾ ਨੈਣਾਂ ਵਿਚ ਸੁਪਨਾ ਉਗਾਉਣ ਦੀ ਤਾਂਘ ਹੋਣਾ। ਸਫਲਤਾ ਦਾ ਸਿਰਨਾਵਾਂ ਬਣਨ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਹੈ ਕਿ ਸਾਨੂੰ ਪਤਾ ਹੋਵੇ ਕਿ ਕਈ ਵਾਰ ਅਸਫਲਤਾ ਹੀ ਸਫਲਤਾ ਲਈ ਪਹਿਲਾ ਕਦਮ ਵੀ ਹੁੰਦੀ ਆ। ਕੋਰੇ ਸਫਿਆਂ 'ਤੇ ਕੁਝ ਵੀ ਲਿਖਣ ਤੋਂ ਪਹਿਲਾਂ ਜ਼ਰੂਰੀ ਹੁੰਦਾ ਹੈ ਤੁਹਾਡੇ ਅਵਚੇਤਨ ਵਿਚ ਮਚਲਦੇ ਵਲਵਲਿਆਂ ਅਤੇ ਭਾਵਾਂ ਨੂੰ ਸੂਤਰਬੱਧ ਕਰਨਾ। ਉਨੀਂਦਰੀਆਂ ਅੱਖਾਂ ਖੋਲ੍ਹਣ ਤੋਂ ਪਹਿਲਾਂ ਜ਼ਰੂਰੀ ਹੁੰਦਾ ਹੈ ਕਿ ਮਨ ਵਿਚ ਅੱਖਾਂ ਖੋਲ੍ਹਣ ਦੀ ਲੋੜ ਪੈਦਾ ਹੋਵੇ। ਰਾਹਾਂ ਵਿਚ ਉੱਗੀਆਂ ਖੱਡੇ ਤੇ ਖਾਈਆਂ ਤੋਂ ਬਚਣ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਹੈ ਕਿ ਅਸੀਂ ਖੁੱਲ੍ਹੀਆਂ ਅੱਖਾਂ ਨਾਲ ਸਫਰ 'ਤੇ ਤੁਰੀਏ। ਮਿਲਣ ਨਾਲੋਂ ਵੀ ਜ਼ਰੂਰੀ ਹੁੰਦਾ ਏ ਮਨ ਵਿਚ ਆਪਣੇ ਪਿਆਰੇ ਨੂੰ ਮਿਲਣ ਦੀ ਤਲਬ ਪੈਦਾ ਹੋਣਾ। ਸਫਰ ਨਾਲੋਂ ਵੀ ਅਹਿਮ ਹੁੰਦਾ ਹੈ ਪੈਰਾਂ ਵਿਚ ਸਫਰ ਪੈਦਾ ਕਰਨ ਦੀ ਤਲਬ ਪੈਦਾ ਕਰਨਾ। ਗਿਆਨ ਪ੍ਰਾਪਤ ਕਰਨ ਤੋਂ ਪਹਿਲਾਂ ਜ਼ਰੂਰੀ ਹੁੰਦਾ ਹੈ ਕਿ ਸਾਡੀ ਚੇਤਨਾ ਵਿਚ ਗਿਆਨ ਪ੍ਰਾਪਤੀ ਦੀ ਸਿੱਕ ਹੋਣੀ ਚਾਹੀਦੀ ਹੈ। ਗਿਆਨ ਵੰਡਣ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੁੰਦਾ ਹੈ ਕਿ ਸਾਡਾ ਗਿਆਨ ਸਹੀ ਮਾਅਨਿਆਂ ਵਿਚ ਕਿਸੇ ਨੂੰ ਦੇਣ ਦੇ ਯੋਗ ਵੀ ਹੈ? ਹਰਫਾਂ ਨਾਲ ਸੰਵਾਦ ਰਚਾਉਣ ਤੋਂ ਪਹਿਲਾਂ ਜ਼ਰੂਰੀ ਹੁੰਦਾ ਹੈ ਕਿ ਸਾਨੂੰ ਸੰਵਾਦ ਰਚਾਉਣ ਦੀ ਜਾਚ ਵੀ ਆਉਣੀ ਚਾਹੀਦੀ ਹੈ ਅਤੇ ਇਹ ਵੀ ਪਤਾ ਹੋਵੇ ਕਿ ਸੰਵਾਦ ਕਿਉਂ ਜ਼ਰੂਰੀ ਹੁੰਦਾ?

ਮੱਤਾਂ ਦੇਣ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਖੁਦ ਨੂੰ ਪਤਾ ਹੋਵੇ ਕਿ ਅਸੀਂ ਮੱਤਾਂ ਦੇਣ ਜੋਗੇ ਹੋਏ ਵੀ ਹਾਂ ਕਿ ਨਹੀਂ। ਨਿਆਣੀਆਂ ਮੱਤਾਂ ਕਈ ਵਾਰ ਖਤਰਨਾਕ ਹੁੰਦੀਆਂ। ਜ਼ਮੀਨ ਵਿਚ ਬੀਜ ਕੇਰਨ ਤੋਂ ਪਹਿਲਾਂ ਇਹ ਜਾਨਣਾ ਬਹੁਤ ਜ਼ਰੂਰੀ ਹੁੰਦਾ ਕਿ ਪਰਖ ਲਿਆ ਜਾਵੇ ਕਿ ਜ਼ਮੀਨ ਵੱਤਰ ਵੀ ਹੈ ਕਿ ਨਹੀਂ। ਕਦਰਾਂ-ਕੀਮਤਾਂ ਦਾ ਪਾਠ ਪੜ੍ਹਾਉਣ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਬੰਦਾ ਖੁਦ ਕਦਰਾਂ-ਕੀਮਤਾਂ ਦਾ ਧਾਰਨੀ ਹੋਵੇ।

ਬਜ਼ੁਰਗ ਮਾਪਿਆਂ ਦਾ ਅਦਬ ਕਰਨ ਦੀ ਸਿੱਖਿਆ ਦੇਣ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਸਿੱਖਿਆ ਦੇਣ ਵਾਲੇ ਖੁਦ ਆਪਣੇ ਮਾਪਿਆਂ ਦਾ ਸਤਿਕਾਰ ਕਰਦਾ ਹੋਵੇ। ਬਜ਼ੁਰਗਾਂ ਨੂੰ ਆਖਰੀ ਉਮਰੇ ਨਾ ਰੋਲਣ ਦੀਆਂ ਸਲਾਹਾਂ ਦੇਣ ਵਾਲੇ ਲਈ ਸਭ ਤੋਂ ਪਹਿਲਾਂ ਜ਼ਰੂਰੀ ਹੁੰਦਾ ਕਿ ਉਸ ਨੇ ਆਪਣੇ ਮਾਪਿਆਂ ਨੂੰ ਘਰ ਦੇ ਪਿਛਵਾੜੇ ਵਿਚ ਨਾ ਧਕੇਲਿਆ ਹੋਵੇ। ਨੇਕ ਕਾਰਜ ਕਰਨ ਤੋਂ ਵੀ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਦਿਲ ਵਿਚ ਭਲੇ ਦਾ ਕਾਰਜ ਕਰਨ ਦਾ ਚਾਅ ਪੈਦਾ ਹੋਣਾ ਚਾਹੀਦਾ। ਲੋੜਵੰਦਾਂ ਦੀ ਮਦਦ ਕਰਨ ਦਾ ਹੰਭਲਾ ਮਾਰਨ ਤੋਂ ਪਹਿਲਾਂ ਮਦਦ ਕਰਨ ਵਾਲਿਆਂ ਲਈ ਇਹ ਜ਼ਰੂਰੀ ਹੁੰਦਾ ਕਿ ਉਨ੍ਹਾਂ ਨੂੰ ਪਤਾ ਹੋਵੇ ਕਿ ਸਰਬੱਤ ਦੇ ਭਲੇ ਦੀ ਕੀ ਅਰਥ ਹਨ? ਕਿਸੇ ਦੇ ਜ਼ਖਮਾਂ 'ਤੇ ਮਰਹਮ ਲਾਉਣ ਤੋਂ ਵੀ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਕਿਸੇ ਦੇ ਜ਼ਖਮ ਨੂੰ ਦੇਖ ਕੇ ਅੱਖ ਭਰ ਆਵੇ। ਕਿਸੇ ਜ਼ਰੂਰਤਮੰਦ ਦੀ ਸਹਾਇਤਾ ਕਰਨ ਤੋਂ ਵੀ ਪਹਿਲਾਂ ਸਾਡੇ ਮਨ ਵਿਚ ਇਹ ਭਾਵਨਾ ਹੋਵੇ ਕਿ ਸਮੇਂ ਸਿਰ ਕੀਤੀ ਹੋਈ ਸਹਾਇਤਾ ਤੁਹਾਨੂੰ ਅਸੀਸਾਂ ਨਾਲ ਮਾਲਾਮਾਲ ਕਰੇਗੀ ਕਿਸੇ ਦੇ ਚਿਹਰੇ 'ਤੇ ਉੱਗੀਆਂ ਘਰਾਲਾਂ ਨੂੰ ਪੂੰਝਣ ਤੋਂ ਪਹਿਲਾਂ ਇਹ ਬਹੁਤ ਜ਼ਰੂਰੀ ਹੁੰਦਾ ਕਿ ਦਰਦਵੰਤੇ ਦੇ ਦਰਦ ਵਿਚ ਸਾਡੇ ਦੀਦਿਆਂ ਨੂੰ ਛਲਕਣ ਦੀ ਜਾਚ ਹੋਵੇ। ਕਿਸੇ ਦੀਆਂ ਪ੍ਰਾਪਤੀਆਂ ਦੇ ਜਸ਼ਨਾਂ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਸਾਡੀ ਰੂਹ ਵਿਚ ਉਸ ਦੀਆਂ ਪ੍ਰਾਪਤੀਆਂ ਦਾ ਨਾਦ ਗੂੰਜਦਾ ਹੋਵੇ।

ਕਿਸੇ ਨੂੰ ਚਾਹ ਦੇ ਕੱਪ 'ਤੇ ਮਿਲਣ ਦਾ ਸੱਦਾ ਦੇਣ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਸਾਡੇ ਮਨ ਵਿਚ ਪ੍ਰਾਹੁਣਚਾਰੀ ਦੀ ਰਹੁਰੀਤ ਮੌਲਦੀ ਹੋਵੇ। ਸੱਜਣ ਪਿਆਰੇ ਨਾਲ ਕੁਝ ਪਲ ਸਾਂਝੇ ਕਰਨ ਤੋਂ ਪਹਿਲਾਂ ਜ਼ਰੂਰੀ ਹੁੰਦਾ ਕਿ ਸੱਜਣ ਨੂੰ ਮਿਲਣ ਦੀ ਤਲਬ ਹਿਚਕੀ ਬਣ ਕੇ ਸਾਨੂੰ ਯਾਦ ਕਰਵਾਉਂਦੀ ਰਹੇ। ਮਿੱਤਰ-ਪਿਆਰਿਆਂ ਨਾਲ ਗੁਫਤਗੂ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਸਾਨੂੰ ਗੁਫਤਗੂ ਕਰਨ ਦੀ ਜਾਚ ਵੀ ਹੋਣੀ ਚਾਹੀਦੀ ਹੈ। ਗਿਆਨ-ਗੋਸ਼ਟਿ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਤੁਹਾਨੂੰ ਪਤਾ ਹੋਵੇ ਕਿ ਤੁਸੀਂ ਕਿਸ ਨਾਲ ਅਤੇ ਕਿਸ ਮਕਸਦ ਲਈ ਗਿਆਨ-ਗੋਸ਼ਟਿ ਕਰਨਾ ਚਾਹੁੰਦੇ ਹੋ। ਸ਼ਬਦਕਾਰੀ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਸਾਡੇ ਖਿਆਲਾਂ ਵਿਚ ਸ਼ਬਦ ਸੰਵੇਦਨਾ ਦਾ ਖਾਕਾ ਤਿਆਰ ਹੋਣਾ ਚਾਹੀਦਾ। ਕਵਿਤਾ ਲਿਖਣ ਤੋਂ ਪਹਿਲਾਂ ਇਹ ਬਹੁਤ ਜ਼ਰੂਰੀ ਹੁੰਦਾ ਕਿ ਬੰਦਾ ਖੁਦ ਕਵਿਤਾ ਕਵਿਤਾ ਹੋ ਕੇ ਕਵਿਤਾ ਵਿਚ ਉਲਥਾਇਆ ਹੋਵੇ। ਮੁਹੱਬਤ ਦਾ ਸੂਹਾ ਰੰਗ ਮਾਨਣ ਤੋਂ ਪਹਿਲਾਂ ਜ਼ਰੂਰੀ ਹੁੰਦਾ ਕਿ ਪ੍ਰੇਮੀ ਦਾ ਅੰਤਰੀਵ ਮੁਹੱਬਤ ਵਿਚ ਪਿਘਲਿਆ ਹੋਵੇ। ਸੰਗੀਤ ਦਾ ਅਨੰਦ ਮਾਨਣ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਸਾਨੂੰ ਸੰਗੀਤ ਅਤੇ ਸ਼ੋਰ ਵਿਚਲਾ ਫਰਕ ਪਤਾ ਹੋਵੇ ਅਤੇ ਜਾਚ ਹੋਵੇ ਕਿ ਮਨ ਨੂੰ ਕਿਵੇਂ ਸੁਰਬੱਧ ਕਰਨਾ ਹੈ? ਚੁੱਪ ਦਾ ਸੰਗ ਮਾਨਣ ਤੋਂ ਪਹਿਲਾਂ ਸਾਨੂੰ ਪਤਾ ਹੋਵੇ ਕਿ ਚੁੱਪ ਅਤੇ ਰੌਲੇ ਵਿਚ ਕੀ ਅੰਤਰ ਹੁੰਦਾ। ਇਹ ਤੋਂ ਜ਼ਰੂਰੀ ਹੁੰਦਾ ਕਿ ਸਾਨੂੰ ਸਮਝ ਹੋਵੇ ਕਿ ਇਲਹਾਮੀ ਅਤੇ ਮਾਤਮੀ ਚੁੱਪ ਵਿਚ ਕੀ ਹੈ ਵਖਰੇਵਾਂ। ਮਨ ਦੀਆਂ ਮੁਹਾਰਾਂ ਨੂੰ ਚਾਨਣ-ਰੱਤੀਆਂ ਰਾਹਾਂ ਦਾ ਹਾਣੀ ਬਣਾਉਣ ਲਈ ਜ਼ਰੂਰੀ ਹੁੰਦਾ ਕਿ ਸਮਝ ਹੋਵੇ ਕਿ ਮਨ ਦੀ ਭਟਕਣ ਦਾ ਕਾਰਨ ਕੀ ਹੈ ਅਤੇ ਇਸ ਦੀਆਂ ਅਮੋੜ ਭਾਵਨਾਵਾਂ ਨੂੰ ਕਿਵੇਂ ਸੇਧਤ ਕੀਤਾ ਜਾ ਸਕਦਾ? ਰਿਸ਼ਤਿਆਂ ਨੂੰ ਨਿਭਾਉਣ ਤੋਂ ਪਹਿਲਾਂ ਇਹ ਸਮਝ ਲੈਣਾ ਜ਼ਰੂਰੀ ਹੁੰਦਾ ਕਿ ਸਮਾਜਿਕ ਰਿਸ਼ਤਿਆਂ ਦੇ ਅਰਥ ਕੀ ਹਨ, ਭਾਵਨਾ ਕੀ ਹੈ ਅਤੇ ਇਸ ਨੂੰ ਨਿਭਾਉਣ ਵਿੱਚੋਂ ਬੰਦਾ ਕੀ ਹਾਸਲ ਕਰਦਾ? ਰਿਸ਼ਤਿਆਂ ਨੂੰ ਪਰਖਣ ਤੋਂ ਪਹਿਲਾਂ ਜ਼ਰੂਰੀ ਹੁੰਦਾ ਕਿ ਸਾਨੂੰ ਇਹ ਤਾਂ ਪਤਾ ਹੋਵੇ ਕਿ ਪਾਕੀਜ਼ ਅਤੇ ਪਲੀਤ, ਅਪਣੱਤ ਅਤੇ ਨਿਰਮੋਹੇ, ਨਿੱਜਤਾ ਅਤੇ ਸ਼ਰਬਤੀ ਰਿਸ਼ਤਿਆਂ ਵਿਚ ਕੀ ਵਖਰੇਵਾਂ ਹੁੰਦਾ। ਦਿਲ ਦੇ ਦਰਦ ਦਾ ਫਿਕਰ ਕਰਨ ਤੋਂ ਵੀ ਪਹਿਲਾਂ ਸਮਝਣਾ ਜ਼ਰੂਰੀ ਹੁੰਦਾ ਕਿ ਦਰਦ ਕਿਸ ਨੇ, ਕਿਵੇਂ, ਕਦੋਂ ਅਤੇ ਕਿਹੜੀ ਹਾਲਤ ਵਿਚ ਮੇਰੇ ਨਾਂਅ ਕੀਤਾ? ਦਿਲ ਦੀਆਂ ਪਰਤਾਂ ਨੂੰ ਕਿਸੇ ਕੋਲ ਫਰੋਲਣ ਤੋਂ ਵੀ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਸਾਨੂੰ ਪਤਾ ਹੋਵੇ ਕਿ ਜਿਸ ਨਾਲ ਦਰਦ ਦੀਆਂ ਬਾਤਾਂ ਪਾਉਣੀਆਂ ਨੇ, ਕੀ ਉਹ ਦਿਲਦਾਰ ਹੈ ਜਾਂ ਯਾਰ ਮਾਰ ਹੈ? ਰੂਹ ਦੀਆਂ ਰਮਜ਼ਾਂ ਅਤੇ ਰਾਜ ਭਰੀ ਗੁਫਤਗੂ ਕਰਨ ਤੋਂ ਵੀ ਪਹਿਲਾਂ ਸਾਨੂੰ ਇਲਮ ਹੋਵੇ ਕਿ ਰੂਹ ਦੀ ਕਿਹੜੀ ਭਾਸ਼ਾ, ਬੋਲੀ ਅਤੇ ਅੰਦਾਜ਼ ਰਾਹੀਂ ਇਸ ਦੀਆਂ ਪਰਤਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ? ਵਗਦੇ ਦਰਿਆ ਵਿੱਚੋਂ ਪਾਣੀ ਦਾ ਬੁੱਕ ਭਰਨ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੁੰਦਾ ਕਿ ਕੀ ਇਹ ਦਰਿਆ ਪਿਘਲੀ ਹੋਈ ਬਰਫ ਦਾ ਸਰੋਤ ਵਿੱਚੋਂ ਪੈਦਾ ਹੋਇਆ ਜਾਂ ਗੰਧਲੇ ਪਾਣੀਆਂ ਦਾ ਵਹਾਅ ਹੈ? ਪਤਾ ਤਾਂ ਇਹ ਵੀ ਹੋਣਾ ਚਾਹੀਦਾ ਕਿ ਕਿਧਰੇ ਇਹ ਦਰਿਆ ਬਰੇਤਿਆਂ ਦੀ ਬਸਤੀ ਦਾ ਰਹਿਨੁਮਾ ਤਾਂ ਨਹੀਂ? ਬੋਲਾਂ ਵਿੱਚੋਂ ਭਾਵਾਂ ਦੀ ਅਰਥਕਾਰੀ ਕਰਨ ਤੋਂ ਪਹਿਲਾਂ ਜ਼ਰੂਰੀ ਹੁੰਦਾ ਕਿ ਸਾਨੂੰ ਬੋਲਾਂ ਨੂੰ ਸੁਣਨ, ਪਹਿਚਾਨਣ ਅਤੇ ਇਸ ਦੀ ਤਾਸੀਰ ਨੂੰ ਸਮਝਣ ਦਾ ਵੱਲ ਅਤੇ ਨਜ਼ਰੀਆ ਵੀ ਪਤਾ ਹੋਵੇ। ਬੂਹੇ 'ਤੇ ਉੱਗੀ ਉਡੀਕ ਦੇ ਨੈਣਾਂ ਵਿਚ ਵਗਦੇ ਖਾਰੇ ਪਾਣੀ ਨੂੰ ਸੁਕਾਉਣ ਤੋਂ ਪਹਿਲਾਂ ਇਹ ਸਮਝ ਤਾਂ ਹੋਵੇ ਕਿ ਇਹ ਖਾਰਾ ਪਾਣੀ ਆਪਣਿਆਂ ਜਾਂ ਬਿਗਾਨਿਆਂ ਨੇ ਦਰਾਂ ਦੇ ਨਾਂਅ ਕੀਤਾ? ਘਰ ਦੀ ਉਦਾਸੀ ਦਾ ਕੋਈ ਹੱਲ ਕਰਨ ਤੋਂ ਵੀ ਪਹਿਲਾਂ ਇਹ ਸਮਝਣਾ ਜ਼ਰੂਰੀ ਹੁੰਦਾ ਕਿ ਉਦਾਸੀ ਦੀਆਂ ਪਰਤਾਂ ਘਰ ਵਾਲਿਆਂ ਨੇ ਹੀ ਕਿਉਂ ਚਾੜ੍ਹੀਆਂ? ਕਿਉਂ ਨਾ ਘਰ ਵਾਲਿਆਂ ਨੂੰ ਘਰਾਂ ਨੂੰ ਪਰਤਣਾ ਯਾਦ ਰਿਹਾ। ਪ੍ਰਦੇਸ ਤੁਰ ਗਿਆਂ ਨੂੰ ਯਾਦ ਕਰਕੇ ਹੰਝੂ ਵਹਾਉਣ ਤੋਂ ਵੀ ਪਹਿਲਾਂ ਸਾਨੂੰ ਇਹ ਵੀ ਸੋਚਣਾ ਹੋਵੇਗਾ ਕਿ ਦਿਲਜਾਨੀਆਂ ਨੂੰ ਪਰਦੇਸੀ ਹੋਣ ਲਈ ਮਜਬੂਰ ਕਿਉਂ ਹੋਣਾ ਪਿਆ? ਬਨੇਰਿਆਂ ਦੀ ਮਾਯੂਸੀ ਨੂੰ ਹਰਨ ਤੋਂ ਪਹਿਲਾਂ ਇਹ ਤਾਂ ਪਤਾ ਹੋਵੇ ਕਿ ਹੁਣ ਕਿਉਂ ਨਹੀਂ ਕੋਈ ਕਾਂ ਬਨੇਰੇ 'ਤੇ ਬੋਲਦਾ? ਚਾਨਣ ਦਾ ਵਿਗੋਚਾ ਹੰਢਾ ਰਹੇ ਵਿਹੜੇ ਨੂੰ ਚਾਨਣ ਦਾ ਵਰਦਾਨ ਦੇਣ ਤੋਂ ਵੀ ਪਹਿਲਾਂ ਇਹ ਸਮਝਣ ਦੀ ਲੋੜ ਹੈ ਕਿ ਹੁਣ ਕਿਉਂ ਨਹੀਂ ਸਰਘੀ ਦੀ ਲੋਅ ਪੌੜੀਆਂ ਉੱਤਰਦੀ? ਰਾਤ ਦੇ ਘੁੱਪ ਹਨੇਰੇ ਵਿਚ ਡੁੱਬੇ ਹੋਏ ਘਰ ਨੂੰ ਚਾਨਣੀ ਨਾਲ ਨਹਾਉਣ ਤੋਂ ਪਹਿਲਾਂ ਇਹ ਤਾਂ ਪਤਾ ਹੋਵੇ ਕਿ ਚੰਨ-ਚਾਨਣੀ ਨੇ ਕਿਉਂ ਵੱਸਦੇ ਰਸਦੇ ਘਰ ਤੋਂ ਮੁੱਖ ਮੋੜ ਲਿਆ? ਮਾਂ ਦੇ ਕਦਮਾਂ ਵਿਚ ਬੈਠਣ ਤੋਂ ਪਹਿਲਾਂ ਸਾਨੂੰ ਇਹ ਅਹਿਸਾਸ ਤਾਂ ਹੋਣਾ ਚਾਹੀਦਾ ਕਿ ਮਾਂ ਦੇ ਪੈਰਾਂ ਵਿਚ ਜੰਨਤ ਵੱਸਦੀ ਹੈ। ਰੱਬ ਦੀ ਜੰਨਤ ਤਾਂ ਸ਼ਾਇਦ ਕਿਸੇ ਨੇ ਨਾ ਦੇਖੀ ਹੋਵੇ, ਪਰ ਮਾਂ ਦੀ ਜੰਨਤ ਦਾ ਜਲੌਅ ਤਾਂ ਬੱਚਾ ਹਰ ਦਮ ਮਾਣਦਾ ਹੈ। ਧੁੱਪ ਵਿਚ ਬਾਪ ਦੇ ਪਰਨੇ ਦੀ ਛਾਵੇਂ ਤੁਰਨ ਤੋਂ ਵੀ ਪਹਿਲਾਂ ਇਹ ਤਾਂ ਪਤਾ ਹੋਵੇ ਕਿ ਬਾਪ ਦੀਆਂ ਛਾਂ ਵਿਚ ਧੁੱਪਾਂ ਨਾਲ ਝੁਲਸੀਆਂ ਰੀਝਾਂ ਵੀ ਪੁੰਗਰਨ ਲੱਗਦੀਆਂ ਨੇ। ਵੀਰੇ ਦੀ ਹੂੰਗਰ ਵਿੱਚੋਂ ਦੁੱਖਾਂ ਅਤੇ ਪੀੜਾ ਨੂੰ ਦੂਰ ਕਰਨ ਤੋਂ ਪਹਿਲਾਂ ਸਾਡੇ ਚਿੱਤ ਵਿਚ ਇਹ ਭਾਵਨਾ ਹੋਣੀ ਜ਼ਰੂਰੀ ਕਿ ਖੂਨ ਦੇ ਰਿਸ਼ਤਿਆਂ ਨੂੰ ਪਾਕੀਜ਼ਗੀ ਅਤੇ ਪਕਿਆਈ ਸਿਰਫ ਆਪਣੇ ਹੀ ਬਖਸ਼ਦੇ ਨੇ। ਵਰ੍ਹਦੀਆਂ ਗੋਲੀਆਂ ਅਤੇ ਛਵ੍ਹੀਆਂ ਦੀ ਰੁੱਤੇ ਆਪਣਿਆਂ ਦੀ ਢਾਲ ਵਿਚ ਕੋਈ ਕੁਝ ਵੀ ਨਹੀਂ ਵਿਗਾੜ ਸਕਦਾ। ਕਿਸੇ ਨੂੰ ਨਾਂਹ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਸਾਨੂੰ ਇਹ ਤਾਂ ਸਮਝ ਹੋਵੇ ਕਿ ਨਾਂਹ ਕਿਉਂ ਜ਼ਰੂਰੀ ਅਤੇ ਇਸ ਨਾਂਹ ਦੇ ਕਿਸੇ ਦੇ ਜ਼ਿੰਦਗੀ ਲਈ ਕੀ ਅਰਥ ਹਨ? ਕਿਸੇ ਨੂੰ ਹਾਂ ਕਰਨ ਤੋਂ ਪਹਿਲਾਂ ਇਹ ਅਤਿਅੰਤ ਜ਼ਰੂਰੀ ਹੁੰਦਾ ਕਿ ਸਾਨੂੰ ਅਹਿਸਾਸ ਹੋਵੇ ਸਾਡੀ ਹਾਂ ਵਿੱਚੋਂ ਕੋਈ ਸ਼ਖਸ ਹਾਂ-ਪੱਖੀ ਜਾਂ ਨਾਂਹ-ਪੱਖੀ ਉਮੀਦ ਉਪਜਾਵੇਗਾ ਅਤੇ ਇਸ ਦਾ ਕੀ ਪ੍ਰਤੀਕਰਮ ਹੋਵੇਗਾ? ਚਮਨ ਵਿਚ ਖਿੜੀ ਗੁਲਜ਼ਾਰ ਨਾਲ ਗੁਫਤਗੂ ਕਰਨ ਤੋਂ ਪਹਿਲਾਂ ਇਹ ਵੀ ਜਾਨਣਾ ਬਹੁਤ ਜ਼ਰੂਰੀ ਹੁੰਦਾ ਕਿ ਇਸ ਵੇਲੇ ਚਮਨ ਵਿਚ ਪਤਝੜ ਦਾ ਬਸੇਰਾ ਹੈ ਜਾਂ ਬਹਾਰ ਨੇ ਸਿਰ 'ਤੇ ਸਤਰੰਗੀ ਫੁਲਕਾਰੀ ਲਈ ਹੋਈ ਹੈ। ਝੀਲ ਵਿਚ ਉੱਤਰੇ ਚੰਨ ਨੂੰ ਤੱਕਣ ਲਈ ਗਈ ਰਾਤੇ ਘਰੋਂ ਬਾਹਰ ਨਿਕਲਣ ਤੋਂ ਪਹਿਲਾਂ ਸਾਨੂੰ ਅਸਮਾਨ ਵੱਲ ਤੱਕਣਾ ਜ਼ਰੂਰੀ ਹੁੰਦਾ ਮਤਾਂ ਚੰਨ ਨੂੰ ਮੱਸਿਆ ਨੇ ਜਾਂ ਬੱਦਲਾਂ ਨੇ ਤਾਂ ਲਕੋਇਆ ਹੋਵੇ? ਸਰਕਦੀ ਹਵਾ ਨਾਲ ਪੱਤਿਆਂ ਵਿਚ ਪੈਦਾ ਹੋਈ ਸੰਗੀਤਕ ਫਿਜ਼ਾ ਨੂੰ ਮਾਨਣ ਦਾ ਮਨ ਵਿਚ ਚਾਅ ਪੈਦਾ ਕਰਨ ਤੋਂ ਪਹਿਲਾਂ ਇਹ ਦੇਖਣਾ ਪਵੇਗਾ ਕਿ ਕਿਧਰੇ ਹਵਾ ਹੁੱਸੜੀ ਹੋਈ ਤਾਂ ਨਹੀਂ? ਅਸਮਾਨ ਦੀ ਚਾਦਰ ਤੇ ਤਾਰਿਆਂ ਦੀਆਂ ਬੂਟੀਆਂ ਨੂੰ ਗਿਣਨ ਤੋਂ ਪਹਿਲਾਂ ਜ਼ਰੂਰੀ ਹੁੰਦਾ ਹੈ ਕਿ ਪਤਾ ਹੋਵੇ ਕਿ ਅਸਮਾਨ ਸਾਫ ਵੀ ਹੈ ਜਾਂ ਗਹਿਰ ਨੇ ਤਾਰਿਆਂ ਨੂੰ ਲੁਕੋਇਆ ਹੋਇਆ ਹੈ? ਮਨ ਦੇ ਭਾਵਾਂ ਦੀ ਸਰਗਮ ਵਿਚ ਰੂਹ ਨੂੰ ਸਰਸਾਰ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਮਨ ਅਤੇ ਰੂਹ ਦੀ ਪਾਕੀਜ਼ਗੀ ਤੁਹਾਡੀ ਸਭ ਤੋਂ ਵੱਡੀ ਅਮਾਨਤ ਹੋਵੇ। ਮਸਤਕ ਤੇ ਸੋਚਾਂ ਤੇ ਸੁਪਨਿਆਂ ਨੂੰ ਉੱਕਰਨ ਤੋਂ ਪਹਿਲਾਂ ਜ਼ਰੂਰੀ ਹੁੰਦਾ ਕਿ ਸਾਨੂੰ ਸਮਝ ਹੋਵੇ ਕਿ ਸਾਡੇ ਸੁਪਨਿਆਂ ਅਤੇ ਸੋਚਾਂ ਦੀ ਤਾਸੀਰ ਅਤੇ ਤਕਦੀਰ ਕੀ ਹੈ? ਪੋਟਿਆਂ ਵਿਚ ਕਲਮ ਫੜਨ ਤੋਂ ਪਹਿਲਾਂ ਇਸ ਅਹਿਸਾਸ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ, ਸਾਨੂੰ ਇਹ ਸੋਝੀ ਹੋਵੇ ਕਿ ਕਲਮ ਦਾ ਧਰਮ ਅਤੇ ਕਰਮ ਕੀ ਹੁੰਦਾ ਹੈ? ਭਾਵਨਾਵਾਂ ਨੂੰ ਪ੍ਰਗਟ ਕਰਨ ਤੋਂ ਪਹਿਲਾਂ ਸਾਨੂੰ ਇਹ ਜ਼ਰੂਰ ਸਮਝ ਲੈਣਾ ਚਾਹੀਦਾ ਕਿ ਸਾਡੀਆਂ ਭਾਵਨਾਵਾਂ ਦੇ ਦੂਸਰੇ ਲਈ ਕੀ ਮਾਅਨੇ ਹਨ ਜਾਂ ਭਾਵਨਾਵਾਂ ਦੇ ਪ੍ਰਗਟਾਅ ਨਾਲ ਸਾਡਾ ਸ਼ੋਸ਼ਣ ਤਾਂ ਨਹੀਂ ਹੋਵੇਗਾ? ਕਿਸੇ ਦੇ ਅੰਦਰ ਪਿਘਲਣ ਤੋਂ ਪਹਿਲਾਂ ਇਹ ਪਤਾ ਕਰ ਲੈਣਾ ਵੀ ਜ਼ਰੂਰੀ ਹੁੰਦਾ ਕਿ ਕਿਧਰੇ ਅੰਦਰਲੀ ਤਪਸ਼ ਵਿਚ ਬੰਦੇ ਦਾ ਤਰਲ ਹੋ ਜਾਣਾ ਮੁਮਕਿਨ ਵੀ ਹੈ ਜਾਂ ਨਹੀਂ? ਆਪਣੇ-ਆਪ ਨੂੰ ਮਿਲਣ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਅਸੀਂ ਜਾਣੀਏ ਕਿ ਆਪਣੇ-ਆਪ ਨੂੰ ਕਿਸ ਰੂਪ ਵਿਚ ਮਿਲਣਾ ਹੈ।





# ਭਾਰਤ ਦੀ ਚੋਣ ਪ੍ਰਕਿਰਿਆ ਅਤੇ ਟੀ ਐੱਨ ਸੇਸ਼ਾਨ ਦੇ ਸਖਤ ਪਹਿਰੇ ਤੋਂ ਅੱਜ ਦੇ ਹਾਲਾਤ ਤੱਕ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਭਾਰਤ ਦੇ ਇੱਕ ਸਾਬਕਾ ਚੋਣ ਕਮਿਸ਼ਨਰ ਅਤੇ ਧੜੱਲੇ ਵਾਲੀ ਹਸਤੀ ਗਿਣੇ ਜਾਂਦੇ ਮੁੱਖ ਚੋਣ ਕਮਿਸ਼ਨਰ ਟੀ ਐੱਨ ਸੇਸ਼ਾਨ ਨੇ ਇੱਕ ਵਾਰੀ ਇਸ ਦੇਸ਼ ਦੇ ਉੱਚ ਦਰਜੇ ਦੇ ਅਫਸਰਾਂ ਦੀ ਤੁਲਨਾ ਵੇਸਵਾਵਾਂ ਨਾਲ ਕੀਤੀ ਤਾਂ ਸਿਆਸੀ ਤੂਫਾਨ ਉੱਠ ਪਿਆ ਸੀ। ਉਸ ਨੂੰ ਪੁੱਛਿਆ ਗਿਆ ਕਿ ਤੁਸੀਂ ਖੁਦ ਵੀ ਇਨ੍ਹਾਂ ਵੱਡੇ ਅਫਸਰਾਂ ਵਿੱਚੋਂ ਇੱਕ ਰਹਿ ਚੁੱਕੇ ਹੋ ਤਾਂ ਉਨ੍ਹਾ ਬੇਬਾਕੀ ਨਾਲ ਅੱਗੋਂ ਇਹ ਕਿਹਾ ਸੀ ਕਿ ਉਸ ਵਕਤ ਉਹ ਖੁਦ ਵੀ ਇਹੋ ਕੁਝ ਹੁੰਦੇ ਸਨ, ਕਿਉਂਕਿ ਕਿਸੇ ਸਿਆਸੀ ਆਗੂ ਦੇ ਮੂਹਰੇ ਇਨਕਾਰ ਕਰਨ ਦੀ ਹਿੰਮਤ ਨਹੀਂ ਸਨ ਕਰਨ ਜੋਗੇ। ਜਦੋਂ ਫਿਰ ਉਹ ਦੇਸ਼ ਦੇ ਮੁੱਖ ਚੋਣ ਕਮਿਸ਼ਨਰ ਬਣ ਗਏ ਤਾਂ ਉਨ੍ਹਾ ਨੇ ਸਿਆਸੀ ਆਗੂਆਂ ਅਤੇ ਸਰਕਾਰੀ ਤੰਤਰ ਦੀਆਂ ਇਹੋ ਜਿਹੀਆਂ ਦੌੜਾਂ ਲਵਾਈਆਂ ਸਨ ਕਿ ਉਸ ਵਕਤ ਦੀਆਂ ਸਰਕਾਰਾਂ ਚਲਾਉਣ ਵਾਲੇ ਵੀ ਅਤੇ ਵਿਰੋਧੀ ਧਿਰ ਵਿੱਚ ਬੈਠੇ ਆਗੂ ਵੀ ਉਨ੍ਹਾ ਦੇ ਨਾਂਅ ਤੋਂ ਤ੍ਰਹਿਕਦੇ ਸਨ। ਹਾਲਾਤ ਇਸ ਹੱਦ ਤੱਕ ਚਲੇ ਗਏ ਕਿ ਕੇਂਦਰ ਸਰਕਾਰ ਨੂੰ ਮੁੱਖ ਚੋਣ ਕਮਿਸ਼ਨਰ ਟੀ ਐੱਨ ਸੇਸ਼ਾਨ ਦੇ ਸਖਤ ਫੈਸਲਿਆਂ ਦਾ ਰਾਹ ਰੋਕਣ ਲਈ ਇੱਕ ਮੈਂਬਰੀ ਚੋਣ ਕਮਿਸ਼ਨ ਨੂੰ ਤਿੰਨ ਮੈਂਬਰੀ ਬਣਾ ਕੇ ਇਸ ਵਿੱਚ ਇਹੋ ਜਿਹੇ ਦੋ ਹੋਰ ਚੋਣ ਕਮਿਸ਼ਨਰ ਜੋੜਨ ਦੀ ਲੋੜ ਪੈ ਗਈ, ਜਿਨ੍ਹਾਂ ਰਾਹੀਂ ਇਸ ਸਖਤੀ ਦਾ ਰਾਹ ਰੋਕਿਆ ਜਾ ਸਕੇ। ਜਿਨ੍ਹਾਂ ਸਿਆਸੀ ਆਗੂਆਂ ਨੂੰ ਇੱਕ ਜਾਂ ਦੂਸਰੇ ਵਕਤ ਮੁੱਖ ਚੋਣ ਕਮਿਸ਼ਨਰ ਟੀ ਐੱਨ ਸੇਸ਼ਾਨ ਦੀ ਸਖਤੀ ਨਾਲ ਸੱਟ ਵੱਜੀ ਹੋਈ ਸੀ, ਜਦੋਂ ਚੋਣ ਕਮਿਸ਼ਨ ਇੱਕ ਮੈਂਬਰੀ ਦੀ ਥਾਂ ਤਿੰਨ ਮੈਂਬਰੀ ਬਣਾਇਆ ਗਿਆ ਤਾਂ ਉਨ੍ਹਾਂ ਵੀ ਇਸ ਫਾਰਮੂਲੇ ਦਾ ਇਹ ਕਹਿ ਕੇ ਵਿਰੋਧ ਕੀਤਾ ਸੀ ਕਿ ਸਰਕਾਰ ਇਸ ਬਹਾਨੇ ਨਾਲ ਚੋਣ ਕਮਿਸ਼ਨ ਨੂੰ ਆਪਣੀ ਮਰਜ਼ੀ ਨਾਲ ਵਰਤਣ ਦਾ ਰਾਹ ਕੱਢਣ ਦਾ ਯਤਨ ਕਰਦੀ ਪਈ ਹੈ। ਇਹ ਗੱਲ ਹੈ ਵੀ ਸੱਚ ਸੀ ਅਤੇ ਬਾਅਦ ਦੇ ਚੋਣ ਕਮਿਸ਼ਨ ਤੇ ਚੋਣ ਕਮਿਸ਼ਨਰ ਸਮੇਂ ਦੀਆਂ ਸਰਕਾਰਾਂ ਦੇ ਹੱਕ ਵਿੱਚ ਜਿਹੜੀ ਬੇਪਰਦ ਲਿਹਾਜੂ ਭੂਮਿਕਾ ਨਿਭਾਉਂਦੇ ਰਹੇ, ਉਸ ਨੇ ਇਹ ਦੋਸ਼ ਸੱਚਾ ਸਿੱਧ ਕੀਤਾ ਹੋਇਆ ਹੈ। ਅਜੋਕੇ ਸਮੇਂ ਦੇ ਚੋਣ ਕਮਿਸ਼ਨ ਨੇ ਤਾਂ ਸਰਕਾਰ ਚਲਾਉਂਦੀ ਧਿਰ ਦੀ ਤਰਫਦਾਰੀ ਦੇ ਦਾਗ ਹੱਦੋਂ ਵੱਧ ਵਧਾ ਛੱਡੇ ਹਨ।

ਸਾਨੂੰ ਲੋਕਾਂ ਨੂੰ ਉਹ ਵਕਤ ਯਾਦ ਹੈ, ਜਦੋਂ ਪਹਿਲਾਂ ਰਾਜਾਂ ਵਿੱਚ ਵੋਟਿੰਗ ਵਾਲੇ ਦਿਨ ਤੱਕ ਚੋਣ ਹੋਣ ਜਾਂ ਨਾ ਹੋਣ ਦਾ ਸ਼ੱਕ ਜਿਹਾ ਰਹਿੰਦਾ ਸੀ ਕਿ ਮੁੱਖ ਚੋਣ ਕਮਿਸ਼ਨਰ ਟੀ ਐੱਨ ਸੇਸ਼ਾਨ ਕਿਸੇ ਵਕਤ ਵੀ ਚੋਣ ਰੋਕ ਸਕਦੇ ਹਨ। ਪੰਜਾਬ ਵਿੱਚ ਏਦਾਂ ਕੀਤਾ ਗਿਆ, ਬਿਹਾਰ ਵਿੱਚ ਵੀ ਅਤੇ ਕੁਝ ਹੋਰ ਥਾਈਂ ਵੀ ਅਤੇ ਓਦੋਂ ਦੀ ਨਰਸਿਮਹਾ ਰਾਓ ਵਾਲੀ ਕੇਂਦਰ ਦੀ ਸਰਕਾਰ ਵੀ ਇਸ ਤੋਂ ਅਵਾਜ਼ਾਰ ਹੋਈ ਪਈ ਸੀ। ਇਸ ਦਾ ਰਾਹ ਰੋਕਣ ਲਈ ਚੋਣ ਕਮਿਸ਼ਨ ਵਿੱਚ ਦੋ ਹੋਰ ਮੈਂਬਰ ਜੋੜਨ ਦਾ ਫੈਸਲਾ ਕੀਤਾ ਗਿਆ ਤਾਂ ਆਸ ਸੀ ਕਿ ਟੀ ਐੱਨ ਸੇਸ਼ਾਨ ਤੋਂ ਨਾਰਾਜ਼ਗੀ ਕਾਰਨ ਇਸ ਫੈਸਲੇ ਦੀ ਹਮਾਇਤ ਵਿਰੋਧੀ ਧਿਰ ਵੀ ਕਰ ਦੇਵੇਗੀ, ਪਰ ਵਿਰੋਧੀ ਧਿਰ ਨੇ ਇਹ ਕਿਹਾ ਕਿ ਇੱਕ ਅਧਿਕਾਰੀ ਦਾ ਵਿਹਾਰ ਆਪਣੀ ਥਾਂ ਹੈ, ਇਹ ਬਹਾਨਾ ਵਰਤ ਕੇ ਚੋਣ ਕਮਿਸ਼ਨ ਨੂੰ ਆਪਣੀ ਮਰਜ਼ੀ ਦਾ ਗੁਲਾਮ ਬਣਾਉਣ ਦਾ ਰਾਹ ਕੱਢਣਾ ਗਲਤ ਹੈ। ਜਦੋਂ ਸਰਕਾਰ ਆਪਣੀ ਤਾਕਤ ਦੇ ਜ਼ੋਰ ਨਾਲ ਦੋ ਹੋਰ ਕਮਿਸ਼ਨਰ ਜੋੜਨ ਵਿੱਚ ਸਫਲ ਹੋ ਗਈ ਤੇ ਸੁਪਰੀਮ ਕੋਰਟ ਨੇ ਵੀ ਇਸ ਨੂੰ ਠੀਕ ਕਰਾਰ ਦੇ ਦਿੱਤਾ ਤਾਂ ਟੀ ਐੱਨ ਸੇਸ਼ਾਨ ਨੂੰ ਇਹ ਫੈਸਲਾ ਮੰਨਣਾ ਪਿਆ, ਪਰ ਅੜਿੱਕੇ ਫੇਰ ਵੀ ਪੇਸ਼ ਹੁੰਦੇ ਰਹੇ ਸਨ। ਸੇਸ਼ਾਨ ਜਦੋਂ ਉਸ ਪਦਵੀ ਤੋਂ ਸੇਵਾ-ਮੁਕਤ ਹੋ ਗਏ ਅਤੇ ਉਨ੍ਹਾ ਨਾਲ ਲਾਏ ਦੂਸਰੇ ਦੋ ਕਮਿਸ਼ਨਰਾਂ ਨੂੰ ਇਹੋ ਪ੍ਰਕਿਰਿਆ ਚਲਾਉਣ ਦਾ ਮੌਕਾ ਮਿਲਿਆ ਤਾਂ ਉਨ੍ਹਾਂ ਨੇ ਵੀ ਸਰਕਾਰਾਂ ਦੇ ਗੁਲਾਮ ਬਣਨ ਦੀ ਥਾਂ ਆਪਣੀ ਹੈਸੀਅਤ ਜਤਾਉਣੀ ਜਾਰੀ ਰੱਖੀ ਸੀ। ਜਿੱਥੇ ਵੀ ਚੋਣ ਨਿਯਮਾਂ ਦੀ ਉਲੰਘਣਾ ਵੇਖਦੇ, ਉਹ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਸਖਤੀ ਨਾਲ ਝਿੜਕ ਦੇਂਦੇ ਸਨ।

ਹੌਲੀ-ਹੌਲੀ ਇਹੋ ਜਿਹੀ ਹਿੰਮਤ ਖੁਰਨ ਲੱਗ ਪਈ ਤੇ ਮੌਕੇ ਦੀਆਂ ਸਰਕਾਰਾਂ ਆਪਣੇ ਪੱਕੇ ਵਫਾਦਾਰ ਸਮਝੇ ਜਾਂਦੇ ਨੌਕਰੀ ਦਾ ਸਮਾਂ ਪੂਰਾ ਕਰ ਚੁੱਕੇ ਵੱਡੇ ਅਫਸਰਾਂ ਨੂੰ ਚੋਣ ਕਮਿਸ਼ਨਰ ਬਣਾਉਣ ਲੱਗ ਪਈਆਂ। ਅੱਜ ਵਾਲੇ ਪ੍ਰਧਾਨ ਮੰਤਰੀ ਅਤੇ ਉਨ੍ਹਾ ਦੀ ਟੀਮ ਦੇ ਵਕਤ ਇਹ ਵਿਹਾਰ ਸਿਖਰਾਂ ਛੋਹਣ ਲੱਗ ਪਿਆ ਹੈ। ਜਦੋਂ ਦੁਹਾਈ ਪੈਣ ਲੱਗੀ ਕਿ ਚੋਣ ਕਮਿਸ਼ਨ ਦੀ ਦੁਰਵਰਤੋਂ ਕਰਨ ਲਈ ਇਸ ਦੇ ਕਮਿਸ਼ਨਰਾਂ ਦੀ ਨਿਯੁਕਤੀ ਵਿੱਚ ਵੀ ਅਫਸਰਾਂ ਦੀ ਯੋਗਤਾ ਵੇਖਣ ਤੋਂ ਵੱਧ ਸਰਕਾਰ ਦੇ ਵਫਾਦਾਰ ਹੋਣ ਨੂੰ ਪਹਿਲ ਦਿੱਤੀ ਜਾਂਦੀ ਹੈ ਤਾਂ ਦੇਸ਼ ਦੀ ਸੁਪਰੀਮ ਕੋਰਟ ਨੇ ਏਦਾਂ ਹੁੰਦਾ ਰੋਕਣ ਲਈ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਲਈ ਇੱਕ ਫਾਰਮੂਲਾ ਪੇਸ਼ ਕੀਤਾ ਸੀ, ਜਿਸ ਨੂੰ ਨਰਿੰਦਰ ਮੋਦੀ ਸਰਕਾਰ ਨੇ ਪਾਰਲੀਮੈਂਟ ਵਿਚਲੀ ਆਪਣੀ ਬਹੁ-ਗਿਣਤੀ ਦੇ ਜ਼ੋਰ ਨਾਲ ਕੁਝ ਦਿਨਾਂ ਵਿੱਚ ਹੀ ਬਦਲ ਕੇ ਇੱਕ ਨਵਾਂ ਫਾਰਮੂਲਾ ਬਣਾ ਦਿੱਤਾ ਸੀ, ਜਿਸ ਮੁਤਾਬਕ ਇਹ ਚੋਣ ਪ੍ਰਧਾਨ ਮੰਤਰੀ ਦੀ ਮਰਜ਼ੀ ਦੀ ਮੁਥਾਜ਼ ਹੋ ਗਈ। ਸਰਕਾਰ ਇਸ ਨਵੇਂ ਫਾਰਮੂਲੇ ਨਾਲ ਆਪਣੀ ਮਰਜ਼ੀ ਵਰਤਣ ਵਿੱਚ ਕਿਸ ਹੱਦ ਤੱਕ ਜਾ ਸਕਦੀ ਹੈ, ਪਿਛਲੀ ਵਾਰੀ ਦੋ ਚੋਣ ਕਮਿਸ਼ਨਰ ਚੁਣਨ ਵਾਲੇ ਤਰੀਕੇ ਨੇ ਇਸ ਦਾ ਓਹਲਾ ਨਹੀਂ ਰਹਿਣ ਦਿੱਤਾ। ਪਹਿਲਾਂ ਇੱਕ ਚੋਣ ਕਮਿਸ਼ਨਰ ਰਿਟਾਇਰ ਹੋ ਗਿਆ, ਫਿਰ ਕਮਿਸ਼ਨ ਦੇ ਇੱਕ ਮੈਂਬਰ ਨੇ ਅਸਤੀਫਾ ਦਿੱਤਾ ਅਤੇ ਘਰ ਚਲਾ ਗਿਆ। ਓਦੋਂ ਕੇਂਦਰ ਵਾਲੀ ਸਰਕਾਰ ਨੂੰ ਝਟਾਪਟ ਨਵੇਂ ਚੋਣ ਕਮਿਸ਼ਨਰ ਚੁਣਨ ਦੀ ਪ੍ਰਕਿਰਿਆ ਪੂਰੀ ਕਰਨੀ ਚਾਹੀਦੀ ਸੀ, ਪਰ ਏਦਾਂ ਨਹੀਂ ਕੀਤਾ ਗਿਆ। ਗੱਲ ਲਟਕਾਈ ਰੱਖੀ ਅਤੇ ਜਦੋਂ ਲੋਕ ਸਭਾ ਚੋਣਾਂ ਦੀ ਪ੍ਰਕਿਰਿਆ ਅਤੇ ਸਮਾਂ-ਸੂਚੀ ਦੇਸ਼ ਅੱਗੇ ਰੱਖਣ ਦਾ ਐਲਾਨ ਕਰਨ ਵਿੱਚ ਥੋੜ੍ਹੇ ਦਿਨ ਬਾਕੀ ਰਹਿ ਗਏ, ਪ੍ਰਧਾਨ ਮੰਤਰੀ ਨੇ ਅਚਾਨਕ ਮੀਟਿੰਗ ਸੱਦੀ ਅਤੇ ਖੜੇ ਪੈਰ ਚੋਣ ਕਮਿਸ਼ਨ ਦੀਆਂ ਦੋ ਖਾਲੀ ਸੀਟਾਂ ਲਈ ਅਫਸਰ ਨਿਯੁਕਤ ਕਰਨ ਦਾ ਕੰਮ ਸਿਰੇ ਚਾੜ੍ਹ ਦਿੱਤਾ। ਇਨ੍ਹਾਂ ਨਿਯੁਕਤੀਆਂ ਬਾਰੇ ਕਈ ਲੋਕਾਂ ਦੇ ਮਨਾਂ ਵਿੱਚ ਕਈ ਤਰ੍ਹਾਂ ਦੇ ਸ਼ੰਕੇ ਸਨ। ਮਾਮਲਾ ਸੁਪਰੀਮ ਕੋਰਟ ਵਿੱਚ ਗਿਆ ਤਾਂ ਉਸ ਵਕਤ ਤੱਕ ਅਗਲੀਆਂ ਚੋਣਾਂ ਦੇ ਚੋਣ ਜ਼ਾਬਤੇ ਦਾ ਐਲਾਨ ਕਰਵਾ ਦਿੱਤਾ ਗਿਆ, ਤਾਂ ਜੋ ਸੁਪਰੀਮ ਕੋਰਟ ਚੋਣ ਪ੍ਰਕਿਰਿਆ ਸ਼ੁਰੂ ਹੋਣ ਮਗਰੋਂ ਦਖਲ ਨਾ ਦੇਣ ਬਾਰੇ ਆਪਣੇ ਇੱਕ ਪਹਿਲੇ ਫੈਸਲੇ ਮੁਤਾਬਕ ਇਸ ਨਿਯੁਕਤੀ ਦੀ ਕਿਸੇ ਚੁਣੌਤੀ ਬਾਰੇ ਫੈਸਲਾ ਜਾਂ ਸੁਣਵਾਈ ਕਰਨ ਜੋਗੀ ਨਾ ਰਹਿ ਸਕੇ। ਉਸ ਵੇਲੇ ਇਸ ਦੇਸ਼ ਦੇ ਲੋਕ ਮਾਯੂਸੀ ਦੀ ਹੱਦ ਤੱਕ ਚਲੇ ਗਏ।

ਕੁਝ ਹਫਤੇ ਪਹਿਲਾਂ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਇੱਕ ਲਿਖਤ ਰਾਹੀਂ ਇਹ ਤੱਥ ਪੇਸ਼ ਕੀਤੇ ਸਨ ਕਿ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਦੇ ਵਕਤ ਅਚਾਨਕ ਉਸ ਰਾਜ ਦੀ ਵੋਟਰ ਲਿਸਟ ਵਿੱਚ ਲੱਖਾਂ ਨਾਂਅ ਥੋੜ੍ਹੇ ਜਿਹੇ ਦਿਨਾਂ ਵਿੱਚ ਸ਼ੱਕੀ ਢੰਗ ਨਾਲ ਵਧਾ ਦਿੱਤੇ ਗਏ ਸਨ। ਚੋਣ ਕਮਿਸ਼ਨ ਨੇ ਇਸ ਦਾ ਖੰਡਨ ਕਰਨ ਵਿੱਚ ਪਲ ਵੀ ਨਹੀਂ ਸੀ ਲਾਇਆ ਤੇ ਜਦੋਂ ਦੇਸ਼ ਵਿੱਚ ਇਸ ਦੀ ਚਰਚਾ ਛਿੜ ਗਈ ਤਾਂ ਰਾਹੁਲ ਗਾਂਧੀ ਨੂੰ ਆ ਕੇ ਪੱਖ ਪੇਸ਼ ਕਰਨ ਲਈ ਸੁਨੇਹਾ ਭੇਜ ਦਿੱਤਾ। ਬਿਨਾਂ ਕੋਈ ਜਾਂਚ ਕੀਤੇ ਤੋਂ ਉਸ ਦੇ ਦੋਸ਼ਾਂ ਦਾ ਜਵਾਬ ਭਾਰਤ ਦੇ ਚੋਣ ਕਮਿਸ਼ਨ ਨੇ ਜਦੋਂ ਮੀਡੀਏ ਵਿੱਚ ਪੇਸ਼ ਕਰ ਦਿੱਤਾ ਸੀ ਤਾਂ ਫਿਰ ਜਾਂਚ ਦੀ ਲੋੜ ਹੀ ਨਹੀਂ ਸੀ ਰਹਿੰਦੀ ਤੇ ਸਾਰਿਆਂ ਨੂੰ ਸਾਫ ਸੀ ਕਿ ਰਾਹੁਲ ਨੂੰ ਬੁਲਾਇਆ ਜਾਣਾ ਸਿਰਫ ਇੱਕ ਨਾਟਕ ਵਾਂਗ ਹੈ। ਉਸ ਪਿੱਛੋਂ ਬਿਹਾਰ ਵਿੱਚ ਵਿਧਾਨ ਸਭਾ ਚੋਣਾਂ ਲਈ ਜਦੋਂ ਪ੍ਰਕਿਰਿਆ ਸ਼ੁਰੂ ਹੋ ਗਈ ਤਾਂ ਅਚਾਨਕ ਚੋਣ ਕਮਿਸ਼ਨ ਨੇ ਉਸ ਰਾਜ ਵਿਚਲੇ ਵੋਟਰਾਂ ਦੀ ਤਸਦੀਕ (ਵੈਰੀਫੀਕੇਸ਼ਨ) ਕਰਵਾਉਣ ਲਈ ਇੱਕ ਫਾਰਮ ਜਾਰੀ ਕਰ ਕੇ ਹਰ ਵੋਟਰ ਨੂੰ ਜਾਇਜ਼ ਵੋਟਰ ਹੋਣਾ ਸਾਬਤ ਕਰਨ ਦਾ ਹੁਕਮ ਚਾੜ੍ਹ ਦਿੱਤਾ। ਇਸ ਕੰਮ ਲਈ ਸਮਾਂ ਏਨਾ ਥੋੜ੍ਹਾ ਅਤੇ ਦਸ ਕਾਲਮਾਂ ਵਾਲੇ ਦੱਸੇ ਜਾਂਦੇ ਇਸ ਫਾਰਮ ਵਿਚਲੇ ਬਹੁਤੇ ਸਵਾਲ ਏਦਾਂ ਦੇ ਹਨ ਕਿ ਜਵਾਬ ਦੇਣਾ ਆਮ ਲੋਕਾਂ ਲਈ ਟੇਢੀ ਖੀਰ ਬਣ ਗਿਆ। ਜੇ ਲੋਕ ਇਸ ਕੰਮ ਲਈ ਜਾਂਦੇ ਹਨ ਤਾਂ ਘਰ-ਪਰਵਾਰ ਲਈ ਰੋਟੀ ਦੀ ਚਿੰਤਾ ਪੈਦਾ ਹੋ ਜਾਂਦੀ ਹੈ ਅਤੇ ਜੇ ਨਹੀਂ ਜਾਂਦੇ ਤਾਂ ਸਿਰਫ ਇਹੋ ਨਹੀਂ ਕਿ ਵੋਟ ਕੱਟੀ ਜਾ ਸਕਦੀ ਹੈ, ਸਗੋਂ ਇਸ ਪਿੱਛੋਂ ਇਹ ਜਾਂਚ ਸ਼ੁਰੂ ਹੋ ਸਕਦੀ ਹੈ ਕਿ ਜਿਸ ਨੇ ਕਾਗਜ਼ ਪੇਸ਼ ਨਹੀਂ ਸਨ ਕੀਤੇ, ਉਸ ਦਾ ਸ਼ੱਕੀ ਕੇਸ ਹੋਵੇਗਾ। ਏਦਾਂ ਦੀ ਕੋਈ ਜਾਂਚ ਸ਼ੁਰੂ ਕਰ ਦਿੱਤੀ ਗਈ ਤਾਂ ਉਸ ਦੇ ਲਈ ਕਿੰਨੇ ਦਿਨ ਗੇੜੇ ਲੱਗਣਗੇ, ਇਸ ਦਾ ਵੀ ਪਤਾ ਨਹੀਂ।

ਕੁਝ ਦਿਨ ਪਹਿਲਾਂ ਬੰਗਲਾਦੇਸ਼ ਤੋਂ ਅੱਧੀ ਦਰਜਨ ਦੇ ਕਰੀਬ ਲੋਕ ਪੱਛਮੀ ਬੰਗਾਲ ਵਿੱਚ ਇਹੋ ਜਿਹੇ ਆਏ ਹਨ, ਜਿਹੜੇ ਕਿਸੇ ਵਕਤ ਮਹਾਰਾਸ਼ਟਰ ਦੇ ਪ੍ਰਮੁੱਖ ਕਾਰੋਬਾਰੀ ਨਗਰ ਮੁੰਬਈ ਵਿੱਚ ਰੋਜ਼ੀ ਕਮਾਉਣ ਗਏ ਸਨ। ਉਥੇ ਉਨ੍ਹਾਂ ਦੀ ਕਿਸੇ ਨੇ ਸ਼ਿਕਾਇਤ ਕਰ ਦਿੱਤੀ ਕਿ ਇਹ ਬੰਗਲਾਦੇਸ਼ੀ ਹੋ ਸਕਦੇ ਹਨ ਅਤੇ ਪੁਲਸ ਨੇ ਬੰਗਲਾਦੇਸ਼ੀ ਕਹਿ ਕੇ ਉਸ ਦੇਸ਼ ਵਿੱਚ ਭੇਜ ਦਿੱਤੇ ਸਨ। ਬਾਅਦ ਵਿੱਚ ਪੱਛਮੀ ਬੰਗਾਲ ਵਿੱਚ ਵੱਸਦੇ ਉਨ੍ਹਾਂ ਦੇ ਪਰਵਾਰਾਂ ਨੇ ਓਥੋਂ ਦੀ ਸਰਕਾਰ ਨੂੰ ਇਸ ਦੀ ਸ਼ਿਕਾਇਤ ਕੀਤੀ, ਭਾਰਤ ਦੇ ਵਿਦੇਸ਼ ਅਤੇ ਗ੍ਰਹਿ ਮੰਤਰਾਲਿਆਂ ਨੇ ਜਾਂਚ ਕਰਵਾਈ ਤੇ ਅੰਤ ਨੂੰ ਉਹ ਸਬੂਤ ਪੂਰੇ ਸਾਬਤ ਹੋਣ ਦੇ ਬਾਅਦ ਪੱਛਮੀ ਬੰਗਾਲ ਪਰਤੇ ਹਨ। ਬਿਹਾਰ ਵਿੱਚ ਚੋਣ ਕਮਿਸ਼ਨ ਜਿਹੜੇ ਕਾਗਜ਼ ਮੰਗਦਾ ਹੈ, ਉਹ ਕੋਈ ਬਾਈ ਸਾਲ ਦੇ ਕਰੀਬ ਪੁਰਾਣੇ ਰਿਕਾਰਡ ਨਾਲ ਸੰਬੰਧਤ ਹਨ ਅਤੇ ਆਮ ਲੋਕ ਏਨੇ ਪੁਰਾਣੇ ਕਾਗਜ਼ ਕਦੇ ਵੀ ਆਪਣੇ ਘਰ ਨਹੀਂ ਰੱਖਦੇ ਹੁੰਦੇ ਅਤੇ ਜਿੱਥੋਂ ਇਹ ਰਿਕਾਰਡ ਦੋਬਾਰਾ ਮਿਲ ਸਕਦੇ ਹਨ, ਉਨ੍ਹਾਂ ਦਫਤਰਾਂ ਵਿੱਚ ਬੈਠੇ ਬਾਬੂ ਜੇਬਾਂ ਗਰਮ ਕੀਤੇ ਬਗੈਰ ਕਿਸੇ ਦੇ ਪੱਲੇ ਕੁਝ ਪਾਉਂਦੇ ਨਹੀਂ। ਜਿਹੜੇ ਲੋਕ ਕਾਗਜ਼ ਪੂਰੇ ਨਾ ਕਰ ਸਕਣਗੇ, ਉਨ੍ਹਾਂ ਦਾ ਕੀ ਬਣੇਗਾ, ਇਸ ਦੀ ਚਿੰਤਾ ਚੋਣ ਕਮਿਸ਼ਨ ਨੂੰ ਨਹੀਂ, ਚੋਣ ਕਮਿਸ਼ਨ ਕਿਹੜੀ ਤਾਕਤ ਦੇ ਇਸ਼ਾਰੇ ਉੱਤੇ ਇਹ ਭਾਜੜ ਪਾਈ ਜਾਂਦਾ ਹੈ, ਕੋਈ ਵੀ ਨਹੀਂ ਜਾਣ ਸਕਦਾ। ਇਸ ਦੇ ਖਿਲਾਫ ਕੁਝ ਲੋਕਾਂ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨਾਂ ਪਾਈਆਂ ਸਨ, ਪਰ ਸੁਣਵਾਈ ਹੋਣ ਤੋਂ ਪਹਿਲਾਂ ਹੀ ਜਵਾਬ ਪਤਾ ਸੀ ਕਿ ਚੋਣਾਂ ਲਈ ਵਕਤ ਏਨਾ ਥੋੜ੍ਹਾ ਰਹਿੰਦਾ ਹੈ ਕਿ ਇਸ ਵਕਤ ਚੱਲਦੀ ਪ੍ਰਕਿਰਿਆ ਵਿੱਚ ਸੁਪਰੀਮ ਕੋਰਟ ਆਪਣੇ ਪੁਰਾਣੇ ਫੈਸਲੇ ਕਾਰਨ ਦਖਲ ਨਹੀਂ ਦੇਵੇਗੀ। ਹੋਇਆ ਵੀ ਇਹੋ ਕੁਝ ਅਤੇ ਜਿਨ੍ਹਾਂ ਪਟੀਸ਼ਨਾਂ ਪਾਈਆਂ ਸਨ, ਹੱਥ ਮਲਦੇ ਪਰਤ ਆਏ ਹਨ। ਇਸ ਪਿੱਛੋਂ ਵੋਟਰਾਂ ਦੀ ਤਸਦੀਕ ਦੀ ਪ੍ਰਕਿਰਿਆ ਨਿਰਵਿਘਨ ਜਾਰੀ ਹੈ।

ਏਥੇ ਆਣ ਕੇ ਇਹ ਸੋਚਣ ਦੀ ਲੋੜ ਪੈ ਜਾਂਦੀ ਹੈ ਕਿ ਜੇ ਅੱਜ ਕਿਧਰੇ ਟੀ ਐੱਨ ਸੇਸ਼ਾਨ ਵਰਗਾ ਅੜਬੰਗ ਅਫਸਰ ਮੁੱਖ ਚੋਣ ਕਮਿਸ਼ਨਰ ਦੀ ਕੁਰਸੀ ਉੱਤੇ ਹੁੰਦਾ ਤਾਂ ਕੇਂਦਰ ਸਰਕਾਰ ਦੀ ਇਹ ਜੁਰਅਤ ਨਹੀਂ ਸੀ ਪੈ ਸਕਣੀ ਕਿ ਹਰ ਵਾਰ ਹਰ ਗੱਲ ਓਦੋਂ ਕਰਦੀ ਰਹਿੰਦੀ, ਜਦੋਂ ਕੋਰਟ ਵਿੱਚ ਚੁਣੌਤੀ ਦੇਣ ਦਾ ਵਕਤ ਵੀ ਬਾਕੀ ਨਹੀਂ ਰਹਿੰਦਾ। ਅੱਜਕੱਲ੍ਹ ਜਿਹੜੇ ਲੋਕ ਚੋਣ ਦਫਤਰ ਵਿੱਚ ਬੈਠਦੇ ਹਨ, ਸਮਾਜੀ ਅਤੇ ਸਿਆਸੀ ਜੀਵਨ ਵਿੱਚ ਵਿਚਰਨ ਵਾਲੇ ਬਹੁਤ ਸਾਰੇ ਪ੍ਰਮੁੱਖ ਲੋਕ ਵੀ ਅਤੇ ਖੁੱਲ੍ਹ ਕੇ ਬੋਲਣ ਵਾਲੇ ਮੀਡੀਏ ਦੇ ਬੁਲਾਰੇ ਅਤੇ ਲੇਖਕ ਵੀ ਸਮਝਦੇ ਹਨ ਕਿ ਉਹ ਸਿਰਫ ਕਾਗਜ਼ੀ ਸ਼ੇਰਾਂ ਵਰਗੇ ਹਨ ਅਤੇ ਫੈਸਲੇ ਜਿੱਦਾਂ ਐਲਾਨੇ ਜਾਂਦੇ ਹਨ, ਉਨ੍ਹਾਂ ਦੀ ਕਮਾਂਡ ਚੋਣ ਕਮਿਸ਼ਨ ਕੋਲ ਨਹੀਂ, ਕਿਸੇ ਹੋਰ ਹੱਥ ਜਾਪਦੀ ਹੈ। ਭਾਰਤ ਦੀ ਬਦਕਿਸਮਤੀ ਹੈ ਕਿ ਜਦੋਂ ਦੁਨੀਆ ਵਿੱਚ ਚਰਚੇ ਹਨ ਕਿ ਭਾਰਤ ਵਿਸ਼ਵ-ਗੁਰੂ ਬਣਨ ਦੀ ਦੌੜ ਵਿੱਚ ਹੈ, ਭਾਰਤ ਦੀ ਸਰਕਾਰ ਚਲਾਉਂਦੀ ਪਾਰਟੀ ਅਤੇ ਇਸ ਪਿੱਛੇ ਖੜੇ ਖਾਸ ਜਥੇਬੰਦੀ ਦੇ ਲੋਕ ਵੀ ਇਹੋ ਗੱਲਾਂ ਕਰਦੇ ਹਨ, ਓਦੋਂ ਭਾਰਤ ਦੀ ਹਾਲਤ ਇਹ ਹੈ ਕਿ ਲੋਕਤੰਤਰ ਦੀਆਂ ਕਦਰਾਂ ਨੂੰ ਲੋਕਤੰਤਰ ਦੇ ਪਹਿਰੇਦਾਰ ਢਾਹ ਲਾਉਂਦੇ ਦਿੱਸਦੇ ਹਨ। ਕੋਈ ਇੱਕ ਵੀ ਚੋਣ ਇਹੋ ਜਿਹੀ ਨਹੀਂ ਹੁੰਦੀ, ਜਿਸ ਨਾਲ ਇਹੋ ਜਿਹੇ ਵਿਵਾਦ ਨਾ ਜੁੜੇ ਹੋਣ ਅਤੇ ਇਨ੍ਹਾਂ ਵਿਵਾਦਾਂ ਵਿੱਚੋਂ ਕੇਂਦਰ ਸਰਕਾਰ ਨੂੰ ਚਲਾਉਣ ਵਾਲੀ ਧਿਰ ਵਾਸਤੇ ਚੋਣ ਕਮਿਸ਼ਨ ਦਾ ਲਿਹਾਜੂ ਹੋਣ ਦਾ ਪ੍ਰਭਾਵ ਨਾ ਮਿਲਦਾ ਹੋਵੇ। ਇਹ ਸੱਚਮੁੱਚ ਚਿੰਤਾ ਦੀ ਸਥਿਤੀ ਹੈ, ਪਰ ਚਿੰਤਾ ਸਿਰਫ ਵਿਰੋਧੀ ਧਿਰ ਜਾਂ ਆਮ ਲੋਕਾਂ ਨੂੰ ਹੋਵੇਗੀ, ਚੋਣ ਕਮਿਸ਼ਨਰਾਂ ਨੂੰ ਨਹੀਂ ਜਾਪਦੀ।

ਅਗਲੀ ਗੱਲ ਇਹ ਕਿ ਚੋਣ ਕਮਿਸ਼ਨ ਨੇ ਐਲਾਨ ਕਰ ਦਿੱਤਾ ਹੈ ਕਿ ਬਿਹਾਰ ਦਾ ਤਜਰਬਾ ਸਫਲ ਰਿਹਾ ਤਾਂ ਇਸ ਦੇ ਬਾਅਦ ਆਸਾਮ ਅਤੇ ਪੱਛਮੀ ਬੰਗਾਲ ਵਿੱਚ ਵੀ ਇਹੋ ਕੀਤਾ ਜਾਵੇਗਾ। ਸ਼ੱਕ ਇਹ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਜਿਵੇਂ ਮਹਾਰਾਸ਼ਟਰ ਵਿੱਚ ਚੋਣਾਂ ਨੇੜੇ ਲੱਖਾਂ ਵੋਟਾਂ ਦਾ ਵਾਧਾ ਅਚਾਨਕ ਹੋਇਆ ਸੀ, ਬਿਹਾਰ ਵਿੱਚ ਵੀ ਇਹੀ ਕੁਝ ਹੋ ਸਕਦਾ ਹੈ ਅਤੇ ਹਾਕਮ ਧਿਰ ਦੀ ਸਰਕਾਰ ਫਿਰ ਬਣਨ ਦਾ ਰਾਹ ਕੱਢਿਆ ਜਾ ਸਕਦਾ ਹੈ। ਜਿਵੇਂ ਮਹਾਰਾਸ਼ਟਰ ਦੇ ਸਫਲ ਤਜਰਬੇ ਦਾ ਲਾਭ ਬਿਹਾਰ ਵਿੱਚ ਲਿਆ ਜਾ ਸਕਦਾ ਹੈ, ਉਵੇਂ ਬਿਹਾਰ ਦੇ ਸਫਲ ਤਜਰਬੇ ਦਾ ਲਾਭ ਪੱਛਮੀ ਬੰਗਾਲ ਤੇ ਆਸਾਮ ਵਿੱਚ ਲਿਆ ਜਾ ਸਕਦਾ ਹੈ ਤੇ ਚੋਣ ਕਮਿਸ਼ਨ ਨੇ ਇਹ ਵੀ ਕਹਿ ਦਿੱਤਾ ਹੈ ਕਿ ਉਸ ਪਿੱਛੋਂ ਸਮੁੱਚੇ ਦੇਸ਼ ਵਿੱਚ ਇਹੋ ਕੁਝ ਕੀਤਾ ਜਾਵੇਗਾ। ਉਨ੍ਹਾਂ ਇਹੋ ਕੁਝ ਕਰਨ ਦੀ ਗੱਲ ਕਹੀ ਹੈ, ਅਗਲੀ ਗੱਲ ਹੈ ਕਿ ਐਨ ਚੋਣਾਂ ਨੇੜੇ ਪੁੱਜ ਕੇ ਇਹ ਕੁਝ ਕਰਨ ਦੀ ਗੱਲ ਭਾਵੇਂ ਨਹੀਂ ਕਹੀ, ਪਰ ਲੱਗਦਾ ਹੈ ਕਿ ਇਹ ਕੰਮ ਕੀਤਾ ਚੋਣਾਂ ਨੇੜੇ ਹੀ ਜਾਵੇਗਾ, ਤਾਂ ਕਿ ਸੁਪਰੀਮ ਕੋਰਟ ਵਿੱਚ ਜਾ ਕੇ ਚੁਣੌਤੀ ਦੇਣ ਦੀ ਕੋਈ ਸੰਭਾਵਨਾ ਨਾ ਰਹਿ ਜਾਵੇ ਅਤੇ ਰਾਜ ਕਰਦੀ ਧਿਰ ਦਾ ਸਫਲ ਤਜਰਬਾ ਅੱਗੇ ਤੋਂ ਅੱਗੇ ਲਾਗੂ ਹੁੰਦਾ ਰਹੇ ਅਤੇ ਜਿੱਤਾਂ ਦੇ ਝੰਡੇ ਝੂਲਣ ਦੀ ਗਾਰੰਟੀ ਹੁੰਦੀ ਰਹੇ। ਜਦੋਂ ਏਦਾਂ ਹੋਣ ਲੱਗ ਪਵੇ ਤਾਂ ਲੋਕਤੰਤਰ ਵਿੱਚ ਲੋਕਾਂ ਤੋਂ ਜਿੱਤ ਦਾ ਫਤਵਾ ਉਡੀਕਣ ਦੀ ਬਜਾਏ ਫਤਵਾ ਮਿਲਣਾ ਯਕੀਨੀ ਕਰਨ ਦੀ ਅਗਲੀ ਖੇਡ ਚੱਲ ਪਵੇਗੀ, ਜਿਸ ਮਗਰੋਂ ਇਸ ਦੇਸ਼ ਦਾ ਭਵਿੱਖ ਕਿੱਦਾਂ ਦਾ ਹੋਵੇਗਾ, ਸੋਚਣ ਵਾਲੇ ਕਿਸੇ ਵੀ ਬੰਦੇ ਦੀ ਨੀਂਦ ਉੱਡ ਸਕਦੀ ਹੈ।

# ਸ਼ਾਮ ਚੌਰਾਸੀ, ਜਿਹੜਾ ਕਦੇ ਸੰਗੀਤ ਦਾ ਲਬਾਲਬ ਦਰਿਆ ਸੀ

**ਪਿੰਡ ਵਸਿਆ-37**

**ਵਿਜੈ ਬੰਬੇਲੀ**

ਸ਼ਾਮ ਚੌਰਾਸੀ ਢੇਰ ਪੁਰਾਣਾ ਨਗਰ ਹੈ, ਪਰ ਕਿੰਨਾ ਕੁ? ਪੱਕ ਨਾਲ ਪਤਾ ਨਹੀਂ ਲੱਗ ਸਕਿਆ। ਇਸ ਦਾ ਨਾਂਅ ਸ਼ਾਮ ਚੌਰਾਸੀ ਪੈਣ ਬਾਰੇ ਵੀ ਅੱਡ-ਅੱਡ ਦੰਦ-ਕਥਾਵਾਂ ਜਾਂ ਪੀੜ੍ਹੀ-ਦਰ-ਪੀੜ੍ਹੀ ਕਨਸੋਆਂ ਹਨ। ਅਸਲ ਬਾਰੇ ਵੱਖ-ਵੱਖ ਮਿੱਥਾਂ ਅਤੇ ਆਸਥਾ ਕਾਰਨ ਇੱਥੋਂ ਦੇ ਵਾਸੀ ਕਦੇ ਵੀ ਇੱਕ ਸੁਰ ਨਹੀਂ ਹੋਏ। ਸੋ, ਇਸ ਕਾਲਮ ਵਿੱਚ ਸਾਰਿਆਂ ਦੇ ਸੁਰਾਂ ਦੀ ਬਾਤ ਪਾਈ ਜਾਵੇਗੀ, ਨਿਰਣਾ ਪਾਠਕ ਕਰਨਗੇ। ਸ਼ੁਰੂ 'ਚ ਇੱਥੇ ਹਿੰਦੂਆਂ ਦੀ ਚੜ੍ਹਤ ਸੀ, ਫਿਰ ਸਥਿਤੀਆਂ-ਪ੍ਰਸਥਿਤੀਆਂ ਵੱਸ ਮੁਸਲਿਮਾਂ ਦੀ ਹੋ ਗਈ। ਦੋਵੇਂ ਧਿਰਾਂ ਦਾ ਇਸ ਦੀ ਵਡਿਆਈ ਵਧਾਉਣ ਵਿੱਚ ਹਿੱਸਾ ਸਾਵਾਂ ਰਿਹਾ। ਇਲਾਕੇ ਦਾ ਕੇਂਦਰੀ ਅਤੇ ਉੱਘਾ ਪਿੰਡ ਹੋਣ ਕਾਰਨ ਇਸ ਦੀ ਤੂਤੀ ਬੋਲਣ ਦੇ ਕਈ ਕਾਰਨ ਹੋਰ ਵੀ ਸਨ।

ਕਿਹਾ ਜਾਂਦਾ ਹੈ ਕਿ ਸ਼ਿਆਮ, ਜੜਾਮ ਅਤੇ ਬਰਾਮ ਤਿੰਨ ਨਾਮਵਰ ਭਾਈ ਸਨ। ਸ਼ਿਆਮ ਨੇ 'ਸ਼ਾਮ ਚੌਰਾਸੀ' (ਕਠਾਰ, ਹਰਿਆਣਾ) ਵਸਾਇਆ, ਜੜਾਮ ਨੇ 'ਅਜੜਾਮ' (ਨਸਰਾਲਾ, ਹੁਸ਼ਿਆਰਪੁਰ) ਅਤੇ ਬਰਾਮ ਨੇ 'ਬਹਿਰਾਮ' (ਬੰਗਾ)। ਪਰ ਇਹ ਗੱਲ ਮਨ ਨੂੰ ਨਹੀਂ ਲੱਗਦੀ, ਕਿਉਂਕਿ 'ਅਜੜਾਮ' ਅਤਿ ਪ੍ਰਾਚੀਨ ਨਗਰ ਹੈ, ਜਿਹੜਾ ਸਮਾਂ ਪਾ ਥੇਹ ਹੋ ਗਿਆ ਸੀ, ਉਪਰੰਤ ਫਿਰ ਉੱਗਮਿਆ। ਇਹ ਥੇਹ ਅਤਿ ਪ੍ਰਾਚੀਨਤਾ ਦੀ ਜ਼ਾਮਨੀ ਦਿੰਦੇ ਹਨ ਅਤੇ ਬਹਿਰਾਮ ਕਿਤੇ ਮਗਰੋਂ ਮੁਸਲਮਾਨੀ ਜਲੌਅ ਸਮੇਂ ਵਸਿਆ ਸੀ। ਹਾਂ; ਜਿਵੇਂ ਇਹ ਕਿਹਾ ਜਾਂਦਾ ਸੀ/ਹੈ ਕਿ, ਇੱਥੋਂ ਦਾ ਇੱਕ 'ਸ਼ਾਮ' ਨਾਂਅ ਦਾ ਮੋਹਤਬਰਾਨ ਇਸ ਖਿੱਤੇ ਦੇ ਚੌਰਾਸੀ ਪਿੰਡਾਂ ਦਾ ਮਾਮਲਾ ਦਿੱਲੀ ਦਰਬਾਰ ਪਹੁੰਚਾਉਂਦਾ ਸੀ। ਕਾਰਨ, ਸਮਾਂ ਪਾ, ਇਸ ਖੇੜੇ ਦਾ ਨਾਂਅ, ਜ਼ਰੂਰ, 'ਸ਼ਾਮ ਚੌਰਾਸੀ' ਪ੍ਰਚੱਲਤ ਹੋ ਗਿਆ ਹੋਵੇਗਾ।

'ਆਇਨੇ-ਅਕਬਰੀ' ਵਿਚਲੇ ਇੱਕ ਜ਼ਿਕਰ ਨੂੰ ਆਧਾਰ ਬਣਾ ਕੇ ਇਸ ਦੀ ਤਫਰੀਹ ਇੰਜ ਕੀਤੀ ਜਾ ਸਕਦੀ ਹੈ, ਸ਼ਾਮ ਚੌਰਾਸੀ ਦੋਆਬਾ ਦਾ ਇੱਕ ਪੁਰਾਣਾ ਕਸਬਾ ਹੈ, ਜਿਸ ਨੂੰ ਆਇਨੇ-ਅਕਬਰੀ ਵਿੱਚ 'ਚੌਰਾਸੀ' ਲਿਖਿਆ ਮਿਲਦਾ ਹੈ, ਜਿਹੜਾ ਬਾਦਸ਼ਾਹ ਅਕਬਰ ਵੇਲੇ 'ਪਰਗਣਾ' (ਤਹਿਸੀਲ ਨਿਆਂਈ) ਬਣਿਆ, ਜਿਸ ਨਾਲ 84 ਪਿੰਡ ਨੱਥੀ ਕੀਤੇ ਗਏ। ਅਕਬਰ ਨੇ ਆਪਣੇ ਕਿਸੇ ਖਾਸ ਮੁਸਹਿਬ, ਜਿਹੜਾ ਇੱਥੋਂ ਦਾ ਵਸ਼ਿੰਦਾ ਸੀ, ਨੂੰ ਇਸ ਪਰਗਣੇ, 84 ਪਿੰਡਾਂ ਦਾ ਮਾਮਲਾ 'ਕੱਠਾ ਕਰਨ ਹਿੱਤ ਨਿਯੁਕਤ ਕੀਤਾ ਸੀ, ਜਿਸ ਕਾਰਨ ਇਸ ਦਾ ਨਾਂਅ 'ਚੌਰਾਸੀ' ਪੈ ਗਿਆ। ਹੋ ਸਕਦਾ ਉਹ ਮੁਸਹਿਬ ਦਾ ਨਾਂਅ 'ਸ਼ਿਆਮ' ਹੀ ਹੋਵੇ, ਜਿਸ ਤੋਂ ਇਸ ਦੀ ਅੱਲ 'ਸ਼ਿਆਮ ਚੌਰਾਸੀ' ਪੈ ਗਈ ਅਤੇ ਮਗਰੋਂ ਵਿਗੜਦਾ-ਸੰਵਰਦਾ, ਜਿਵੇਂ ਬਹੁਤੇ ਪਿੰਡਾਂ ਦੇ ਨਾਮਕਰਣ ਸੰਦਰਭ ਇਵੇਂ ਹੋਇਆ ਹੀ ਸੀ/ਹੈ, ਇਸ ਦਾ ਨਾਂਅ ਅਖੀਰ 'ਸ਼ਾਮ ਚੌਰਾਸੀ' ਪੱਕ ਪਕਾਅ ਗਿਆ ਹੋਵੇ।

ਪਰ ਇੱਕ ਮਹੱਤਵਪੂਰਨ ਉੱਕਤੀ ਹੋਰ ਵੀ ਹੈ ਕਿ ਇੱਥੇ ਇੱਕ ਪ੍ਰਾਚੀਨ ਇਮਾਰਤ ਹੈ, ਜਿਸ ਨੂੰ ਲੋਕ ਮੁਸਲਮਾਨ ਫਕੀਰ ਹਜ਼ਰਤ 'ਸ਼ਾਮੀ ਸਾਹਿਬ' ਦੀ ਖਾਨਗਾਹ ਦੱਸਦੇ ਹਨ, ਬੜੀ ਮਾਨਤਾ ਹੈ ਇਸ ਦੀ, ਜਿਸ ਦੀ ਯਾਦ 'ਚ ਬੜਾ ਭਾਰੀ ਮੇਲਾ ਸਜਦਾ ਹੈ। ਇਸ ਵਿਰਾਸਤੀ ਮੇਲੇ ਦਾ ਜਲੌਅ ਮਸ਼ਹੂਰ ਕਵਾਲਾਂ ਅਤੇ ਸਾਜ਼ਿੰਦਿਆਂ ਕਾਰਨ ਸਿਖਰ 'ਤੇ ਪਹੁੰਚਦਾ ਹੈ। ਕਿਹਾ ਜਾਂਦਾ ਹੈ ਕਿ ਇਸ ਫਕੀਰ ਦੀਆਂ 'ਕਰਨੀਆਂ' ਕਾਰਨ ਇਸ ਖੇੜੇ ਦੀ ਕੀਰਤੀ ਚੁਫੇਰੇ ਅਜਿਹੀ ਫੈਲੀ ਕਿ 'ਚੌਰਾਸੀ' ਪਿੰਡਾਂ ਦੇ ਕੇਂਦਰੀ ਸਮੂਹ ਨੂੰ 'ਸ਼ਾਮ ਚੌਰਾਸੀ' ਕਿਹਾ ਜਾਣ ਲੱਗ ਪਿਆ।

ਹਾਂ, '47 ਦੀ ਤ੍ਰਾਸਦੀ ਤੋਂ ਪਹਿਲਾਂ ਤਾਂ ਇਸ ਸੰਗੀਤਕ ਜਲੌਅ ਜਿਹੜਾ ਹਿੰਦੂ-ਮੁਸਲਿਮ ਫਨਕਾਰਾਂ ਵੱਲੋਂ ਰਚਾਇਆ ਜਾਂਦਾ ਸੀ, ਦੀਆਂ ਬਾਤਾਂ ਹੁਣ ਵੀ ਪੈਂਦੀਆਂ ਹਨ। ਇਸ ਜਲੌਅ ਦੇ ਸਿੱਟੇ ਵਜੋਂ ਇਸ ਨਗਰ ਨੇ ਵੀ ਬੜੇ ਉਮਦਾ ਫਨਕਾਰ ਪੈਦਾ ਕੀਤੇ, ਜਿਹੜੇ ਸਥਿਤੀਆਂ ਵੱਸ ਪਾਕਿਸਤਾਨ ਤੁਰ ਗਏ ਸਨ। ਪਾਕਿਸਤਾਨ ਦੇ ਸੰਸਾਰ ਪ੍ਰਸਿੱਧ ਕਵਾਲ ਤੇ ਸੰਗੀਤਕਾਰ ਜਨਾਬ ਨਜਾਕਤ ਅਲੀ-ਸਲਾਮਤ ਅਲੀ ਇਸ ਨਗਰ ਦੇ ਹੀ ਦਾਨੇ ਸਪੂਤ ਸਨ। ਇਹਨਾਂ ਦੇ ਨਾਨਕੇ ਸ਼ਾਸਤਰੀ ਸੰਗੀਤ ਦੇ ਵਿਦਿਆਲੇ ਹਰਿਆਣਾ (ਭੂੰਗਾ) ਵਿਖੇ ਸਨ। ਸ਼ਾਸਤਰੀ ਸੰਗੀਤ 'ਚ ਹਰਿਆਣਾ ਦਾ ਆਪਣਾ ਮੁਕਾਮ ਰਿਹਾ ਹੈ, ਜਿਸ ਦੇ ਸ਼ਾਗਿਰਦਾਂ ਵਿੱਚ ਅਲੀ ਭਰਾਵਾਂ ਦੇ ਬਾਲਦ ਅਤੇ ਮਾਮਾ ਸਿਰੀ ਦਾ ਨਾਂਅ ਬੜਾ ਉੱਘਾ ਸੀ। ਪੰਜਾਬ ਦੇ ਚਾਰ ਸੰਗੀਤਕ ਘਰਾਣੇ ਬੜੇ ਸੁ-ਪ੍ਰਸਿੱਧ ਸਨ, ਜਿਹਨਾਂ ਵਿੱਚੋਂ ਹਰਿਆਣਾ (ਸ਼ਾਮ ਚੌਰਾਸੀ) ਨੂੰ ਸਿਰਮੌਰ ਮੰਨਿਆ ਗਿਆ। 'ਰਾਗ ਧਰੁੱਪਦ' 'ਚ ਭਾਵੇਂ ਮੁੱਖ ਹਿੱਸਾ 'ਹਰਿਆਣਾ' ਦੇ ਸੰਗੀਤ ਵੇਤਿਆਂ ਦਾ ਸੀ, ਪਰ ਅਲੀ ਪਰਵਾਰ ਦੀ 'ਸਰਸਵਤੀ ਸਿੱਜਦਾ ਤੇ ਘਾਲਣਾ' ਬਦੌਲਤ ਇਹ 'ਸ਼ਾਮ ਚੌਰਾਸੀ' ਦੇ ਹਿੱਸੇ ਆਇਆ। '47 ਤੋਂ ਪਹਿਲਾਂ ਜਲੰਧਰ ਦੇ 'ਹਰਿਬੱਲਭ ਸੰਗੀਤ ਮੇਲੇ' ਵਿੱਚ 'ਹਰਿਆਣਾ-ਸ਼ਾਮ ਚੌਰਾਸੀ' ਦੀ ਤੂਤੀ ਬੋਲਦੀ ਸੀ। ਮੁੱਕਦੀ ਗੱਲ; 'ਸ਼ਾਮ ਚੌਰਾਸੀ' ਮੁਸਲਿਮ ਹਮਸਾਇਆ ਕਾਰਨ ਅਜਿਹਾ 'ਸੰਗੀਤ ਸਥੱਲ' ਬਣਿਆ ਕਿ ਇਸ ਦਾ ਆਸ਼ੀਰਵਾਦ ਅਜੇ ਵੀ 'ਸ਼ਾਮ ਚੌਰਾਸੀ' ਦੀ ਫਿਜ਼ਾ ਵਿੱਚ ਰੁਮਕਦਾ ਹੈ।

ਕਦੇ ਸ਼ਾਮ ਚੌਰਾਸੀ ਪੁਰਾਤਨ ਸਿੱਖ ਅਹਿਲਕਾਰਾਂ ਅਤੇ ਮੁਖੀਆਂ ਦੀਆਂ ਸਰਗਰਮੀਆਂ ਦਾ ਕੇਂਦਰ ਵੀ ਰਿਹਾ। ਸਿੱਖ ਮਿਸਲਾਂ ਦੇ ਉਗਮਣ ਅਤੇ ਮਗਰੋਂ 12 ਮੁੱਖ ਮਿਸਲਾਂ ਵਿੱਚ ਕੇਂਦਰਤ ਹੋ ਜਾਣ ਉਪਰੰਤ ਜਦ 'ਕਰੋੜ ਸਿੰਘੀਆਂ ਮਿਸਲ' ਦੇ ਆਹਲਾ ਸਰਦਾਰ ਬਘੇਲ ਸਿੰਘ ਨੇ 'ਹਰਿਆਣਾ' ਨੂੰ ਆਪਣਾ ਸਦਰ ਮੁਕਾਮ ਬਣਾਇਆ ਤਾਂ ਉਸ ਨੇ ਸ਼ਾਮ ਚੌਰਾਸੀ ਦੀ ਵਿਸ਼ੇਸ਼ ਮਹੱਤਤਾ ਕਾਰਨ ਇੱਥੇ ਬਾਰਾਂਦਰੀ ਉਸਾਰ ਕੇ ਆਪਣਾ ਇੱਕ ਜੰਗੀ ਪ੍ਰਬੰਧਕ ਵੀ ਨਿਯੁਕਤ ਕੀਤਾ। ਹੁਣ ਬਾਰਾਂਦਰੀ ਵਰਗੀ ਇਸ ਇਮਾਰਤ ਦਾ ਵਜੂਦ ਭਾਵੇਂ ਨਹੀਂ ਹੈ, ਪਰ ਖੰਡਰਾਤ ਮੌਜੂਦ ਹਨ। ਖੰਡਰਾਤ ਹੀ ਬਤਾਤੇ ਹੈ ਕਿ ਇਮਾਰਤ ਖੂਬਸੂਰਤ ਥੀ। ਸ. ਬਘੇਲ ਸਿੰਘ ਦੇ ਫੌਤ ਹੁੰਦਿਆਂ ਹੀ ਇੱਥੇ ਮਹਾਰਾਜਾ ਰਣਜੀਤ ਸਿੰਘ ਦਾ ਲਾਮ-ਲਸ਼ਕਰ ਆ ਥਪਕਿਆ ਅਤੇ ਮਿਸਲੀ ਉੱਥਲ-ਪੁੱਥਲਾਂ ਨੂੰ ਬਿਰਾਮ ਲੱਗ ਜਾਣ ਉਪਰੰਤ ਇਸ ਖੇੜੇ ਦੇ ਕੇਂਦਰੀ ਵਜੂਦ ਕਾਰਨ 'ਸ਼ਾਮ ਚੌਰਾਸੀ' ਇਸ ਖਿੱਤੇ ਦੀ ਉੱਘੀ ਫਸਲੀ ਮੰਡੀ ਵਜੋਂ ਵਿਕਸਤ ਹੋ ਗਿਆ।

ਖਾਸ ਗੱਲ; ਜਿਸ ਮੈਨੂੰ 'ਜੰਗ-ਏ-ਆਜ਼ਾਦੀ' ਦਾ ਵਿਦਿਆਰਥੀ ਹੋਣ ਕਾਰਨ ਟੁੰਬਿਆ ਅਤੇ ਮੈਂ ਪਹਿਲਾਂ ਕਹਿਣੀ ਚਾਹੁੰਦਾ ਸੀ, ਉਹ ਇਹ, ਕਿ ਬਰਤਾਨਵੀ ਸਾਮਰਾਜ ਨੇ 1846 'ਚ ਲਾਹੌਰ ਦਰਬਾਰ ਨੂੰ ਮਲੀਆ-ਮੇਟ ਕਰਨ ਉਪਰੰਤ ਕਰੀਬ ਸਾਰੇ ਪੰਜਾਬ ਵਿੱਚ ਪੀਢਾ ਪੈਰ ਧਰਾਵਾਂ ਕਰ ਲਿਆ। ਉਦੋਂ, ਜਦ ਕਈ 'ਆਪਣੇ' ਵੀ ਗਦਾਰੀ ਕਰ ਗਏ ਤਾਂ ਅੰਗਰੇਜ਼ਾਂ ਵਿਰੁੱਧ ਬਗਾਵਤ ਦਾ ਇੱਕ ਹੋਕਾ ਇਸੇ ਸ਼ਾਮ ਚੌਰਾਸੀ ਦੀ ਸਰ-ਜ਼ਿਮੀਂ ਤੋਂ ਵੀ ਦਿੱਤਾ ਗਿਆ ਸੀ। ਅਜਿਹਾ ਕਰਨ ਵਾਲਾ ਮੋਢੀ ਸੰਗਰਾਮੀਆ ਸੀ ਭਾਈ ਮਹਾਰਾਜ ਸਿੰਘ ਨੌਰੰਗਾਬਾਦੀ। ਹੋਇਆ ਇਉਂ ਕਿ ਜਦ ਗੋਰਾ ਸ਼ਾਹੀ ਗਦਾਰ ਸਿੱਖ ਅਹਿਲਕਾਰਾਂ ਸਮੇਤ ਇਸ ਬਾਗੀ ਰੁਕਨ ਨੂੰ ਫੜਨ ਲਈ ਬਹੁਤ ਸਰਗਰਮ ਹੋ ਗਈ, ਤਦ ਦੋਆਬੇ ਦੀ ਇਸ ਜ਼ਰਖੇਜ਼ ਧਰਤੀ 'ਤੇ ਵਿਚਰ ਰਹੇ ਭਾਈ ਮਹਾਰਾਜ ਸਿੰਘ ਨੇ ਤਿੰਨ ਅਤੇ ਚਾਰ ਦਸੰਬਰ 1849 ਦੀ ਦਰਮਿਆਨੀ ਰਾਤ ਨੂੰ ਆਪਣੀ ਆਰਜ਼ੀ ਪਨਾਹ ਸਥੱਲ ਸ਼ਾਮ ਚੌਰਾਸੀ ਤੋਂ ਅੰਗਰੇਜ਼ਾਂ ਵਿਰੁੱਧ ਖੁੱਲ੍ਹੀ ਬਗਾਵਤ ਦਾ ਸੱਦਾ ਦਿੱਤਾ। ਜਿਸ ਤਹਿਤ ਪਹਿਲੇ ਉੱਦਮ ਵਜੋਂ ਸ਼ਾਮ ਚੌਰਾਸੀ ਦੇ ਗਿਰਦ ਪੈਂਦੀਆਂ ਜਲੰਧਰ ਅਤੇ ਹੁਸ਼ਿਆਰਪੁਰ ਦੀਆਂ ਛਾਉਣੀਆਂ 'ਤੇ ਕਬਜ਼ਾ ਕਰਨ ਦੀ ਵਿਉਂਤ ਗੁੰਦੀ ਗਈ। ਇਹੀ ਨਹੀਂ, ਪੂਰਵ ਯੋਜਨਾ ਤਹਿਤ ਰਾਜ ਕੁਮਾਰ, ਦਲੀਪ ਸਿੰਘ ਅਤੇ ਮਹਾਰਾਣੀ ਜ਼ਿੰਦਾਂ ਨੂੰ ਵੀ ਸ਼ਾਹੀ ਕੈਦ ਵਿੱਚੋਂ ਉਡੰਤਰ ਕਰਵਾਇਆ ਜਾਣਾ ਸੀ, ਪਰ ਕੀ ਹੋਇਆ-ਵਾਪਰਿਆ? ਇਹ ਇੱਕ ਦੁੱਖਦਾਇਕ ਗਾਥਾ ਹੈ, ਕਿਤੇ ਫੇਰ ਸਹੀ।

**ਮੋਬਾ. 94634-39075**

# ਵਹਿਣ ਮੋੜਨਾ ਸੌਖਾ ਨਈਂ ਚੰਨ, ਵਹਿ ਗਏ ਪਾਣੀ ਦਾ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-23**

**ਸੁਰਜੀਤ ਸੁਮਨ**

ਨਿਊ ਚੰਡੀਗੜ੍ਹ ਵਿੱਚੋਂ ਲੰਘਦੀ ਹੋਈ ਗੱਡੀ ਏਅਰਪੋਰਟ ਰੋਡ ਪੀਆਰ 7 ਨੂੰ ਅਲਵਿਦਾ ਆਖ, ਮੱਧਿਆ ਮਾਰਗ ਦੀਆਂ ਲਾਲ ਬੱਤੀਆਂ 'ਤੇ ਜਾ ਰੁਕੀ। ਮੈਡੀਸਿਟੀ ਜਾਣਾ ਹੁੰਦਾ ਤਾਂ ਇੱਥੋਂ ਸੱਜੇ ਹੱਥ ਮੁੜਨਾ ਪੈਂਦਾ, ਪਰ ਹਰੀ ਬੱਤੀ ਹੁੰਦਿਆਂ ਈ ਗੱਡੀ ਖੱਬੇ ਪਾਸੇ ਮੋੜ, ਮੇਰੀਆਂ ਅੱਖਾਂ ਸ਼ੌਕਰ ਸਾਬ੍ਹ ਦੇ ਪਿੰਡ ਹੁਸ਼ਿਆਰਪੁਰ ਨੂੰ ਜਾਣ ਵਾਲ਼ਾ ਰਾਹ ਤਲਾਸ਼ਣ ਲੱਗੀਆਂ। ਜ਼ਿਹਨ 'ਚ ਮੈਡੀਸਿਟੀ ਦਾ ਖਿਆਲ ਆਉਂਦਿਆਂ ਮੇਰੀ ਚੇਤਨਾ ਵਿੱਚ ਹੋਮੀ ਭਾਬਾ ਕੈਂਸਰ ਹਸਪਤਾਲ ਦੀ ਇਮਾਰਤ ਉੱਭਰੀ ਤੇ ਫਿਰ ਅਨੇਕ ਕੈਂਸਰ ਮਰੀਜ਼।ਕੁਝ ਦਿਨ ਪਹਿਲਾਂ ਮੇਰੇ ਨਜ਼ਦੀਕੀ ਦਾ ਇੱਥੇ ਈ ਅਪਰੇਸ਼ਨ ਹੋਇਆ ਸੀ। ਇਸ ਵਿਚਾਰ ਨੂੰ ਮੈਂ ਚੇਤੇ ਵਿੱਚੋਂ ਜ਼ਬਰੀ ਝਟਕਣਾ ਚਾਹਿਆ। ਉਦੋਂ ਹੀ ਇੰਦਰਜੀਤ ਪ੍ਰੇਮੀ ਦੇ ਫੋਨ ਦੀ ਘੰਟੀ ਖੜਕੀ, ਉਹ ਬੋਲੇ 'ਹਾਂ ਜੀ ਮਹਿਰਾ ਸਾਬ੍ਹ ਬੱਸ ਤੁਹਾਡੇ ਕੋਲ਼ ਪਹੁੰਚਣ ਵਾਲ਼ੇ ਈ ਸਮਝੋ। ਦੋ ਤਿੰਨ ਮਿੰਟ ਹੋਰ ਲੱਗਣਗੇ।' ਦੂਜੇ ਪਾਸਿਉਂ ਆਵਾਜ਼ ਆਈ, 'ਤੁਸੀਂ ਐਂ ਕਰੋ ਸਰ ਮਾਜਰੀ ਟੀਪੁਆਇੰਟ 'ਤੇ ਖੜ੍ਹੋ, ਆਪਾਂ ਸਾਰੇ ਉੱਥੇ ਈ ਮਿਲ਼ਦੇ ਆਂ। ਪਰਮਜੀਤ ਮਾਨ ਜੀ ਵੀ ਸਾਡੇ ਨਾਲ਼ ਈ ਨੇ।' ਟੀਪੁਆਇੰਟ ਤੋਂ ਸੱਜੇ ਪਾਸੇ ਬੱਦੀ ਜਾਣ ਵਾਲ਼ੀ ਸੜਕ 'ਤੇ ਮੈਂ ਗੱਡੀ ਰੋਕ ਲਈ। ਖਰੜ ਤੋਂ ਸਾਬਕਾ ਵਿਧਾਇਕ ਉਜਾਗਰ ਸਿੰਘ ਵਡਾਲ਼ੀ ਦੇ ਘਰ ਨੂੰ ਤਾਲ਼ਾ ਲੱਗਿਆ ਹੋਇਆ ਸੀ। ਉਸ ਤੋਂ ਅੱਗੇ ਕਈ ਹੋਟਲ ਉਸਰਨ ਨਾਲ਼ ਵਾਹਵਾ ਰੌਣਕ ਲੱਗ ਰਹੀ ਸੀ। ਕੁਰਾਲ਼ੀ ਵੱਲ ਜਾਣਾ ਹੁੰਦਾ ਤਾਂ ਖੱਬੇ ਪਾਸੇ ਮੋੜ ਕੱਟਦੇ। ਦਰਅਸਲ ਅਵਤਾਰ ਨਗਲ਼ੀਆ ਨੇ ਇਸੇ ਪਾਸਿਉਂ ਆਉਣਾ ਸੀ। ਸਾਹਮਣੇ ਸੁੱਖ ਵਿਲਾਸ ਨੂੰ ਜਾਣ ਵਾਲ਼ਾ ਰਾਹ ਖਾਲੀ ਖਾਲੀ ਝਾਕ ਰਿਹਾ ਸੀ। ਚੰਡੀਗੜ੍ਹ ਦੇ ਪੈਰਾਂ ਵਿੱਚ ਸ਼ਿਵਾਲਕ ਦੀਆਂ ਹਰਿਆਵਲ ਪਹਾੜੀਆਂ 'ਤੇ ਲਹਿਲਹਾਉਂਦੇ ਵਣ-ਤ੍ਰਿਣ ਨੂੰ ਤੱਕ ਡਾ. ਲਾਭ ਸਿੰਘ ਖੀਵਾ ਝੂਮ ਉੱਠੇ ਸਨ। ਉਤਸੁਕਤਾਵਸ ਉਹ ਨਿੱਕੀ ਨਿੱਕੀ ਜਾਣਕਾਰੀ ਲੈ ਰਹੇ ਸਨ। ਬੱਦੀ ਵੱਲ ਜਾਂਦਿਆਂ ਮੇਰੀਆਂ ਅੱਖਾਂ ਸੜਕ ਦੇ ਦੋਵੇਂ ਪਾਸੇ ਪਸਰੀ ਹਰਿਆਵਲ ਦੇ ਦੀਦਾਰ ਕਰ 'ਵਾਹ! ਕਿਆ ਬਾਤ ਐ' ਕਹਿ ਉੱਠੀਆਂ।ਬੇਸ਼ੱਕ ਮੈਂ ਪਹਿਲਾਂ ਵੀ ਕਈ ਵਾਰ ਇਸ ਸੜਕ ਰਾਹੀਂ ਬੱਦੀ ਤੱਕ ਦਾ ਸਫਰ ਕਰ ਚੁੱਕਾ ਹਾਂ, ਪਰ ਏਨੀ ਹਰਿਆਵਲ ਪਹਿਲਾਂ ਕਦੇ ਵੇਖਣ ਨੂੰ ਨਹੀਂ ਸੀ ਮਿਲ਼ੀ ਜਾਂ ਫਿਰ ਮੈਂ ਹੀ ਧਿਆਨ ਨਹੀਂ ਦਿੱਤਾ ਹੋਣਾ। ਫਿਰ ਵੀ ਕੋਈ ਨਾ ਕੋਈ ਗੱਲ ਨਵੀਂ ਜ਼ਰੂਰ ਸੀ। ਇਸ ਦੀ ਇੱਕ ਵਜ੍ਹਾ ਇਨ੍ਹੀ ਦਿਨੀਂ ਹੋ ਰਹੀ ਭਰਵੀਂ ਬਰਸਾਤ ਵੀ ਹੋ ਸਕਦੀ ਹੈ। ਖਰੜ, ਮੋਹਾਲ਼ੀ, ਚੰਡੀਗੜ੍ਹ ਤੋਂ ਹਰਿਆਣਾ ਦੇ ਇਸ ਉਦਯੋਗਿਕ ਸ਼ਹਿਰ ਨੂੰ ਰੋਜ਼ਾਨਾ ਬਹੁਤ ਲੋਕ ਆਪਣੇ ਕੰਮਾਂ-ਕਾਰਾਂ ਲਈ ਜਾਂਦੇ ਹਨ। ਸੈਂਕੜੇ ਵਾਹਨ ਇਸ ਰਸਤਿਉਂ ਗੁਜ਼ਰਦੇ ਹਨ। ਮੇਰੀ ਨਜ਼ਰ ਜਦੋਂ ਵੀ ਇਸ ਇਕਹਿਰੀ ਸੜਕ ਦੇ ਦੋਵੇਂ ਪਾਸੇ ਉੱਚੀਆਂ-ਨੀਵੀਆਂ ਪਹਾੜੀਆਂ 'ਤੇ ਝੂਮਦੇ ਹਰੇ-ਕਚੂਰ ਰੁੱਖਾਂ ਵੱਲ ਜਾਂਦੀ ਤਾਂ ਇਹ ਵਣ-ਤ੍ਰਿਣ, ਮੈਨੂੰ ਕੁਦਰਤ ਨਾਲ਼ ਰਾਸ ਰਚਾ ਰਹੇ ਜਾਪਦੇ। ਦੀਵਾਨ ਸਿੰਘ ਕਾਲ਼ੇ ਪਾਣੀ ਮਿਊਜ਼ੀਅਮ ਦੇ ਇਰਦ-ਗਿਰਦ ਵੱਡੇ ਵੱਡੇ ਲੋਕਾਂ ਦੇ ਫਾਰਮ ਹਾਊਸਾਂ ਵਿੱਚ ਫਲ਼ਾਂ ਲੱਦੇ ਪੌਦੇ ਵੱਖਰੀ ਤਰ੍ਹਾਂ ਦਾ ਦ੍ਰਿਸ਼ ਸਿਰਜ ਰਹੇ ਸਨ। ਇਸ ਦੁਨੀਆਂ ਦੀ ਵਾਹੋ-ਦਾਹੀ ਤੋਂ ਬੇਨਿਆਜ਼, ਕੁਦਰਤ ਨਾਲ਼ ਗੱਲਾਂ ਕਰਦੇ ਪ੍ਰਤੀਤ ਹੋ ਰਹੇ ਸਨ। ਕਾਲ਼ੇ ਬੱਦਲ਼ਾਂ ਨੂੰ ਸੈਨਤਾਂ ਮਾਰ ਰਹੇ ਸਨ, ਬੁਲਾ ਰਹੇ ਸਨ। ਕਿਧਰੇ-ਕਿਧਰੇ ਪਾਣੀ ਕਲ ਕਲ ਵਹਿ ਰਿਹਾ ਸੀ। ਸੋਚਦਾ ਹਾਂ, 'ਪਾਣੀਆਂ ਦੇ ਵਹਿਣ ਨੂੰ ਮੋੜਨਾ ਸੌਖਾ ਨਹੀਂ ਹੁੰਦਾ।' ਅਸੀਂ ਬੱਦੀ ਵੱਲ ਨੂੰ ਵਧ ਰਹੇ ਸੀ। ਸੜਕ ਕਿਨਾਰੇ ਲੱਗੀ ਇੱਕ ਸੂਚਨਾ ਪੱਟੀ 'ਤੇ 'ਮਹਿੰਦਰਾ ਪਾਰਕ-ਸਿਸਵਾਂ ਫਾਰਮ' ਅਤੇ ਦੂਜੀ 'ਤੇ 'ਗੁਰਦੁਆਰਾ ਸ਼ੀਸ਼ ਮਹਿਲ' ਲਿਖਿਆ ਹੋਇਆ ਸੀ, ਜਿਨ੍ਹਾਂ ਦੇ ਨਿਸ਼ਾਨ ਖੱਬੇ ਤੋਂ ਸੱਜੇ ਪਾਸੇ ਵੱਲ ਇਸ਼ਾਰਾ ਕਰ ਰਹੇ ਸਨ।ਸਾਡੀਆਂ ਗੱਡੀਆਂ ਸਿਸਵਾਂ ਪਿੰਡ ਵਿੱਚੋਂ ਲੰਘ ਰਹੀਆਂ ਸਨ।ਪਿੰਡ ਦੇ ਕਿਨਾਰੇ 'ਤੇ ਖੜ੍ਹੇ ਪਹਾੜ ਨੂੰ ਕੱਟ ਕੇ ਇਹ ਸੜਕ ਕੁਝ ਸਾਲ ਪਹਿਲਾਂ ਹੀ ਬਣਾਈ ਗਈ ਹੈ। ਬਹੁਤ ਪਹਿਲਾਂ ਇੱਕ ਛੋਟਾ ਜਿਹਾ ਰਸਤਾ ਪਿੰਡ ਦੇ ਵਿਚਕਾਰੋਂ ਹੀ ਜਾਂਦਾ ਸੀ। ਸ਼ੌਕਰ ਸਾਬ੍ਹ ਦੱਸਦੇ ਸਨ, 'ਮੇਰੇ ਆਰ ਬਚਪਨ 'ਚ ਅਸੀਂ ਹਰੀਪੁਰ ਆਲ਼ੇ ਬਾਬਿਆਂ ਦੇ ਡੇਰੇ ਪੈਦਲ ਈ ਜਾਇਆ ਕਰਦੇ ਸੀ। ਇੱਥੋਂ ਸਿਰਫ ਇੱਕ ਪਗਡੰਡੀ ਜਿਹੀ ਹੋਇਆ ਕਰਦੀ ਸੀ। ਬਾਅਦ 'ਚ ਇਸੇ ਪਗਡੰਡੀ 'ਤੇ ਇਹ ਸੜਕ ਬਣੀਂ। ਗੱਡੀ ਤਿੱਖੀ ਢਲਾਨ ਤੋਂ ਹੇਠਾਂ ਉਤਰਨ ਲੱਗੀ ਇੰਝ ਝਾਉਣਾ ਪਾ ਰਹੀ ਸੀ, ਜਿਵੇਂ ਅਸੀਂ ਕਿਸੇ ਹਿੱਲ ਸਟੇਸ਼ਨ 'ਤੇ ਪਹੁੰਚ ਗਏ ਹੋਈਏ। ਸਾਹਮਣੇ ਗੇਟ 'ਤੇ ਅੰਗਰੇਜ਼ੀ ਵਿੱਚ 'ਡਲਹੌਜ਼ੀ' ਲਿਖਿਆ ਪੜ੍ਹ ਮਨ ਚਹਿਕ ਉੱਠਿਆ। ਅੰਦਰ ਤਿੰਨ ਚਾਰ ਮੰਜ਼ਲ਼ੀ ਹੋਟਲਨੁਮਾ ਇਮਾਰਤਾਂ ਤੇ ਇਸ ਦੇ ਚੜ੍ਹਦੇ ਪਾਸੇ ਲਿਖਿਆ ਸੀ, 'ਸਿਸਵਾਂ ਡੈਮ।' ਫਿਰ ਤਿੱਖੀ ਚੜ੍ਹਾਈ ਚੜ੍ਹਦਿਆਂ ਮੈਂ ਖੱਬੇ ਪਾਸੇ ਨਜ਼ਰ ਮਾਰੀ, ਮੈਨੂੰ ਡੈਮ ਵਿੱਚ ਬਹੁਤਾ ਪਾਣੀ ਨਜ਼ਰ ਨਾ ਆਇਆ। ਹਿਮਾਚਲ ਵਿੱਚ ਮੀਂਹ ਵੱਲੋਂ ਮਚਾਏ ਕਹਿਰ ਤਸਵੀਰ ਮੇਰੇ ਜ਼ਿਹਨ 'ਚ ਉੱਭਰਨ ਲੱਗੀ।ਹੜ੍ਹ ਦੇ ਪਾਣੀ ਨਾਲ਼ ਜੜ੍ਹੋਂ ਉੱਖੜੀਆਂ ਇਮਾਰਤਾਂ, ਡੁੱਬ ਰਹੇ ਵਾਹਨ।ਥੋੜ੍ਹਾ ਅੱਗੇ ਜਾ ਕੇ ਅਸੀਂ ਸਾਰੇ ਓਸੇ ਢਾਬੇ 'ਤੇ ਰੁਕੇ ਜਿੱਥੇ ਜਸਪਾਲ ਮਾਨਖੇੜਾ, ਢੱਕ ਦੇ ਰੁੱਖਾਂ ਨੂੰ ਦੇਖ ਕੇ ਬਾਗੋਬਾਗ ਹੋ ਗਏ ਸਨ।ਢੱਕ ਦੀਆਂ ਟਹਿਣੀਆਂ ਫੜ, ਉਹ ਪੱਤੇ ਗਿਣਨ ਲੱਗੇ ਸਨ। ਸੱਚਮੁੱਚ 'ਢਾਕ ਕੇ ਤੀਨ ਪਾਤ।' ਮੈਂ ਥੋੜ੍ਹਾ ਹੋਰ ਅੱਗੇ ਝਾਕਿਆ, ਕੜ੍ਹੀ ਪੱਤਿਆਂ ਦੇ ਬੂਟਿਆਂ ਨੇ ਵਾਹਵਾ ਰੌਣਕ ਲਾਈ ਹੋਈ ਸੀ। ਪਹਾੜੀ ਜੰਗਲ਼ ਦਾ ਆਪਣਾ ਹੀ ਕ੍ਰਿਸ਼ਮਾ ਸੀ। ਆਪਣਾ ਹੀ ਸੰਸਾਰ ਸੀ। ਮੈਂ ਗੱਡੀ ਪਾਰਕ ਕੀਤੀ, ਜੇਬ 'ਚੋਂ ਫੋਨ ਕੱਢ ਕੇ ਵੇਖਿਆ। ਕਈ ਕਾਲਾਂ ਆਈਆਂ ਹੋਈਆਂ ਸਨ। ਦਲੇਰ ਸਿੰਘ ਦੀ ਕਾਲ ਦੇਖ ਮੈਂ ਉਸਨੂੰ ਫੋਨ ਮਿਲਾ ਲਿਆ। ਉਹ ਬੋਲਿਆ, 'ਛੋਟੇ ਭਾਈ ਦੁਨੀਆਂ 'ਤੇ ਬਾਹਲ਼ੀ ਕਰੋਪੀ ਆਈ ਪਈ ਆ। ਖ਼ਬਰਾਂ ਪੜ੍ਹੀਆਂ? ਅਖ਼ਬਾਰ ਖੋਲ੍ਹਣ ਨੂੰ ਦਿਲ ਨਈਂ ਕਰਦਾ।ਸੋਸ਼ਲ ਮੀਡੀਆ 'ਤੇ ਦਿਲ ਦਹਿਲਾ ਦੇਣ ਵਾਲ਼ੀਆਂ ਵੀਡੀਓਜ਼ ਖ਼ੂਨ ਦਾ ਵਹਾਓ ਉੱਤੇ-ਥੱਲੇ ਕਰੀ ਰੱਖਦੀਆਂ ਨੇ। ਆ ਦੇਖ ਲੈ ਕਹਿੰਦੇ ਗੁਜਰਾਤ 'ਚ ਵਡੋਦਰਾ ਨੇੜੇ ਮੁਜਪੁਰ 'ਚ ਚਾਲ਼ੀ ਸਾਲ ਪੁਰਾਣਾ ਪੁਲ਼ ਢਹਿਣ ਨਾਲ਼ ਭੈਣ-ਭਰਾ ਸਮੇਤ, ਗਿਆਰਾਂ ਮੌਤਾਂ ਹੋਗੀਆਂ। ਵਾਹਨ ਰੁੜ੍ਹ ਗਏ। ਕਹਿੰਦੇ ਅਬੋਹਰ ਦੇ ਕਾਰੋਬਾਰੀ ਨੂੰ ਗੋਲ਼ੀਆਂ ਨਾਲ਼ ਭੁੰਨ ਸੁੱਟਿਆ। ਦਸੂਹੇ ਵੱਲ ਕਾਰ ਤੇ ਮਿੰਨੀ ਬੱਸ ਦੀ ਟੱਕਰ ਨਾਲ਼ ਨੌਂ ਮੌਤਾਂ ਹੋ ਗਈਆਂ।ਕੋਟਕਕਪੂਰੇ ਦੇ ਪਿੰਡ ਸੰਧਵਾਂ ਵਿੱਚ ਖੇਤਾਂ ਨੂੰ ਪਾਣੀ ਲਾਉਣ ਗਏ ਕਿਸਾਨ ਨੂੰ ਕਤਲ ਕਰ ਦਿੱਤੇ।ਸੈਲਫੀ ਲੈਂਦੇ ਮੁੰਡਾ ਤੇ ਕੁੜੀ ਅਪਰਬਾਰੀ ਦੁਆਬ ਨਹਿਰ ਵਿੱਚ ਰੁੜ੍ਹ ਗਏ। ਲੁਧਿਆਣਾ ਦੇ ਕਾਰੋਬਾਰੀ ਘਰੋਂ ਨੌਕਰ ਪੰਜਤਾਲ਼ੀ ਤੋਲੇ ਸੋਨਾ ਤੇ ਲੱਖਾਂ ਰੁਪਏ ਲੈ ਕੇ ਫਰਾਰ ਹੋ ਗਿਆ। ਆਦਮਪੁਰ ਨੇੜੇ ਇੱਕ ਘਰ 'ਤੇ ਕਿਸੇ ਨੇ ਪੈਟਰੋਲ ਬੰਬ ਸੁੱਟ ਦਿੱਤੇ। ਲੁੱਟਾਂ-ਖੋਹਾਂ, ਕਤਲੋਗਾਰਤ, ਗੈਂਗਸਟਰ ਕਲਚਰ, ਇਹ ਸਭ ਹੋ ਕੀ ਰਿਹੈ ਮੇਰੇ ਆਰ? ਸਾਡਾ ਸਮਾਜ ਕਿਸ ਪਾਸੇ ਵੱਲ ਵਧ ਰਿਹੈ? ਟਰੰਪ ਬ੍ਰਿਕਸ ਤੋਂ ਨਰਾਜ਼।ਕਹਿੰਦੇ ਅਮਰੀਕਾ ਵਿਰੋਧੀ ਨੀਤੀਆਂ ਨਾਲ਼ ਜੁੜਨ ਵਾਲ਼ਿਆਂ 'ਤੇ ਵਾਧੂ ਟੈਰਿਫ ਲੱਗੇਗਾ। ਓਧਰ ਰੂਸ ਵੱਲੋਂ ਯੂਕਰੇਨ ਦੇ ਰਿਹਾਇਸ਼ੀ ਇਲਾਕਿਆਂ 'ਤੇ ਤਾਜ਼ਾ ਹਮਲੇ ਵਿੱਚ ਸੌ ਤੋਂ ਵੱਧ ਡਰੋਨ ਦਾਗੇ ਗਏ, ਜਿਨ੍ਹਾਂ ਵਿੱਚ ਕਈ ਨਾਗਰਿਕ ਮਾਰੇ ਗਏ ਤੇ ਕਈ ਜ਼ਖ਼ਮੀ ਹੋ ਗਏ। ਇਜ਼ਰਾਇਲ, ਯਮਨ ਦੇ ਹੂਤੀ ਬਾਗੀਆਂ 'ਤੇ ਹਵਾਈ ਹਮਲੇ ਕਰ ਰਿਹੈ। ਭਲਾਂ ਇਨ੍ਹਾਂ ਸਾਰੇ ਕਾਰਿਆਂ ਵਿੱਚ ਗਈਆਂ ਮਨੁੱਖੀ ਜਾਨਾਂ ਕਦੇ ਵਾਪਸ ਪਰਤਣਗੀਆਂ? ਨਹੀਂ, ਵਹਿ ਗਏ ਪਾਣੀ ਦਾ ਵਹਿਣ ਮੋੜਨਾ ਸੌਖਾ ਨਈਂ ਹੁੰਦਾ ਭਰਾ। ਕਿਸੇ ਦਿਨ ਪਿੰਡ ਆ ਯਾਰ, ਮਿਲਣ ਨੂੰ ਜੀਅ ਕਰਦੈ।' ਫੋਨ ਕੱਟ ਗਿਆ। ਮੇਰੀ ਸੁਰਤਾਅ ਮੌਜੂਦਾ ਸਿਆਸਤ ਦੇ ਵਹਿਣ ਵੱਲ ਮੋੜ ਕੱਟ ਗਈ।ਪੰਜਾਬ ਕੈਬਨਿਟ ਨੇ ਡੈਮਾਂ 'ਤੇ ਕੇਂਦਰੀ ਬਲਾਂ ਦੀ ਤੈਨਾਤੀ ਬਾਰੇ ਸਹਿਮਤੀ ਵਾਪਸ ਲੈ ਲਈ ਹੈ। ਸਤਲੁਜ ਯਮਨਾ ਲਿੰਕ ਨਹਿਰ ਦੀ ਉਸਾਰੀ ਦੇ ਮੁੱਦੇ 'ਤੇ ਚੌਥੇ ਗੇੜ ਦੀ ਵਿਚੋਲਗੀ ਵਾਰਤਾ ਸੁਖਾਵੇਂ ਮਾਹੌਲ 'ਚ ਹੋਈ ਏ। ਪੰਜਾਬ ਵਿਧਾਨ ਸਭਾ ਇਜਲਾਸ ਨਸ਼ਿਆਂ ਦੇ ਮੁੱਦੇ ਨੂੰ ਕਿਸ ਤਣ-ਪੱਤਣ ਲਾਵੇਗਾ? ਹਜ਼ਾਰਾਂ ਸਵਾਲ ਹਨ। ਕਈ ਮੁੱਦਿਆਂ ਦਾ ਕੋਈ ਹੱਲ ਨਹੀਂ, ਸਿਰਫ ਸਿਆਸਤ ਹੋ ਰਹੀ ਹੈ, ਮੇਰਾ ਮਨ ਗੀਤ ਦੀ ਸਿਆਸਤ ਕਰਨ ਲਗਦਾ ਹੈ, 'ਭਲਾਂ ਜੋੜ ਸਕੂੰਗਾ ਕਿਹੜਾ/ਟਾਹਣੀਉਂ ਟੁੱਟਿਆਂ ਪੱਤਿਆਂ ਨੂੰ/ਕੋਈ ਮੋੜ ਲਿਆਵੋ ਹਾੜ੍ਹਾ ਈ ਓਏ! ਮੇਰੇ ਚੇਤਰ, ਕੱਤਿਆਂ ਨੂੰ/ਪਰ ਵਹਿਣ ਮੋੜਨਾ ਸੌਖਾ ਨਹੀਂ/ਚੰਨ, ਵਹਿ ਗਏ ਪਾਣੀ ਦਾ/ਤੈਨੂੰ ਤੱਕ ਕੇ ਚੇਤਾ ਆਉਣਾ ਯਾਦ ਪੁਰਾਣੀ ਦਾ।'

**ਸੰਪਰਕ : 98144 30874**

### ਤਸੀਹਿਆਂ ਦੇ ਖਿਲਾਫ਼ ਵਿਸ਼ਵ ਸੰਗਠਨਾਂ ਦੀ ਰਿਪੋਰਟ

# ਭਾਰਤ ਨੂੰ ਪੁਲਸ ਤਸੀਹਿਆਂ ਪੱਖੋਂ 'ਉੱਚ ਜੋਖਮ' ਵਾਲਾ ਮੁਲਕ ਕਰਾਰ ਦਿੱਤਾ

**ਐਡਗਰ ਕੈਸਰ, ਗ੍ਰੇਸ ਅਨੂ ਬੈਂਕੀਆ**

**ਅਨੁ. : ਬੂਟਾ ਸਿੰਘ ਮਹਿਮੂਦਪੁਰ**

ਸੰਯੁਕਤ ਰਾਸ਼ਟਰ ਦੇ ਤਸੀਹਾ ਪੀੜਤਾਂ ਦੀ ਹਮਾਇਤ ਵਿਚ ਅੰਤਰਰਾਸ਼ਟਰੀ ਦਿਵਸ 'ਤੇ, ਅਸੀਂ ਤਸੀਹਿਆਂ ਵਿਰੋਧੀ ਸੰਸਥਾਵਾਂ ਦੇ ਵਿਸ਼ਵਵਿਆਪੀ ਗੱਠਜੋੜ ਦੀ ਤਾਜ਼ਾ ਰਿਪੋਰਟ 'ਤੇ ਚਰਚਾ ਕਰ ਰਹੇ ਹਾਂ, ਜਿਸ ਨੇ ਭਾਰਤ ਨੂੰ ਸਮੁੱਚੇ ਤੌਰ 'ਤੇ 'ਉੱਚ ਜੋਖਮ' ਵਾਲਾ ਮੁਲਕ ਦੱਸਿਆ ਹੈ। ਤਸੀਹਿਆਂ ਦੇ ਖਿਲਾਫ਼ ਕਨਵੈਨਸ਼ਨ ਨੂੰ ਮਨਜ਼ੂਰੀ ਨਾ ਦੇਣ ਅਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (ਐੱਨ ਐੱਚ ਆਰ ਸੀ) ਦੇ ਦਰਜੇ ਵਿਚ ਕਮੀ ਦਰਮਿਆਨ, ਭਾਰਤ ਆਪਣੇ ਮਨੁੱਖੀ ਅਧਿਕਾਰ ਦਰਜੇ ਨੂੰ ਲੈ ਕੇ ਨਾਜ਼ੁਕ ਮੋੜ 'ਤੇ ਖੜ੍ਹਾ ਹੈ।

ਇਹ ਸਾਲ ਭਾਰਤੀ ਪੁਲਸ ਲਈ ਚੌਂਕਾਉਣ ਵਾਲਾ ਰਿਹਾ ਹੈ, ਕਈ ਰਿਪੋਰਟਾਂ ਨੇ ਉਨ੍ਹਾਂ ਦੇ ਗੈਰ-ਸੰਵਿਧਾਨਕ ਅਤੇ ਤਸੀਹੇ ਦੇਣ ਵਾਲੇ ਰਵੱਈਏ ਨੂੰ ਉਜਾਗਰ ਕੀਤਾ ਹੈ। 'ਭਾਰਤ ਵਿਚ ਪੁਲਿਸਿੰਗ ਦੀ ਸਥਿਤੀ 2025' ਰਿਪੋਰਟ ਵਿਚ ਪੁਲਸ ਅਧਿਕਾਰੀਆਂ ਦੇ ਤਸੀਹਿਆਂ ਬਾਰੇ ਰਵੱਈਏ ਬਾਰੇ ਚਿੰਤਾਜਨਕ ਡੇਟਾ ਪੇਸ਼ ਕੀਤਾ ਗਿਆ ਹੈ। ਰਿਪੋਰਟ ਅਨੁਸਾਰ, ਬਹੁਤੇ ਪੁਲਸ ਅਧਿਕਾਰੀ ਤਸੀਹਿਆਂ ਨੂੰ ਜਾਇਜ਼ ਠਹਿਰਾਉਂਦੇ ਹਨ ਅਤੇ ਪੁੱਛਗਿੱਛ ਤੇ ਜਾਂਚ ਦੌਰਾਨ ਇਸ ਦੀ ਵਰਤੋਂ ਨੂੰ ਸਵੀਕਾਰ ਕਰਦੇ ਹਨ। 'ਇੰਡੀਆ ਜਸਟਿਸ ਰਿਪੋਰਟ 2025' ਨੇ ਵੀ ਪੁਲਿਸਿੰਗ ਨਾਲ ਜੁੜੀਆਂ ਕਈ ਸਮੱਸਿਆਵਾਂ ਦਾ ਜ਼ਿਕਰ ਕੀਤਾ ਹੈ, ਜਿਵੇਂ ਕਿ ਭੀੜ-ਭੜੱਕੇ ਵਾਲੀਆਂ ਜੇਲ੍ਹਾਂ, ਔਰਤ ਪੁਲਸ ਅਧਿਕਾਰੀਆਂ ਦੀ ਕਮੀ ਅਤੇ ਨਿਆਂਪਾਲਿਕਾ ਦੀ ਤਰਸਯੋਗ ਹਾਲਤ।

ਕੋਲੰਬੀਆ ਲਾਅ ਸਕੂਲ ਦੇ ਹਿਊਮਨ ਰਾਈਟਸ ਇੰਸਟੀਚਿਊਟ ਦੀ ਇਕ ਤਾਜ਼ਾ ਰਿਪੋਰਟ ਵਿਚ ਖ਼ੁਲਾਸਾ ਹੋਇਆ ਹੈ ਕਿ ਭਾਰਤੀ ਰਾਜ ਮਸ਼ੀਨਰੀ ਵੱਲੋਂ ਪੱਤਰਕਾਰਾਂ ਦੇ ਖਿਲਾਫ਼ ਗੈਰ-ਕਾਨੂੰਨੀ ਹਿਰਾਸਤ, ਝੂਠੇ ਇਲਜ਼ਾਮ ਅਤੇ ਪ੍ਰੇਸ਼ਾਨ ਕਰਨ ਦੇ ਹੋਰ ਤਰੀਕਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੌਰਾਨ, ਵਰਲਡ ਆਰਗੇਨਾਈਜ਼ੇਸ਼ਨ ਅਗੇਂਸਟ ਟਾਰਚਰ (ਓ ਐੱਮ ਸੀ ਟੀ) ਦੁਆਰਾ ਜਾਰੀ 'ਗਲੋਬਲ ਟਾਰਚਰ ਇੰਡੈਕਸ 2025' ਨੇ ਭਾਰਤ ਨੂੰ ਪੁਲਸ ਤਸੀਹਿਆਂ ਦੇ ਵੱਖ-ਵੱਖ ਪਹਿਲੂਆਂ ਦੇ ਆਧਾਰ 'ਤੇ 'ਉੱਚ ਜੋਖਮ' ਵਾਲੇ ਮੁਲਕਾਂ ਦੀ ਸ਼੍ਰੇਣੀ ਵਿਚ ਰੱਖਿਆ ਹੈ।

**ਰਿਪੋਰਟ ਕੀ ਕਹਿੰਦੀ ਹੈ?**

ਓ ਐੱਮ ਸੀ ਟੀ, ਜੋ ਤਸੀਹਿਆਂ ਵਿਰੋਧੀ ਲਹਿਰ ਵਿਚ ਅਗਵਾਈ ਕਰ ਰਿਹਾ ਹੈ ਅਤੇ ਜਿਸ ਦੀਆਂ ਦੁਨੀਆ ਭਰ ਵਿਚ 200 ਤੋਂ ਵੱਧ ਸਹਿਯੋਗੀ ਜਥੇਬੰਦੀਆਂ ਹਨ, ਨੇ ਇਹ ਮਹੱਤਵਪੂਰਨ ਸੂਚੀ ਤਿਆਰ ਕੀਤੀ ਹੈ। ਭਾਰਤ ਵਿਚ ਤਸੀਹਿਆਂ ਦੇ ਖਿਲਾਫ਼ ਕੰਮ ਕਰ ਰਹੀ ਗੈਰ-ਸਰਕਾਰੀ ਜਥੇਬੰਦੀ ਪੀਪਲਜ਼ ਵਾਚ ਨੇ ਓ ਐੱਮ ਸੀ ਟੀ ਨਾਲ ਮਿਲ ਕੇ ਇਹ ਸੂਚੀ (ਇੰਡੈਕਸ) ਤਿਆਰ ਕੀਤਾ।

ਇਸ ਰਿਪੋਰਟ ਵਿਚ ਸ਼ੁਰੂ ਵਿਚ 26 ਮੁਲਕਾਂ ਦਾ ਵਿਸ਼ਲੇਸ਼ਣ ਕੀਤਾ ਗਿਆ, ਜਿਸ ਵਿਚ ਸੱਤ ਵਿਸ਼ੇ ਲਏ ਗਏ:

-ਤਸੀਹਿਆਂ ਦੇ ਖਿਲਾਫ਼ ਰਾਜਨੀਤਕ ਵਚਨਬੱਧਤਾ

-ਪੁਲਸੀ ਦਰਿੰਦਗੀ ਅਤੇ ਸੰਸਥਾਗਤ ਹਿੰਸਾ ਨੂੰ ਖਤਮ ਕਰਨਾ

-ਆਜ਼ਾਦੀ ਤੋਂ ਵਾਂਝੇ ਹੋਣ ਦੌਰਾਨ ਤਸੀਹਿਆਂ ਤੋਂ ਮੁਕਤੀ

-ਦੋਸ਼ਮੁਕਤੀ ਨੂੰ ਖਤਮ ਕਰਨਾ

-ਪੀੜਤਾਂ ਦੇ ਅਧਿਕਾਰ

-ਸਾਰਿਆਂ ਲਈ ਸੁਰੱਖਿਆ

-ਬਚਾਅ ਦਾ ਅਧਿਕਾਰ ਅਤੇ ਨਾਗਰਿਕ ਸਪੇਸ

ਇਨ੍ਹਾਂ ਸਾਰੇ ਸੱਤਾਂ ਵਿਸ਼ਿਆਂ ਦਾ ਵਿਸ਼ਲੇਸ਼ਣ ਕਰਕੇ ਮੁਲਕਾਂ ਨੂੰ 'ਘੱਟ ਜੋਖਮ' ਤੋਂ ਲੈ ਕੇ 'ਬਹੁਤ ਉੱਚ ਜੋਖਮ' ਦੇ ਪੈਮਾਨੇ 'ਤੇ ਮਾਪਿਆ ਗਿਆ। ਦੁਖਦਾਈ ਗੱਲ ਇਹ ਹੈ ਕਿ ਭਾਰਤ ਨੂੰ ਸਮੁੱਚੇ ਤੌਰ 'ਤੇ ਅਤੇ ਸੱਤ ਵਿਸ਼ਿਆਂ ਵਿੱਚੋਂ ਛੇ ਵਿਚ 'ਉੱਚ ਜੋਖਮ' ਵਾਲਾ ਮੁਲਕ ਦੱਸਿਆ ਗਿਆ ਹੈ, ਜਦੋਂ ਕਿ 'ਰਾਜਨੀਤਕ ਵਚਨਬੱਧਤਾ' ਦੇ ਮਾਮਲੇ ਵਿਚ ਇਸ ਨੂੰ 'ਕਾਫ਼ੀ ਜੋਖਮ' ਵਾਲਾ ਦਰਜਾ ਦਿੱਤਾ ਗਿਆ ਹੈ।

ਇੰਡੈਕਸ ਦੀ ਫੈਕਟ ਸ਼ੀਟ ਵਿਚ ਭਾਰਤ ਦੇ ਕੁਝ ਬਦਨਾਮ ਮਾਮਲਿਆਂ 'ਤੇ ਧਿਆਨ ਦਿੱਤਾ ਗਿਆ ਹੈ, ਜਿਵੇਂ ਕਿ ਜੀ.ਐੱਨ. ਸਾਈਬਾਬਾ ਦੀ ਮੌਤ, ਜੋ 90 ਫੀਸਦੀ ਅਪਾਹਜ ਹੋਣ ਦੇ ਬਾਵਜੂਦ ਦਸ ਸਾਲ ਤੱਕ ਜੇਲ੍ਹ ਵਿਚ ਬਿਨਾਂ ਢੁਕਵੀਆਂ ਸਹੂਲਤਾਂ ਦੇ ਰਹੇ ਅਤੇ ਕਸ਼ਮੀਰ ਦੇ ਕਾਰਕੁੰਨ ਖ਼ੁਰਮ ਪਰਵੇਜ਼ ਨੂੰ ਬਿਨਾਂ ਮੁਕੱਦਮੇ ਦੇ ਹਿਰਾਸਤ ਵਿਚ ਰੱਖਣ ਦਾ ਮਾਮਲਾ। ਇਹ ਰਿਪੋਰਟ ਬਿਨਾਂ ਕਿਸੇ ਲਿਹਾਜ਼ ਦੇ ਭਾਰਤ ਦੀ ਹਾਲਤ 'ਤੇ ਰੌਸ਼ਨੀ ਪਾਉਂਦੀ ਹੈ ਅਤੇ ਇਸ 'ਤੇ ਤੁਰੰਤ ਧਿਆਨ ਦੇਣ ਦੀ ਲੋੜ 'ਤੇ ਜ਼ੋਰ ਦਿੰਦੀ ਹੈ। ਜਨੇਵਾ ਵਿਚ ਚੱਲ ਰਹੀ 59ਵੀਂ ਮਨੁੱਖੀ ਅਧਿਕਾਰ ਕੌਂਸਲ ਦੀ ਮੀਟਿੰਗ ਦੌਰਾਨ ਜਾਰੀ ਇਸ ਰਿਪੋਰਟ ਨੇ ਭਾਰਤ ਦੀ ਅਪਰਾਧਿਕ ਨਿਆਂ ਪ੍ਰਣਾਲੀ ਦੇ ਜ਼ਖ਼ਮਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉਜਾਗਰ ਕੀਤਾ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਨੇ ਅਜੇ ਤੱਕ ਸੰਯੁਕਤ ਰਾਸ਼ਟਰ ਕਨਵੈਨਸ਼ਨ ਅਗੇਂਸਟ ਟਾਰਚਰ (ਸੀ ਏ ਟੀ), ਇਸ ਦੇ ਬਦਲਵੇਂ ਪ੍ਰੋਟੋਕੋਲ ਅਤੇ ਦੂਜੇ ਬਦਲਵੇਂ ਪ੍ਰੋਟੋਕੋਲ ਨੂੰ ਮਨਜ਼ੂਰੀ ਨਹੀਂ ਦਿੱਤੀ ਹੈ, ਜਿਸ ਦੀ ਮੰਗ ਕਈ ਸਾਲਾਂ ਤੋਂ ਕਾਰਕੁੰਨਾਂ ਅਤੇ ਸਿਵਲ ਸੋਸਾਇਟੀ ਜਥੇਬੰਦੀਆਂ ਵੱਲੋਂ ਕੀਤੀ ਜਾ ਰਹੀ ਹੈ। ਇਸ ਕਨਵੈਨਸ਼ਨ ਨੂੰ ਨਾ ਮਨਜ਼ੂਰ ਕਰਨ ਨਾਲ ਦੋਸ਼ੀਆਂ ਲਈ ਸਜ਼ਾ ਤੋਂ ਬਚਣਾ ਸੌਖਾ ਹੋ ਜਾਂਦਾ ਹੈ।

ਪੀਪਲਜ਼ ਵਾਚ ਦੇ ਕਾਰਜਕਾਰੀ ਨਿਰਦੇਸ਼ਕ ਹੈਨਰੀ ਟਿਫੈਗਨੇ ਨੇ ਜਨੇਵਾ ਵਿਚ ਇਕ ਅੰਤਰਰਾਸ਼ਟਰੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਭਾਰਤ ਵਿਚ ਮਨੁੱਖੀ ਅਧਿਕਾਰ ਸੰਸਥਾਵਾਂ ਦੀ ਗਿਣਤੀ ਸਭ ਤੋਂ ਵੱਧ (169) ਹੋਣ ਦੇ ਬਾਵਜੂਦ, ਅੱਜ ਤੱਕ ਇਕ ਵੀ ਪੁਲਸ ਅਧਿਕਾਰੀ ਨੂੰ ਕਾਮਯਾਬੀ ਨਾਲ ਦੋਸ਼ੀ ਨਹੀਂ ਠਹਿਰਾਇਆ ਗਿਆ ਹੈ।

**ਭਾਰਤ ਵਿਚ ਮਨੁੱਖੀ ਅਧਿਕਾਰ ਸੰਸਥਾਵਾਂ ਦੀ ਨਾਕਾਮੀ**

ਰਿਪੋਰਟ ਵਿਚ ਭਾਰਤ ਵਿਚ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਪਤਨ ਦੇ ਕੁਝ ਸਪੱਸ਼ਟ ਸੰਕੇਤ ਦਰਜ ਕੀਤੇ ਗਏ ਹਨ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (ਐੱਨ ਐੱਚ ਆਰ ਸੀ) ਨੇ 2023 ਵਿਚ 2,400 ਅਤੇ 2024 ਵਿਚ 2,739 ਹਿਰਾਸਤ ਵਿਚ ਮੌਤਾਂ ਦੇ ਮਾਮਲੇ ਦਰਜ ਕੀਤੇ ਹਨ, ਜੋ ਮੁਲਕ ਵਿਚ ਕੈਦੀਆਂ ਦੀ ਬਦਤਰ ਹੋ ਰਹੀ ਹਾਲਤ ਵੱਲ ਇਸ਼ਾਰਾ ਕਰਦੇ ਹਨ।

2022 ਵਿਚ ਕੁਲ 1,995 ਕੈਦੀਆਂ ਦੀਆਂ ਮੌਤਾਂ ਵਿੱਚੋਂ 195 ਮੌਤਾਂ ਨਿਆਂਇਕ ਹਿਰਾਸਤ ਵਿਚ ਅਸਾਧਾਰਨ ਹਾਲਤਾਂ ਵਿਚ ਹੋਈਆਂ। ਪੀੜਤਾਂ ਲਈ ਮਨੋਵਿਗਿਆਨਕ ਜਾਂ ਡਾਕਟਰੀ ਸਹਾਇਤਾ ਅਤੇ ਨਿਆਂ ਤੱਕ ਪਹੁੰਚ ਦੀ ਕਮੀ ਨੂੰ ਵੀ ਉਜਾਗਰ ਕੀਤਾ ਗਿਆ ਹੈ, ਜਿੱਥੇ 25 ਫੀਸਦੀ ਤੋਂ ਵੀ ਘੱਟ ਪੀੜਤਾਂ ਨੂੰ ਵਿੱਤੀ ਮੁਆਵਜ਼ਾ ਮਿਲਦਾ ਹੈ ਅਤੇ ਉਹ ਵੀ ਅਕਸਰ ਨਾਕਾਫ਼ੀ ਹੁੰਦਾ ਹੈ।

ਤਸੀਹਾ ਪੀੜਤਾਂ ਲਈ ਕੋਈ ਵਿਸ਼ੇਸ਼ ਕਾਨੂੰਨ ਨਾ ਹੋਣ ਕਾਰਨ ਉਨ੍ਹਾਂ ਨੂੰ ਨਿਆਂ ਮਿਲਣ ਦੀ ਸੰਭਾਵਨਾ ਬਹੁਤ ਘੱਟ ਹੈ। ਇੰਡੈਕਸ ਦੇ 'ਸਾਰਿਆਂ ਲਈ ਸੁਰੱਖਿਆ' ਵਿਸ਼ੇ ਵਿਚ ਔਰਤਾਂ ਅਤੇ ਬੱਚਿਆਂ ਲਈ ਸੁਰੱਖਿਆ ਵਿਚ ਕਮੀ ਨੂੰ ਉਜਾਗਰ ਕੀਤਾ ਗਿਆ ਹੈ, ਜਿੱਥੇ ਲਿੰਗਕ ਹਿੰਸਾ ਦੇ ਮਾਮਲਿਆਂ ਵਿਚ ਅਦਾਲਤਾਂ ਪੀੜਤਾਂ ਨੂੰ ਦੋਸ਼ ਦਿੰਦੀਆਂ ਹਨ ਅਤੇ 'ਬਚੇ ਹੋਏ ਲੋਕਾਂ 'ਤੇ ਸਬੂਤ ਦਾ ਅਣਉਚਿਤ ਬੋਝ ਪਾਉਂਦੀਆਂ ਹਨ।' ਨਾਲ ਹੀ, ਬਾਲ ਵਿਆਹ ਅਤੇ ਬੰਧੂਆ ਮਜ਼ਦੂਰੀ ਵਰਗੀਆਂ ਸਮੱਸਿਆਵਾਂ ਵੀ ਵਧ ਰਹੀਆਂ ਹਨ। ਮਨੀਪੁਰ ਵਿਚ ਹਿੰਸਾ, ਜਿੱਥੇ ਸੁਰੱਖਿਆ ਬਲਾਂ ਦੁਆਰਾ 260 ਲੋਕਾਂ ਦੀ ਹੱਤਿਆ ਅਤੇ 60,000 ਲੋਕਾਂ ਦੇ ਉਜਾੜੇ ਦਾ ਜ਼ਿਕਰ ਵੀ ਰਿਪੋਰਟ ਵਿਚ ਕੀਤਾ ਗਿਆ ਹੈ।

ਇੰਡੈਕਸ ਵਿਚ ਤਸੀਹਿਆਂ ਅਤੇ ਦੁਰਵਿਹਾਰ ਦੇ ਡੇਟਾ ਦੀ ਪਾਰਦਰਸ਼ਤਾ ਦੀ ਕਮੀ ਨੂੰ ਵੀ ਉਜਾਗਰ ਕੀਤਾ ਗਿਆ ਹੈ ਅਤੇ ਭਾਰਤ ਨੂੰ 'ਛੁਪਾਇਆ ਗਿਆ' (concealed) ਸ਼੍ਰੇਣੀ ਵਿਚ ਰੱਖਿਆ ਗਿਆ ਹੈ, ਜੋ 'ਦਬਾਊ' (suppressive) ਦੇ ਨੇੜੇ ਹੈ। ਪੁਲਸ ਸਟੇਸ਼ਨਾਂ ਵਿਚ ਸੀ ਸੀ ਟੀ ਵੀ ਲਗਾਉਣ ਬਾਰੇ ਸੁਪਰੀਮ ਕੋਰਟ ਦੇ ਪਰਮਵੀਰ ਸਿੰਘ ਬਨਾਮ ਬਲਜੀਤ ਸਿੰਘ (2020) ਦੇ ਫ਼ੈਸਲੇ ਦੇ ਬਾਵਜੂਦ, ਰਿਪੋਰਟ ਅਨੁਸਾਰ 2,701 ਪੁਲਸ ਥਾਣਿਆਂ ਵਿਚ ਅਜੇ ਵੀ ਸੀ ਸੀ ਟੀ ਵੀ ਨਹੀਂ ਲੱਗੇ ਹਨ।

ਇੰਡੈਕਸ ਵਿਚ ਗਲੋਬਲ ਅਲਾਇੰਸ ਆਫ ਨੈਸ਼ਨਲ ਹਿਊਮਨ ਰਾਈਟਸ ਇੰਸਟੀਚਿਊਸ਼ਨਜ਼ (ਜੀ ਏ ਐੱਨ ਐੱਚ ਆਰ ਆਈ) ਦੁਆਰਾ ਮਾਰਚ ਵਿਚ ਹੋਏ 45ਵੇਂ ਸੈਸ਼ਨ ਵਿਚ ਐੱਨ ਐੱਚ ਆਰ ਸੀ ਨੂੰ 'ਏ' ਤੋਂ 'ਬੀ' ਸ਼੍ਰੇਣੀ ਵਿਚ ਘਟਾਉਣ ਦੀ ਸਿਫ਼ਾਰਸ਼ ਦਾ ਵੀ ਜ਼ਿਕਰ ਕੀਤਾ ਗਿਆ ਹੈ। ਮਨੁੱਖੀ ਅਧਿਕਾਰਾਂ ਦੇ ਪਹਿਰੇਦਾਰਾਂ ਦੇ ਖਿਲਾਫ਼ 'ਨਿਆਂਇਕ ਪ੍ਰੇਸ਼ਾਨੀ, ਮਨਮਰਜ਼ੀ ਨਾਲ ਹਿਰਾਸਤ ਵਿਚ ਰੱਖਣ ਅਤੇ ਝੂਠੇ ਇਲਜ਼ਾਮ' ਅਤੇ ਆਦਿਵਾਸੀਆਂ ਨੂੰ ਤਸੀਹੇ ਦੇਣ ਵਰਗੇ ਮਾਮਲਿਆਂ ਕਾਰਨ ਭਾਰਤ ਨੂੰ 'ਉੱਚ ਜੋਖਮ' ਵਾਲਾ ਮੁਲਕ ਮੰਨਿਆ ਗਿਆ ਹੈ।

**ਸਰਕਾਰ ਅਤੇ ਨਿਆਂਪਾਲਿਕਾ ਨੇ ਹੁਣ ਤੱਕ ਕੀ ਕੀਤਾ ਹੈ?**

ਸਰਕਾਰ ਦੀ ਤਸੀਹਿਆਂ ਦੇ ਖਿਲਾਫ਼ ਲੜਾਈ ਵਿਚ ਢਿੱਲ 1997 ਵਿਚ ਹੀ ਸੀ ਏ ਟੀ ਨੂੰ ਮਨਜ਼ੂਰੀ ਦੇਣ ਦੇ ਵਾਅਦੇ ਤੋਂ ਸਪੱਸ਼ਟ ਹੈ, ਪਰ ਅੱਜ ਤੱਕ ਇਸ ਨੂੰ ਪੂਰਾ ਨਹੀਂ ਕੀਤਾ ਗਿਆ। 26 ਜੂਨ 2000 (ਤਸੀਹਿਆਂ ਵਿਰੋਧੀ ਅੰਤਰਰਾਸ਼ਟਰੀ ਦਿਵਸ) ਨੂੰ ਤਤਕਾਲੀਨ ਐੱਨ ਐੱਚ ਆਰ ਸੀ ਚੇਅਰਮੈਨ ਜਸਟਿਸ ਜੇ.ਐੱਸ. ਵਰਮਾ ਨੇ ਸਰਕਾਰ ਤੋਂ ਇਸ ਨੂੰ ਮਨਜ਼ੂਰੀ ਦੇਣ ਦੀ ਮੰਗ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਜੀਵਨ ਅਨੁਭਵ ਦਾ ਸੰਵੇਦਨਮਈ ਕੈਨਵਸ ਸਿਰਜਦੀ ਸ਼ਾਇਰੀ

ਫੋਕਸ

ਚਰਚਾ ਇਕ ਪੁਸਤਕ ਦੀ

ਅਰਵਿੰਦਰ ਕੌਰ ਕਾਕੜਾ






## ਇਸ ਧਰਤੀ 'ਤੇ ਰਹਿੰਦਿਆਂ

(ਕਾਵਿ ਪੁਸਤਕ)
ਅਮਰਜੀਤ ਕੌਂਕੇ
ਪੰਨੇ : 160, ਕੀਮਤ : 300 ਰੁਪਏ
ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ

ਕਵਿਤਾ ਇੱਕ ਮਾਨਵੀ ਸਿਰਜਣਾ ਹੁੰਦੀ ਹੋਈ ਆਪਣੀ ਸਮਾਜਿਕ ਹੋਂਦ ਰੱਖਦੀ ਹੈ। ਸਮੇਂ ਅਤੇ ਸਮਾਜ ਦੇ ਬਦਲਾਓ ਦੇ ਨਾਲ-ਨਾਲ ਕਵਿਤਾ ਅੰਦਰ ਵਿੱਚ ਬਦਲਾਵ ਆਉਂਦਾ ਰਹਿੰਦਾ ਹੈ।ਇਹ ਬਦਲਾਅ ਕਿਸ ਦਿਸ਼ਾ ਦੀ ਪੈਰਵੀ ਕਰਦਾ ਹੈ, ਇਹ ਕਵੀ ਦੀ ਦ੍ਰਿਸ਼ਟੀ 'ਤੇ ਅਨੁਭਵੀ ਗਹਿਰਾਈ 'ਤੇ ਨਿਰਭਰ ਕਰਦਾ ਹੈ। ਅੱਜ ਉਥਲ-ਪੁਥਲ ਦੇ ਦੌਰ ਵਿੱਚ ਕਵਿਤਾ ਦੀ ਭੂਮਿਕਾ ਕਿਸ ਰੂਪ ਵਿੱਚ ਉੱਘੜਦੀ ਹੈ, ਪੁਸਤਕ ਦਾ ਮੁਲਾਂਕਣ ਕਰਦਿਆਂ ਇਹ ਪੱਖ ਧਿਆਨ ਗੋਚਰੇ ਹੁੰਦੇ ਹਨ ।ਅੱਜ ਕਵਿਤਾ ਦੇ ਨਾਂਅ ਦੇ ਅਕਵਿਤਾ ਦੇ ਭੀੜਤੰਤਰ ਤੋਂ ਮੁਕਤ ਹੋ ਕੇ ਸ਼ਾਇਰੀ ਅੰਦਰਲੀ ਕਾਵਿਕਤਾ ਨੂੰ ਜਿਉਂਦੇ ਰੱਖਣ ਦਾ ਸੁਆਲ ਕਵੀਆਂ ਸਾਹਮਣੇ ਖੜਾ ਹੈ। ਕਵੀ ਨੇ ਕਵਿਤਾ ਨੂੰ ਜਿੱਥੇ ਸਮੇਂ ਦੇ ਹਾਣ ਦਾ ਕਰਨਾ ਹੁੰਦਾ ਹੈ, ਉੱਥੇ ਮਨੁੱਖੀ ਫ਼ਿਤਰਤ ਦੇ ਕੋਝੇਪਨ ਨੂੰ ਚਿਤਰਦਿਆਂ ਉਸ ਪਿਛਲੀ ਜੜ੍ਹ ਦੀ ਨਿਸ਼ਾਨਦੇਹੀ ਦਾ ਸੰਕੇਤ ਕਰਨਾ ਵੀ ਜ਼ਰੂਰੀ ਬਣ ਜਾਂਦਾ ਹੈ।ਕਵਿਤਾ ਅੰਦਰਲੀ ਬੋਲਦੀ ਕਵਿਤਾ ਪਾਠਕਾਂ ਨਾਲ ਗਹਿਰਾ ਸੰਬੰਧ ਬਣਾ ਲੈਂਦੀ ਹੈ। ਜੇਕਰ ਕਵੀ ਸਮੇਂ ਦੀ ਤੋਰ ਤੋਂ ਪਾਠਕਾਂ ਨੂੰ ਜਾਣੂ ਕਰਵਾਉਣ ਦੀ ਪੂਰਨ ਸਮਰੱਥਾ ਰੱਖਦਾ ਹੋਵੇ ਤੇ ਆਪਣੀ ਪੇਸ਼ਕਾਰੀ ਵਿੱਚ ਵੀ ਸਪੱਸ਼ਟ ਹੋਵੇ ।ਇਸ ਦਾਇਰੇ ਵਿੱਚ ਸ਼ਾਮਲ ਅਮਰਜੀਤ ਕੌਂਕੇ ਇੱਕ ਚਰਚਿਤ ਹਸਤਾਖ਼ਰ ਹੈ।ਉਹ ਕਵਿਤਾ ਦੇ ਨਾਲ-ਨਾਲ ਸਮਰੱਥ ਅਨੁਵਾਦਕ ਤੇ ਸੰਪਾਦਕ ਵੀ ਹੈ।ਉਹ ਪੰਜਾਬੀ ਅਤੇ ਹਿੰਦੀ, ਅੰਗਰੇਜ਼ੀ ਵਿੱਚ ਰਚੀਆਂ ਅਨੇਕਾਂ ਪੁਸਤਕਾਂ ਦਾ ਅਨੁਵਾਦ ਕਰ ਚੁੱਕਾ ਹੈ।ਉਸ ਨੇ ਬਾਲ ਸਾਹਿਤ ਵੀ ਲਿਖਿਆ ਹੈ।ਉਹ 'ਸਰੋਕਾਰ' ਮੈਗਜ਼ੀਨ ਦਾ ਸੰਪਾਦਕ ਵੀ ਰਿਹਾ ਹੈ ਤੇ 2003 ਤੋਂ ਮਿਆਰੀ ਪੰਜਾਬੀ ਮੈਗਜ਼ੀਨ 'ਪ੍ਰਤਿਮਾਨ' ਪਾਠਕਾਂ ਦੇ ਸਨਮੁੱਖ ਕਰ ਰਿਹਾ ਹੈ। ਉਸ ਨੇ ਅਨੇਕਾਂ ਆਲੋਚਨਾਤਮਕ ਨਿਬੰਧਾਂ ਦੀਆਂ ਪੁਸਤਕਾਂ ਵੀ ਸੰਪਾਦਿਤ ਕੀਤੀਆਂ ਹਨ, ਪਰ ਕਵਿਤਾ ਦੇ ਨਾਲ ਉਸ ਦਾ ਗਹਿਰਾ ਨਾਤਾ ਹੈ, ਇਸ ਲਈ ਉਸ ਨੇ ਪੰਜਾਬੀ ਦੇ ਨਾਲ-ਨਾਲ ਹਿੰਦੀ ਵਿੱਚ ਵੀ ਬਹੁਤ ਸਾਰੀਆਂ ਕਾਵਿ ਪੁਸਤਕਾਂ ਨਾਲ ਆਪਣੀ ਸਪੇਸ ਹਾਸਲ ਕੀਤੀ ਹੈ। 'ਦਾਇਰਿਆਂ ਦੀ ਕਬਰ 'ਚੋਂ' ਸਾਂਝਾ ਕਾਵਿ ਸੰਗ੍ਰਹਿ ਦੀ ਸ਼ੁਰੂਆਤ ਤੋਂ ਬਾਅਦ ਉਸ ਦੀ ਮੌਲਿਕ ਲਿਖਤਾਂ 'ਨਿਰਵਾਣ ਦੀ ਤਲਾਸ਼ 'ਚ', 'ਦਵੰਤ ਕਥਾ', 'ਯਕੀਨ', 'ਸ਼ਬਦ ਰਹਿਣਗੇ ਕੋਲ', 'ਸਿਮਰਤੀਆਂ ਦੀ ਲਾਲਟੈਨ', 'ਪਿਆਸ' ਤੇ 'ਚੋਣਵੀਂ ਕਵਿਤਾ' ਨਾਲ ਹਾਜ਼ਰੀ ਲੱਗਦੀ ਰਹੀ ਹੈ।ਉਹ ਲਗਾਤਾਰ ਆਪਣੀ ਸਿਰਜਣਾ ਵਿੱਚ ਕਾਰਜਸ਼ੀਲ ਹੈ।ਉਸ ਦੀਆਂ ਕਵਿਤਾਵਾਂ ਵਿਚਲੀ ਡੂੰਘਾਈ ਜੋ ਬਹੁਪਰਤੀ ਸਰੋਕਾਰਾਂ ਨੂੰ ਕਲਾਵੇ ਵਿੱਚ ਲੈ ਕੇ ਆਪਣਾ ਵੱਖਰਾ ਮੁਹਾਂਦਰਾ ਸਿਰਜਦੀ ਹੈ।ਉਹ ਕਵਿਤਾ ਦੇ ਮਿਆਰ ਨੂੰ ਬਰਕਰਾਰ ਰੱਖਣ ਦਾ ਵੀ ਚਾਹਵਾਨ ਹੈ।ਇਸ ਲਈ ਉਹ ਧੜਾਧੜ ਪੁਸਤਕਾਂ ਛਪਵਾਉਣ ਦੀ ਕਾਹਲ ਤੋਂ ਵੀ ਮੁਕਤ ਹੋ ਕੇ ਆਪਣੀ ਰਚਨਾ ਪ੍ਰਤੀ ਸੁਹਿਰਦਤਾ ਰੱਖਦਾ ਹੈ।ਉਹ ਆਲੇ-ਦੁਆਲੇ ਵਾਪਰ ਰਹੇ ਹਰ ਘਟਨਾਕ੍ਰਮ ਨੂੰ ਅੱਖੋਂ ਓਹਲੇ ਕਰਨ ਦੀ ਬਜਾਏ ਉਸ ਪ੍ਰਤੀ ਪੜਚੋਲ ਕਰਦਿਆਂ ਆਪਣੀ ਕਵਿਤਾ ਦੇ ਨਕਸ਼ ਵਾਹੁੰਦਾ ਹੋਇਆ ਸ਼ਬਦਾਂ ਨਾਲ ਗੁਫ਼ਤਗੂ ਕਰਦਾ ਹੈ।ਉਹ ਆਪਣੇ ਖਿਆਲਾਂ ਤੇ ਭਾਵਾਂ ਨੂੰ ਕਾਵਿਕ ਰੂਪ ਵਿੱਚ ਸਕਾਰਿਤ ਕਰਨ ਤੋਂ ਪਹਿਲਾਂ ਸਵੈ ਮੂਲਕ ਪਰਿਕਰਮਾ ਅੰਦਰ ਕਵਿਤਾ ਦੀ ਆਵਾਜ਼ ਨੂੰ ਨਿਹਾਰਦਾ ਹੈ।ਏਹੀ ਕਾਰਨ ਹੈ ਉਹ ਭਾਵੇਂ ਘੱਟ ਲਿਖਦਾ ਹੈ, ਪਰ ਉਸ ਦੀ ਸ਼ਾਇਰੀ ਉਸ ਦੇ ਅਨੁਭਵਾਂ ਦਾ ਅਜਿਹਾ ਪ੍ਰਗਟਾਵਾ ਬਣਦੀ ਹੈ, ਜੋ ਪਰਵਾਜ਼ ਭਰਦੀ ਕਵੀ ਦੇ ਆਤਮ ਨੂੰ ਮੁਕਤ ਕਰ ਬਾਹਰੀ ਸੰਸਾਰ ਵਿੱਚ ਪ੍ਰਵੇਸ਼ ਕਰਦੀ ਹੈ। ਸ਼ਾਇਰੀ ਦੇ ਪਾਠਕ ਅਜਿਹੀ ਕਵਿਤਾ ਦੀ ਉਡੀਕ ਕਰਦੇ ਪੜ੍ਹਨ ਲਈ ਉਤਾਵਲੇ ਰਹਿੰਦੇ ਹਨ। 12 ਵਰ੍ਹਿਆਂ ਦੇ ਲੰਮੇ ਅਰਸੇ ਬਾਅਦ ਕਵੀ ਆਪਣੀ ਪੁਸਤਕ 'ਇਸ ਧਰਤੀ 'ਤੇ ਰਹਿੰਦਿਆਂ' ਰੂਬਰੂ ਕਰਦਾ ਹੋਇਆ ਆਪਣੀ ਸ਼ਾਇਰੀ ਦੀ ਅਗਲੀ ਪੁਲਾਂਘ ਪੁੱਟਦਾ ਹੈ। ਕਵਿਤਾ ਅੰਦਰਲੇ ਅਹਿਸਾਸ ਸਵੈ ਤੋਂ ਪਾਰ ਦੀ ਹੱਦ ਵਿੱਚ ਇਸ ਤਰ੍ਹਾਂ ਸਮਾਉਂਦੇ ਹਨ ਕਿ ਕਵਿਤਾ ਅੰਦਰ ਹੋਰਾਂ ਦੀ ਜ਼ਿੰਦਗੀ ਵੀ ਧੜਕਣ ਲੱਗਦੀ ਹੈ।ਅਜਿਹਾ ਕੁਝ ਅਮਰਜੀਤ ਕੌਂਕੇ ਦੇ ਨਵੇਂ ਕਾਵਿ ਸੰਗ੍ਰਹਿ 'ਇਸ ਧਰਤੀ 'ਤੇ ਰਹਿੰਦਿਆਂ' ਵਿੱਚੋਂ ਗੁਜ਼ਰਦਿਆਂ ਅਹਿਸਾਸ ਹੋਇਆ।ਇਸ ਕਾਵਿ ਸੰਗ੍ਰਹਿ ਵਿਚ 71 ਕਵਿਤਾਵਾਂ ਵਿਭਿੰਨ ਸਰੋਕਾਰਾਂ ਨੂੰ ਅਜਿਹੀ ਕਾਵਿ ਰੰਗਤ ਦਿੰਦੀਆਂ ਹਨ, ਜੋ ਕਿਤੇ ਸਮੇਂ ਦਾ ਪ੍ਰਤੀਕਰਮ ਹੈ।ਇਹ ਕਵਿਤਾਵਾਂ ਅਜੋਕੇ ਜੀਵਨ ਵਰਤਾਰੇ ਵਿਚਲੀ ਕਸ਼ਮਕਸ਼ ਅੰਦਰ ਇੱਕ ਚਿੰਤਨੀ ਅਲਾਪ ਛੇੜਦੀਆਂ ਮਹਿਸੂਸ ਹੁੰਦੀਆਂ ਹਨ।

ਇਸ ਪੁਸਤਕ ਵਿਚਲੇ ਕਾਵਿ ਦੀਆਂ ਅਨੇਕਾਂ ਪਰਤਾਂ ਅੰਦਰਲੇ ਤੇ ਬਾਹਰਲੇ ਸੰਸਾਰ ਨੂੰ ਥਾਹ ਪਾਉਣ ਦੀ ਸਮਰੱਥਾ ਰੱਖਦੀਆਂ ਹਨ।ਇਸ ਵਿਚਲੀ ਸੰਵਾਦਕ ਧੁਨੀ ਯਥਾਰਥ, ਚਿੰਤਾ, ਚਿੰਤਨ ਤੇ ਮੁਹੱਬਤ ਦੀਆਂ ਵੱਖੋ-ਵੱਖਰੀਆਂ ਸੁਰਾਂ ਦਾ ਅਜਿਹਾ ਕਾਵਿ ਕੈਨਵਸ ਸਿਰਜਦੀ ਹੈ, ਇਸ ਅੰਦਰ ਅਤੀਤ ਤੇ ਵਰਤਮਾਨ ਦੇ ਪ੍ਰਛਾਵੇਂ ਆਪ-ਮੁਹਾਰੇ ਉਜਾਗਰ ਹੁੰਦੇ ਹਨ। ਇੱਕ ਸਫ਼ਲ ਕਵੀ ਦਾ ਨਕਸ਼ ਦਿਖਾਉਂਦੀ ਇਹ ਕਵਿਤਾ ਮਨੁੱਖੀ ਸੰਵੇਦਨਾਵਾਂ ਦੀ ਅਹਿਮੀਅਤ ਨੂੰ ਕਈ ਕੋਣਾਂ ਤੋਂ ਅਭਿਵਿਅਕਤ ਕਰਦੀ ਹੈ।ਇਸ ਕਵਿਤਾ ਦੀ ਮੁੱਖ ਧੁਨੀ ਮਾਨਵੀ ਅਹਿਸਾਸਾਂ 'ਤੇ ਕੇਂਦਰਤ ਹੋ ਕੇ ਮਨੁੱਖ ਅੰਦਰਲੇ ਤੇ ਬਾਹਰਲੇ ਸੰਸਾਰ ਦੇ ਅਲੁਕਵੇਂ/ਲੁਕਵੇਂ ਪ੍ਰਛਾਵਿਆਂ ਨਾਲ ਰਾਬਤਾ ਰੱਖਣ ਦਾ ਕਾਵਿ ਕਰਮ ਨਿਭਾਉਂਦੀ ਹੈ।ਇਹੀ ਵਜ੍ਹਾ ਹੈ ਕਿ ਇਹ ਕਵਿਤਾ ਮਨੁੱਖੀ ਜੀਵਨ ਦੀਆਂ ਵਿਰਲੀਆਂ ਕਤਾਰਾਂ ਨੂੰ ਪੂਰਿਤ ਕਰਨ ਦਾ ਇੱਕ ਸੁਪਨਾ ਜਗਾਉਂਦੀ ਹੈ।ਯਥਾਰਥ ਦੇ ਕੁਹਜ ਨੂੰ ਖ਼ਤਮ ਕਰਨ ਦੀ ਉਮੀਦ ਪੈਦਾ ਕਰਦੀ ਇਹ ਕਵਿਤਾ ਬੁਝੇ ਹੋਏ ਰਾਹਾਂ ਨੂੰ ਸੁਰਜੀਤ ਕਰਨ ਲਈ ਤੱਤਪਰ ਹੈ।ਕਵੀ ਅੰਦਰਲੀ ਫਿਕਰਮੰਦੀ ਉਸ ਨੂੰ ਚਿੰਤਨ ਦੀ ਅਵਸਥਾ ਵਿੱਚ ਲੈ ਜਾਂਦੀ ਹੈ।ਇਸ ਅਮਾਨਵੀ ਵਰਤਾਰੇ ਨੇ ਮਨੁੱਖ ਤੇ ਸਮਾਜ ਦਾ ਕੀ ਕੁਝ ਬਰਬਾਦ ਕੀਤਾ ਹੈ, ਇਸ ਬਰਬਾਦੀ ਦੇ ਬਰਕਰਾਰੀ ਵਹਾਅ ਵਿੱਚ ਮਾਨਵ ਹਿੱਤੀ ਬਦਲਾਅ ਦੀ ਚਾਹਤ ਕਰਦਾ ਕਵੀ ਆਪਣੇ ਖੋਹੇ ਪਲਾਂ ਨੂੰ ਮਹਿਸੂਸਦਾ ਦੁਖੀ ਹੁੰਦਾ ਹੈ।ਇਹ ਸੱਚ ਹੈ ਕਿ ਸਮਾਂ ਗਤੀਸ਼ੀਲ ਹੈ, ਪਰ ਵੇਖਣਾ ਇਹ ਜ਼ਰੂਰੀ ਹੈ ਤਬਦੀਲੀ ਦੀ ਦਿਸ਼ਾ ਮਾਨਵ ਹਿਤੈਸ਼ੀ ਹੈ ਜਾਂ ਨਹੀਂ । ਸਮਾਜ ਦਾ ਵਿਨਾਸ਼ਕਾਰੀ ਕੁਹਰਾਮ ਕਵੀ ਨੂੰ ਹੀ ਨਹੀਂ, ਬਲਕਿ ਹਰ ਚੇਤੰਨਮਈ ਮਨੁੱਖ ਨੂੰ ਵੀ ਝੰਜੋੜ ਰਿਹਾ ਹੈ ਕਿ ਸੱਤਾਧਾਰੀ ਜਮਾਤ ਦੁਆਰਾ ਦੇਸ਼ ਦੇ ਵਿਕਾਸ ਦੇ ਭਰਮਾਊ ਵਾਅਦੇ ਇੱਕਪਾਸੜ ਸਾਬਤ ਹੋ ਰਹੇ ਹਨ।ਇਸ ਮੁਨਾਫ਼ਾ ਕੇਂਦਰਤ ਪ੍ਰਬੰਧ ਨੇ ਹਵਾ, ਪਾਣੀ, ਧਰਤ, ਜੰਗਲ ਆਦਿ ਸਭ ਨੂੰ ਤਬਾਹ ਕਰ ਦਿੱਤਾ ਹੈ। ਅਜਿਹੇ ਵਰਤਾਰੇ ਦਾ ਅਨੁਭਵ ਕਰਦਾ ਕਵੀ ਮਨੋਬਚਨੀ ਧੁਨੀ ਰਾਹੀਂ ਇਸ ਦੇ ਪ੍ਰਭਾਵਾਂ ਪ੍ਰਤੀ ਫਿਕਰਮੰਦੀ ਜ਼ਾਹਿਰ ਕਰਦਾ ਹੈ। ਪ੍ਰਕਿਰਤਕ ਵਾਤਾਵਰਣ ਵਿਚਲੀ ਥਰਥੱਲੀ ਹਰ ਜੀਵ ਅੰਦਰ ਬੇਅਰਾਮੀ ਤੇ ਬੇਚੈਨੀ ਪੈਦਾ ਕਰਦੀ ਹੈ। ਆਧੁਨਿਕ ਵਿਕਾਸ ਦੇ ਨਾਂਅ ਹੇਠ ਮਾਨਵ, ਜੀਵ ਜੰਤੂ, ਪੰਛੀ, ਬਿਰਖ, ਪਾਣੀ ਤੇ ਧਰਤ ਦੀ ਤਬਾਹੀ ਨੇ ਕਵਿਤਾ ਸਾਹਵੇਂ ਕਈ ਸੁਆਲ ਪੈਦਾ ਕੀਤੇ।

ਇਸ ਕਵਿਤਾ ਦਾ ਮੀਰੀ ਗੁਣ ਇਹ ਹੈ ਕਿ ਇਸ ਵਿਚਲਾ ਕਾਵਿ ਜਜ਼ਬਾ ਮਨੁੱਖ ਨੂੰ ਉਸਾਰੂ ਜੀਵਨ ਨਾਲ ਜੋੜਨ ਦਾ ਵਲ਼ ਰੱਖਦਾ ਤੇ ਸਮੇਂ ਪ੍ਰਤੀ ਫਿਕਰਮੰਦੀ ਜਿਤਾਉਣ, ਮੁਹੱਬਤ ਦਾ ਅਹਿਸਾਸ ਕਰਵਾਉਣ ਵਾਲੇ ਮਿਠੜੇ ਤੇ ਸੁਹਾਵਣੇ ਮੌਸਮ ਦੀ ਤਲਾਸ਼ ਕਰਦਾ ਹੈ। ਕਵਿਤਾ ਵਿਚਲਾ ਪਾਤਰ ਸਮਾਜ ਵਿਚਲੇ ਅਣਸੁਖਾਵੇਂ ਮਾਹੌਲ ਪ੍ਰਤੀ ਬੇਚੈਨ ਹੈ।ਕਵੀ ਦੀ ਅਵਚੇਤਨਾ ਵਿੱਚ ਤੈਰਦੀਆਂ ਘਟਨਾਵਾਂ ਜਦੋਂ ਕਵਿਤਾ ਵਿੱਚ ਵੱਟਦੀਆਂ ਹਨ ਤਾਂ ਉਹ ਅਣਇੱਛਿਤ ਯਥਾਰਥ ਦੇ ਕਈ ਦ੍ਰਿਸ਼ਤਾਂਤ ਇਸ ਤਰ੍ਹਾਂ ਪੇਸ਼ ਕਰਦਾ ਹੈ ਜਿਸ ਵਿਚਲੀ ਅਸੰਵੇਦਨਸ਼ੀਲਤਾ ਜੀਵ-ਜੰਤੂਆਂ, ਪੰਛੀਆਂ, ਜਾਨਵਰਾਂ ਦੀ ਪੀੜ ਨੂੰ ਨਕਾਰਦੀ ਹੈ। 'ਵਿਰਲਾਪ' ਕਵਿਤਾ ਵਿੱਚ ਗਰਭਵਤੀ ਹਥਣੀ ਦਾ ਬੇਰਹਿਮੀ ਨਾਲ ਕੀਤਾ ਕਤਲ ਮਨੁੱਖਤਾ ਨੂੰ ਸ਼ਰਮਸਾਰ ਕਰਦਾ ਹੈ ।ਇਹ ਸਮੇਂ ਦੀ ਸੱਚਾਈ ਹੈ ਕਿ ਮਨੁੱਖ ਦਾ ਮਨੁੱਖ ਨਾਲੋਂ ਟੁੱਟਣਾ ਤੇ ਇੱਕ-ਦੂਜੇ ਪ੍ਰਤੀ ਗੈਰਇਨਸਾਨੀਅਤ ਦਾ ਵਤੀਰਾ ਉਸ ਸਮੇਂ ਪ੍ਰਤੱਖ ਸਾਹਮਣੇ ਆਉਂਦਾ ਹੈ, ਜਦੋਂ ਕੋਈ ਆਫ਼ਤ ਮਨੁੱਖ ਸਾਹਵੇਂ ਖੜ੍ਹੀ ਹੋਵੇ।ਇਸ ਸਮੇਂ ਦੀ ਵਿਡੰਬਨਾ ਇਹ ਹੈ ਆਪੋਧਾਪੀ ਵਿੱਚ ਮਨੁੱਖ ਨੇ ਸਾਂਝ, ਮੁਹੱਬਤ ਤੇ ਰਿਸ਼ਤੇ ਆਦਿ ਨੂੰ ਖੋਹ ਲਿਆ ਹੈ।।ਉਹ ਇਸ ਅਸਲੀ ਦੁਨੀਆ ਦੇ ਦਰਦ ਤੋਂ ਵਿਹੂਣਾ ਬਣ ਫੇਸਬੁੱਕ ਦੀ ਦੁਨੀਆ ਵਿੱਚ ਗੁਆਚ ਕੇ ਆਪਣੀ ਪਹਿਚਾਣ ਦੀ ਦੌੜ ਵਿੱਚ ਮਗ਼ਰੂਰ ਹੈ।

'ਇੱਕ ਬਲ਼ਦੀ ਦੁਪਹਿਰ', 'ਬਿਸਾਤ' ਕਵਿਤਾਵਾਂ ਦਾ ਏਹੀ ਪ੍ਰਸੰਗ ਜੁੜਦਾ ਹੈ।ਇਹ ਬਹੁਤ ਵੱਡੀ ਤ੍ਰਾਸਦੀ ਹੈ ਕਿ ਮਨੁੱਖ ਸਰਮਾਏਦਾਰੀ ਦੀ ਕਠਪੁਤਲੀ ਬਣ ਨੱਚ ਰਿਹਾ ਹੈ ਤੇ ਕੇਂਦਰੀ ਸੱਤਾਰੂੜ ਜਮਾਤ ਵੀ ਮਨੋਂ ਇੱਛਾ ਮਨੁੱਖ ਨੂੰ ਆਪਣੇ ਰੰਗ ਵਿੱਚ ਰੰਗਣ ਲਈ ਕਿਸ-ਕਿਸ ਤਰ੍ਹਾਂ ਦੇ ਹੱਥਕੰਡੇ ਅਪਣਾ ਰਹੀ ਹੈ। ਅੱਜ ਕਵੀ ਦਾ ਮਨੋਰਥ ਮਾਨਵੀ ਹਿੱਤਾਂ ਤੇ ਮਾਨਵੀ ਹੋਂਦ ਉੱਪਰ ਮੰਡਰਾ ਰਹੇ ਖ਼ਤਰਿਆਂ ਬਾਰੇ ਖੁਲਾਸਾ ਕਰਨਾ ਹੈ।ਇਸੇ ਮੰਤਵ ਵਿੱਚ ਲਿਖੀਆਂ ਗਈਆਂ ਕਵਿਤਾਵਾਂ ਜਿਵੇਂ 'ਅਜਗਰ', 'ਖ਼ਤਰਨਾਕ ਬਿੰਬ', 'ਰਾਤ ਅਮਾਵਸ', 'ਕਾਲੀ ਹਨੇਰੀ' ਖਾਸ ਧਿਆਨ ਮੰਗਦੀਆਂ ਹਨ।

ਇਸ ਕਵਿਤਾ ਦਾ ਇਹ ਵੀ ਵਿਲੱਖਣ ਗੁਣ ਹੈ ਕਿ ਇਸ ਵਿੱਚ ਜਜ਼ਬਾਤੀ ਤੇ ਆਤਮਿਕ ਗੁਣ ਪਾਠਕ ਅੰਦਰ ਅਜਿਹੀ ਨਵੀਂ ਛੜਨਾਹਟ ਛੇੜਦੇ ਹਨ ਕਿ ਉਹ ਕਵਿਤਾ ਨਾਲ ਆਪਣਾ ਅਜਿਹਾ ਅਟੁੱਟ ਸੰਬੰਧ ਬਣਾ ਲੈਂਦਾ ਹੈ ਜਿਸ ਦੇ ਤਹਿਤ ਉਸ ਦਾ ਨਵੀਆਂ ਸੱਚਾਈਆਂ ਦੇ ਗਿਆਨ ਅਤੇ ਬੀਤੇ ਵਰ੍ਹੇ ਦੇ ਯਾਦਮਈ ਅੰਸ਼ਾਂ ਦੇ ਨਾਲ ਨਾਤਾ ਜੁੜਦਾ ਹੈ।ਇਸ ਪੁਸਤਕ ਦੀਆਂ ਬਹੁਤੀਆਂ ਕਵਿਤਾਵਾਂ ਪਿਛਲੀ ਵਿਸਮਾਦੀ ਜੀਵਨ ਦੀ ਲੈਅ ਭਾਵਨਾਤਮਕ ਤੌਰ 'ਤੇ ਰੂਪਮਾਨ ਹੋਈ ਹੈ। ਕੌਂਕੇ ਦੀ ਭਾਵਨਾ ਸਹਿਜ ਸੁਭਾ ਕਾਵਿ ਕਿਰਤ ਵਿੱਚ ਢਲਦੀ ਹੋਈ ਆਪ-ਮੁਹਾਰੇ ਅੰਦਰ ਦੀ ਅਵਸਥਾ ਦਾ ਵਿਰਲਾਪ ਹੀ ਨਹੀਂ ਕਰਦੀ, ਬਲਕਿ ਅਤੀਤ ਬੋਧ ਦਾ ਅਹਿਸਾਸ ਰੱਖਦੀ ਹੈ। ਇਸ ਕਵਿਤਾ ਵਿੱਚ ਸਿਰਫ਼ ਆਵੇਸ਼ ਦੀ ਭਾਗੀਦਾਰੀ ਨਹੀਂ, ਬਲਕਿ ਪ੍ਰਾਵੇਸ਼ ਦੀ ਦਖ਼ਲਅੰਦਾਜ਼ੀ ਵੀ ਹੈ।ਉਹ ਅਤੀਤਮਈ ਸੁਖਾਂਤਕ ਪਲਾਂ ਦਾ ਅਹਿਸਾਸ ਕਰਦਾ ਹੈ, ਜਿਵੇਂ 'ਮਾਂ ਦਾ ਚਿਹਰਾ', 'ਅੰਦਰ ਮਰਿਆ ਪਸੰਦ', 'ਪੁਰਾਣੇ ਸ਼ਹਿਰ 'ਚੋਂ ਲੰਘਦਿਆਂ', 'ਦੁੱਧ 'ਚ ਜਲੇਬੀਆਂ' ਕਵਿਤਾਵਾਂ ਏਸੇ ਸੰਦਰਭ ਵਿੱਚ ਵੇਖੀਆਂ ਜਾ ਸਕਦੀਆਂ ਹਨ।ਇਸ ਕਵਿਤਾ ਦਾ ਇਹ ਪਾਸਾਰ ਵੀ ਮਹੱਤਵਪੂਰਨ ਹੈ ਕਿ ਇਹ ਨਿਰਜੀਵ ਵਸਤਾਂ ਅੰਦਰ ਸੰਜੀਵਤਾ ਪੈਦਾ ਕਰਦੀ ਬੀਤੇ ਪਲਾਂ ਨੂੰ ਜੀਵੰਤ ਕਰ ਨਰੋਏ ਅਹਿਸਾਸਾਂ ਨੂੰ ਉਡਾਣ ਦਿੰਦੀ ਹੈ।ਅਜਿਹੀ ਕਵਿਤਾ ਵਿੱਚ ਵਸਤਾਂ ਦੀ ਸਥੂਲਤਾ ਜਦੋਂ ਸੂਖਮਭਾਵੀ ਦਿਸ਼ਾ ਵੱਲ ਵਧਦੀ ਹੈ ਤਾਂ ਕਵਿਤਾ ਵਿਚਲੀ ਸੰਵੇਦਨਾ ਅਜਿਹਾ ਕਾਵਿ ਬਿਰਤਾਂਤ ਖਿੱਚਦੀ ਹੋਈ ਉਸ ਵਸਤ ਦੀ ਪ੍ਰਸੰਗਿਕਤਾ ਨੂੰ ਖੋਲ੍ਹਦੀ ਹੈ ।ਇਸ ਪੁਸਤਕ ਦੀਆਂ ਕਵਿਤਾਵਾਂ 'ਅੱਧੀ ਰਾਤ ਨੂੰ ਚੱਪਲਾਂ', 'ਇੱਕ ਲਾਵਾਰਿਸ ਸਾਇਕਲ' ਵਿੱਚੋਂ ਜੀਵਨ ਦੀ ਰਫ਼ਤਾਰ ਦੀ ਸੁਰ ਸੁਣਾਈ ਦਿੰਦੀ ਹੈ।ਇਹ ਮੰਨਣਾ ਜ਼ਰੂਰੀ ਹੈ ਕਿ ਜਿਸ ਕਵਿਤਾ ਦੇ ਵਿੱਚ ਜੀਵਨ ਦੇ ਭੇਤਾਂ ਦੀ ਨਿਸ਼ਾਨਦੇਹੀ ਨਹੀਂ ਕੀਤੀ ਗਈ, ਉਹ ਕਵਿਤਾ ਆਪਣੇ ਅਸਲ ਮੰਤਵ ਤੋਂ ਟੁੱਟੀ ਮਹਿਸੂਸ ਹੁੰਦੀ ਹੈ। ਅਜੋਕੇ ਦੌਰ ਵਿੱਚ ਜਿਉਂ-ਜਿਉਂ ਸਮਾਜੀ ਜੀਵਨ ਵਿੱਚ ਵਧੀਕ ਗੁੰਝਲਾਂ ਪੈਦਾ ਹੋ ਰਹੀਆਂ ਹਨ, ਉਸੇ ਤਰ੍ਹਾਂ ਮਨੁੱਖ ਦੀ ਜੀਵਨ ਸ਼ੈਲੀ ਦੇ ਬਦਲਾਅ ਨੇ ਉਸ ਦੀ ਸੋਚ ਸ਼ਕਤੀ ਤੇ ਕਾਰਜਤਾ ਨੂੰ ਵੀ ਬਦਲਿਆ ਹੈ। ਨਵੀਂ ਤਕਨਾਲੋਜੀ ਨੇ ਪੈਦਾ ਕੀਤੀ ਮਨੁੱਖ ਦੀ ਮਕੈਨੀਕਲ ਸੋਚ ਤੇ ਆਧੁਨਿਕਤਾ ਦੇ ਚੱਕਰਵਿਊ ਵਿੱਚ ਫ਼ਸੀ ਮਾਨਸਿਕਤਾ ਨੇ ਰਿਸ਼ਤਿਆਂ ਦੀ ਸਮੀਕਰਨ ਖੇਰੂੰ-ਖੇਰੂੰ ਕਰ ਦਿੱਤੀ ਹੈ।ਇਹ ਕਵਿਤਾ ਬਾਹਰਲੇ ਸੰਸਾਰ ਦੀਆਂ ਅਨੇਕ ਅਕਿਆਵਾਂ, ਕਾਰਨਾਮੇ ਨੂੰ ਵੀ ਉਜਾਗਰ ਕਰਦੀ ਹੈ, ਇਸ ਵਿੱਚ ਕਵੀ ਦਾ ਸਹਿ ਪ੍ਰਗਟਾਵਾ ਵੀ ਹੈ ਤੇ ਦੂਜੇ ਪਾਸੇ ਲੋਕ ਪ੍ਰਗਟਾਵਾ ਵੀ ਹੈ।ਕਵੀ ਅਤੀਤ ਤੇ ਵਰਤਮਾਨ ਦੀ ਤੁਲਨਾ ਕਰਦਾ ਹੋਇਆ ਇਸ ਸਮੇਂ ਦੀ ਖੰਡਿਤ ਬਿਰਤੀ ਵੀ ਖੋਲ੍ਹਦਾ ਹੈ।ਇਸ ਕਵਿਤਾ ਦੇ ਦੋ ਪੱਖ ਨਾਲੋਂ-ਨਾਲ ਤੁਰਦੇ ਹੋਏ ਆਪਸ ਵਿੱਚ ਅੰਤਰ ਸੰਬੰਧਤ ਹਨ, ਜਿਵੇਂ ਕਵਿਤਾ ਰੈਸ਼ਨਲ ਇੰਟਰੋਵਰਸਨ ਤੇ ਇਮੋਸ਼ਨਲ ਇੰਟਰੋਵਰਸਨ ਨੂੰ ਨਾਲੋਂ-ਨਾਲ ਰੱਖਦੀ ਹੈ। 'ਰਿਸ਼ਤਾ', 'ਆਖ਼ਰੀ ਪੀੜ੍ਹੀ ਦੇ ਲੋਕ', 'ਵੈਂਟੀਲੇਟਰ 'ਤੇ ਲੱਗੇ ਰਿਸ਼ਤੇ', 'ਘਰ ਤੁਹਾਨੂੰ ਉਡੀਕਦੇ ਹਨ', 'ਅੰਦਰ ਮਰਿਆ ਬਸੰਤ', 'ਬਰਸਾਤ', 'ਸੇਵਾਮੁਕਤ ਹੋਣ ਮਗਰੋਂ', 'ਸਟੇਟਸ ਦਾ ਰਿਸ਼ਤਾ', 'ਨਹੀਂ ਰਿਹਾ', 'ਕੁੱਤਾ-ਮਿਲਣੀ', 'ਗੁਆਚੇ ਲੈਟਰਬਕਸ', 'ਖਿਝਿਆ ਹੋਇਆ ਆਦਮੀ', 'ਮਹਿਕ ਵਿਹੂਣੇ ਫੁੱਲ' ਆਦਿ ਕਵਿਤਾਵਾਂ ਮਨੁੱਖ ਦੀ ਸੌੜੀ ਸੋਚ ਤੇ ਦੋਗਲੇ ਤੇ ਦੰਭੀ ਕਿਰਦਾਰ ਨੂੰ ਬਿਆਨਦੀਆਂ ਹਨ।

ਇਸ ਕਵਿਤਾ ਦਾ ਇੱਕ ਪਾਸਾਰ ਪੰਜਾਬ ਸਥਿਤੀ ਦੇ ਬਹੁਪਰਤੀ ਮਾਰੂ ਸਿੱਟਿਆਂ ਦੀ ਨਿਸ਼ਾਨਦੇਹੀ ਕਰਦਾ ਹੈ। ਹਰੇ ਇਨਕਲਾਬ ਦੇ ਸਾਮਰਾਜੀ ਖੇਤੀ ਮਾਡਲ ਨੇ ਪੰਜਾਬ ਅੰਦਰ ਆਰਥਿਕ, ਸਮਾਜਿਕ, ਰਾਜਨੀਤਕ, ਮਾਨਸਿਕ ਤੇ ਸਰੀਰਕ ਕਿਸ-ਕਿਸ ਤਰ੍ਹਾਂ ਦਾ ਸੰਕਟ ਪੈਦਾ ਕੀਤਾ, ਜੋ ਪੰਜਾਬ ਦੇ ਵਿਕਾਸ ਦੀ ਥਾਂ ਵਿਨਾਸ਼ ਪੈਦਾ ਕਰ ਗਿਆ।ਅੱਜ ਪੰਜਾਬ ਸਾਹਮਣੇ ਨਵੇਂ ਖੇਤੀ ਮਾਡਲ ਦਾ ਸੁਆਲ ਹੈ, ਜੋ ਧਰਤੀ ਹੇਠ ਖ਼ਤਮ ਹੋ ਰਹੇ ਪਾਣੀ ਨੂੰ ਬਚਾ ਕੇ ਫ਼ਸਲਾਂ ਦੀ ਵਿਭਿੰਨਤਾ ਪੈਦਾ ਕਰੇ।ਜੇਕਰ ਅਜਿਹਾ ਨਹੀਂ ਹੁੰਦਾ ਤਾਂ ਭਵਿੱਖ ਸਾਨੂੰ ਸੁਆਲਾਂ ਦੇ ਘੇਰੇ ਵਿੱਚ ਰੱਖ ਲਾਹਨਤਾਂ ਪਾਵੇਗਾ। ਕਵੀ ਇਸ ਪ੍ਰਤੀ ਜਾਗਰੂਕ ਹੈ। 'ਇੱਕ ਖੰਡਰ ਸ਼ਹਿਰ ਦੀ ਗਾਥਾ' ਵਰਗੀ ਕਵਿਤਾ ਲਿਖ ਪੰਜਾਬ ਦੇ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਜਲੰਧਰ ਦੀ ਵਿਰਾਸਤ ਦੇ ਇਤਿਹਾਸ ਨੂੰ ਉਭਾਰਦਾ ਬਿਰਤਾਂਤ

ਸਾਹਿਤ ਚਿੰਤਨ


ਨਿਰੰਜਣ ਬੋਹਾ

## ਵਿਰਾਸਤੀ ਸ਼ਹਿਰ ਜਲੰਧਰ

ਜਤਿੰਦਰ ਸਿੰਘ ਪੰਮੀ
ਪੰਨੇ-178, ਮੁੱਲ-490 ਰੁਪਏ
ਐਵਿਸ਼ ਪਬਲੀਕੇਸ਼ਨਜ਼, ਨਵੀਂ ਦਿੱਲੀ

ਸਮਾਜਿਕ ਵਿਕਾਸ ਦੀ ਨਿਰੰਤਰ ਗਤੀਸ਼ੀਲਤਾ ਨੂੰ ਬਣਾਈ ਰੱਖਣ ਲਈ ਕੀਤੀ ਮਨੁੱਖੀ ਜੱਦੋ-ਜਹਿਦ ਨਾਲ ਸੰਬੰਧਤ ਤੱਥ, ਅੰਕੜੇ ਤੇ ਘਟਨਾਵਾਂ ਮਿਲ ਕੇ ਹੀ ਕਿਸੇ ਭੂਗੋਲਿਕ ਖਿੱਤੇ ਦੇ ਇਤਿਹਾਸ ਅਤੇ ਵਿਰਾਸਤ ਦਾ ਨਿਰਮਾਣ ਕਰਦੇ ਹਨ। ਇਸ ਵਿਰਾਸਤ ਦੇ ਨਿਰਮਾਣ ਤੇ ਵਿਕਾਸ ਵਿਚ ਉਸ ਖਿੱਤੇ ਦੇ ਸੱਤਾ ਪ੍ਰਬੰਧ ਦਾ ਵੀ ਅਹਿਮ ਯੋਗਦਾਨ ਹੁੰਦਾ ਹੈ। ਇਸ ਸੰਦਰਭ ਵਿਚ ਜੇ ਅਸੀਂ ਸੰਨ ਸੰਤਾਲੀ ਤੋਂ ਬਾਅਦ ਚੜ੍ਹਦੇ ਪੰਜਾਬ ਦੀ ਛੇ ਸਾਲ ਲਈ ਰਾਜਧਾਨੀ ਰਹੇ ਅੱਜ ਦੇ ਮਹਾਂਨਗਰ ਜਲੰਧਰ ਦੀ ਵਿਰਾਸਤ ਦੀ ਗੱਲ ਕਰੀਏ ਤਾਂ ਜਿੱਥੇ ਇੱਥੋਂ ਦੇ ਵਸਨੀਕਾਂ ਵੱਲੋਂ ਪੜਾਅ ਦਰ ਪੜਾਅ ਇਸ ਸ਼ਹਿਰ ਨੂੰ ਪੰਜਾਬ ਦਾ ਅਹਿਮ ਵਿਰਾਸਤੀ ਸ਼ਹਿਰ ਬਣਾਉਣ ਦੇ ਸੰਬੰਧ ਵਿਚ ਆਪਣਾ ਅਹਿਮ ਯੋਗਦਾਨ ਪਾਇਆ ਗਿਆ ਹੈ, ਉੱਥੇ ਵੱਖ-ਵੱਖ ਸਮੇਂ ਇੱਥੇ ਰਾਜ ਕਰਨ ਵਾਲੀਆਂ ਰਜਵਾੜਾਸ਼ਾਹੀ ਤੇ ਸਿਆਸੀ ਧਿਰਾਂ ਨੇ ਵੀ ਆਪਣੀ ਭੂਮਿਕਾ ਚੰਗੇ ਢੰਗ ਨਾਲ ਨਿਭਾਈ ਹੈ। ਜੇ ਜਲੰਧਰ ਸ਼ਹਿਰ ਦੀ ਵਿਰਾਸਤ ਨੂੰ ਦਸਤਾਵੇਜ਼ੀ ਰੂਪ ਵਿਚ ਸੰਭਾਲਣ ਦੀ ਗੱਲ ਕਰੀਏ ਤਾਂ ਦੀਪਕ ਜਲੰਧਰੀ ਸਮੇਤ ਜਿਨ੍ਹਾਂ ਖੋਜਕਾਰਾਂ ਨੇ ਸਮੇਂ-ਸਮੇਂ 'ਤੇ ਇਸ ਨੂੰ ਲਿਖਤੀ ਰੂਪ ਦੇਣ ਲਈ ਅਣਥੱਕ ਮਿਹਨਤ ਕੀਤੀ ਹੈ, ਉਨ੍ਹਾਂ ਵਿੱਚੋਂ ਪੱਤਰਕਾਰ ਜਤਿੰਦਰ ਪੰਮੀ ਦਾ ਨਾਂਅ ਬਹੁਤ ਉੱਘੜਵਾਂ ਹੈ । ਲੇਖਕ ਨੇ ਆਪਣੇ ਪੂਰਵਲੇ ਖੋਜ ਕਾਰਜਾਂ ਵਿਚ ਬਹੁਤ ਸਾਰੇ ਨਵੇਂ ਤੱਥ, ਅੰਕੜੇ ਤੇ ਜਾਣਕਾਰੀਆਂ ਸ਼ਾਮਲ ਕਰਕੇ ਇਸ ਪੁਸਤਕ ਨੂੰ ਸਾਂਭਣਯੋਗ ਦਸਤਾਵੇਜ਼ ਬਣਾ ਦਿੱਤਾ ਹੈ।

ਜਦੋਂ ਇਹ ਪੁਸਤਕ ਦੰਤ ਕਥਾਵਾਂ ਦੇ ਹਵਾਲੇ ਨਾਲ ਜਲੰਧਰ ਦੇ ਇਤਿਹਾਸਕ ਪਿਛੋਕੜ ਨੂੰ ਤਲਾਸ਼ਦੀ ਹੈ ਤਾਂ ਕੁਝ ਦੰਤ ਕਥਾਵਾਂ ਇਸ ਪਿਛੋਕੜ ਨੂੰ ਭਗਵਾਨ ਸ਼ਿਵ ਵੱਲੋਂ ਆਪਣੇ ਅੰਸ਼ ਵਜੋਂ ਪੈਦਾ ਕੀਤੇ ਜਲੰਧਰ ਨਾਂਅ ਦੇ ਰਾਖਸ਼ਸ ਨਾਲ ਜੋੜਦੀਆਂ ਹਨ। ਕੁਝ ਹੋਰ ਕਥਾਵਾਂ ਇਸ ਨੂੰ ਪ੍ਰਸਿੱਧ ਨਾਥ ਜੋਗੀ ਜਲੰਧਰ ਨਾਥ ਦੇ ਨਾਂਅ 'ਤੇ ਵਸਾਇਆ ਨਗਰ ਮੰਨਦੀਆਂ ਹਨ। ਦੰਤ ਕਥਾਈ ਰੂਪ ਵਿਚ ਸਾਹਮਣੇ ਆਉਂਦੇ ਪਿਛੋਕੜ ਦੀ ਪੁਸ਼ਟੀ ਭਾਵੇਂ ਨਾ ਵੀ ਹੋਵੇ, ਪਰ ਉਸ ਦੀ ਇਹ ਖੋਜ ਪੂਰੀ ਤਰ੍ਹਾਂ ਪ੍ਰਮਾਣਿਕ ਹੈ ਕਿ 18ਵੀਂ ਸਦੀ ਵਿੱਚ ਇਸ ਸ਼ਹਿਰ 'ਤੇ ਮੁਗਲਾਂ ਅਤੇ ਪਠਾਨਾਂ ਦਾ ਰਾਜ ਸੀ। ਸੰਨ 1766 ਵਿਚ ਇਸ 'ਤੇ ਫੈਜ਼ਲਪੁਰੀਆਂ ਮਿਸਲ ਨੇ ਕਬਜ਼ਾ ਕਰ ਲਿਆ ਤੇ ਸੰਨ 1811 ਵਿਚ ਇਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿਚ ਮਿਲਾ ਲਿਆ। ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਇਹ ਸ਼ਹਿਰ ਅੰਗਰੇਜ਼ ਸਾਮਰਾਜ ਦੇ ਕਬਜ਼ੇ ਹੇਠ ਆ ਗਿਆ। ਅੰਗਰੇਜ਼ਾਂ ਅਤੇ ਕਪੂਰਥਲਾ ਰਿਆਸਤ ਵਿਚਕਾਰ ਹੋਏ ਸਮਝੌਤੇ ਅਧੀਨ ਡਵੀਜ਼ਨ ਬਣ ਚੁੱਕਿਆ ਇਹ ਖੇਤਰ ਕਪੂਰਥਲਾ ਰਿਆਸਤ ਦੇ ਅਧੀਨ ਵੀ ਰਿਹਾ ਹੈ। ਇਸ ਤਰ੍ਹਾਂ ਇਸ ਮਹਾਂਨਗਰ ਦਾ ਇਤਿਹਾਸਕ ਪਿਛੋਕੜ ਹੀ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਇਸ ਦੇ ਵਿਰਾਸਤੀ ਰੰਗਾਂ ਨੂੰ ਵੱਖਰੀ ਪਛਾਣ ਦੇਣ ਲਈ ਮੁਗਲਾਂ, ਅੰਗਰੇਜ਼ਾਂ, ਖਾਲਸਾ ਰਾਜ, ਕਪੂਰਥਲਾ ਰਿਆਸਤ ਤੋਂ ਇਲਾਵਾ ਅਜ਼ਾਦੀ ਤੋਂ ਬਾਅਦ ਦੀਆਂ ਲੋਕਤੰਤਰੀ ਸਰਕਾਰਾਂ ਨੇ ਵੀ ਆਪਣੇ-ਆਪਣੇ ਹਿੱਸੇ ਦਾ ਯੋਗਦਾਨ ਪਾਇਆ ਹੈ।




ਭਾਵੇਂ ਇਸ ਪੁਸਤਕ ਵਿਚ ਸ਼ਾਮਲ ਜਲੰਧਰ ਦੀ ਵਿਰਾਸਤ ਬਾਰੇ ਲਿਖੇ ਲੇਖ 'ਪੰਜਾਬੀ ਜਾਗਰਣ' ਅਖਬਾਰ ਦੇ ਲੋਕਲ ਐਡੀਸ਼ਨ ਨੂੰ ਹੋਰ ਹਰਮਨ ਪਿਆਰਾ ਬਣਾਉਣ ਦੀ ਲੋੜ ਵਜੋਂ ਲਿਖੇ ਗਏ ਸਨ, ਪਰ ਇਸ ਅਖਬਾਰ ਦੇ ਜ਼ਿਲ੍ਹਾ ਇੰਚਾਰਜ ਜਤਿੰਦਰ ਪੰਮੀ ਦੀ ਖੋਜੀ ਪੱਤਰਕਾਰੀ ਦਾ ਲਾਭ ਪੰਜਾਬ ਦੇ ਹੋਰ ਹਿੱਸਿਆਂ ਵਿਚ ਰਹਿੰਦੇ ਪਾਠਕਾਂ ਨੂੰ ਵੀ ਬਰਾਬਰ ਰੂਪ ਵਿਚ ਮਿਲਿਆ ਹੈ। ਇਹ ਪੁਸਤਕ ਜਲੰਧਰ ਆਉਣ ਵਾਲੇ ਦੂਜੇ ਜ਼ਿਲ੍ਹਿਆਂ ਦੇ ਲੋਕਾਂ ਲਈ ਇੱਕ ਗਾਈਡ ਦਾ ਕੰਮ ਕਰਦਿਆਂ ਉਨ੍ਹਾਂ ਨੂੰ ਜਾਣਕਾਰੀ ਦਿੰਦੀ ਹੈ ਕਿ ਇਸ ਮਹਾਂਨਗਰ ਦੀ ਵਿਰਾਸਤ ਨੂੰ ਸੰਭਾਲੀ ਬੈਠੀਆਂ ਕਿਹੜੀਆਂ ਥਾਵਾਂ ਵੇਖਣਯੋਗ ਹਨ ਤੇ ਇਹ ਕਿੱਥੇ ਸਥਿਤ ਹਨ। ਕਿਲ੍ਹਾ ਮੁਹੱਲਾ, ਬਿਕਰਮ ਮਹੱਲ, ਚਰਨਜੀਤ ਮਹੱਲ, ਕਚਹਿਰੀ ਮੁਹੱਲਾ, ਲਾਲ ਕੋਠੀ, ਅਮਾਨਤ ਮਹੱਲ ਤੇ ਕਾਜ਼ੀ ਕੋਠੀ ਬਸਤੀ ਸ਼ੇਖ ਆਦਿ ਵਿਰਾਸਤੀ ਥਾਵਾਂ ਅਤੇ ਵਿਰਾਸਤੀ ਇਮਾਰਤਾਂ ਬਾਰੇ ਦਿੱਤੀ ਜਾਣਕਾਰੀ ਪਾਠਕਾਂ ਨੂੰ ਰਜਵਾੜਾਸ਼ਾਹੀ ਦੌਰ ਵਿਚ ਲੈ ਜਾਂਦੀ ਹੈ ਤਾਂ ਉਹ ਉਸ ਦੌਰ ਦੀ ਇਮਾਰਤਸਾਜ਼ੀ ਦੀ ਸ਼ਿਲਪ ਕਲਾ ਬਾਰੇ ਆਪਣੇ ਗਿਆਨ ਵਿਚ ਜ਼ਿਕਰਯੋਗ ਵਾਧਾ ਕਰ ਲੈਂਦੇ ਹਨ। ਤੱਥਾਂ ਤੇ ਅੰਕੜਿਆਂ ਸਮੇਤ ਦਿੱਤੀ ਇਹ ਜਾਣਕਾਰੀ ਸਪੱਸ਼ਟ ਕਰਦੀ ਹੈ ਕਿ ਅੱਜ ਦਾ ਮਹਾਂਨਗਰ ਜਲੰਧਰ ਪੁਰਾਣੇ ਸਮਿਆਂ ਵਿੱਚ ਤਿੰਨ-ਚਾਰ ਕਿਲੋਮੀਟਰ ਦੇ ਖੇਤਰ ਵਿਚ ਵਸਿਆ ਦਰਮਿਆਨਾ ਜਿਹਾ ਸ਼ਹਿਰ ਹੀ ਹੁੰਦਾ ਸੀ ।

ਸੰਨ 1947 ਦੀ ਵੰਡ ਤੋਂ ਪਹਿਲਾਂ ਜਲੰਧਰ ਵਿਚ ਹੋਰ ਧਰਮਾਂ ਤੇ ਫਿਰਕਿਆਂ ਦੇ ਮੁਕਾਬਲੇ ਮੁਸਲਿਮ ਧਰਮ ਦੇ ਲੋਕਾਂ ਦੀ ਗਿਣਤੀ ਵੱਧ ਸੀ। ਅਹਿਮਦਸ਼ਾਹ ਅਬਦਾਲੀ ਦੀ ਹਕੂਮਤ ਵੇਲੇ ਇਸ ਸ਼ਹਿਰ 'ਤੇ ਪਠਾਣਾਂ ਦਾ ਕਬਜ਼ਾ ਰਿਹਾ ਹੈ, ਇਸ ਲਈ ਇਸ ਸ਼ਹਿਰ ਨੇ ਮੁਗਲ ਕਾਲ ਦੀ ਵਿਰਾਸਤ ਨੂੰ ਵੀ ਵਿਸ਼ੇਸ਼ ਤੌਰ 'ਤੇ ਸੰਭਾਲਿਆ ਹੋਇਆ ਹੈ। ਬਰਤਾਨਵੀ ਹਕੂਮਤ ਵੇਲੇ ਦੀਆਂ ਬਹੁਤ ਸਾਰੀਆਂ ਵਿਰਾਸਤੀ ਯਾਦਾਂ ਵੀ ਇਸ ਸ਼ਹਿਰ ਦੀ ਇਤਿਹਾਸਕ ਮਹੱਤਤਾ ਵਿਚ ਵਾਧਾ ਕਰਨ ਵਾਲੀਆਂ ਹਨ ।ਅੰਗਰੇਜ਼ ਹਕੂਮਤ ਵੱਲੋਂ ਸੰਨ 1860 ਵਿੱਚ ਸ਼ਹਿਰ ਦੇ ਬਾਹਰਵਾਰ ਪੈਂਦੇ ਇਲਾਕੇ ਵਿਚ ਬਣਾਇਆ ਪੀਲੇ ਰੰਗ ਦਾ ਤਹਿਸੀਲ ਕੰਪਲੈਕਸ, ਵਾਲਮੀਕ ਚੌਂਕ, ਦਮੋਰੀਆ ਪੁਲ, ਪੌਣੇ ਦੋ ਸਦੀਆਂ ਪੁਰਾਣਾ ਰੇਲਵੇ ਸਟੇਸ਼ਨ, 1930 ਵਿਚ ਬਣਿਆ ਸ਼ਹਿਰ ਦਾ ਪਹਿਲਾ ਬੱਸ ਅੱਡਾ, ਨਹਿਰੂ ਗਾਰਡਨ ਉਰਫ ਕੰਪਨੀ ਬਾਗ, ਬਰਲਟਨ ਪਾਰਕ, ਪੁਰਾਣਾ ਸਿਵਲ ਹਸਪਤਾਲ, ਸ਼ਹਿਰ ਦੀ ਪਹਿਲੀ ਚੁੰਗੀ ਆਦਿ ਦੀ ਅੰਗਰੇਜ਼ ਰਾਜ ਕਾਲ ਸਮੇਂ ਦੀ ਇਮਾਰਤਸ਼ਾਜ਼ੀ ਅੱਜ ਵੀ ਬਾਹਰੋਂ ਆਉਣ ਵਾਲੇ ਯਾਤਰੀਆਂ ਦਾ ਧਿਆਨ ਆਪਣੇ ਵੱਲ ਖਿੱਚਦੀ ਹੈ। ਪੁਸਤਕ ਅਨੁਸਾਰ ਸੰਨ 1864 ਵਿਚ ਬਣਿਆ ਦਮੋਰੀਆ ਪੁਲ ਆਪਣੀ ਮਜ਼ਬੂਤੀ ਪੱਖੋਂ ਇਸ ਗੱਲ ਦਾ ਗਵਾਹ ਹੈ ਕਿ ਉਸ ਵੇਲੇ ਦੀ ਪੁਲ ਨਿਰਮਾਣ ਕਲਾ ਭ੍ਰਿਸ਼ਟਾਚਾਰ ਤੋਂ ਕਿੰਨੀ ਮੁਕਤ ਸੀ । ਇਸ ਪੁਲ ਤੋਂ ਰੋਜ਼ਾਨਾ 132 ਮਾਲ ਤੇ ਯਾਤਰੀ ਗੱਡੀਆਂ ਲੰਘਦੀਆਂ ਹਨ, ਪਰ ਡੇਢ ਸੌ ਸਾਲ ਬੀਤ ਜਾਣ 'ਤੇ ਇਸ ਦੇ ਮਜ਼ਬੂਤ ਹੋਣ ਦੀ ਭਰੋਸੇਯੋਗਤਾ ਬਣੀ ਹੋਈ ਹੈ। ਲੇਖਕ ਇਹ ਜਾਣਕਾਰੀ ਉਚੇਚੇ ਰੂਪ ਵਿਚ ਦਿੰਦਾ ਹੈ ਕਿ ਅੱਜਕੱਲ੍ਹ ਰੇਲਵੇ ਲਾਈਨ ਬਣਾਉਣ ਲਈ ਵਿਛਾਏ ਪੁਲ ਗੱਡੀ ਲੰਘਣ ਵੇਲੇ ਕੰਬਦੇ ਹਨ, ਪਰ ਇਹ ਪੁਲ ਡੇਢ ਸਦੀ ਪੁਰਾਣਾ ਹੋਣ ਦੇ ਬਾਵਜੂਦ ਏਨੀਆਂ ਗੱਡੀਆਂ ਲੰਘਣ 'ਤੇ ਵੀ ਨਹੀਂ ਕੰਬਦਾ।

ਪੁਸਤਕ ਜਲੰਧਰ ਸ਼ਹਿਰ ਦੀ ਵਿਰਾਸਤ ਨੂੰ ਸਿਰਫ ਇਸ ਦੀਆਂ ਵਿਰਾਸਤੀ ਇਮਾਰਤਾਂ ਤੱਕ ਹੀ ਸੀਮਤ ਨਹੀਂ ਕਰਦੀ, ਸਗੋਂ ਵੱਖ-ਵੱਖ ਖੇਤਰਾਂ ਵਿਚ ਇਤਿਹਾਸਕ ਯੋਗਦਾਨ ਪਾਉਣ ਵਾਲੇ ਮਹਾਨ ਲੋਕਾਂ ਤੇ ਸਮਾਜ ਸੇਵੀ ਘਰਾਣਿਆਂ ਵੱਲੋਂ ਪਾਏ ਯੋਗਦਾਨ ਨੂੰ ਵੀ ਪੂਰਾ ਸਨਮਾਨ ਦਿੰਦੀ ਹੈ । ਪੁਸਤਕ ਕੁੰਵਰ ਬਿਕਰਮ, ਯਸ਼ ਚੋਪੜਾ, ਪੰਡਤ ਸ਼ਰਧਾ ਰਾਮ ਫਿਲੌਰੀ, ਵਕੀਲ ਅਮੀਰ ਉਦ ਦੀਨ ਖਾਨ, ਗਾਇਕ ਕੇ.ਐੱਲ. ਸਹਿਗਲ, ਦਾਦਾ ਪਰਵਾਰ, ਚੋਪੜਾ ਪਰਵਾਰ, ਚੱਢਾ ਪਰਵਾਰ, ਕਾਜ਼ੀ ਪਰਵਾਰ, ਮਾਇਰ ਪਰਵਾਰ ਤੇ ਐਗਰਿਸ਼ ਪਰਵਾਰ ਆਦਿ ਬਾਰੇ ਇਹਨਾਂ ਦੀਆਂ ਰਿਹਾਇਸ਼ੀ ਥਾਵਾਂ ਸਮੇਤ ਬਹੁਤ ਅਹਿਮ ਜਾਣਕਾਰੀਆਂ ਉਪਲੱਬਧ ਕਰਾਉਂਦੀ ਹੈ। ਪੁਸਤਕ ਦੇਸ਼ ਦੀ ਅਜ਼ਾਦੀ ਤੋਂ ਬਾਅਦ ਸ਼ਹਿਰ ਦੀ ਵਿਰਾਸਤ ਵਿੱਚ ਹੋਏ ਯੋਗ ਵਾਧੇ ਦਾ ਜ਼ਿਕਰ ਵੀ ਪੂਰੇ ਉਚੇਚ ਨਾਲ ਕਰਦੀ ਹੈ । ਲੇਖਕ ਸਰਕਾਰ ਦੇ ਪੁਰਾਤਨ ਵਿਭਾਗ ਨੂੰ ਸੁਚੇਤ ਕਰਨ ਸੰਬੰਧੀ ਆਪਣੀ ਜ਼ਿੰਮੇਵਾਰੀ ਸੁਚੇਤ ਤੌਰ 'ਤੇ ਨਿਭਾਉਂਦਿਆਂ ਚਿਤਾਵਨੀ ਦਿੰਦਾ ਹੈ ਕਿ ਜੇ ਉਸ ਨੇ ਵਿਰਾਸਤੀ ਥਾਵਾਂ ਦੀ ਠੀਕ ਤਰ੍ਹਾਂ ਤੇ ਸਮੇਂ ਸਿਰ ਸੰਭਾਲ ਨਾ ਕੀਤੀ ਤਾਂ ਇਹ ਵਿਰਾਸਤ ਇਤਿਹਾਸ ਦੇ ਪੰਨਿਆਂ ਵਿੱਚੋਂ ਛੇਤੀ ਹੀ ਗਾਇਬ ਹੋ ਜਾਵੇਗੀ। ਲੇਖਕ ਇਹ ਚਿੰਤਾ ਵੀ ਵਿਅਕਤ ਕਰਦਾ ਹੈ ਕਿ ਨੌਹਰੀਆ ਪਰਵਾਰ ਵੱਲੋਂ ਸੈਂਕੜੇ ਮਰਲੇ ਜ਼ਮੀਨ ਵਿਚ ਉਸਾਰੀ ਗਈ ਨੌਹਰੀਆ ਸਰਾਂ ਆਪਣੀ ਸਥਾਪਨਾ ਕਾਲ ਵਿਚ ਇਮਾਰਤਸਾਜ਼ੀ ਦਾ ਅਹਿਮ ਨਮੂਨਾ ਸੀ, ਪਰ ਹੁਣ ਇਹ ਸੰਭਾਲ ਨਾ ਕੀਤੇ ਜਾਣ ਕਾਰਨ ਖੰਡਰ ਵਿਚ ਬਦਲਦੀ ਜਾ ਰਹੀ ਹੈ। ਲੇਖਕ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇਸ ਸਰਾਂ ਨੇ ਆਮ ਯਾਤਰੀਆਂ ਤੋਂ ਇਲਾਵਾ ਸੰਨ ਸੰਤਾਲੀ ਦੀ ਵੰਡ ਵੇਲੇ ਪਾਕਿਸਤਾਨ ਵਾਲੇ ਪਾਸਿਓਂ ਆਉਣ ਵਾਲੇ ਪਨਾਹਗੀਰਾਂ ਨੂੰ ਵਿਸ਼ੇਸ਼ ਤੌਰ 'ਤੇ ਆਪਣੇ ਅੰਦਰ ਪਨਾਹ ਦਿੱਤੀ ਸੀ, ਪਰ ਸੰਨ 1985 ਤੋਂ ਬਾਅਦ ਹੋਟਲਾਂ ਤੇ ਗੈਸਟ ਹਾਊਸਾਂ ਦੀ ਹੋਈ ਭਰਮਾਰ ਨੇ ਇਸ ਦੀ ਆਭਾ ਨੂੰ ਫਿੱਕਾ ਪਾ ਦਿੱਤਾ । ਲੇਖਕ ਸਮੇਂ ਦੀਆਂ ਸਰਕਾਰਾਂ, ਸਮਾਜ ਸੇਵੀ ਸੰਸਥਾਵਾਂ ਪੁਰਾਣੀ ਵਿਰਾਸਤੀ ਇਮਾਰਤਾਂ ਦੇ ਜਿਉਂਦੇ ਵਾਰਸਾਂ ਨੂੰ ਗੁਜਾਰਿਸ਼ ਕਰਦਾ ਹੈ ਕਿ ਉਹ ਸ਼ਹਿਰ ਦੀ ਵਿਰਾਸਤ ਨੂੰ ਵਿਸ਼ਵੀ ਯੁੱਗ ਦੀ ਚਕਾਚੌਂਧ ਵਿੱਚ ਗੁੰਮ ਹੋਣ ਤੋਂ ਬਚਾਉਣ ਲਈ ਆਪਣੇ ਯਤਨਾਂ ਵਿਚ ਹੋਰ ਗੰਭੀਰਤਾ ਲਿਆਉਣ ।

ਪੁਸਤਕ ਵਿਚਲੇ ਲੇਖ ਪਹਿਲਾਂ ਪੰਜਾਬੀ ਜਾਗਰਣ ਵਿਚ ਵੱਖਰੇ- ਵੱਖਰੇ ਰੂਪ ਵਿਚ ਛਪੇ ਹਨ, ਇਸ ਲਈ ਸੁਭਾਵਿਕ ਰੂਪ ਵਿਚ ਕੁਝ ਦੁਹਰਾਅ ਆ ਗਿਆ ਹੈ। ਜਦੋਂ ਪਾਠਕ ਅਖਬਾਰੀ ਕਿਸ਼ਤਾਂ ਵਿਚ ਛਪੇ ਲੇਖਾਂ ਨੂੰ ਪੁਸਤਕ ਰੂਪ 'ਚ ਪੜ੍ਹਦਾ ਹੈ ਤਾਂ ਇਸ ਦਾ ਦੁਹਰਾਅ ਕੁਝ ਰੜਕਣ ਲੱਗਦਾ ਹੈ । ਉਦਾਹਰਣ ਵਜੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਉੱਤਰਕਾਲ ਤੋਂ ਬਾਅਦ ਅੰਗਰੇਜ਼ਾਂ ਵੱਲੋਂ ਇਸ ਸ਼ਹਿਰ ਦਾ ਪ੍ਰਬੰਧ ਕਪੂਰਥਲਾ ਰਿਆਸਤ ਨੂੰ ਸੌਂਪੇ ਜਾਣ ਦੀ ਗੱਲ ਵਾਰ-ਵਾਰ ਦੁਹਰਾਈ ਗਈ ਹੈ।ਪੁਸਤਕ ਵਿਚ ਸ਼ਾਮਲ ਕਰਨ ਤੋਂ ਪਹਿਲਾਂ ਥੋੜ੍ਹੀ ਜਿਹੀ ਮਿਹਨਤ ਨਾਲ ਹੀ ਦੁਹਰਾਓ ਵਾਲੇ ਵੇਰਵੇ ਇਸ ਵਿੱਚੋਂ ਕੱਢੇ ਜਾ ਸਕਦੇ ਸਨ। ਲੇਖ ਵਿਰਾਸਤ ਦੀ ਪੇਸ਼ਕਾਰੀ ਕਰਨ ਵੇਲੇ ਤੱਥਾਂ ਤੇ ਅੰਕੜਿਆਂ ਦੀ ਮਹੱਤਤਾ ਨੂੰ ਸਮਝਦਾ ਹੈ, ਪਰ ਨਿਰਾ-ਪੁਰਾ ਇਹਨਾਂ 'ਤੇ ਨਿਰਭਰ ਨਹੀਂ ਰਹਿੰਦਾ । ਉਸ ਕੋਲ ਇਤਿਹਾਸ ਦੀ ਪੇਸ਼ਕਾਰੀ ਕਰਨ ਲਈ ਲੋੜੀਂਦੀ ਲੋਕ ਮੁਹਾਵਰੇ ਵਾਲੀ ਭਾਸ਼ਾ ਹੈ, ਜਿਸ ਰਾਹੀਂ ਉਹ ਵਿਰਾਸਤ ਨੂੰ ਇਕ ਕਹਾਣੀ ਬਣਾ ਕੇ ਪੇਸ਼ ਕਰਨ ਵਿਚ ਸਫ਼ਲ ਰਹਿੰਦਾ ਹੈ। ਪੱਤਰਕਾਰ ਵਜੋਂ ਉਹ ਫੋਟੋਗ੍ਰਾਫੀ ਰਾਹੀਂ ਵਿਰਾਸਤੀ ਦ੍ਰਿਸ਼ ਵੀ ਸਿਰਜਦਾ ਹੈ, ਜਿਹੜੇ ਪੁਸਤਕ ਪਾਠ ਵਿਚ ਪਾਠਕੀ ਦਿਲਚਸਪੀ ਨੂੰ ਵਧਾਉਣ ਵਾਲੇ ਹਨ। ਘਰ ਬੈਠਿਆਂ ਜਲੰਧਰ ਦੀ ਵਿਰਾਸਤ ਨਾਲ ਜੋੜਨ ਵਾਲੀ ਇਸ ਪੁਸਤਕ ਦਾ ਮੈਂ ਹਾਰਦਿਕ ਸਵਾਗਤ ਕਰਦਾ ਹਾਂ।

*ਮੋਬਾਈਲ- 89682-82700*

# 'ਨਵਾਂ ਜ਼ਮਾਨਾ' ਟੇਬਲ 'ਤੋਂ

## ਡਾ. ਸਾਧੂ ਸਿੰਘ ਹਮਦਰਦ ਦੀਆਂ ਗ਼ਜ਼ਲਾਂ ਵਿੱਚ ਖੂਬੀਆਂ ਅਤੇ ਅਲੰਕਾਰ

ਨਿਸ਼ਾਨ ਸਿੰਘ ਜੌਹਲ
ਮੁੱਲ : 200, ਸਫ਼ੇ : 169
ਆਜ਼ਾਦ ਬੁੱਕ ਡੀਪੂ, ਅੰਮ੍ਰਿਤਸਰ




ਪਿੰਗਲ ਤੇ ਅਰੂਜ਼ ਦਾ ਗਿਆਤਾ ਨਿਸ਼ਾਨ ਸਿੰਘ ਜੌਹਲ ਨੇ ਹਮਦਰਦ ਦੀਆਂ ਗ਼ਜ਼ਲਾਂ ਦਾ ਬਹੁਪੱਖੀ ਵਿਸ਼ਲੇਸ਼ਣ ਤੇ ਗ਼ਜ਼ਲ ਦੀਆਂ ਤਕਨੀਕੀ ਖ਼ੂਬੀਆਂ ਉਭਾਰਨ ਵਾਲੀ ਹੱਥਲੀ ਪੁਸਤਕ ਤਿਆਰ ਕੀਤੀ ਹੈ। ਜੌਹਲ ਗ਼ਜ਼ਲ ਤਕਨੀਕ ਦਾ ਮਹਿਰ ਹੈ। ਉਸ ਨੇ ਇਸ ਵਿਧਾ ਦੇ ਮੂਲ ਵਿਧਾਨ ਉੱਤੇ ਹਮਦਰਦ ਦੀਆਂ ਗ਼ਜ਼ਲਾਂ ਨੂੰ ਪਰਖਿਆ ਹੈ। ਹਮਦਰਦ ਮੂਲ ਰੂਪ ਵਿੱਚ ਪ੍ਰਸਿੱਧ ਗ਼ਜ਼ਲਗੋ ਹੋਇਆ ਹੈ ਜਿਸ ਨੇ ਪਰੰਪਰ ਗ਼ਜ਼ਲ ਦੀ ਪ੍ਰੰਪਰਾ ਨੂੰ ਸਥਾਪਤ ਕਰਦਿਆਂ ਆਪਣੀਆਂ ਗ਼ਜ਼ਲਾਂ ਦੀ ਸਿਰਜਣਾ ਕੀਤਾ ਹੈ। ਬਾਹਰੀ ਬਣਤਰ ਵਿੱਚ ਉਹਦੀ ਗ਼ਜ਼ਲ ਸਾਦਗੀ ਵਾਲੀ ਹੈ। ਉਸ ਦੀ ਪਹਿਲੀ ਪੁਸਤਕ 'ਗ਼ਜ਼ਲ' 1913 ਵਿੱਚ ਛਪੀ ਸੀ ਜੋ 'ਖ਼ੂਬੀਆਂ ਤੇ ਅਲੰਕਾਰਾਂ' ਨਾਲ ਭਰੀ ਹੋਈ ਸੀ। ਜੌਹਲ ਨੇ ਹਮਦਰਦ ਦੀ ਸਮੁੱਚੀ ਗ਼ਜ਼ਲ ਵਿੱਚੋਂ ਖ਼ੂਬੀ ਏ ਦੀਰਾਦ-ਉਲ-ਮਿਸਲ, ਲੋਕੋਕਤੀ ਅਲੰਕਾਰ, ਖ਼ੂਬੀ ਏ ਤਕਰਾਰ-ਏ-ਲਫ਼ਜ਼ੀ, ਦੀਪਕ ਪਦਾਵ੍ਰਿਤੀ ਅਲੰਕਾਰ, ਖ਼ੂਬੀ ਏ ਇਤਨਾਬ, ਵੀਪਸਾ ਅਲੰਕਾਰ, ਖ਼ੂਬੀ ਦੇ ਮੁਦੱਲਲ, ਕਾਵਿ ਲਿੰਗ ਅਲੰਕਾਰ ਆਦਿ ਖ਼ੂਬੀਆਂ ਦਾ ਵਿਸ਼ਲੇਸ਼ਣ ਕੀਤਾ ਹੈ। ਗ਼ਜ਼ਲ ਦੇ ਇਕੱਲੇ ਇਕੱਲੇ ਸ਼ੇਅਰਾਂ ਦੇ ਪ੍ਰਸੰਗ ਨੂੰ ਲੈ ਕੇ ਵਿਸ਼ਲੇਸ਼ਣ ਕੀਤਾ ਹੈ। ਹਮਦਰਦ ਨੇ ਜਿੱਥੇ ਗ਼ਜ਼ਲ ਵਿੱਚ ਸਫ਼ਲਤਾ ਪ੍ਰਾਪਤ ਕੀਤਾ ਉੱਥੇ ਇਸ ਵਿਧਾ ਕੇ ਅਸੂਲਾਂ ਤੇ ਨੇਮਾਂ ਦੀ ਪਾਬੰਦੀ ਵੀ ਰੱਖੀ ਹੈ। ਹਮਦਰਦ ਦੀ ਗ਼ਜ਼ਲ ਵਿੱਚ ਭਾਰੇ, ਬੋਝਲ ਅਤੇ ਕੁਰਖਤ ਸ਼ਬਦ ਨਹੀਂ ਮਿਲਦੇ। ਮੁੱਢਲੇ ਸਫ਼ੇ 'ਤੇ ਦੀਪਕ ਜੈਤੋਈ ਦੇ ਪਿੰਗਲ ਦੇ ਇਤਿਹਾਸ ਸਬੰਧੀ ਲੇਖ ਹਨ। ਹਮਦਰਦ ਹੁਰਾਂ ਦਾ 'ਮੇਰੀ ਗ਼ਜ਼ਲ ਯਾਤਰਾ' ਲੇਖ ਵੀ ਮਹੱਤਵਪੂਰਨ ਹੈ। ਆਪਣੀ ਸ਼ੁਰੂ ਦੀ ਕਾਵਿ ਯਾਤਰਾਂ ਬਾਰੇ ਜ਼ਿਕਰ ਕਰਦਾ ਹਮਦਰਦ ਲਿਖਦਾ ਹੈ ਕਿ ਜਦੋਂ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਫਾਂਸੀ ਦਿੱਤੀ ਗਈ ਤਾਂ ਹਮਦਰਦ ਹੁਰਾਂ ਨੇ ਕਈ ਬੈਂਤਾਂ ਵੀ ਲਿਖੀਆਂ। ਹਮਦਰਦ ਨੇ ਮਿੰਟ ਗੁਮਰੀ ਡਿਸਟ੍ਰਿਕ ਬੋਰਡ ਵੱਲੋਂ ਕਰਵਾਏ ਮੁਸ਼ਾਇਰੇ ਵਿੱਚ 'ਪਿੰਡ ਕਿਵੇ ਨਰਕ ਬਣੇ' ਵਿਸ਼ੇ ਉੱਤੇ ਪਹਿਲੀ ਵਾਰ ਕਵਿਤਾ ਪੜ੍ਹੀ ਸੀ। ਜੌਹਲ ਨੇ ਕਿਤਾਬ ਵਿੱਚ ਹਮਦਰਦ ਦੀ ਗ਼ਜ਼ਲ ਨੂੰ ਸਮਝਣ ਲਈ ਇਕ ਲੰਮਾ ਲੇਖ ਲਿਖਿਆ ਜਿਸ ਦਾ ਉਸ ਨੇ ਸਿਰਲੇਖ ਦਿੱਤਾ 'ਖ਼ੂਬੀ ਏ ਈਰਾਦ-ਉਲ-ਮਿਸਲ (ਲੋਕੋਕਤੀ ਅਲੰਕਾਰ) ਆਦਿ। ਇਸ ਲੇਖ ਵਿੱਚ ਲੇਖਕ ਨੇ ਪੈਂਤੀ ਅੱਖਰਾਂ ਦੇ ਹਿਸਾਬ ਨਾਲ ਸ਼ੇਅਰਾ 'ਚ ਵਰਤੇ ਮੁਹਾਵਰਿਆ ਦੀ ਪੜਚੋਲ ਕੀਤੀ ਹੈ। ਕਿਤਾਬ ਵਿੱਚ ਵੱਖ ਵੱਖ ਸ਼ੇਅਰਾਂ ਦੇ ਹਵਾਲੇ ਨਾਲ ਹਮਦਰਦ ਦੀ ਸ਼ਾਇਰੀ ਦੀ ਪੜਚੋਲ ਕੀਤੀ ਗਈ ਹੈ।

## ਚਾਨਣ ਵੰਡਦੀ ਕਹਿਕਸ਼ਾਂ

(ਗ਼ਜ਼ਲ, ਗੀਤ ਤੇ ਕਵਿਤਾਵਾਂ)
ਡਾ. ਗੁਰਚਰਨ ਕੌਰ ਕੋਚਰ
ਮੁੱਲ : 225, ਸਫ਼ੇ : 126
ਚੇਤਨਾ : ਪ੍ਰਕਾਸ਼ਨ, ਲੁਧਿਆਣਾ




ਪੰਜਾਬੀ ਦੀ ਪ੍ਰਸਿੱਧ ਸ਼ਾਇਰਾ ਗੁਰਚਰਨ ਕੌਰ ਕੋਚਰ ਕਈ ਦਹਾਕਿਆ ਤੋਂ ਲਿਖਦੀ ਆ ਰਹੀ ਹੈ। ਹੱਥਲੀ ਪੁਸਤਕ ਵਿੱਚ ਉਸ ਦੀਆਂ 71 ਰਚਨਾਵਾਂ ਹਨ ਜਿਨ੍ਹਾਂ ਵਿੱਚ 47 ਗ਼ਜ਼ਲਾਂ, 16 ਗੀਤ ਤੇ 8 ਕਵਿਤਾਵਾਂ ਸ਼ਾਮਿਲ ਹਨ। ਉਹ ਆਪਣੀ ਸ਼ਾਇਰੀ ਵਿੱਚ ਲੋਕ ਪੱਖੀ ਮੁੱਦੇ ਉਭਾਰਦੀ ਹੋਈ ਪੀੜਤ ਧਿਰ ਨਾਲ ਖੜਦੀ ਹੈ। ਦੇਸ਼ ਵਿਦੇਸ਼ ਵਿੱਚ ਵਾਪਰਨ ਵਾਲੇ ਧਾਰਮਿਕ, ਸਭਿਆਚਾਰਕ, ਆਰਥਿਕ, ਸਮਾਜਿਕ ਮਸਲਿਆਂ ਬਾਰੇ ਵੀ ਗ਼ਜ਼ਲਾਂ ਤੇ ਸ਼ੇਅਰ ਕਹਿੰਦੀ ਹੈ। ਜਿਹੜੇ ਮਜ਼ਮੂਨ ਗ਼ਜ਼ਲ ਦੇ ਮਿਸਰਿਆਂ ਵਿੱਚ ਬੱਝ ਨਹੀਂ ਸਕਦੇ ਉਨ੍ਹਾਂ ਬਾਰੇ ਕਵਿਤਾ ਵਿੱਚ ਆਪਣੀਆਂ ਧਾਰਨਾਵਾਂ ਪ੍ਰਗਟ ਕਰਦੀ ਹੈ।

ਗੁਰਚਰਨ ਕੋਚਰ ਦੀ ਪੁਸਤਕ ਵਿੱਚ ਸਾਮਿਲ ਸ਼ਾਇਰੀ ਵਿਚੋਂ ਗੁਜਰਦਿਆਂ ਇਹ ਗੱਲ ਸਹਿਜੇ ਹੀ ਕਹੀ ਜਾ ਸਕਦੀ ਹੈ ਕਿ ਉਹ ਗ਼ਰੀਬੀ, ਨਿਮਾਣਿਆਂ, ਨਿਤਾਣਿਆਂ, ਮਜ਼ਲੂਮਾ ਤੇ ਹਾਸ਼ੀਏ ਤੇ ਧਕੇਲੇ ਗਏ ਲੋਕਾਂ ਨਾਲ ਡਟ ਕੇ ਖ਼ੜੀ ਹੁੰਦੀ ਹੈ। ਕਿਤਾਬ ਦੇ ਆਰੰਭ ਵਿੱਚ ਹੀ ਉਹ 'ਸੋਨ ਸਵੇਰਾ ਲੈ ਕੇ ਆਵੇ, ਉਹ ਸੂਹੀ ਪਰਭਾਤ ਮੁਬਾਰਕ' ਕਹਿੰਦੀ ਹੈ। ਗੀਤਾਂ ਦਾ ਆਰੰਭ ਉਹ 'ਮਾਂ ਤਾਂ ਆਖ਼ਿਰ ਮਾਂ ਹੁੰਦੀ ਏ' ਨਾਲ ਕਰਦੀ ਹੋਈ ਆਪਣੇ ਸੂਖਮ ਅਹਿਸਾਸ ਪ੍ਰਗਟ ਕਰਦੀ ਹੈ। ਕਵਿਤਾਵਾਂ ਦਾ ਆਰੰਭ 'ਬਾਬਲ ਦੀ ਸ਼ਾਇਰੀ' ਅੱਜ ਵੀ ਹੈ ਮੇਰੇ ਸੰਗ' ਨਾਲ ਕਰਦੀ ਹੋਈ ਡੂੰਘੀ ਉੱਤਰ ਜਾਂਦੀ ਹੈ। ਤਿੰਨੇ ਵਿਧਾਵਾਂ ਵਿੱਚ ਕੋਚਰ ਦੀ ਸ਼ਾਇਰੀ ਪੜ੍ਹ ਕੇ ਇਕ ਪ੍ਰੋੜ ਸ਼ਾਇਰਾਂ ਦੇ ਦਰਸ਼ਨ ਹੁੰਦੇ ਹਨ। ਕਿਤਾਬ ਕਈ ਪੱਖਾਂ ਤੋਂ ਮਹੱਤਵਪੂਰਨ ਹੈ। ਗ਼ਜ਼ਲ ਦੇ ਸ਼ੇਅਰਾਂ ਵਿੱਚ ਕਮਾਲ ਦੀ ਮੁਹਾਰਤ ਹੈ। ਜਿਸ ਵਿੱਚ ਗਹਿਰੇ ਚਿਹਨ ਵਰਤਦੀਆਂ ਹੋਈ ਆਪਣੀ ਗ਼ਜ਼ਲ ਨੂੰ ਅਰਥਭਰਪੂਰ ਬਣਾ ਦਿੰਦੀ ਹੈ।

# ਪੁਸਤਕ ਰੀਵਿਊ

## ਪੰਜਾਬ ਨੂੰ ਨਸ਼ਿਆਂ ਦਾ ਸੇਕ

(ਲੇਖ ਸੰਗ੍ਰਹਿ)
ਪ੍ਰਭਜੋਤ ਕੌਰ ਢਿੱਲੋਂ
ਪੰਨੇ : 122, ਮੁੱਲ : 200 ਰੁਪਏ
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਵਿੱਚ ਛੇਵਾਂ ਦਰਿਆ ਵੀ ਅੱਜਕੱਲ੍ਹ ਪੂਰੇ ਜ਼ੋਰਾਂ ਨਾਲ ਵਹਿ ਰਿਹਾ ਹੈ, ਜਿਹੜਾ ਪੰਜਾਬ ਦੀ ਜਵਾਨੀ ਨੂੰ ਆਪਣੇ ਨਾਲ ਵਹਾਅ ਕੇ ਲਿਜਾ ਰਿਹਾ ਹੈ ਤੇ ਉਹ ਹੈ ਨਸ਼ਿਆਂ ਦਾ ਦਰਿਆ। ਇਹ ਅੱਜ ਦਾ ਗੰਭੀਰ ਅਤੇ ਭਖਦਾ ਮਸਲਾ ਹੈ, ਜਿਸ ਨੂੰ ਛੇਵੇਂ ਦਰਿਆ ਦਾ ਨਾਂਅ ਦਿੱਤਾ ਜਾ ਰਿਹਾ ਹੈ। ਇਸ ਪ੍ਰਤੀ ਚਿੰਤਤ ਹੁੰਦਿਆਂ ਲੇਖਿਕਾ ਪ੍ਰਭਜੋਤ ਕੌਰ ਢਿੱਲੋਂ ਨੇ ਪਾਠਕਾਂ ਦੇ ਸਨਮੁੱਖ ਹਥਲੀ ਲੇਖ ਪੁਸਤਕ 'ਪੰਜਾਬ ਨੂੰ ਨਸ਼ਿਆਂ ਦਾ ਸੇਕ' ਸਿਰਲੇਖ ਹੇਠ ਰੱਖੀ ਹੈ। ਇਹ ਪ੍ਰਭਜੋਤ ਕੌਰ ਦੀ ਦਸਵੀਂ ਪੁਸਤਕ ਹੈ।

ਹਥਲੀ ਪੁਸਤਕ ਦਾ ਨਿੱਠ ਕੇ ਪਾਠ ਕਰਦਿਆਂ ਮਹਿਸੂਸ ਹੋਇਆ ਕਿ ਅੱਜ ਦੇ ਯੁੱਗ ਵਿੱਚ ਨਸ਼ੇ ਨੇ ਜੋ ਸਮਾਜ ਵਿੱਚ ਨੌਜਵਾਨ ਪੀੜ੍ਹੀ ਦਾ ਘਾਣ ਕੀਤਾ ਹੈ, ਉਸ ਨੂੰ ਪੂਰਾ ਕਰਨਾ ਬੜਾ ਮੁਸ਼ਕਲ ਹੋ ਰਿਹਾ ਹੈ। ਉਸ ਨੇ ਇਸ ਪੁਸਤਕ ਵਿੱਚ ਅਜਿਹੇ ਹੀ ਛੋਟੇ-ਛੋਟੇ ਛਿਆਲੀ ਲੇਖ ਸ਼ਾਮਲ ਕਰਕੇ ਸਮਾਜ ਨੂੰ ਜਾਗ੍ਰਿਤ ਕਰਨ ਦਾ ਯਤਨ ਕੀਤਾ ਹੈ। ਇਸ ਪੁਸਤਕ ਵਿੱਚ ਉਸ ਨੇ ਕੇਵਲ ਨਸ਼ਿਆਂ ਬਾਰੇ ਹੀ ਨਹੀਂ, ਸਗੋਂ ਹੋਰ ਵੀ ਕਈ ਪਹਿਲੂਆਂ ਨੂੰ ਛੋਹਿਆ ਹੈ, ਜਿਵੇਂ ਕਿ ਸਮੇਂ ਨਾਲ ਬਦਲਦੇ ਰਿਸ਼ਤੇ ਮੋਬਾਇਲਾਂ ਕਾਰਨ ਪਰਵਾਰਾਂ ਵਿੱਚ ਪਈਆਂ ਦਰਾਰਾਂ, ਰਿਸ਼ਵਤ, ਭ੍ਰਿਸ਼ਟਾਚਾਰ, ਪ੍ਰਵਾਸ, ਕੈਂਸਰ ਦੀ ਕ੍ਰੋਪੀ, ਕਾਨੂੰਨਾਂ ਦੀ ਭਰਮਾਰ, ਬਦਲਦੇ ਰੀਤੀ-ਰਿਵਾਜ, ਮਹਿੰਗਾਈ, ਪ੍ਰਾਈਵੇਟ ਹਸਪਤਾਲਾਂ ਵਿੱਚ ਆਮ ਮਰੀਜ਼ਾਂ ਦੀ ਲੁੱਟ, ਮਨੁੱਖ ਦੀਆਂ ਮੁੱਢਲੀਆਂ ਜ਼ਰੂਰਤਾਂ ਆਦਿ ਨੂੰ ਸ਼ਾਮਲ ਕੀਤਾ ਹੈ।

ਪੰਜਾਬ ਵਿੱਚ ਵਗਦੇ ਇਸ ਨਸ਼ੇ ਦੇ ਛੇਵੇਂ ਦਰਿਆ ਅਤੇ ਸਮਾਜਿਕ ਊਣਤਾਈਆਂ ਨੂੰ ਲੈ ਕੇ ਇਸ ਪੁਸਤਕ ਦੀ ਸਿਰਜਣਾ ਕੀਤੀ ਗਈ ਹੈ, ਜਿਸ ਵਿੱਚ ਆਮ ਲੋਕਾਂ ਨੂੰ ਇਸ ਬਿਮਾਰੀ ਦੇ ਸਮਝਣ ਦੀ ਲੋੜ ਦੇ ਨਾਲ ਸਰਕਾਰਾਂ ਨੂੰ ਕੋਸਿਆ ਗਿਆ ਹੈ। ਪੁਸਤਕ ਦੇ ਲੇਖ 'ਨਸ਼ਿਆਂ ਨਾਲ ਹੋ ਰਿਹਾ ਪੰਜਾਬ ਤਬਾਹ' ਵਿੱਚ ਕਿਹਾ ਗਿਆ ਹੈ ਕਿ ਸਾਡੇ ਪੰਜਾਬ ਵਿੱਚ ਬਿਨਾਂ ਸ਼ਰਾਬ ਤੋਂ ਕਿਸੇ ਮਹਿਮਾਨ ਦੀ ਖਾਤਰਦਾਰੀ, ਮਹਿਮਾਨ-ਨਿਵਾਜ਼ੀ ਜਾਂ ਸੇਵਾ ਹੀ ਨਹੀਂ ਮੰਨੀ ਜਾਂਦੀ। ਲੇਖ ਵਿੱਚ ਲਿਖਿਆ ਗਿਆ ਹੈ ਕਿ 2017 ਵਿੱਚ ਕਾਂਗਰਸ ਦਾ ਜਿੱਤਣਾ ਪੰਜਾਬ ਵਿੱਚੋਂ ਨਸ਼ਿਆਂ ਨੂੰ ਚਾਰ ਹਫਤਿਆਂ ਵਿੱਚ ਖਤਮ ਕਰਨਾ ਉਹਨਾਂ ਦਾ ਮੈਨੀਫੈਸਟੋ ਸੀ, ਪਰ ਅਜੇ ਤੱਕ ਨਸ਼ਾ ਖਤਮ ਹੋਣ ਦੀ ਥਾਂ ਵਧਦਾ ਜਾ ਰਿਹਾ ਹੈ। ਦੇਸ਼ ਵਿੱਚ ਆਈ ਪੱਛਮੀ ਸੱਭਿਅਤਾ ਨਾਲ ਕੇਵਲ ਮਰਦ ਹੀ ਨਹੀਂ, ਸਗੋਂ ਔਰਤਾਂ ਵੀ ਨਸ਼ੇ ਕਰਨ ਅਤੇ ਵੇਚਣ ਵਿੱਚ ਭਾਗੀਦਾਰ ਹਨ। ਨਸ਼ਿਆਂ ਵਿੱਚ ਕੈਪਸੂਲ, ਗੋਲੀਆਂ, ਚਿੱਟਾ ਅਤੇ ਸ਼ਰਾਬ, ਡੋਡੇ, ਭੁੱਕੀ, ਅਫੀਮ ਆਦਿ ਸਾਰਾ ਕੁਝ ਹੀ ਆਉਂਦਾ ਹੈ। ਨਸ਼ੇ ਅੱਜਕੱਲ੍ਹ ਪਰਵਾਰਾਂ ਲਈ ਘਾਤਕ ਸਿੱਧ ਹੋ ਰਹੇ ਹਨ। ਪਰਵਾਰਾਂ ਵਿੱਚ ਕੁੱਟਮਾਰ, ਬੇਇੱਜ਼ਤੀ, ਲੁੱਟ, ਘਰੇਲੂ ਸਾਮਾਨ ਦਾ ਵੇਚਣਾ, ਲੁੱਟਾਂ-ਖੋਹਾਂ ਅਸੀਂ ਆਮ ਦੇਖ ਰਹੇ ਹਾਂ।

ਸਰਕਾਰਾਂ ਦਾ ਕੰਮ ਆਪਣੀ ਪਰਜ਼ਾ ਨੂੰ ਸਮਾਜਿਕ ਸੁਰੱਖਿਆ ਦੇਣਾ ਅਤੇ ਕੁੱਲੀ, ਗੁੱਲੀ, ਜੁੱਲੀ ਮੁਹੱਈਆ ਕਰਵਾਉਣੀ ਹੁੰਦੀ ਹੈ, ਪਰ ਲੋਕਾਂ ਨੂੰ ਆਪਣੇ ਮੁਫਾਦ ਲਈ ਮੁਫ਼ਤ ਦੀਆਂ ਚੀਜ਼ਾਂ ਦੇ ਕੇ ਆਲਸੀ ਬਣਾਇਆ ਜਾ ਰਿਹਾ ਹੈ। ਇਸ ਸੰਦਰਭ ਵਿੱਚ ਪੁਸਤਕ ਵਿੱਚ ਵਿਦੇਸ਼ੀ ਸਰਕਾਰਾਂ ਨਾਲ ਤੁਲਨਾ ਕੀਤੀ ਵੀ ਮਿਲਦੀ ਹੈ। ਇਸ ਪੁਸਤਕ ਅਨੁਸਾਰ ਨਾਗਰਿਕਾਂ ਨੂੰ ਮੁਫ਼ਤ ਆਟਾ-ਦਾਲ ਸਕੀਮਾਂ ਰਾਹੀਂ ਰਾਸ਼ਨ ਦੇਣ ਲਈ ਕਿੱਥੋਂ ਆਉਂਦਾ ਹੈ ? ਇੱਕ ਸਵਾਲ ਪੈਦਾ ਕਰਦੀ ਹੈ। ਪੁਸਤਕ ਮਾਂ ਬੋਲੀ ਬਾਰੇ ਵੀ ਚਿੰਤਤ ਹੈ। ਆਮ ਪੰਜਾਬੀ ਘਰਾਂ ਵਿੱਚ ਅੱਜਕੱਲ੍ਹ ਅੰਗਰੇਜ਼ੀ ਅਤੇ ਹਿੰਦੀ ਅਕਸਰ ਬੋਲੀ ਜਾਂਦੀ ਹੈ, ਜੋ ਚੰਗਾ ਚਲਣ ਨਹੀਂ ਹੈ। ਇਸ ਸੰਬੰਧੀ ਪੁਸਤਕ 'ਬੱਚਿਆਂ ਦਾ ਗੁਆਚ ਗਿਆ ਬਚਪਨ' ਲੇਖ ਤਹਿਤ ਦਰਜ ਹੈ ਕਿ ਅਸਲ ਵਿੱਚ ਮਾਪਿਆਂ ਨੂੰ ਲੱਗਦਾ ਹੈ ਕਿ ਜੇਕਰ ਬੱਚਾ ਅੰਗਰੇਜ਼ੀ ਬੋਲ ਰਿਹਾ ਹੈ ਤਾਂ ਹੀ ਉਨ੍ਹਾਂ ਦਾ ਸਮਾਜ ਵਿੱਚ ਰੁਤਬਾ ਬਣਦਾ ਹੈ, ਪਰ ਖੋਜਾਂ ਨੇ ਸਿੱਧ ਕਰ ਦਿੱਤਾ ਹੈ ਕਿ ਮਾਂ ਬੋਲੀ ਹੀ ਬੱਚੇ ਦਾ ਵਧੀਆ ਵਿਕਾਸ ਕਰ ਸਕਦੀ ਹੈ।




ਪੁਸਤਕ ਵਿੱਚ ਅੱਜ ਦੀ ਥਾਂ ਪੁਰਾਤਨ ਸਮੇਂ ਮਿੱਟੀ ਦੇ ਬਣਾਏ ਖਿਡੌਣਿਆਂ ਅਤੇ ਭੱਠੀ 'ਤੇ ਭੁਨਾਏ ਦਾਣੇ ਕਿਤੇ ਵੱਧ ਖੁਸ਼ੀ ਦਿੰਦੇ ਸਨ। ਪਿਆਰ ਨੂੰ ਮਾਨਵਤਾ ਦਾ ਦੂਸਰਾ ਨਾਂਅ ਤਸੱਵਰ ਕੀਤਾ ਗਿਆ ਹੈ। ਪਿਆਰ ਦੀ ਨਾ ਤਾਂ ਕੋਈ ਪ੍ਰੀਭਾਸ਼ਾ ਹੈ ਅਤੇ ਨਾ ਹੀ ਬਿਆਨ। ਇਸ ਨੂੰ ਕੇਵਲ ਸਮਝਿਆ ਜਾਂ ਮਹਿਸੂਸ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਆਮ ਲੋਕਾਂ ਨੂੰ ਮਿਲਦੀਆਂ ਸਹੂਲਤਾਂ ਉਪਰ ਵੀ ਪੁਸਤਕ ਵਿੱਚ ਤਨਜ਼ ਕੱਸਿਆ ਗਿਆ ਹੈ। ਪੁਸਤਕ ਦੇ ਲੇਖ 'ਸਿਹਤ ਸਹੂਲਤਾਂ ਦਾ ਕੱਚ-ਸੱਚ' ਅਤੇ 'ਸਿਹਤ ਸਹੂਲਤਾਂ ਦੇ ਨਾਂਅ 'ਤੇ ਲੋਕਾਂ ਦੀ ਲੁੱਟ' ਵਿੱਚ ਦੱਸਿਆ ਗਿਆ ਹੈ ਕਿ ਵਧੇਰੇ ਕਰਕੇ ਸਰਕਾਰੀ ਹਸਪਤਾਲਾਂ ਦੀ ਹਾਲਤ ਬੇਹੱਦ ਤਰਸਯੋਗ ਹੈ। ਵਧੇਰੇ ਲੋਕ ਕਰਜ਼ਾ ਚੁੱਕ ਕੇ ਚੰਗਾ ਇਲਾਜ ਕਰਵਾਉਣ ਵਾਸਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਜਾਂਦੇ ਹਨ। ਇਹ ਉਹਨਾਂ ਦੀ ਮਜਬੂਰੀ ਹੈ, ਪਰ ਦੂਜੇ ਲੇਖ ਵਿੱਚ ਪ੍ਰਾਈਵੇਟ ਹਸਪਤਾਲ ਵਿੱਚ ਮਰੀਜ਼ ਦਾ ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਮੋਟੀ ਰਕਮ ਜਮ੍ਹਾਂ ਕਰਵਾਉਣ ਲਈ ਕਿਹਾ ਜਾਂਦਾ ਹੈ। ਇਲਾਜ ਉਦੋਂ ਸ਼ੁਰੂ ਹੁੰਦਾ ਹੈ, ਜਦੋਂ ਦੱਸੀ ਗਈ ਰਕਮ ਜਮ੍ਹਾਂ ਹੋ ਜਾਂਦੀ ਹੈ। ਮਰੀਜ਼ ਬਿਮਾਰੀ ਨਾਲ ਪ੍ਰੇਸ਼ਾਨ ਹੁੰਦਾ ਹੈ ਅਤੇ ਬਾਕੀ ਪਰਵਾਰ ਪੈਸੇ ਇਕੱਠੇ ਕਰਨ ਵਿੱਚ।

ਪੁਸਤਕ ਵਿੱਚ ਇਹਨਾਂ ਵਿਸ਼ਿਆਂ ਤੋਂ ਇਲਾਵਾ ਭਾਰਤੀ ਵਾਯੂ ਸੈਨਾ, ਪੰਜਾਬ ਦੇ ਸੱਭਿਆਚਾਰਕ ਮੇਲੇ, ਮਹਿਲਾ ਦਿਵਸ, ਬੇਰੁਜ਼ਗਾਰੀ ਅਤੇ ਪੁਲਸ ਦਾ ਰੋਲ, ਮਾਂਵਾਂ, ਜੈ ਜਵਾਨ ਜੈ ਕਿਸਾਨ, ਵਿਵਹਾਰ, ਪੈਨਸ਼ਨਾਂ ਆਦਿ ਦੇ ਵਿਸ਼ੇ ਵੀ ਲਏ ਗਏ ਹਨ। ਪੁਸਤਕ ਵਿੱਚ ਸ਼ਾਮਲ ਹੋਰ ਲੇਖ ਡਿਗਰੀਆਂ ਅਤੇ ਸਿਆਣਪ ਦਾ ਕੋਈ ਮੇਲ ਨਹੀਂ, ਪੰਚਾਇਤਾਂ ਦਾ ਵਿਗੜਿਆ ਰੂਪ ਇਸ਼ਤਿਹਾਰਬਾਜ਼ੀ ਦੀ ਰੁੱਤ, ਬੰਦੇ ਦੀ ਸੋਚ, ਜ਼ੁਬਾਨ ਤੇ ਬੋਲਾਂ ਦੇ ਨਤੀਜੇ, ਰਿਸ਼ਤਿਆਂ ਦੀ ਉਲਝ ਰਹੀ ਤਾਣੀ, ਜ਼ਿੰਦਗੀ ਜਿਉਣ ਦੀ ਕਲਾ, ਮੁਸਕੁਰਾਹਟ, ਕੁਦਰਤ ਦਾ ਵੱਡਾ ਤੋਹਫਾ ਨਸ਼ਾ, ਕੋਈ ਵੀ ਹੋਵੇ ਤਬਾਹੀ ਮਚਾਉਂਦਾ ਹੈ, ਅਣਗੌਲਿਆ ਜਾਂਦਾ ਹੈ, ਮੱਧ ਵਰਗ ਰਿਸ਼ਤਿਆਂ ਦੀ ਲੰਮੀ ਉਮਰ ਲਈ ਜ਼ਰੂਰੀ ਹੈ। ਰਿਸ਼ਤਿਆਂ ਦਾ ਸਨਮਾਨ ਆਦਿ ਵੀ ਪੜ੍ਹਨ ਅਤੇ ਵਿਚਾਰਨਯੋਗ ਹਨ। ਅਸਲ ਵਿੱਚ ਇਸ ਪੁਸਤਕ ਨੂੰ ਪੜ੍ਹਦਿਆਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਇਹ ਸਾਰੀਆਂ ਘਟਨਾਵਾਂ, ਸਥਿਤੀਆਂ ਅਤੇ ਅੰਸ਼ ਸਾਡੇ ਨਿੱਤ ਦੇ ਜੀਵਨ ਵਿੱਚ ਵਾਪਰਦੇ ਹਨ। ਇਸ ਪੁਸਤਕ ਵਿੱਚ ਲੇਖਿਕਾ ਨੇ ਵਰਤਮਾਨ ਸਮਾਜ ਦੇ ਵਰਤਾਰਿਆਂ ਦਾ ਯਥਾਰਥ ਪੇਸ਼ ਕਰਨ ਦਾ ਯਤਨ ਕੀਤਾ ਹੈ। ਪੁਸਤਕ ਇੱਕ ਸਾਂਭਣਯੋਗ ਕਿਰਤ ਹੈ। ਇਸ ਵਿੱਚ ਲਏ ਗਏ ਵਿਸ਼ੇ ਜ਼ਮੀਨੀ ਹਕੀਕਤ ਨੂੰ ਪੇਸ਼ ਕਰਦੇ ਹਨ। ਇਸ ਦੀ ਭਾਸ਼ਾ ਸਰਲ ਹੈ। ਇਸ ਪੁਸਤਕ ਦਾ ਸਵਾਗਤ ਕਰਨਾ ਬਣਦਾ ਹੈ।

**—ਤੇਜਿੰਦਰ ਚੰਡਿਹੋਕ**

# ਪਰਮਿੰਦਰ ਸਵੈਚ ਦੀਆਂ ਦੋ ਕਿਤਾਬਾਂ ਲੋਕ ਅਰਪਣ ਤੇ ਵਿਚਾਰ-ਚਰਚਾ




**ਕੈਨੇਡਾ** : ਬੀਤੀ 14 ਜੂਨ ਨੂੰ 'ਸਰੋਕਾਰਾਂ ਦੀ ਅਵਾਜ਼' ਵੱਲੋਂ ਪਰਮਿੰਦਰ ਕੌਰ ਸਵੈਚ ਦੀਆਂ ਦੋ ਕਿਤਾਬਾਂ 'ਜਾਗਦੀ ਅੱਖ ਦਾ ਹਲਫ਼ਨਾਮਾ' (ਲੇਖ-ਸੰਗ੍ਰਹਿ) ਅਤੇ 'ਜੰਨਤ' (ਨਾਟ-ਸੰਗ੍ਰਹਿ) ਦਾ ਲੋਕ ਅਰਪਣ ਅਤੇ ਵਿਚਾਰ-ਚਰਚਾ ਕੀਤੀ ਗਈ। ਸਿਮਰਨ ਕ੍ਰਾਂਤੀ ਨੇ ਪ੍ਰੋਗਰਾਮ ਦੀ ਸ਼ੁਰੂਆਤ 'ਜਿਊਂਦਾ ਨਹੀਂ ਉਹ ਜਿਹੜਾ ਚੁੱਪ ਏ, ਵੇਖੋ ਕਿਹੜਾ ਕਿਹੜਾ ਚੁੱਪ ਏ, ਬੋਲ ਚੰਦਰੀਏ ਜੀਭੇ ਬੋਲ, ਪਿੱਛੇ ਸਾਰਾ ਵਿਹੜਾ ਚੁੱਪ ਏ' ਵਰਗੇ ਭਾਵਪੂਰਤ ਕਾਵਿ ਟੋਟੇ ਨਾਲ ਕੀਤੀ, ਜੋ ਪਰਮਿੰਦਰ ਸਵੈਚ ਦੀ ਸੋਚਣੀ ਤੇ ਲਿਖਤਾਂ ਦੇ ਨਾਲ ਮੇਲ ਖਾਂਦਾ ਸੀ। ਸਿਮਰਨ ਨੇ ਸਭ ਤੋਂ ਪਹਿਲਾਂ ਵਿਨੀਪੈੱਗ ਤੋਂ ਜਸਵੀਰ ਮੰਗੂਵਾਲ ਵੱਲੋਂ ਭੇਜੇ ਗਏ ਸੁਨੇਹੇ ਨੂੰ ਪੜ੍ਹ ਕੇ ਸੁਣਾਇਆ। ਡਾ. ਜਸਕਰਨ ਨੇ ਪਰਮਿੰਦਰ ਸਵੈਚ ਨਾਲ ਆਪਣੀ ਰੰਗਮੰਚ ਦੀ ਸਾਂਝ ਅਤੇ ਜੰਨਤ ਨਾਟਕ ਨੂੰ ਨਿਰਦੇਸ਼ਨ ਕਰਨ ਦੇ ਸਫ਼ਰ ਨੂੰ ਸਾਰਿਆਂ ਨਾਲ ਸਾਂਝਾ ਕੀਤਾ। ਕਵਿੱਤਰੀ ਹਰਿੰਦਰ ਕੌਰ ਸੋਹੀ ਨੇ ਕਿਹਾ ਕਿ ਪਰਮਿੰਦਰ ਕੋਲ਼ ਰੌਸ਼ਨ ਸੋਚ ਹੈ, ਜੋ ਹਮੇਸ਼ਾ ਸਮੱਸਿਆਵਾਂ ਨੂੰ ਆਪਣੀਆਂ ਲਿਖਤਾਂ ਵਿੱਚ ਘੋਣ ਤੋਂ ਪਹਿਲਾਂ ਸਮੱਸਿਆ ਬਾਰੇ ਕੀ ਹੈ, ਕਿਵੇਂ ਹੋਈ, ਕਿੱਥੇ ਹੋਈ, ਕਿਉਂ ਹੋਈ, ਕੀਹਨੇ ਕੀਤੀ ਬਾਰੇ ਅਧਿਐਨ ਕਰਕੇ ਸਾਡੇ ਸਾਹਮਣੇ ਰੱਖਦੀ ਹੈ। ਡਾ. ਗੋਪਾਲ ਸਿੰਘ ਬੁੱਟਰ ਨੇ ਜੰਨਤ ਨਾਟਕ ਬਾਰੇ ਕਿਹਾ ਕਿ ਇਹ ਨਾਟਕ ਸੱਚਾਈ ਦੇ ਬਹੁਤ ਨੇੜੇ ਹੈ। ਸੁਰਜੀਤ ਕਲਸੀ ਨੇ ਕਿਹਾ ਕਿ ਪਰਮਿੰਦਰ ਸਵੈਚ ਨੇ ਕੈਨੇਡਾ ਵਿੱਚ ਨਾਟਕ ਚਲਦਾ ਰੱਖਿਆ ਹੈ ਤੇ ਇਸ ਦੇ ਨਾਟਕ ਵਿੱਚ ਬਹੁਤ ਸਾਰੀਆਂ ਸੰਭਾਵਨਾਵਾਂ ਨਜ਼ਰ ਆਉਂਦੀਆਂ ਹਨ। ਡਾ. ਵਿਵੇਕਜੋਤ ਕੌਰ ਬਰਾੜ ਨੇ ਕਿਹਾ ਕਿ ਪਰਮਿੰਦਰ ਸਵੈਚ ਦੇ ਦੋਨੋਂ ਨਾਟਕਾਂ ਦੀਆਂ ਨਾਇਕਾਵਾਂ ਹਰਪਾਲ ਕੌਰ ਤੇ ਅਤਰ ਕੌਰ ਰਵਾਇਤੀ ਹੋਣ ਦੇ ਬਾਵਜੂਦ ਨਵੇਂ ਜ਼ਮਾਨੇ ਦੀਆਂ ਪ੍ਰਗਤੀਵਾਦੀ ਸੋਚ ਰੱਖਣ ਵਾਲੀਆਂ ਔਰਤਾਂ ਹਨ। ਅਜਮੇਰ ਰੋਡੇ ਨੇ ਕਿਹਾ ਕਿ 'ਲਾਸ਼ ਦਾ ਮੁੱਲ' ਨਾਟਕ ਨੂੰ ਔਰਤਾਂ ਦੇ ਸੰਦਰਭ ਵਿੱਚੋਂ ਪੇਸ਼ ਕੀਤਾ ਗਿਆ ਹੈ। ਬੀਰ ਬਟਾਲਵੀ ਨੇ ਵੀ ਕੈਨੇਡਾ ਦੇ ਰੰਗਮੰਚ ਦੇ ਤਜਰਬੇ ਸਾਂਝੇ ਕੀਤੇ ਅਤੇ ਪਰਮਿੰਦਰ ਸਵੈਚ ਨੂੰ ਦੋਨੋਂ ਪੁਸਤਕਾਂ ਦੀ ਵਧਾਈ ਦਿੱਤੀ। ਨਵਜੋਤ ਢਿੱਲੋਂ ਨੇ ਦਰਸ਼ਕ ਦੇ ਤੌਰ 'ਤੇ ਨਾਟਕ ਜੰਨਤ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਤੇ ਮੁਬਾਰਕਾਂ ਦਿੱਤੀਆਂ। ਨਾਟਕਕਾਰ ਡਾ. ਸਾਹਿਬ ਸਿੰਘ ਨੇ ਕਿਹਾ ਕਿ ਪਰਮਿੰਦਰ ਸਵੈਚ ਨੂੰ ਪਤਾ ਹੈ ਕਿ ਉਹ ਕੀ ਲਿਖਦੀ ਹੈ, ਕੀਹਦੇ ਲਈ ਲਿਖਦੀ ਹੈ, ਕਿਉਂ ਲਿਖਦੀ ਹੈ ਤੇ ਹਮੇਸ਼ਾ ਗੁਰਸ਼ਰਨ ਭਾਅ ਜੀ ਵਾਂਗ ਸੱਚ 'ਤੇ ਪਹਿਰਾ ਦਿੰਦੀ ਹੈ।

ਡਾ. ਪਿਰਥੀਪਾਲ ਸਿੰਘ ਸੋਹੀ ਨੇ 'ਜਾਗਦੀ ਅੱਖ ਦਾ ਹਲਫ਼ਨਾਮਾ' ਕਿਤਾਬ 'ਤੇ ਗੱਲ ਕਰਦਿਆਂ ਕਿਹਾ ਕਿ ਇਹ 20 ਲੇਖਾਂ ਦਾ ਸੰਗ੍ਰਹਿ ਹੈ, ਜਿਸ ਵਿੱਚ ਕੈਨੇਡਾ ਦੇ ਸਰੀ ਤੋਂ ਲੈ ਕੇ ਬੀ, ਸੀ ਕੈਨੇਡਾ, ਪੰਜਾਬ, ਭਾਰਤ ਤੇ ਕੌਮਾਂਤਰੀ ਪੱਧਰ ਦੇ ਵਿਸ਼ਿਆਂ ਨੂੰ ਲਿਆ ਗਿਆ ਹੈ। ਸੁਖਵੰਤ ਹੁੰਦਲ ਨੇ ਜਿੱਥੇ ਪਰਮਿੰਦਰ ਦੇ ਉੱਦਮ ਨੂੰ ਸਲਾਹਿਆ, ਉੱਥੇ ਇਹ ਵੀ ਦੱਸਿਆ ਕਿ ਇਹ ਲੇਖ ਆਮ ਲੋਕਾਂ ਲਈ ਲਿਖੇ ਗਏ ਹਨ, ਪਰ ਇਹਨਾਂ ਵਿੱਚ ਲੇਖ ਦੀ ਬਣਤਰ ਨੂੰ ਧਿਆਨ ਵਿੱਚ ਨਹੀਂ ਰੱਖਿਆ ਗਿਆ। ਡਾ. ਸਾਧੂ ਬਿਨਿੰਗ ਨੇ ਪਰਮਿੰਦਰ ਸਵੈਚ ਦੇ ਵਿਗਿਆਨ, ਧਰਮ ਅਤੇ ਨਾਸਤਿਕਤਾ ਨਾਲ ਸੰਬੰਧਤ ਲੇਖਾਂ 'ਤੇ ਗੱਲ ਕੀਤੀ ਤੇ ਦੱਸਿਆ ਕਿ ਇਹ ਗੱਲਾਂ ਸਾਡੀ ਕਮਿਊਨਿਟੀ ਵਿੱਚ ਲਗਾਤਾਰ ਹੋਣੀਆਂ ਚਾਹੀਦੀਆਂ ਹਨ। ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਪਰਮਿੰਦਰ ਦੀਆਂ ਲਿਖਤਾਂ ਉਸ ਦੀ ਰਾਜਸੀ ਸੂਝ-ਬੂਝ ਦੇ ਤਹਿਤ ਜਨਮੀਆਂ ਹਨ। ਉਸ ਦੇ ਸਰੋਕਾਰਾਂ ਦੇ ਅਨੁਕੂਲ ਮਨੁੱਖਤਾਵਾਦੀ ਸੋਚ ਨੂੰ ਮੁੱਖ ਰੱਖ ਕੇ ਲਿਖੀਆਂ ਗਈਆਂ ਹਨ। ਡਾ. ਰਘਬੀਰ ਸਿੰਘ ਸਿਰਜਣਾ ਨੇ ਕਿਹਾ ਕਿ ਪਰਮਿੰਦਰ ਦਿਆਂ ਲਿਖਤਾਂ ਕਵਿਤਾ ਹੋਵੇ, ਨਾਟਕ ਹੋਵੇ ਜਾਂ ਵਾਰਤਕ ਵਿੱਚ ਮਨੁੱਖਤਾਵਾਦੀ ਦ੍ਰਿਸ਼ਟੀਕੋਣ ਤੋਂ ਲੋਕਾਂ ਦੇ ਆਰਥਿਕ, ਸਮਾਜਿਕ ਤੇ ਰਾਜਨੀਤਕ ਮੁੱਦਿਆਂ ਦਾ ਵਿਸ਼ਲੇਸ਼ਣ ਕੀਤਾ ਹੈ। ਅੰਤ ਵਿੱਚ ਪਰਮਿੰਦਰ ਸਵੈਚ ਨੇ ਸਾਰਿਆਂ ਦਾ ਧੰਨਵਾਦ। ਸਿਮਰਨ ਕ੍ਰਾਂਤੀ ਨੇ ਸਟੇਜ ਦਾ ਸੰਚਾਲਨ ਬਹੁਤ ਵਧੀਆ ਤਰੀਕੇ ਨਾਲ ਕੀਤਾ।

# 'ਸ਼ਿਵਾਲਿਕ' ਦਾ ਤਾਜ਼ਾ ਅੰਕ ਰਿਲੀਜ਼



**ਚੰਡੀਗੜ੍ਹ** : ਪ੍ਰਿੰਸੀਪਲ ਸਤਨਾਮ ਸਿੰਘ ਸ਼ੋਕਰ ਤੇ ਉਨ੍ਹਾਂ ਦੇ ਪੋਤਰੇ ਦੇ ਜਨਮ ਦਿਨ ਮੌਕੇ ਡਾ. ਲਾਭ ਸਿੰਘ ਖੀਵਾ, ਪਰਮਜੀਤ ਮਾਨ, ਇੰਦਰਜੀਤ ਪ੍ਰੇਮੀ, ਸੁਰਜੀਤ ਸੁਮਨ, ਅਵਤਾਰ ਨਗਲੀਆਂ ਤੇ ਮੈਗਜ਼ੀਨ ਦੇ ਸੰਪਾਦਕ ਜੇ ਐੱਸ ਮਹਿਰਾ ਵੱਲੋਂ ਤ੍ਰੈਮਾਸਿਕ ਪੁਸਤਕ ਲੜੀ 'ਸ਼ਿਵਾਲਿਕ' ਦਾ ਤਾਜ਼ਾ ਅੰਕ ਰਲੀਜ਼ ਕੀਤਾ ਗਿਆ। ਇਸ ਮੌਕੇ ਸ੍ਰੀ ਸ਼ੋਕਰ ਨੇ ਕਿਹਾ ਕਿ ਮੈਗਜ਼ੀਨ ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਪ੍ਰੇਮੀਆਂ ਲਈ ਇੱਕ ਖਾਸ ਤੋਹਫ਼ਾ ਹੈ। ਡਾ. ਲਾਭ ਸਿੰਘ ਖੀਵਾ ਨੇ ਕਿਹਾ ਕਿ ਸਾਹਿਤਕ ਮੈਗਜ਼ੀਨ ਦਾ ਕਾਰਜ ਬਹੁਤ ਚੁਣੌਤੀਪੂਰਨ ਤੇ ਜ਼ੋਖਮ ਭਰਪੂਰ ਹੁੰਦਾ ਹੈ। ਇਸ ਮੌਕੇ ਇੰਦਰਜੀਤ ਪ੍ਰੇਮੀ, ਪਰਮਜੀਤ ਮਾਨ, ਸੁਰਜੀਤ ਸੁਮਨ ਅਤੇ ਅਵਤਾਰ ਨਗਲ਼ੀਆ ਨੇ ਆਪਣੇ ਵਿਚਾਰ ਪੇਸ਼ ਕੀਤੇ। ਮੈਗਜ਼ੀਨ ਦੇ ਸੰਪਾਦਕ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਅੰਕ ਵਿੱਚ ਉਰਦੂ ਅਦਬ, ਮੈਂ ਤੇ ਮੇਰੀ ਸਿਰਜਣ ਪ੍ਰਕਿਰਿਆ, ਨਾਵਲ ਸੂਤਰਧਾਰ, ਗ਼ਜ਼ਲਾਂ, ਕਵਿਤਾਵਾਂ, ਕਹਾਣੀਆਂ, ਪੁਸਤਕ ਰਿਵਿਊ, ਸਕਿੱਟ, ਫਿਲਮ ਦੋਸਤੀ ਦੀ ਸਮੀਖਿਆ, ਵਿਗਿਆਨ (ਡੀ.ਐੱਨ.ਏ. ਦੀ ਜਾਣਕਾਰੀ) ਅਤੇ ਥਾਇਰਾਇਡ ਬਿਮਾਰੀ ਬਾਰੇ ਜਾਣਕਾਰੀ ਆਦਿ ਦਿਲਚਸਪ ਸਾਹਿਤਕ ਲੇਖ ਸ਼ਾਮਲ ਹਨ।ਕੁੱਲ ਮਿਲਾ ਕੇ, 'ਸ਼ਿਵਾਲਿਕ' (ਜੁਲਾਈ-ਸਤੰਬਰ 2025) ਦਾ ਅੰਕ ਇੱਕ ਸੰਤੁਲਿਤ ਅਤੇ ਗਿਆਨਵਰਧਕ ਪੰਜਾਬੀ ਮੈਗਜ਼ੀਨ ਹੈ। ਇਹ ਸਾਹਿਤਕ ਰਚਨਾਵਾਂ, ਸਿਹਤ ਸੰਬੰਧੀ ਜਾਣਕਾਰੀ ਅਤੇ ਬਾਲ ਕਲਾਕਾਰਾਂ ਨੂੰ ਪ੍ਰੇਰਿਤ ਕਰਨ ਵਾਲੇ ਤੱਤਾਂ ਦਾ ਸੁਮੇਲ ਹੈ। ਇਸ ਦੀ ਪੇਸ਼ਕਾਰੀ ਸਾਫ਼-ਸੁਥਰੀ ਅਤੇ ਪੜ੍ਹਨਯੋਗ ਹੈ। ਪੰਜਾਬੀ ਪਾਠਕਾਂ ਨੂੰ ਇਸ ਮੈਗਜ਼ੀਨ ਤੋਂ ਕਾਫੀ ਕੁੱਝ ਸਿੱਖਣ ਅਤੇ ਮਨੋਰੰਜਨ ਕਰਨ ਦਾ ਮੌਕਾ ਮਿਲੇਗਾ। ਪਾਠਕਾਂ ਅਤੇ ਲਾਇਬ੍ਰੇਰੀਆਂ ਦੀ ਮੰਗ ਅਨੁਸਾਰ ਮੈਗਜ਼ੀਨ ਦਾ ਸਾਈਜ਼ ਭਾਵੇਂ ਪਹਿਲਾਂ ਦੇ ਮੁਕਾਬਲੇ ਛੋਟਾ ਕਰ ਦਿੱਤਾ ਗਿਆ ਹੈ।

# 'ਪੰਜਾਬੀ ਲਿਖਾਰੀ ਸਭਾ ਸਿਆਟਲ' ਦੀ ਨਵੀਂ ਕਮੇਟੀ ਦੀ ਚੋਣ




**ਸਿਆਟਲ**-ਪਿਛਲੇ ਲੰਬੇ ਸਮੇਂ ਤੋਂ ਆਪਣੇ ਬਹੁਪੱਖੀ ਉਦੇਸ਼ਾਂ ਵਿਸ਼ੇਸ਼ ਕਰਕੇ ਸਾਹਿਤਕ ਉਦੇਸ਼ਾਂ ਦੀ ਪੂਰਤੀ ਲਈ ਨਿਰੰਤਰ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਅਨੇਕ ਮੰਜ਼ਲਾਂ ਸਰ ਕਰਨ ਵਾਲੀ 'ਪੰਜਾਬੀ ਲਿਖਾਰੀ ਸਭਾ ਆਫ ਸਿਆਟਲ (ਰਜਿ.)' ਨੂੰ ਸਦਾ ਤਰੋ-ਤਾਜ਼ਾ ਰੱਖਣ ਲਈ ਨਵੇਂ ਚਿਹਰਿਆਂ ਨੂੰ ਅੱਗੇ ਲਿਆਉਣ ਦੀ ਕਵਾਇਦ ਦੀ ਪਾਲਣਾ ਕਰਦਿਆਂ ਅੱਜ 'ਪੈਂਥਰ ਲੇਕ ਲਾਇਬਰੇਰੀ ਕੈਂਟ (ਸਿਆਟਲ)' ਵਿਖੇ ਸਭਾ ਦੀ ਮੀਟਿੰਗ ਸਰਦਾਰ ਹਰਦਿਆਲ ਸਿੰਘ ਚੀਮਾ ਦੇ ਆਸ਼ੀਰਵਾਦ ਨਾਲ ਸੰਗਾਰ ਸਿੰਘ ਸਿੱਧੂ ਦੀ ਸਰਪ੍ਰਸਤੀ ਹੇਠ ਹੋਈ। ਪਿਛਲੇ ਦੋ ਸਾਲਾਂ ਤੋਂ ਸਭਾ ਦੀਆਂ ਕਾਰਗੁਜ਼ਾਰੀਆਂ ਦਾ ਲੇਖਾ-ਜੋਖਾ ਸਭਾ ਦੇ ਮੈਂਬਰਾਂ ਸਾਹਮਣੇ ਪੇਸ਼ ਕੀਤਾ ਗਿਆ। ਕੁੱਝ ਲੋਕਾਂ ਵੱਲੋਂ 21 ਜੂਨ ਨੂੰ ਜੋ ਪੰਜ ਮੈਂਬਰੀ ਆਰਜ਼ੀ ਬੋਰਡ ਬਣਾਇਆ ਸੀ, ਉਸ ਨੂੰ ਭੰਗ ਕੀਤਾ ਗਿਆ। ਪੁਰਾਣੀ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਆਪਣੇ-ਆਪ ਨੂੰ ਅਹੁਦਿਆਂ ਤੋਂ ਵੱਖ ਕਰਕੇ ਨਵੀਂ ਕਮੇਟੀ ਚੁਣਨ ਦੀ ਬੇਨਤੀ ਸਭਾ ਦੇ ਸੀਨੀਅਰ ਮੈਂਬਰ ਜੰਗਪਾਲ ਸਿੰਘ ਕੋਟਕਪੂਰਾ ਨੂੰ ਸੌਂਪੀ ਗਈ। ਕਾਫੀ ਵਿਚਾਰ-ਚਰਚਾ ਕਰਨ ਤੋਂ ਬਾਅਦ ਸਰਬਸੰਮਤੀ ਨਾਲ ਹੇਠ ਲਿਖੇ ਮੈਂਬਰਾਂ ਨੂੰ ਵੱਖ-ਵੱਖ ਅਹੁਦਿਆਂ ਦੀ ਜ਼ਿੰਮੇਵਾਰੀ ਸੌਂਪੀ ਗਈ। ਸਰਪ੍ਰਸਤ: ਸੰਗਾਰ ਸਿੰਘ ਸਿੱਧੂ ਅਤੇ ਡਾ. ਪ੍ਰੇਮ ਕੁਮਾਰ, ਮੁੱਖ ਸਲਾਹਕਾਰ: ਹਰਦਿਆਲ ਸਿੰਘ ਚੀਮਾ, ਸਲਾਹਕਾਰ: ਡਾ. ਜਸਵੀਰ ਕੌਰ, ਨਵਦੀਪ ਕੌਰ ਭੰਦੋਲ, ਹਰਸ਼ਿੰਦਰ ਸਿੰਘ ਸੰਧੂ, ਜੰਗਪਾਲ ਸਿੰਘ ਕੋਟਕਪੂਰਾ ਅਤੇ ਡਾ: ਸੁੱਚਾ ਸਿੰਘ ਗਿੱਲ, ਪ੍ਰਧਾਨ: ਪ੍ਰਿਤਪਾਲ ਸਿੰਘ ਟਿਵਾਣਾ, ਵਾਈਸ ਪ੍ਰਧਾਨ: ਹਰਕੀਰਤ ਕੌਰ ਬਠਿੰਡਾ, ਵਾਈਸ ਪ੍ਰਧਾਨ: ਬਲਬੀਰ ਲਹਿਰਾ, ਜਨਰਲ ਸਕੱਤਰ: ਜਗੀਰ ਸਿੰਘ, ਸਹਾਇਕ ਸਕੱਤਰ: ਸਾਧੂ ਸਿੰਘ ਝੱਜ, ਵਿੱਤ ਸਕੱਤਰ: ਬਲਿਹਾਰ ਸਿੰਘ ਲੇਹਲ, ਪ੍ਰੈੱਸ ਸਕੱਤਰ: ਮੰਗਤ ਕੁਲਜਿੰਦ, ਸਹਾਇਕ ਪ੍ਰੈੱਸ ਸਕੱਤਰ: ਮਲਕੀਤ ਸਿੰਘ ਗਿੱਲ। ਹਾਜ਼ਰ ਮੈਂਬਰਾਂ ਵੱਲੋਂ ਸਭ ਅਹੁਦੇਦਾਰਾਂ ਨੂੰ ਅੱਜ ਤੋਂ ਹੀ ਕਾਰਜ ਸ਼ੁਰੂ ਕਰਨ ਦੇ ਅਧਿਕਾਰ ਦੇ ਦਿੱਤੇ ਗਏ। ਨਵੀਂ ਬਣੀ ਕਮੇਟੀ ਨੇ ਅੱਜ ਤੋਂ ਹੀ ਸ਼ੁੱਭ ਆਰੰਭ ਕਰਦਿਆਂ ਕਵੀ ਦਰਬਾਰ ਕਰਵਾਇਆ, ਜਿਸ ਵਿੱਚ ਬਲਬੀਰ ਲਹਿਰਾ, ਹਰਕੀਰਤ ਕੌਰ ਬਠਿੰਡਾ, ਜਗੀਰ ਸਿੰਘ, ਮਲਕੀਤ ਸਿੰਘ ਗਿੱਲ, ਸੰਗਾਰ ਸਿੰਘ ਸਿੱਧੂ, ਪ੍ਰਿਤਪਾਲ ਸਿੰਘ ਟਿਵਾਣਾ ਅਤੇ ਜੰਗਪਾਲ ਸਿੰਘ ਕੋਟਕਪੂਰਾ ਵੱਲੋਂ ਕਾਵਿ ਦੀਆਂ ਵੱਖ-ਵੱਖ ਵੰਨਗੀਆਂ ਦੀਆਂ, ਲੋਕ-ਪੱਖੀ ਸੁਨੇਹੇ ਦਿੰਦੀਆਂ ਆਪਣੀਆਂ ਰਚਨਾਵਾਂ ਨਾਲ ਕਵੀ ਦਰਬਾਰ ਵਿੱਚ ਰੰਗ ਭਰਿਆ ਗਿਆ। ਵੱਡੀ ਗਿਣਤੀ ਵਿੱਚ ਹਾਜ਼ਰ ਸਰੋਤਿਆਂ ਨੇ ਕਵੀ ਦਰਬਾਰ ਦਾ ਆਨੰਦ ਮਾਣਿਆ।

# ਲਿੱਪੀ ਦ ਮਹਾਂਦੇਵ ਦੀ 'ਮੇਰੇ ਅੰਦਰ ਮਨੁੱਖ ਹੋਣ ਦੀ ਖੁਸ਼ਬੋ ਹੈ' 'ਤੇ ਚਰਚਾ

**ਚੰਡੀਗੜ੍ਹ** : ਸਾਹਿਤ ਚਿੰਤਨ, ਚੰਡੀਗੜ੍ਹ ਦੀ ਇਕੱਤਰਤਾ ਡਾ. ਯੋਗਰਾਜ ਅੰਗਰਿਸ਼ ਦੀ ਪ੍ਰਧਾਨਗੀ ਹੇਠ ਹੋਈ। ਸਭ ਤੋਂ ਪਹਿਲਾਂ ਪਿਛਲੇ ਦਿਨੀਂ ਵਿੱਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਲਿੱਪੀ ਦ ਮਹਾਂਦੇਵ ਦੇ ਨਵੇਂ ਕਾਵਿ-ਸੰਗ੍ਰਹਿ-'ਮੇਰੇ ਅੰਦਰ ਮਨੁੱਖ ਹੋਣ ਦੀ ਖੁਸ਼ਬੋ ਹੈ' ਬਾਰੇ ਡਾ. ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ ਵਿਚਾਰ ਤੋਂ ਬਿਨਾਂ ਕਵਿਤਾ ਦੀ ਕੋਈ ਹੋਂਦ ਨਹੀਂ ਹੁੰਦੀ। ਕਵਿਤਾ ਵਿੱਚ ਸਹਿਜ ਬਗਾਵਤ ਹੈ। ਨਿਰਾਸ਼ਾ ਦੇ ਦੌਰ ਵਿੱਚ ਕਵਿਤਾ ਆਸ ਦੀ ਕਿਰਨ ਹੈ। ਕਵੀ ਨੂੰ ਕਿਰਤੀਆਂ ਦੇ ਪਸੀਨੇ ਵਿੱਚੋਂ ਖੁਸ਼ਬੋ ਆਉਂਦੀ ਹੈ। ਅਕਤੂਬਰ ਕ੍ਰਾਂਤੀ ਨੇ ਕਿਰਤੀਆਂ ਨੂੰ ਲੜਨ ਦੀ ਜਾਚ ਸਿਖਾਈ ਹੈ। ਕੁੜੀ ਦਾ ਪਸੰਦੀ ਦਾ ਲਾਲ ਸਵੈਟਰ ਵੀ ਕ੍ਰਾਂਤੀ ਦਾ ਪ੍ਰਤੀਕ ਹੈ। ਡਾ. ਰਾਜੇਸ਼ ਜੈਸਵਾਲ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਕਵਿਤਾ ਵਿੱਚ ਬਦਲਾਅ ਦੇ ਪਹੁ-ਫੁਟਾਲੇ ਹਨ। ਪ੍ਰਤੀਰੋਧ ਦੇ ਕਾਰਜ ਵਿੱਚੋਂ ਹੀ ਸਾਹਿਤ ਉਤਪੰਨ ਹੁੰਦਾ ਹੈ। ਅਭੈ ਸਿੰਘ ਨੇ ਕਿਹਾ ਕਿ ਹੱਥ ਸੰਘੀ ਘੁੱਟਣ ਲਈ ਨਹੀਂ, ਕਲਿੰਗੜੀ ਪਾਉਣ ਲਈ ਵੀ ਹੁੰਦੇ ਹਨ। ਗੁਰਿੰਦਰ ਕਲਸੀ, ਜੈਪਾਲ, ਪ੍ਰਿੰਸੀਪਲ ਜਸਵਿੰਦਰ ਸਿੰਘ, ਡਾ. ਹਜ਼ਾਰਾ ਸਿੰਘ ਚੀਮਾ ਨੇ ਕਿਹਾ ਕਿ ਕਵੀ ਦੀ ਕਵਿਤਾ ਨੂੰ ਸਲਾਮ ਕਰਨਾ ਬਣਦਾ ਹੈ। ਡਾ. ਸਵਰਾਜਬੀਰ ਸਿੰਘ ਨੇ ਕਿਹਾ ਕਿ ਲਾਲ ਕਿਲ੍ਹਾ ਤੇ ਤਾਜ ਮਹਲ ਚਾਹੇ ਕਿਰਤ ਦੇ ਸ਼ੋਸ਼ਣ ਨਾਲ ਬਣੇ ਹਨ, ਪਰ ਇਹ ਕੇਵਲ ਸੱਤਾ ਦੇ ਸਤੰਭ ਨਹੀਂ ਹਨ। ਇਹ ਕਿਰਤ ਦੇ ਸੋਹਜ ਦੇ ਦਸਤਾਵੇ ਵੀ ਹਨ। ਇਨ੍ਹਾਂ ਇਮਾਰਤਾਂ ਵਿੱਚ ਵਿਚਾਰਧਾਰਕ ਸੁਹੱਪਣ ਵੀ ਹੈ। ਹੱਥੀਂ ਕਿਰਤ ਕਰਨ ਦਾ ਵੀ ਮਹੱਤਵ ਹੁੰਦਾ ਹੈ। ਕਿਰਤ ਨਾਲ ਬੰਦੇ ਦਾ ਕੁਦਰਤੀਕਰਨ ਵੀ ਹੁੰਦਾ ਹੈ। ਗੁਰਬਾਣੀ ਰਾਗਾਂ ਵਿੱਚ ਹੋਣ ਕਰਕੇ ਕੰਠ ਕਰਨੀ ਸੌਖੀ ਹੈ। ਇਸ ਵਿੱਚ ਵੀ ਸੰਗੀਤ ਦੀ ਕਿਰਤ ਸ਼ਾਮਲ ਹੈ। ਇਹ ਕਵਿਤਾ ਟੁੱਟੇ-ਭੱਜੇ ਮਨੁੱਖ ਦੀ ਗਾਥਾ ਹੈ। ਮਾਤ ਭੂਮੀ ਬੱਚਿਆਂ ਦੀ ਮਾਂ ਹੁੰਦੀ ਹੈ। ਕਵੀ ਕੋਲ ਘਰੋਂ ਭੱਜੀਆਂ ਮਾਵਾਂ ਲਈ ਵੀ ਸਤਿਕਾਰ ਹੈ। ਡਾ. ਯੋਗਰਾਜ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਇਹ ਕਿਰਤ ਦਾ ਕਾਵਿ ਸ਼ਾਸਤਰ ਹੈ। ਕਾਮੇ ਕੋਲ ਖੇਤ ਨਹੀਂ, ਪਰ ਉਸ ਨੂੰ ਕੱਖਾਂ ਦੇ ਉੱਗਣ ਦਾ ਪਤਾ ਹੈ। ਔਰਤ ਸਰੀਰ ਨੂੰ ਨਹੀਂ, ਸੋਚ ਨੂੰ ਪਿਆਰ ਕਰਦੀ ਹੈ। ਕਵੀ ਸ਼ਹਿਰ ਨਹੀਂ, ਪਿੰਡ ਦੇ ਸੁਪਨੇ ਲੈਂਦਾ ਹੈ। ਦਲਿਤਾਂ ਕੋਲ ਜ਼ਮੀਨ ਘੱਟ ਹੈ, ਪਰ ਊਰਜਾ ਬਹੁਤ ਹੈ। ਇਹ ਕਵਿਤਾ ਚੇਤਨਾ ਤੇ ਸਿਰਜਣਾ ਦਾ ਸੁਮੇਲ ਹੈ। ਡਾ. ਅਰੀਤ ਕੌਰ ਨੇ ਧੰਨਵਾਦ ਸਮੇਂ ਬੋਲਦਿਆਂ ਕਿਹਾ ਕਿ ਮਹਾਂਦੇਵ ਪੰਜਾਬੀ ਦਾ ਪਾਬਲੋ ਨਰੂਦਾ ਹੈ। ਇਹ ਕੌਮਾਂਤਰੀ ਪੱਧਰ ਦੀ ਕਵਿਤਾ ਹੈ। ਮੀਟਿੰਗ ਦੀ ਕਾਰਵਾਈ ਸਰਦਾਰਾ ਸਿੰਘ ਚੀਮਾ ਨੇ ਚਲਾਈ।




## ਮੀਰੀ ਪੀਰੀ ਦਿਵਸ ਨੂੰ ਸਮਰਪਿਤ ਸਾਹਿਤਕ ਸਮਾਗਮ ਸਫਲਤਾਪੂਰਨ ਸੰਪੰਨ

**ਬਰਨਾਲਾ** : ਸਥਾਨਕ ਲੇਖਕ ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਨੇ ਪ੍ਰੀਤ ਸਾਹਿਤ ਸਦਨ, ਲੁਧਿਆਣਾ ਦੀ ਬਰਨਾਲਾ ਇਕਾਈ ਦੇ ਸਹਿਯੋਗ ਨਾਲ ਸ਼ਹੀਦ ਹੌਲਦਾਰ ਬਿੱਕਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ (ਲੜਕੇ) ਵਿਖੇ ਮੀਰੀ ਪੀਰੀ ਦਿਵਸ ਨੂੰ ਸਮਰਪਿਤ ਸਾਹਿਤਕ ਸਮਾਗਮ ਕਰਵਾਇਆ, ਜਿਸ ਦੀ ਪ੍ਰਧਾਨਗੀ ਡਾ. ਸੁਰਿੰਦਰ ਸਿੰਘ ਭੱਠਲ ਨੇ ਕੀਤੀ ਅਤੇ ਰਿਟਾਇਰਡ ਪ੍ਰਿੰਸੀਪਲ ਮਲਕੀਤ ਸਿੰਘ ਗਿੱਲ ਭੱਠਲਾਂ ਨੇ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ। ਸਭਾ ਦੇ ਸੰਸਥਾਪਕ ਅਤੇ ਪ੍ਰਧਾਨ ਤੇਜਿੰਦਰ ਚੰਡਿਹੋਕ ਨੇ ਸਾਹਿਤਕਾਰਾਂ ਨੂੰ ਜੀ ਆਇਆਂ ਨੂੰ ਆਖਦਿਆਂ ਸਭਾ ਦੀਆਂ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ ਸਮਾਗਮ ਬਾਰੇ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰੈੱਸ ਸਕੱਤਰ ਮਨਦੀਪ ਕੁਮਾਰ ਨੇ ਦੱਸਿਆ ਕਿ ਇਸ ਸਮਾਗਮ ਦੇ ਪਹਿਲੇ ਸੈਸ਼ਨ ਵਿੱਚ ਕਵੀ ਦਰਬਾਰ ਕਰਵਾਇਆ ਗਿਆ। ਸਮਾਗਮ ਦੇ ਦੂਜੇ ਪੜਾਅ ਵਿੱਚ ਮਾਲਵਿੰਦਰ ਸ਼ਾਇਰ ਦੇ ਗ਼ਜ਼ਲ ਸੰਗ੍ਰਹਿ 'ਧੁਰੋਂ' ਉਪਰ ਗੋਸ਼ਟੀ ਕਰਵਾਈ ਗਈ, ਜਿਸ ਉਪਰ ਮੈਡਮ ਗੁਰਪ੍ਰੀਤ ਕੌਰ ਸੈਣੀ ਹਿਸਾਰ (ਹਰਿਆਣਾ) ਨੇ 'ਮਾਲਵਿੰਦਰ ਸ਼ਾਇਰ ਦੀ ਪੁਸਤਕ ਧੁਰੋਂ 'ਤੇ ਵਿਚਾਰ ਚਰਚਾ/ਵਿਸ਼ਲੇਸ਼ਣ' ਅਧੀਨ ਪੜ੍ਹਿਆ। ਇਸ ਪੇਪਰ ਉਪਰ ਉਸਾਰੂ ਬਹਿਸ ਹੋਈ।ਮਾਲਵਿੰਦਰ ਸ਼ਾਇਰ ਨੇ ਪੇਪਰ ਸੰਬੰਧੀ ਆਪਣੇ ਵਿਚਾਰ ਸਾਂਝੇ ਕੀਤੇ ਉਪਰੰਤ ਮੈਡਮ ਗੁਰਪ੍ਰੀਤ ਕੌਰ ਸੈਣੀ ਨੇ ਉੱਠੇ ਸਵਾਲਾਂ ਦੇ ਜਵਾਬ ਦਿੱਤੇ। ਸਭਾ ਵੱਲੋਂ ਦੋਨਾਂ ਅਦੀਬਾਂ ਦਾ ਸਨਮਾਨ ਕੀਤਾ ਗਿਆ।ਸਭਾ ਦੇ ਸਮਾਗਮ ਦਾ ਮੰਚ ਸੰਚਾਲਨ ਡਾਕਟਰ ਅਮਨਦੀਪ ਸਿੰਘ ਟੱਲੇਵਾਲੀਆ ਨੇ ਬਾ- ਖੂਬੀ ਨਿਭਾਇਆ ਅਤੇ ਕਹਾਣੀਕਾਰ ਪਵਨ ਪਰਿੰਦਾ ਨੇ ਆਏ ਸਾਰੇ ਸਾਹਿਤਕਾਰ ਦੋਸਤਾਂ ਦਾ ਧੰਨਵਾਦ ਕੀਤਾ।

# ਸੰਧੂ ਵਰਿਆਣਵੀ ਦੇ ਜਨਮ ਦਿਨ 'ਤੇ ਸਨਮਾਨ ਸਮਾਰੋਹ

**ਜਲੰਧਰ** - ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ (ਰਜਿ.) ਵਲੋਂ ਵਿਸ਼ਵ ਪੰਜਾਬੀ ਸਭਾ ਕਨੇਡਾ ਅਤੇ ਵਿਰਸਾ ਵਿਹਾਰ ਜਲੰਧਰ ਵਿਖੇ ਸਨਮਾਨ ਸਮਾਰੋਹ ਆਯੋਜਨ ਕੀਤਾ ਗਿਆ. ਆਰੰਭ ਚ ਵਰਿਆਣਵੀ ਦਾ ਰੂਬਰੂ ਕਰਵਾਇਆ ਗਿਆ ਤੇ ਉਹਨਾਂ ਨੂੰ ਜੀਵਨ ਭਰ ਦੀਆਂ ਉਪਲਬਧੀਆਂ ਲਈ ਸਨਮਾਨਿਤ ਕੀਤਾ ਗਿਆ। ਸੰਗਤ ਰਾਮ ਜੀ ਨੇ ਜੀ ਆਇਆਂ ਨੂੰ ਆਖਿਆ।ਮੰਚ ਸੰਚਾਲਨ ਜਗਦੀਸ਼ ਰਾਣਾ ਨੇ ਵਰਿਆਣਵੀ ਦੇ ਕੁਝ ਸ਼ਿਅਰ ਪੜ੍ਹ ਕੇ ਸੁਣਾਏ ਤੇ ਸੰਧੂ ਦੀ ਸਾਹਿਤ ਸਾਧਨਾ ਦੇ ਪ੍ਰਸੰਗ ਦੱਸੇ।ਉਪਰੰਤ ਨਕਸ਼ ਵਰਿਆਣਵੀ ਨੇ ਸੰਧੂ ਦੀ ਇਕ ਗ਼ਜ਼ਲ ਪੇਸ਼ ਕੀਤੀ।ਇਸ ਮੌਕੇ ਪ੍ਰੋ.ਸੰਧੂ ਵਰਿਆਣਵੀ ਨੇ ਆਪਣੇ ਜੀਵਨ, ਸੰਘਰਸ਼, ਵਿਚਾਰਧਾਰਾ, ਸਾਹਿਤਕ ਸਫ਼ਰ ਬਾਰੇ ਖੁੱਲ੍ਹ ਕੇ ਗੱਲਾਂ ਕੀਤੀਆਂ ਅਤੇ ਹਾਜ਼ਰ ਸਾਹਿਤਕਾਰਾਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ।ਮੋਗਾ ਤੋਂ ਪਹੁੰਚੇ ਡਾ. ਸੁਰਜੀਤ ਬਰਾੜ, ਅੰਮ੍ਰਿਤਸਰ ਤੋਂ ਸਰਬਜੀਤ ਸਿੰਘ ਸੰਧੂ ਅਤੇ ਨਵਤੇਜ ਗੜ੍ਹਦੀਵਾਲਾ ਨੇ ਪ੍ਰੋ.ਸੰਧੂ ਵਰਿਆਣਵੀ ਦੀ ਸਖਸ਼ੀਅਤ ਬਾਰੇ ਤੇ ਉਹਨਾਂ ਦੀਆਂ ਸਾਹਿਤਕ ਪ੍ਰਾਪਤੀਆਂ ਬਾਰੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸੰਧੂ ਵਰਿਆਣਵੀ ਨੇ ਉਮਰ ਭਰ ਸੰਘਰਸ਼ ਕਰਦਿਆਂ ਇਕ ਸੰਸਥਾ ਵਾਂਗ ਕੰਮ ਕੀਤਾ ਹੈ ਤੇ ਨਵੇਂ ਸਾਹਿਤਕਾਰਾਂ ਲਈ ਇਹਨਾਂ ਦਾ ਜੀਵਨ, ਸੰਘਰਸ਼ ਪ੍ਰੇਰਨਾਸ੍ਰੋਤ ਹੈ।

ਇਸ ਮੌਕੇ ਮਾਝੇ ਮਾਲਵੇ ਤੇ ਦੁਆਬੇ ਦੀਆਂ ਸਾਹਿਤਕ ਸੰਸਥਾਵਾਂ ਲੋਕ ਸਾਹਿਤ ਅਕਾਦਮੀ ਮੋਗਾ ਅਤੇ ਅਦਾਰਾ ਲੋਹਮਣੀ,ਵਿਸ਼ਵ ਪੰਜਾਬੀ ਸਭਾ ਕਨੇਡਾ,ਰਾਬਤਾ ਮੁਕਾਲਮਾ ਅੰਮ੍ਰਿਤਸਰ, ਨਵੀਂ ਚੇਤਨਾ ਪੰਜਾਬੀ ਲੇਖਕ ਮੰਚ, ਦੁਆਬਾ ਸਾਹਿਤ ਸਭਾ ਲਧਾਣਾ ਝਿੱਕਾ, ਅਦਬੀ ਦੁਨੀਆ ਜਲੰਧਰ, ਪੰਜਾਬ ਸਾਹਿਤਕ ਮੰਚ, ਮੂਲ ਨਿਵਾਸੀ ਸੱਭਿਅਤਾ ਸੰਘ,



ਕਲਮਾਂ ਦੀ ਪਰਵਾਜ਼ ਅੰਤਰਰਾਸ਼ਟਰੀ ਸਾਹਿਤਕ ਮੰਚ ਵਲੋਂ ਸ਼ਾਨਦਾਰ ਮੋਮੈਂਟੋ ਅਤੇ ਲੋਈ ਦੇ ਕੇ ਸੰਧੂ ਜੀ ਦਾ ਸਨਮਾਨ ਕੀਤਾ ਗਿਆ।ਸੰਧੂ ਦੇ ਪਿੰਡ ਦੀ ਸੰਸਥਾ ਸਾਹਿਤ ਕਲਾ ਮੰਚ ਵਰਿਆਣਾ ਵਲੋਂ ਸ਼ਾਨਦਾਰ ਲੋਈ ਅਤੇ 5100 ਰੁਪਏ ਦੇ ਕੇ ਪ੍ਰੋ. ਸੰਧੂ ਵਾਰਿਆਣਵੀ ਦਾ ਸਨਮਾਨ ਕੀਤਾ ਗਿਆ।ਪ੍ਰਿੰਸੀਪਲ ਪ੍ਰੋਮਿਲਾ ਅਰੋੜਾ, ਦੀਪ ਜਗਤਪੁਰੀ, ਗੁਰਨਾਮ ਬਾਵਾ, ਚਰਨਜੀਤ ਸਮਾਲਸਰ ਤੇ ਜਸਵੰਤ ਗਿੱਲ ਸਮਾਲਸਰ ਅਤੇ ਦੇਸ ਰਾਜ ਬਾਲੀ ਵਲੋਂ ਵੀ ਕਿਤਾਬਾਂ ਅਤੇ ਹੋਰ ਖ਼ੂਬਸੂਰਤ ਤੋਹਫ਼ੇ ਦੇ ਕੇ ਸੰਧੂ ਜੀ ਦਾ ਸਨਮਾਨ ਕੀਤਾ ਗਿਆ।ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਵਲੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਸੰਧੂ ਵਰਿਆਣਵੀ ਦੇ ਭਰਾਵਾਂ ਨਕਸ਼ ਵਰਿਆਣਵੀ, ਜੀ ਡੀ ਸੰਧੂ, ਬੇਟੀ ਪ੍ਰਭਦੀਪ ਕੌਰ ਅਤੇ ਜਵਾਈ ਰਾਕੇਸ਼ ਕੁਮਾਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਬਲਬੀਰ ਕੌਰ ਰਾਏਕੋਟੀ ਨੇ ਆਏ ਹੋਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਵਿੰਦਰ ਗਾਖਲ, ਭਗਵੰਤ ਰਸੂਲਪੁਰੀ, ਚਰਨਜੀਤ ਸਮਾਲਸਰ, ਜਸਵੰਤ ਗਿੱਲ ਸਮਾਲਸਰ, ਜਸਵਿੰਦਰ ਸਿੰਘ ਜੱਸੀ, ਨਕਾਸ਼ ਚਿੱਤੇਵਾਣੀ, ਗੁਰਮੀਤ ਸਿੰਘ, ਗੁਰਚਰਨ ਸਿੰਘ ਚੀਮਾ, ਲਾਲੀ ਕਰਤਾਰਪੁਰੀ, ਦਲਜੀਤ ਮਹਿਮੀ, ਜਰਨੈਲ ਸਾਖ਼ੀ, ਗੁਰਦੀਪ ਸਿੰਘ ਸੈਣੀ, ਗੁਰਨਾਮ ਬਾਵਾ, ਪ੍ਰੋ. ਅਕਵੀਰ ਕੌਰ, ਰੋਹਿਤ ਸਿੱਧੂ ਅਲਗ, ਮਾਲਾ ਅੱਗਰਵਾਲ, ਕੀਮਤੀ ਕੈਸਰ, ਸ਼ੋਭਾ ਘਈ, ਸੋਹਣ ਸਹਿਜਲ, ਦਵਿੰਦਰ ਜੱਸਲ, ਗੁਰਮੁਖ ਲੁਹਾਰ, ਮਿੱਤਰ ਮਨਜੀਤ, ਕੁਲਵਿੰਦਰ ਸਿੰਘ ਦਿਲਗੀਰ, ਸੁਰਜੀਤ ਸਾਜਨ, ਮਨਜੀਤ ਕੌਰ ਮੀਸ਼ਾ, ਹੀਰਾ ਲਾਲ ਮਲਹੋਤਰਾ, ਜਸਵੰਤ ਧਾਪ, ਮਲਵਿੰਦਰ ਸਿੰਘ, ਡਾ. ਮੋਹਨ ਬੇਗੋਵਾਲ, ਹਰਜਿੰਦਰ ਜਿੰਦੀ, ਹਰਜੀਤ ਸਿੰਘ ਸੰਧੂ, ਜਗਤਾਰ ਗਿੱਲ, ਵਿਜੇਤਾ ਰਾਜ, ਪ੍ਰਸ਼ੋਤਮ ਸਰੋਏ, ਸੀਰਤ ਸਿਖਿਆਰਥੀ, ਸੁਖਦੇਵ ਸਿੰਘ ਗੰਢਵਾਂ, ਸਾਹਿਬਾਂ ਜੀਟਨ ਕੌਰ, ਜਸਪਾਲ ਸਿੰਘ ਜ਼ੀਰਵੀ, ਗੁਲਸ਼ਨ ਮਿਰਜ਼ਾਪੁਰੀ, ਅਸ਼ੋਕ ਟਾਂਡੀ, ਸੁਰਿੰਦਰ ਮੋਹਨ, ਇੰਦਰ ਸਿੰਘ ਮਿਸ਼ਰੀ, ਸੰਦੀਪ ਕੌਰ ਚੀਮਾ, ਅਵਤਾਰ ਸਿੰਘ ਬੈਂਸ, ਉਰਮਿਲਜਿਤ ਸਿੰਘ ਵਾਲੀਆ, ਮੇਹਰ ਮਲਿਕ, ਡੀ ਆਰ ਬੰਦਨਾ, ਅਮਰ ਸਿੰਘ ਅਮਰ, ਜਗਤਾਰ ਵਰਿਆਣਵੀ ਤੇ ਹੋਰ ਵੀ ਹਾਜ਼ਰ ਸਨ।

# ਪਾਠਕਾਂ ਦੇ ਝਰੋਖੇ 'ਚੋਂ

## 'ਦ੍ਰਿਸ਼ਟੀਕੋਣ'

ਨਵਾਂ ਜ਼ਮਾਨਾ ਦਾ 6 ਜੁਲਾਈ ਵਾਲਾ ਅੰਕ ਪੜ੍ਹ ਲਿਆ ਹੈ। ਸੀ. ਅਛੂਤਾ ਮੈਨਨ ਬਾਰੇ ਲੇਖ ਬਹੁਤ ਚੰਗਾ ਲੱਗਾ। ਜਾਣ ਕੇ ਖੁਸ਼ੀ ਹੋਈ ਕਿ 1969 ਵਿੱਚ ਸੀ. ਅਛੂਤਾ ਮੈਨਨ ਪਹਿਲੇ ਕਮਿਊਨਿਸਟ ਮੁੱਖ ਮੰਤਰੀ ਬਣੇ ਸਨ। ਇਹ ਸੇਹਰਾ ਨਵਾਂ ਜ਼ਮਾਨਾ ਨੂੰ ਜਾਂਦਾ ਹੈ ਕਿ ਉਹ ਅਣਗੌਲੇ ਗ਼ਦਰੀ ਦੇਸ਼ ਭਗਤਾਂ ਦੀ ਖੋਜ ਕਰਕੇ ਪਾਠਕਾਂ ਨੂੰ ਜਾਣਕਾਰੀ ਦੇ ਰਿਹਾ ਹੈ। ਅੱਗੇ ਮੁਣਸ਼ਾ ਸਿੰਘ ਨਗਰ ਬਾਰੇ ਪੜ੍ਹ ਕੇ ਬਹੁਤ ਚੰਗਾ ਲੱਗਾ। ਨਗਰ ਪਿੰਡ ਸਾਡੇ ਪਿੰਡ ਦੇ ਨੇੜੇ ਹੀ ਹੈ। ਇਨ੍ਹਾਂ ਮਹਾਂਪੁਰਸ਼ਾ ਨੇ ਦੇਸ਼ ਲਈ ਜ਼ਿੰਦਗੀਆਂ ਲਾ ਦਿੱਤੀਆਂ ਸਨ। ਬਾਕੀ ਜਤਿੰਦਰ ਪਨੂੰ ਬਹੁਤ ਚੰਗਾ ਲਿਖ ਰਹੇ ਹਨ। ਉਨ੍ਹਾਂ ਆਪਣੇ ਲੇਖ 'ਆਸ ਦਾ ਅੰਤਲਾ ਦਰ ਨਿਆਂ ਪਾਲਿਕਾ ਵੀ ਨਿਰਾਸ਼ ਕਰਨ ਲੱਗ ਪਈ ਤਾਂ ਫਿਰ ਕੀ ਬਣੇਗਾ' ਵਿੱਚ ਬੜੀ ਦਲੇਰੀ ਨਾਲ ਨਿਆਂ ਪਾਲਿਕਾ ਉੱਤੇ ਸਵਾਲ ਚੁੱਕੇ ਹਨ। ਚੰਗਾ ਲੱਗਾ। ਹੈਰਾਨੀ ਹੋਈ ਕਿ ਕਾਮਨਵੈਲਥ ਖੇਡਾਂ ਵਿੱਚ 76 ਹਜ਼ਾਰ ਕਰੋੜ ਦਾ ਘਪਲਾ ਹੋਇਆ ਸੀ ਪਰ ਉਸ ਦਾ ਕੁਝ ਨਹੀਂ ਬਣਿਆ। ਪਨੂੰ ਹੁਰਾਂ ਅਜਿਹੇ ਕਈ ਕੇਸਾਂ ਨੂੰ ਉਭਾਰਿਆਂ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਨਵਾਂ ਜ਼ਮਾਨਾ ਦਾ ਐਤਵਾਰਤਾ ਵਾਲਾ ਅੰਕ ਇਕ ਰਸਾਲੇ ਜਿੰਨੀ ਸਮੱਗਰੀ ਪੜ੍ਹਨ ਨੂੰ ਦੇ ਦਿੰਦਾ ਹੈ। ਚੰਗੇ ਲਿਖਾਰੀਆਂ ਕੋਲੋਂ ਹੋਰ ਵਧੀਆਂ ਲੇਖ ਲਿਖਵਾਇਆ ਕਰੋ। ਧੰਨਵਾਦ।

**-ਜਤਿੰਦਰ ਸਿੰਘ ਸੰਧੂ, ਗੜ੍ਹੀ ਮਹਾਂ ਸਿੰਘ, ਫਿਲੌਰ**

## ਅਛੂਤਾ ਮੈਨਨ

6 ਜੁਲਾਈ ਦੇ 'ਐਤਵਾਰਤਾ' ਵਿਚ ਕੇਰਲ ਦੇ ਪਹਿਲੇ ਮੁੱਖ ਮੰਤਰੀ ਦੇ ਜੀਵਨ ਬਾਰੇ ਮੁੱਖ ਪੰਨੇ ਦੇ ਲੇਖ ਵਿਚ ਜਾਣਕਾਰੀ ਮਿਲੀ, ਜਿਸ ਦਾ ਪੰਜਾਬੀ ਅਨੁਵਾਦ ਐੱਮ ਐੱਸ ਭਾਟੀਆ ਨੇ ਕੀਤਾ ਹੈ। ਅਛੂਤਾ ਮੈਨਨ ਇਕ ਆਦਰਸ਼ਕ ਮੁੱਖ ਮੰਤਰੀ ਸਨ। ਕੇਰਲਾ ਦੇ ਆਰਥਿਕ ਤੇ ਸੱਭਿਆਚਾਰਕ ਵਿਕਾਸ ਵਿਚ ਅਛੂਤਾ ਮੈਨਨ ਦਾ ਵੱਡਾ ਯੋਗਦਾਨ ਰਿਹਾ।ਇਸੇ ਮੁੱਖ ਪੇਜ 'ਤੇ ਗਿਆਨ ਸੈਦਪੁਰੀ ਨੇ ਆਪਣੇ ਸਾਥੀਆਂ ਨਾਲ ਜਲੰਧਰ ਤੋਂ ਨਾਗਾਪਟੀਨਮ ਦੀ ਯਾਤਰਾ ਦਾ ਬਿਰਤਾਂਤ ਲਿਖ ਕੇ ਕਈ ਨਵੇਂ ਤਜਰਬੇ ਸਾਂਝੇ ਕੀਤੇ ਹਨ।ਗਦਰੀ ਦੇਸ਼ ਭਗਤ ਮੁਣਸ਼ਾ ਸਿੰਘ ਦੀ ਜੀਵਨੀ ਦੇ ਕਈ ਅਣਗੌਲੇ ਪੱਖ ਪੜ੍ਹ ਕੇ ਜਾਣਕਾਰੀ ਮਿਲੀ।ਗਦਰੀ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨੇ ਦੇਸ਼ ਨੂੰ ਆਜ਼ਾਦ ਕਰਾਇਆ।ਇਸ ਅੰਕ ਵਿਚ ਡਾ. ਨਿਸ਼ਾਨ ਸਿੰਘ ਰਠੌੜ ਨੇ ਹਰਿਆਣੇ ਦੇ ਸਾਹਿਤਕਾਰਾਂ ਦੇ ਰਚੇ ਪੰਜਾਬੀ ਸਾਹਿਤ ਨੂੰ ਮੁੱਖ ਧਾਰਾ ਵਿੱਚ ਲਿਆਉਣ ਦੇ ਕਈ ਚੰਗੇ ਸੁਝਾਅ ਦਿੱਤੇ ਹਨ।ਅਸਲ ਵਿਚ ਹਰਿਆਣਾ ਸੂਬਾ ਤਾਂ ਹਰਿਆਣਵੀ ਜ਼ੁਬਾਨ ਦੇ ਅਧਾਰ 'ਤੇ ਬਣਿਆ ਹੈ, ਪਰ ਕਈ ਪੰਜਾਬੀ ਬੋਲਦੇ ਇਲਾਕੇ ਉਸ ਵੇਲੇ 1966 ਵਿਚ ਹਰਿਆਣੇ ਵਿਚ ਚਲੇ ਗਏ।ਇਹ ਗਲਤ ਵੰਡ ਦਾ ਦਰਦ ਹਰਿਆਣੇ ਦੇ ਪੰਜਾਬੀ ਹੰਢਾ ਰਹੇ ਹਨ। ਇਹ ਪੰਜਾਬੀ ਨਾ ਇਧਰ ਦੇ, ਨਾ ਉਧਰ ਦੇ ਰਹੇ। ਮਾਂ ਬੋਲੀ ਪੰਜਾਬੀ ਪ੍ਰਤੀ ਦਰਦ ਉਨ੍ਹਾਂ ਦੇ ਦਿਲ ਵਿਚ ਕਸਕ ਮਾਰਦਾ ਹੈ। ਕਦੇ-ਕਦੇ ਹਰਿਆਣੇ ਦੀ ਪੰਜਾਬੀ ਅਕੈਡਮੀ ਪੰਜਾਬੀ ਸਾਹਿਤਕਾਰਾਂ ਦੀ ਆਵਾਜ਼ ਸੁਣਦੀ ਹੈ।ਕਦੇ-ਕਦੇ ਸਨਮਾਨਿਤ ਵੀ ਕਰਦੀ ਹੈ।ਲੇਖਕ ਦਾ ਸੁਝਾਅ ਵਿਚਾਰ ਕਰਨ ਵਾਲਾ ਹੈ ਕਿ ਹਰਿਆਣੇ ਦਾ ਸਾਹਿਤ ਹਰਿਆਣਾ ਸਕੂਲ ਬੋਰਡ ਤੇ ਯੂਨੀਵਰਸਿਟੀ ਤੱਕ ਵੀ ਜਾਣਾ ਚਾਹੀਦਾ ਹੈ।ਪੰਜਾਬੀ ਲਘੂ ਫਿਲਮਾਂ ਦੀ ਜਾਣਕਾਰੀ ਪ੍ਰੋ. ਕੁਲਬੀਰ ਸਿੰਘ ਨੇ ਦਿੱਤੀ ਹੈ।ਚੰਗੀ ਲੱਗੀ।ਬਲਰਾਜ ਧਾਲੀਵਾਲ ਦੀਆਂ ਗਜ਼ਲਾਂ ਮਨ ਮੋਹ ਗਈਆਂ।ਸੁਖਵਿੰਦਰ ਸਿੰਘ ਸੰਘਾ ਨੇ ਤੇਲਗੂ ਜ਼ੁਬਾਨ ਸਿੱਖਣ ਵੇਲੇ ਨਿਵੇਕਲਾ ਤਜਰਬਾ ਦਿੱਤਾ ਹੈ।ਵਿਜੇ ਬੰਬੇਲੀ ਨੇ ਹਠੂਰ ਬਾਰੇ ਇਤਿਹਾਸਕ ਜਾਣਕਾਰੀ ਦਿੱਤੀ ਹੈ। ਹਠੂਰ ਦਾ ਨਾਂਅ ਰੇਡੀਓ ਟੀ ਵੀ 'ਤੇ ਆਮ ਦਰਸ਼ਕਾਂ ਵੱਲੋਂ ਲਿਆ ਜਾਂਦਾ ਹੈ।ਇਕਬਾਲ ਸਿੰਘ ਹਠੂਰ ਰੇਡੀਓ ਟੀਵੀ ਦਾ ਸਾਡਾ ਪਿਆਰਾ ਲਿਸਨਰ ਹੈ।ਦ੍ਰਿਸ਼ਟੀਕੋਣ ਵਿਚ ਦੇਸ਼ ਦੇ ਕਈ ਘਪਲਿਆਂ ਦਾ ਜ਼ਿਕਰ ਕੀਤਾ ਹੈ।ਕਿਤਾਬਾਂ ਵਿਚ ਨਿਰੰਜਨ ਬੋਹਾ ਦੇ ਕਹਾਣੀ ਸੰਗ੍ਰਹਿ ਦਾ ਵਿਸ਼ਲੇਸ਼ਣ ਚੰਗਾ ਲੱਗਾ।

**—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

## ਪੁਸਤਕ ਸੱਭਿਆਚਾਰ

ਨਵਾਂ ਜ਼ਮਾਨਾਂ ਦਾ 'ਪੁਸਤਕ ਸੱਭਿਆਚਾਰ' ਵਾਲਾ ਪੰਨਾ ਬਹੁਤ ਜਾਣਕਾਰੀ ਭਰਪੂਰ ਹੁੰਦਾ ਹੈ। ਇਸ ਪੰਨੇ ਵਿੱਚ ਜਿਨ੍ਹਾਂ ਕਿਤਾਬਾਂ ਦੇ ਤੁਸੀਂ ਵੱਖ ਵੱਖ ਵਿਦਵਾਨਾਂ ਕੋਲੋਂ ਜੋ ਰੀਵਿਊ ਲਿਖਵਾਉਂਦੇ ਹੋ। ਉਹ ਬਹੁਤ ਜਾਣਕਾਰੀ ਭਰਪੂਰ ਹੁੰਦੇ ਹਨ। ਫੋਕਸ ਕਾਲਮ ਵਿੱਚ ਨਿਰੰਜਣ ਬੋਹਾ ਦੀ ਕਿਤਾਬ 'ਇਹ ਤਾਂ ਮੈਂ ਹੀ ਹਾਂ' ਬਾਰੇ ਲੇਖਕ ਨੇ ਲਿਖਿਆ ਹੈ ਕਿ ਕਿਤਾਬ ਦੀਆਂ ਕਹਾਣੀਆਂ ਮਾਨਵੀ ਸੰਵੇਦਨਾ ਦਾ ਬਿਰਤਾਂਤ ਪੇਸ਼ ਕਰਦੀਆਂ ਹਨ। ਪੜ੍ਹ ਕੇ ਬੜਾ ਚੰਗਾ ਲੱਗਾ। ਮੈਂ ਕੱਲ ਹੀ ਕਿਤਾਬ ਖਰੀਦਣ ਦਾ ਆਰਡਰ ਦੇ ਦਿੱਤਾ ਹੈ। ਡਾ. ਕੁਲਵਿੰਦਰ ਸਿੰਘ ਨੇ ਕਿਤਾਬ ਦੀਆਂ ਕਹਾਣੀਆਂ ਬਾਰੇ ਕਾਫੀ ਖੋਜ ਕਰਕੇ ਲਿਖਿਆ ਹੈ। ਬਾਕੀ ਡਾ. ਸੰਦੀਪ ਰਾਣਾ ਨੇ 'ਕੂਕ ਸਰਹੱਦੋਂ ਪਾਰ ਦੀ' ਕਿਤਾਬ ਦਾ ਰੀਵਿਊ ਵੀ ਸੋਹਣਾ ਕੀਤਾ ਹੈ। ਬਾਕੀ ਮੇਰੇ ਸੁਪਨਿਆਂ ਦਾ ਦੇਸ਼ ਕੈਨੇਡਾ, ਕਿੱਸਾ ਮੌਜੋ ਕਿਤਾਬਾਂ ਬਾਰੇ ਸੋਹਣੀ ਜਣਕਾਰੀ ਮਿਲ ਗਈ ਰੀਵਿਊ ਪੜ੍ਹ ਕੇ।

'ਨਵਾਂ ਜ਼ਮਾਨਾਂ' ਟੇਬਲ ਤੋਂ' ਕਾਲਮ ਲੱਗਦਾ ਨਵਾਂ ਸ਼ੁਰੂ ਕਰ ਦਿੱਤਾ ਹੈ। ਜਾਂ ਪੁਰਾਣੇ ਦਾ ਨਾਂ ਬਦਲ ਦਿੱਤਾ ਹੈ। ਇਸ ਕਾਲਮ ਵਿੱਚ ਕਿਤਾਬਾਂ ਬਾਰੇ ਸੰਖੇਪ ਜਾਣਕਾਰੀ ਮਿਲ ਜਾਂਦੀ ਹੈ। ਇਹ ਤੁਸੀਂ ਚੰਗਾ ਕੰਮ ਕਰ ਦਿੱਤਾ ਹੈ ਕਿ ਕਿਤਾਬਾਂ ਦੇ ਟਾਇਟਲ ਛਾਪਣੇ ਸ਼ੁਰੂ ਕਰ ਦਿੱਤੇ ਹਨ। ਜਿਸ ਨਾਲ ਇਹ ਪੰਨਾ ਸੋਹਣਾ ਬਣ ਗਿਆ ਹੈ।

'ਸਮਕਾਲ' ਕਾਲਮ ਵਿੱਚ, ਸ਼ਬਦ, ਮੀਰਜ਼ਾਦਾ ਬੋਲਿਆ, ਕਲਾਕਾਰ ਸਾਹਿਤਕ ਅਤੇ ਅਣੂ ਰਸਾਲਿਆਂ ਬਾਰੇ ਜਾਣਕਾਰੀ ਮਿਲੀ ਚੰਗਾ ਲੱਗਾ। ਇਸ ਪੰਨੇ ਉੱਤੇ ਨਾਵਲਾ ਬਾਰੇ ਬਹੁਤ ਲਿਖਿਆ ਨਹੀਂ ਮਿਲਦਾ। ਨਾਵਲਾਂ ਬਾਰੇ ਰੀਵਿਊ ਵੀ ਛਾਪਿਆ ਕਰੋ। ਕਿਉਂਕਿ ਨਾਵਲ ਬਹੁਤ ਪੜ੍ਹੇ ਜਾਂਦੇ ਹਨ। ਸ਼ਬਦ ਰਸਾਲੇ ਵਿੱਚ ਛਪੇ ਹਰਜੀਤ ਅਟਵਾਲ ਦੇ ਨਾਵਲ 'ਕਾਦਰ' ਬਾਰੇ ਜਾਣਕਾਰੀ ਮਿਲੀ। ਇਸ ਨੂੰ ਜ਼ਰੂਰ ਪੜ੍ਹਾਂਗਾ। ਸਰਗਰਮੀਆਂ ਵੀ ਗਿਆਨ ਭਰਪੂਰ ਹੁੰਦੀਆਂ ਹਨ। ਮੁੱਖ ਅੰਤ ਅੰਤਲੇ ਪੰਨੇ ਉੱਤੇ ਛਪਦੇ ਲੇਖਾਂ ਦਾ ਆਪਣਾ ਰੰਗ ਹੁੰਦਾ ਹੈ।

**- ਕੁਲਵੰਤ ਸਿੰਘ ਕਿੰਦਾ, ਲੁਧਿਆਣਾ**

**ਪਾਠਕਾਂ ਲਈ**

**ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।**

atwartazamana@gmail.com

**- ਸੰਪਾਦਕ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਹਿਰੇਨ ਮੁਖਰਜੀ : ਅਨਿਲ ਰਾਜੀਮਵਾਲੇ**

**ਵਿਕਾਸ ਲਈ ਕਿਹੜਾ ਰਸਤਾ ਤਾਨਾਸ਼ਾਹੀ ਜਾਂ ਜਮਹੂਰੀਅਤ : ਅਰੁਨ ਮੈਰਾ**

**'ਤਲੀਆਂ ਹੇਠਲੀ ਅੱਗ' : ਅਜ਼ੀਜ਼ ਸਰੋਏ (ਫੋਕਸ) ਡਾ. ਸੰਦੀਪ ਰਾਣਾ**

**ਗੁਰਦੀਪ ਸਿੰਘ ਸੈਣੀ ਦੀਆਂ ਗ਼ਜ਼ਲਾਂ ਤੇ ਹੋਰ ਬਹੁਤ ਕੁਝ**

# ਸਮਕਾਲ

## ਸਮਕਾਲੀ ਸਾਹਿਤ : ਸੁਖਬੀਰ ਜਨਮ ਸ਼ਤਾਬਦੀ ਅੰਕ

ਸਮਕਾਲੀ ਸਾਹਿਤ ਦਾ ਜੁਲਾਈ-ਸਤੰਬਰ,2025 ਅੰਕ ਕੇਸਰਾ ਰਾਮ ਦੀ ਸੰਪਾਦਨਾ ਹੇਠ 'ਸੁਖਬੀਰ ਜਨਮ ਸ਼ਤਾਬਦੀ ਵਿਸ਼ੇਸ਼ ਅੰਕ' ਪ੍ਰਕਾਸ਼ਤ ਹੋ ਗਿਆ ਹੈ। ਵੱਡ ਅਕਾਰੀ ਏਸ ਅੰਕ ਵਿੱਚ ਸੁਖਬੀਰ ਦੀਆਂ ਉੱਤਮ ਦਰਜੇ ਦੀਆਂ ਚੋਣਵੀਆਂ ਲਿਖਤਾਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਨਾਲ ਹੀ ਸੁਖਬੀਰ ਦੀ ਸਿਰਜਣਾ ਦਾ ਚਿੰਤਨ-ਮੰਥਨ ਕਰਦੇ ਗੰਭੀਰ ਲੇਖ ਵੀ ਛਪੇ ਹਨ। ਸੰਪਾਦਕੀ ਵਿੱਚ ਸੁਖਬੀਰ ਦੇ ਸਮੁੱਚੇ ਸਾਹਿਤ ਦੀਆਂ ਖੂਬੀਆਂ ਦਾ ਜ਼ਿਕਰ ਕੀਤਾ ਗਿਆ ਹੈ, "ਸੁਖਬੀਰ ਬਹੁ-ਵਿਧਾਵੀ ਲੇਖਕ ਹਨ, ਭਾਵੇਂ ਮੁੱਖ 'ਤੇ ਕਹਾਣੀਕਾਰ ਤੇ ਨਾਵਲਕਾਰ ਵੱਜੋਂ ਜਾਣੇ ਜਾਂਦੇ ਹਨ। ਉਨ੍ਹਾਂ ਦੇ ਨਾਵਲਾਂ ਤੇ ਕਹਾਣੀਆਂ ਵਿੱਚ ਸ਼ਹਿਰੀ ਜੀਵਨ ਦੇ ਵੱਖ ਵੱਖ ਪਹਿਲੂ, ਰਿਸ਼ਤਿਆਂ ਦੀ ਗੁੰਝਲਤਾ, ਇਕੱਲਤਾ, ਬੇਗਾਨਗੀ, ਮਨੁੱਖੀ ਮਨ ਦੀਆਂ ਸੂਖਮ ਪਰਤਾਂ ਅਤੇ ਸਮਾਜਿਕ ਵਿਸੰਗਤੀਆਂ ਦਾ ਬੜੇ ਸਜੀਵ ਢੰਗ ਨਾਲ ਚਿੱਤਰਣ ਹੋਇਆ ਹੈ।"





ਸੁਖਬੀਰ ਦੀਆਂ ਲਿਖਤਾਂ ਦੀ ਵੰਡ 12 ਭਾਗਾਂ ਵਿੱਚ ਕੀਤੀ ਗਈ ਹੈ। ਪਹਿਲਾਂ ਭਾਗ 'ਅਭਿਨੰਦਰ' ਹੈ। ਜਿਸ ਵਿੱਚ ਸੁਖਬੀਰ ਦੇ ਵੱਖ ਵੱਖ ਲੇਖਕਾਂ ਵੱਲੋਂ ਲਿਖੇ ਕਾਵਿ ਤੇ ਵਾਰਤ ਸ਼ਬਦ ਚਿੱਤਰ ਹਨ। ਗੁਲਜ਼ਾਰ ਤੇ ਪ੍ਰਮਿੰਦਰਜੀਤ ਨੇ ਕਾਵਿ ਸ਼ਬਦ ਚਿੱਤਰ, ਉਨ੍ਹਾਂ ਦੀ ਪਤਨੀ ਜਸਬੀਰ ਕੌਰ ਤੇ ਬੇਟੇ ਨਵਰਾਜ ਸਿੰਘ ਨੇ ਸੰਵੇਦਨਾ ਭਰਪੂਰ ਲਿਖਿਆ ਹੈ।, ਰਾਮ ਸਰੂਪ ਅਣਖੀ, ਸੁਰਿੰਦਰ ਸ਼ਰਮਾ, ਚੰਦਰ ਮੋਹਨ ਤੇ ਗੁਰਪ੍ਰੀਤ ਆਦਿ ਪ੍ਰਮੁੱਖ ਹਨ। ਇਨ੍ਹਾਂ ਨੇ ਸੁਖਬੀਰ ਦੀ ਸ਼ਖ਼ਸੀਅਤ ਦੇ ਕਈ ਪੱਖ ਉਭਾਰੇ ਹਨ। ਅਗਲੇ ਭਾਗ ਵਿੱਚ ਸੁਖਬੀਰ ਦੇ ਗੁਲਜ਼ਾਰ, ਜਗਜੀਤ ਸਿੰਘ ਆਨੰਦ, ਭਾਪਾ ਪ੍ਰੀਤਮ ਸਿੰਘ ਨੂੰ ਲਿਖੇ ਖ਼ਤ ਛਪੇ ਹਨ। 'ਲਿਖਤੁਮ ਸੁਖਬੀਰ 'ਚ ਸੁਖਬੀਰ ਦੇ ਖੁੱਲ੍ਹੀ ਕਵਿਤਾ-ਕੁਝ ਵਿਚਾਰ, ਇਕ ਮਾਰਕਸ, ਦੋ ਮਾਰਕਸ, ਲੇਖਕ ਕਿਵੇਂ ਲਿਖਦੇ ਹਨ ਤੇ ਸਾਹਿਤ ਤੇ ਸੱਚ ਮਹੱਤਵਪੂਰਨ ਲੇਖ ਛਪੇ ਹਨ। ਅੰਤਲੇ ਦੋ ਲੇਖ ਬਹੁਤ ਗਿਆਨ ਭਰਪੂਰ ਹਨ। 'ਸੁਨਹਿਰੀ ਪੰਨੇ' ਤਹਿਤ ਆਰਸੀ ਨਾਲ ਸੁਖਬੀਰ ਦੀ ਸਾਹਿਤਕ ਸਾਂਝ ਨੂੰ ਪੇਸ਼ ਕੀਤਾ ਗਿਆ ਹੈ। ਆਰਸ਼ੀ ਦੇ ਵਿੱਚ ਜੋ ਮਹੱਤਵਪੂਰਨ ਸੰਸਾਰ ਪ੍ਰਸਿੱਧ ਲੋਕਾਂ ਦੀਆਂ ਟਿਪਣੀਆਂ ਛਪਦੀਆਂ ਸਨ ਉਹ ਦਿੱਤੀਆਂ ਗਈਆਂ ਹਨ। ਇਨ੍ਹਾਂ ਸਾਰੇ ਪ੍ਰਸੰਗਾਂ ਦੀ ਇਕ ਕਿਤਾਬ ਵੀ ਛਪੀ ਹੈ। ਅਗਲੇ ਭਾਗ ਵਿੱਚ 'ਸੁਖਬੀਰ ਕਾਵਿ' ਤਹਿਤ ਉਸ ਦੀਆਂ ਕਵਿਤਾਵਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਸੁਖਬੀਰ ਦੇ ਲਿਖੇ ਗੁਰਬਖ਼ਸ਼ ਸਿੰਘ ਪ੍ਰੀਤ ਲੜੀ, ਨਾਨਕ ਸਿੰਘ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਰਾਜਿੰਦਰ ਸਿੰਘ ਬੇਦੀ, ਦੇਵਿੰਦਰ ਸਤਿਆਰਥੀ, ਬਲਰਾਜ ਸਾਹਨੀ, ਸੰਤੋਖ ਸਿੰਘ ਧੀਰ, ਸ਼ਿਵ ਕੁਮਾਰ, ਅਜੀਤ ਕੌਰ, ਭਾਪਾ ਪ੍ਰੀਤਮ ਸਿੰਘ ਦੇ ਕਾਵਿਚ ਚਿੱਤਰ ਵੀ ਅੰਕ ਦੀ ਪ੍ਰਾਪਤੀ ਹੈ। ਹੱਥਲੇ ਅੰਕ ਵਿੱਚ ਸੁਖਬੀਰ ਦੀਆਂ ਪ੍ਰਸਿੱਧ 5 ਕਹਾਣੀਆਂ ਵੀ ਪ੍ਰਕਾਸ਼ਤ ਕੀਤੀਆਂ ਗਈਆਂ ਹਨ ਜਿਨ੍ਹਾਂ ਵਿੱਚ -ਕਿਤਾਬਾਂ ਵਿਚਕਾਰਲੀ ਵਿੱਥ, ਮਨੁੱਖ ਤੇ ਜੜ੍ਹਾਂ, 234 ਕਦਮਾਂ ਦਾ ਰਾਹ, ਬਾਰੀ ਵਿਚਲਾ ਸੂਰਜ, ਹੋਂਦ ਤੋਂ ਇਲਾਵਾ 4 ਬਾਲ ਕਹਾਣੀਆਂ- ਗਾਉਣ ਵਾਲਾ ਫੁੱਲ, ਪਾਣੀ ਦੀ ਪਰੀ, ਕਦੇ ਨਾ ਬੁਝਣ ਵਾਲਾ ਦੀਵਾ, ਛੱਪੜ ਤੇ ਅਸਮਾਨ ਵਿਸ਼ੇਸ਼ ਹਨ। ਇਨ੍ਹਾਂ ਕਹਾਣੀਆਂ ਵਿੱਚ ਸੁਖਬੀਰ ਦੀ ਕਹਾਣੀ ਕਲਾ, ਬੁਣਤੀ ਤੇ ਬਿਰਤਾਂਤ ਜੁਗਤਾਂ ਦੇ ਦਰਸ਼ਨ ਹੁੰਦੇ ਹਨ। 'ਨਾਵਲ ਅੰਸ਼' ਤਹਿਤ ਸੁਖਬੀਰ ਦੇ ਨਾਵਲ 'ਅੱਧੇ ਪੌਣੇ' ਦਾ ਅੰਸ਼ ਛਪਿਆ ਹੈ। ਸੁਖਬੀਰ ਵੱਲੋਂ ਅਨੁਵਾਦ 'ਸੁਨਹਿਰਾ ਗੁਲਾਬ' ਦਾ ਚੈਪਟਰ ਵੀ ਦਿੱਤਾ ਗਿਆ ਹੈ। ਮੁਲਾਕਾਤ ਤਹਿਤ ਸੁਕੀਰਤ ਅਤੇ ਤਰਸੇਮ ਵੱਲੋਂ ਕੀਤੀਆਂ ਸੁਖਬੀਰ ਦੀਆਂ ਮੁਲਾਕਾਤਾਂ ਪ੍ਰਕਾਸ਼ਤ ਹੋਈਆਂ ਹਨ। 'ਸੁਖਬੀਰ ਦੀ ਸਿਰਜਣਾ ਬਾਰੇ ਚਿੰਤਨ' ਅਧੀਨ ਡਾ. ਰਘਬੀਰ ਸਿੰਘ (ਅੱਧੇ ਪੌਣੇ), ਨਿਰਮਲ ਅਰਪਣ (ਸੁਖਬੀਰ ਇੱਕ ਚਿੰਤਨ), ਪਿਆਰਾ ਸਿੰਘ ਸਹਿਰਾਈ (ਸੁਖਬੀਰ ਤੇ ਸਮਾਜਵਾਦ), ਡਾ. ਵਨੀਤਾ (ਕਵਿਤਾ ਨਿਊਡ ਦਾ ਕਵਿ ਵਿਸ਼ਲੇਸ਼ਣ), ਡਾ. ਰਮਿੰਦਰ ਕੌਰ (ਸੁਖਬੀਰ ਦੀ ਵਾਰਤਕ ਤੇ ਅਨੁਵਾਦਿਤ ਕਾਰਜ) , ਪ੍ਰੋ. ਹਰਪ੍ਰੀਤ ਕੌਰ ਕਹਾਣੀ ਪਾਠਗਤ ਅਧਿਐਨ), ਡਾ. ਮੋਹਨ ਸਿੰਘ ਤਿਆਗੀ (ਕਵਿਤਾ ਦੇ ਦਰਸ਼ਨੀ ਪਸਾਰ), ਡਾ. ਮਨੀਸ਼ ਕੁਮਾਰ (ਸੜਕਾਂ ਤੇ ਕਮਰੇ) ਸੁਖਬੀਰ ਦੀ ਕਵਿਤਾ, ਕਹਾਣੀ ਤੇ ਨਾਵਲ ਦਾ ਵੱਖ ਵੱਖ ਐਂਗਲਾਂ ਤੋਂ ਅਧਿਐਨ ਕੀਤਾ ਗਿਆ ਹੈ।

ਸੰਸਾਰ ਸਾਹਿਤ ਤਹਿਤ ਜੰਗ ਬਹਾਦੁਰ ਗੋਇਲ ਵੱਲੋਂ 'ਦ ਵੈਜੀਟੇਰੀਅਨ' ਨਾਵਲ ਬਾਰੇ ਲੰਮਾ ਲੇਖ ਅਤੇ ਹਾਨ ਕਾਂਗ ਦੀਆਂ ਕੋਰੀਅਨ ਕਹਾਣੀ 'ਮੇਰੀ ਜ਼ਨਾਨੀ ਦਾ ਫਲ' (ਅਨੁ. ਕੇਸਰਾ ਰਾਮ) ਵੀ ਪ੍ਰਕਾਸ਼ਤ ਕੀਤੀ ਹੈ। ਬਾਨੂੰ ਮੁਸ਼ਤਾਕ ਦੀ ਪ੍ਰਸਿੱਧ ਕਹਾਣੀ 'ਦਿਲ ਦਾ ਚਿਰਾਗ਼' (ਅਨੁ. ਕੇਸਰਾ ਰਾਮ) ਵੀ ਅੰਕ ਦਾ ਹਾਸ਼ਲ ਹੈ। ਗਿਆਨਪੀਠ ਪੁਰਸਕਾਰ ਪ੍ਰਾਪਤ ਵਿਨੋਦ ਕੁਮਾਰ ਸ਼ੁਕਲ, ਸਾਹਿਤਯ ਅਕਾਦੇਮੀ ਪੁਰਸਕਾਰ ਜੇਤੂ ਪਾਲ ਕੌਰ ਅਤੇ ਸਾਹਿਤਯ ਅਕਾਦੇਮੀ ਪੁਰਸਕਾਰ ਜੇਤੂ ਗਗਨ ਗਿੱਲ ਦੀਆਂ ਕਵਿਤਾਵਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਅੰਤ ਵਿੱਚ ਸਰਗਰਮੀਆਂ ਕਾਲਮ ਵਿੱਚ ਪੰਜਾਬੀ ਸਾਹਿਤ ਸਭਾ ਦੀਆਂ ਸਾਹਿਤਕ ਸਰਗਰਮੀਆਂ ਦੀ ਰਿਪੋਰਟਿੰਗ ਪ੍ਰਕਾਸ਼ਤ ਕੀਤੀ ਗਈ ਹੈ।

ਸਮਕਾਲੀ ਸਾਹਿਤ, ਮੁੱਲ : 80 ਰੁਪਏ, ਪੰਨੇ : 272, ਪਤਾ-ਪੰਜਾਬੀ ਸਾਹਿਤ ਸਭਾ, 10 ਰਾਊਜ਼ ਐਵੇਨਿਊ, ਇੰਸਟੀਚਿਊਸ਼ਨਲ ਏਰੀਆ, ਨਵੀਂ ਦਿੱਲੀ-110002, ਸਮਕਾਲੀ ਸਾਹਿਤ ਦੇ ਸੰਪਾਦਕ : ਕੇਸਰਾ ਰਾਮ (94162-35210) ਹਨ।

## ਕਹਾਣੀ ਧਾਰਾ : 'ਕਹਾਣੀ ਦੇ ਅਸਲੀ ਤੇ ਨਕਲੀ ਪਾਤਰ' ਵਿਸ਼ੇਸ਼ ਅੰਕ

ਕਹਾਣੀ ਧਾਰਾ-78 ਜੁਲਾਈ-ਸਤੰਬਰ,2025, ਵਿਸ਼ੇਸ਼ ਅੰਕ 'ਕਹਾਣੀ ਦੇ ਅਸਲੀ ਤੇ ਨਕਲੀ ਪਾਤਰ' ਵਿਸ਼ੇ ਤੇ ਕੇਂਦਰਤ ਹੈ। ਇਸ ਮਹੱਤਵਪੂਰਨ ਅੰਕ ਵਿੱਚ ਸਮਕਾਲੀ 27 ਕਹਾਣੀਕਾਰਾਂ ਨੇ ਆਪਣੇ ਪਾਤਰਾਂ ਬਾਰੇ ਨਿੱਠ ਕੇ ਲਿਖਿਆ ਹੈ। ਖੋਜ ਵਿਦਿਆਰਥੀਆਂ ਅਤੇ ਕਹਾਣੀ ਦੇ ਪਾਠਕਾਂ ਲਈ ਇਹ ਅੰਕ ਬੜਾ ਮੁੱਲਵਾਨ ਹੈ। ਸੰਪਾਦਕੀ ਵਿੱਚ ਪਾਤਰਾਂ ਦੀ ਕਾਰਜ ਵਿਧੀ ਬਾਰੇ ਸੰਪਾਦਕ ਲਿਖਦਾ ਹੈ, "ਅਸਲੀ ਨਕਲੀ ਪਾਤਰਾਂ ਬਾਰੇ ਮੇਰੀਆਂ ਆਪਣੀਆਂ ਧਾਰਨਾਵਾਂ ਨੇ। ਮੇਰੀ ਸਮਝ ਮੁਤਾਬਕ ਜੋ ਸਮਾਜ ਵਿੱਚ ਪਾਤਰ ਵਿਚਰਦਾ ਏ, ਉਹ ਅਸਲੀ ਹੁੰਦੇ ਨੇ। ਕਥਾਕਾਰ ਸਮਾਜ ਵਿੱਚੋਂ ਅਸਲੀ ਪਾਤਰ ਲੈ ਕੇ ਆਪਣੀ ਕਲਪਨਾ ਤੇ ਸਮਾਜਿਕ ਸੂਝ ਨਾਲ ਜੋ ਪਾਤਰ ਘੜਦਾ ਏ ਉਹ ਨਕਲੀ ਪਾਤਰ ਹੁੰਦਾ ਏ।"




ਹੱਥਲੇ ਅੰਕ ਵਿੱਚ ਜ਼ੁਬੈਰ ਅਹਿਮਦ, ਪ੍ਰੇਮ ਮਾਨ, ਜਿੰਦਰ, ਸੁਕੀਰਤ, ਮੇਜਰ ਮਾਂਗਟ, ਭਗਵੰਤ ਰਸੂਲਪੁਰੀ, ਗੁਰਮੀਤ ਕੜਿਆਲਵੀ, ਅਜਮੇਰ ਸਿੱਧੂ, ਜਸਵੀਰ ਰਾਣਾ, ਕੁਲਬੀਰ ਬਡੇਸਰੋਂ, ਦਵਿੰਦਰ ਮੰਡ, ਸਰਘੀ, ਨਿਰੰਜਣ ਬੋਹਾ, ਕੁਲਜੀਤ ਮਾਨ, ਸਰਬਜੀਤ ਕੌਰ ਸੋਹਲ, ਸੋਮਾ ਸਬਲੋਕ, ਦਰਸ਼ਨ ਜੋਗਾ, ਦੀਪ ਦੇਵਿੰਦਰ ਸਿੰਘ, ਭੁਪਿੰਦਰ ਸਿੰਘ ਮਾਨ, ਸਿਮਰਨ ਧਾਲੀਵਾਲ, ਜਸਵਿੰਦਰ ਧਰਮਕੋਟ, ਸਵਾਮੀ ਸਰਬਜੀਤ, ਅਰਵਿੰਦਰ ਕੌਰ ਧਾਲੀਵਾਲ, ਲਖਵਿੰਦਰ ਵਿਰਕ, ਜਸਪਾਲ ਕੌਰ, ਵਿਪਨ ਵਰਿਆਣਾ, ਅਲਫ਼ਾਜ਼ ਆਦਿ ਕਹਾਣੀਆਂ ਨੇ ਪਾਤਰਾਂ ਸਿਰਜਣਕਾਰੀ ਬਾਰੇ, ਪਾਤਰਾਂ ਦੀ ਕਾਰਜ ਵਿਧੀ ਬਾਰੇ ਅਤੇ ਘਾੜਤ ਬਾਰੇ ਨਿਵੇਕਲੀਆਂ ਗੱਲਾਂ ਕੀਤੀਆਂ ਹਨ। ਹਰ ਲੇਖ ਦੇ ਨਾਲ ਕਹਾਣੀਕਾਰਾਂ ਦੀਆਂ ਕਿਤਾਬਾਂ ਦੀ ਤਸਵੀਰਾਂ ਵੀ ਹਨ। ਹਰ ਲੇਖ ਦਾ ਸਿਰਲੇਖ ਪਾਠਕਾਂ ਨੂੰ ਆਪਣਾ ਵੱਲ ਖਿੱਚਦਾ ਹੋਇਆ ਪੜ੍ਹਨ ਦੀ ਉਤਸੁਕਤਾ ਪੈਦਾ ਕਰਦਾ ਹੈ। ਸਾਰਾ ਅੰਕ ਸਾਂਭਣਯੋਗ ਹੈ।

ਕਹਾਣੀ ਧਾਰਾ ਦੇ ਸੰਪਾਦਕ : ਭਗਵੰਤ ਰਸੂਲਪੁਰੀ (94170-64350), ਮੁੱਲ : 100 ਰੁਪਏ, ਪੰਨੇ : 160, ਪਤਾ-ਸੰਪਾਦਕ ਕਹਾਣੀ ਧਾਰਾ, ਪਿੰਡ ਧਰਮਪੁਰਾ, ਡਾਕ. ਖਾਂਬਰਾ ਜ਼ਿਲ੍ਹਾਂ ਜਲੰਧਰ-144026,

## ਸੁਰਖ਼ ਲੀਹ : ਮਈ-ਜੂਨ, 2025

ਹੱਥਲੇ ਅੰਕ ਵਿੱਚ ਮੋਦੀ ਸਰਕਾਰ ਦੀ ਲੋਕ ਦੋਖੀ ਸਿਆਸਤ, ਫਿਰਕੂ ਰਾਸ਼ਟਰਵਾਦੀ ਸਿਆਸਤ, ਜੰਗੀ ਮਨਸੂਬਿਆਂ ਖਿਲਾਫ਼ , ਅਮਰੀਕਾ ਸਰਕਾਰ ਦੀ ਟੈਰਿਫ ਜੰਗ, ਆਦਰਸ਼ ਸਕੂਲ ਚਾਉਕੇ ਦਾ ਸੰਘਰਸ਼, ਖੇਤ ਮਜ਼ਦੂਰਾਂ ਤੇ ਜ਼ਮੀਨ ਤੇ ਹੱਕ, ਵਕਫ਼ ਸੋਧ ਕਾਨੂੰਨ, ਗਾਜ਼ਾ ਪੱਟੀ ਤੇ ਕਬਜ਼ੇ ਲਈ ਆਖਰੀ ਹੱਲਾ, ਹੋ ਚੀ ਮਿਨ੍ਹ, ਸਿੱਖਿਆ ਦੇ ਨਿੱਜੀਕਰਨ ਸਬੰਧੀ, ਸਿੱਖਿਆ ਕ੍ਰਾਂਤੀ ਦਾ ਸੱਚ, ਪੰਜਾਬ ਪੁਲਿਸ ਵੱਲੋਂ ਕੀਤੇ ਝੂਠੇ ਪੁਲਿਸ ਮੁਕਾਬਲੇ ਵਰਗੇ ਨਾਬਰੀ ਦੀ ਸੁਰ ਉਭਾਰਨ ਵਾਲੇ ਮੁੱਦਿਆ ਉੱਤੇ ਮਹੱਤਵਪੂਰਨ ਲਿੱਖਤਾਂ ਹਨ।




ਸੁਰਖ਼ ਲੀਹ ਦੇ ਸੰਪਾਦਕ : ਪਵੇਲ, ਮੁੱਲ : 30 ਰੁਪਏ, ਪੰਨੇ : 52, ਪਤਾ-ਸੁਰਖ਼ ਲੀਹ, ਨਕਈ ਵਾਲੀ ਪਹੀ, ਪੁੱਡਾ ਕਲੋਨੀ, ਗਾਂਧੀ ਨਗਰ. ਰਾਮਪੁਰਾ ਫੂਲ. ਬਠਿੰਡਾ-151103

**- ਭਗਵੰਤ ਰਸੂਲਪੁਰੀ**

*ਫਲਸਤੀਨ ਦੇ ਕਵੀਆਂ ਦੀ ਜੁਝਾਰੂ ਪ੍ਰੰਪਰਾ ਨੂੰ ਅੱਗੇ ਤੋਰਨ ਵਾਲਾ ਨੌਜਵਾਨ ਕਵੀ ਮੁਹੰਮਦ ਮੂਸਾ ਅੱਜ-ਕੱਲ੍ਹ ਆਪਣੀ ਕਵਿਤਾ ਅਤੇ ਆਪਣੇ ਲੋਕਾਂ ਦੇ ਜੰਗ ਵਿਰੋਧੀ ਮਸਲਿਆਂ ਨੂੰ ਉਭਾਰਨ ਕਰਕੇ ਚਰਚਾ ਵਿੱਚ ਹੈ। ਇਜ਼ਰਾਈਲੀ ਹਮਲਿਆਂ ਦੀ ਨਿਰੰਤਰ ਮਾਰ ਹੇਠ ਆਏ ਗਾਜ਼ਾ ਖੇਤਰ ਵਿੱਚ ਰਹਿਣ ਵਾਲੇ ਇਸ ਕਵੀ ਨੇ ਆਪਣੀ ਮਾਤ-ਭੂਮੀ ਨੂੰ ਪਿੱਠ ਨਹੀਂ ਦਿਖਾਈ। ਬੰਬ ਧਮਾਕਿਆਂ ਦੌਰਾਨ ਲੋਕਾਂ ਦੇ ਬਚਾਅ ਕਾਰਜਾਂ ਵਿੱਚ ਸ਼ਾਮਲ ਹੋਣਾ, ਲੋੜਵੰਦਾਂ ਲਈ ਹਾਜ਼ਰ ਰਹਿਣਾ ਅਤੇ ਹਮਲਾਵਰ ਦੁਸ਼ਮਣ ਦਾ ਨਿਰੰਤਰ ਵਿਰੋਧ ਉਹਦੇ ਜੀਵਨ ਦਾ ਹਿੱਸਾ ਹੈ। ਅੱਜ-ਕੱਲ੍ਹ ਲਿਖੀਆਂ ਗਈਆਂ ਉਸ ਦੀਆਂ ਕਵਿਤਾਵਾਂ ਵਿੱਚ ਉਹਦੀ ਧਰਤੀ ਅਤੇ ਲੋਕਾਂ ਦੀ ਪੀੜ ਦੇ ਪਰਛਾਵੇਂ ਦੇਖੇ ਜਾ ਸਕਦੇ ਹਨ।*

# ਫਲਸਤੀਨ ਦੇ ਕਵੀ ਮੁਹੰਮਦ ਮੂਸਾ ਦੀਆਂ ਕਵਿਤਾਵਾਂ

(1)

ਗਾਜ਼ਾ ਤੋਂ ਦੂਰ
ਸੜਦੇ ਸ਼ਹਿਰ ਤੋਂ ਪਾਰ
ਲੋਕ ਇੱਕ ਦੂਜੇ ਨਾਲ
ਤੋਹਫ਼ਿਆਂ ਦਾ ਆਦਾਨ-ਪ੍ਰਦਾਨ ਕਰਦੇ ਨੇ
ਜਦੋਂ ਕਿ ਅਸੀਂ ਗਾਜ਼ਾ ਦੇ ਲੋਕ
ਲਾਸ਼ਾਂ ਨੂੰ ਸਪੁਰਦ-ਏ-ਖ਼ਾਕ ਕਰਦੇ
ਕਬਰਾਂ ਦਾ ਵਿਸਥਾਰ ਕਰ ਰਹੇ ਹਾਂ

(2)

ਮੇਰੇ ਸ਼ਹਿਰ 'ਚ
ਜਦੋਂ ਵੀ ਕੋਈ ਦੁਖਿਆਰੀ ਮਾਂ
ਵੈਣ ਪਾਉਂਦੀ ਹੈ
ਬੁਰਕਾ ਪਾੜ ਕੇ ਰੋਂਦੀ ਹੈ
ਤਾਂ ਇੰਜ ਲੱਗਦਾ
ਜਿਵੇਂ ਅੰਬਰ ਦਾ ਇੱਕ ਟੋਟਾ
ਟੁੱਟ ਕੇ
ਧਰਤੀ ਉੱਤੇ ਖਿੱਲਰ ਗਿਆ।

(3)

ਮੇਰੇ ਧੁਰ ਅੰਦਰ
ਇੱਕ ਸੜਦਾ ਹੋਇਆ ਸ਼ਹਿਰ ਹੈ
ਜੋ ਚੀਖ਼ ਰਿਹਾ ਹੈ
ਮੈਨੂੰ ਮੌਤ ਵੱਲ ਧੱਕ ਰਿਹਾ ਹੈ
ਖਿੱਚ ਰਿਹਾ ਹੈ
ਤੇ ਮੈਨੂੰ ਨਹੀਂ ਇਲਮ
ਭੋਰਾ ਨਹੀਂ ਜਾਣਕਾਰੀ
ਕੌਣ ਪਹਿਲਾਂ ਸੜੇਗਾ
ਕੌਣ ਪਹਿਲਾਂ ਮਰੇਗਾ
ਮੈਂ ਜਾਂ ਮੇਰੇ ਧੁਰ ਅੰਦਰ
ਸੜ ਰਿਹਾ ਸ਼ਹਿਰ

(4)

ਤੁਸੀਂ ਕਦੇ
ਆਪਣੀਆਂ ਕਵਿਤਾਵਾਂ ਨੂੰ
ਉਗਮਣ ਤੋਂ ਪਹਿਲਾਂ
ਕਬਰਾਂ ਵਿੱਚ ਪਾਇਆ ਹੈ ?
ਗਾਜ਼ਾ ਦਾ ਕਵੀ ਇਸ ਤੱਥ ਦਾ
ਇਸ ਸੱਚ ਦਾ ਗਵਾਹ ਹੈ
ਸਿਰਫ਼ ਗਵਾਹ ਨਹੀਂ
ਕਬਰਾਂ 'ਚ ਦਫਨਾ ਰਿਹਾ ਹੈ

(5)

ਮੈਂ ਪੰਛੀਆਂ ਨੂੰ ਸਮਝਾਉਂਦਾ ਹਾਂ
ਯੁੱਧ ਬਾਰੇ ਦੱਸਦਾ, ਉਨ੍ਹਾਂ ਨਾਲ ਮਸ਼ਵਰੇ ਕਰਦਾ
ਉਨ੍ਹਾਂ ਨੂੰ ਦੱਸਦਾ ਹਾਂ, ਸਿਖਾਉਂਦਾ ਹਾਂ
ਕਿ ਉਹ ਆਪਣੇ ਖੰਭ
'ਤਾਲ-ਅਲ-ਜਾਤਰ' ਵਿੱਚ ਮਾਤਮ ਮਨਾਉਂਦੀਆਂ
ਮਾਵਾਂ ਨੂੰ ਸੌਂਪ ਦੇਣ
ਜਿਨ੍ਹਾਂ ਦੇ ਬੱਚੇ ਰਫ਼ਾ ਦੇ ਤੰਬੂਆਂ 'ਚ
ਝੁਲਸ ਗਏ, ਭਸਮ ਹੋ ਗਏ
ਕਿ ਪੰਛੀ ਆਪਣੀ ਚਮੜੀ
'ਜ਼ਬਾਲਿਆ' ਦੇ ਜਵਾਕਾਂ ਨੂੰ ਅਰਪ ਦੇਣ
ਕਿ ਆਪਣੀ ਜੀਭ ਉਨ੍ਹਾਂ ਮਾਸੂਮਾਂ ਦੇ ਨਾਂਅ ਕਰਨ
ਜੋ ਬੰਬ ਧਮਾਕਿਆਂ ਦੀ ਗਰਜ਼ ਵਿੱਚ
ਚੁੱਪ-ਚਾਪ ਲਪੇਟੇ ਗਏ
ਅੱਧ ਸੁੱਤੇ ਸਮੇਟੇ ਗਏ
ਪਿਆਰੇ ਪੰਛੀਓ ਆਪਣੇ ਗੀਤ
ਰਾਹਤ ਕੈਂਪਾਂ 'ਚ ਸਹਿਮੇ ਉਨ੍ਹਾਂ ਬੱਚਿਆਂ ਨੂੰ ਦੇਵੋ
ਜਿਨ੍ਹਾਂ ਦੇ ਖੁਸ਼ਕ ਬੁੱਲ੍ਹ ਗੀਤਾਂ ਨੂੰ ਤਰਸ ਗਏ ਨੇ।

(6)

ਮੇਰੀ ਮੌਤ ਕੋਈ ਗੀਤ ਨਹੀਂ
ਤੁਹਾਡੇ ਗੁਣਗਣਾਉਣ ਲਈ
ਕੋਈ ਪਰੇਡ ਨਹੀਂ
ਕਿ ਤੁਸੀਂ ਕੂਚ ਕਰਨਾ ਹੈ
ਨਾ ਤੁਹਾਡੇ ਪਹਿਨਣ ਲਈ
ਕਮੀਜ਼ ਹੋ ਸਕਦੀ ਹੈ ਮੇਰੀ ਮੌਤ
ਕੀ ਦੁਨੀਆ ਭੁੱਲ ਜਾਏਗੀ
ਕਿ ਮੈਂ ਕਿੱਥੋਂ ਆਇਆ ਹਾਂ ?
ਨਹੀਂ ਪਰਵਾਹ ਮੈਨੂੰ
ਕਿ ਖੋਹ ਲਿਆ ਮੇਰਾ ਜੀਵਨ
ਇਹ ਰੋਂਦੇ ਹੋਏ ਸਮੁੰਦਰ ਨਾਲ ਘਿਰਿਆ
ਕੋਈ ਤਿਆਗਿਆ ਹੋਇਆ
ਛੇਕਿਆ ਹੋਇਆ ਸ਼ਹਿਰ ਨਹੀਂ
ਮੈਂ ਤੁਹਾਨੂੰ ਗਾਉਂਦੇ ਹੋਏ ਸੁਣ ਸਕਦਾ ਹਾਂ
ਦੇਖ ਸਕਦਾ ਹਾਂ
ਨੱਚਦੇ ਟੱਪਦਿਆਂ ਨੂੰ
ਮੇਰਾ ਨਾਂਅ ?
ਨਹੀਂ ਯਾਦ ਤਾਂ ਰਹਿਣ ਦਿਓ
ਪਰ ਯਾਦ ਰੱਖਿਓ
ਮੇਰੇ ਬੱਚਿਆਂ ਦੇ ਨਾਂਅ
ਜਿਨ੍ਹਾਂ ਨੂੰ ਤੁਸੀਂ ਉਦੋਂ ਮਾਰਿਆ
ਜਦੋਂ ਉਹ ਮੇਰੀ ਲਾਸ਼ ਸੰਭਾਲ ਰਹੇ ਸੀ



ਯਾਦ ਰੱਖਿਓ ਉਹ ਧਰਤੀ
ਜਿਸ ਨੂੰ ਤੁਸੀਂ
ਸਮੂਹਿਕ ਕੁਤਬਿਆਂ ਦਾ ਕਬਰਿਸਤਾਨ ਬਣਾ ਦਿੱਤਾ

(7)

ਖੰਡਰ ਬਣੇ ਸ਼ਹਿਰ ਦੀਆਂ ਇਮਾਰਤਾਂ ਵਿੱਚ
ਮੈਨੂੰ ਮਿਲ਼ਦੇ ਨੇ ਜਾਣੇ-ਪਛਾਣੇ ਚਿਹਰੇ
ਪੁਰਾਣੀਆਂ ਤਸਵੀਰਾਂ
ਮਾਰੇ ਗਏ ਬੰਦਿਆਂ ਦੇ
ਗਲ਼ੇ-ਸੜੇ ਅੰਗ
ਬੇਪਛਾਣ ਲੋਕਾਂ ਦੇ ਡੁੱਲ੍ਹੇ ਖ਼ੂਨ ਦੇ ਧੱਬੇ
ਅਤੇ ਲੋਕਾਂ ਦੇ ਫਟੇ-ਪੁਰਾਣੇ ਬਸਤਰ
ਮੇਰੀ ਆਪਣੀ ਟੁੱਟ-ਭੱਜ
ਆਪਣੇ ਖੰਡਰ
ਮੈਨੂੰ ਲੱਭਣ 'ਤੇ ਵੀ ਨਹੀਂ ਮਿਲ਼ਦੇ

(8)

ਸਾਡਾ ਦੁੱਖ
ਪਹਿਲਾਂ ਹੀ ਆਦਮ ਬੋ-ਆਦਮ ਬੋ ਕੂਕਦੀ
ਹਫੜਾ-ਦਫੜੀ ਮਚਾਉਂਦੀ
ਮੌਤ ਦੇ ਪੰਜਿਆਂ ਵਿੱਚ ਹੈ
ਸਾਡੇ ਥੱਕੇ ਹੋਏ
ਪੱਥਰਾਂ ਤੋਂ ਭਾਰੀ ਦਿਲਾਂ ਨੂੰ
ਕਿਤੇ ਚੈਨ ਨਹੀਂ ਰੂਹ ਨੂੰ ਆਰਾਮ ਨਹੀਂ
ਅੰਬਰ ਜੋ ਕਦੀ ਪਨਾਹਗਾਰ ਸੀ
ਹੁਣ ਕਤਲ ਹੋਏ ਮਾਸੂਮ ਬੱਚਿਆਂ ਦੀਆਂ
ਸੂਰਤਾਂ ਨਾਲ ਭਰ ਗਿਆ ਹੈ
ਸਮੁੰਦਰ ਜੋ ਕਦੀ ਦਿਲਾਸੇ ਦਾ
ਧਰਵਾਸ ਦਾ ਸਿਰਨਾਵਾਂ ਸੀ
ਹੁਣ ਆਪ ਕੈਦੀ ਵਾਂਗ ਜਕੜਿਆ ਪਿਆ ਹੈ
ਸਾਡੀ ਪਨਾਹ ਵਾਲੀ ਫੱਟੜ ਧਰਤੀ
ਬੇਸ਼ੁਮਾਰ ਕਬਰਾਂ ਦੇ ਜ਼ਖਮਾਂ ਨਾਲ ਤੂਸੀ ਪਈ ਹੈ
ਦੁਨੀਆ ਦੀਆਂ ਤੇਜ਼-ਤਰਾਰ ਨਜ਼ਰਾਂ ਦੇ ਸਾਹਵੇਂ
ਇੱਕ ਸਹਿਕਦੇ ਸਮੁੱਚੇ ਦੁੱਖ ਨੂੰ
ਕਿੱਥੇ ਰੱਖੀਏ
ਦੁਨੀਆ-ਇੱਕ ਅਜਿਹੀ ਦੁਨੀਆ
ਜੋ ਸਾਡੇ ਦੁੱਖਾਂ ਵੱਲ ਪਿੱਠ ਕਰਕੇ
ਸਾਡੀ ਹੋਂਦ ਅਤੇ ਹੋਣੀ ਨੂੰ ਅਣਡਿੱਠ ਕਰਕੇ
ਬੱਦਲਾਂ ਦੇ ਕਾਸ਼ਣੀ ਰੰਗਾਂ ਨਾਲ
ਮਨ ਪਰਚਾਵਾ ਕਰ ਰਹੀ ਹੈ।

(9)

ਜਦੋਂ ਮੈਂ ਤੱਕਦਾ ਹਾਂ
ਆਪਣੇ ਟੁਕੜਾ ਟੁਕੜਾ ਹੋਏ ਜੀਵਨ ਨੂੰ
ਤੇ ਬਚੇ ਹੋਏ ਨੂੰ ਸਹੇਜ ਕੇ
ਸੰਭਾਲ ਕੇ
ਤੁਰਦਾ ਹਾਂ ਸੱਖਣੇ ਘਰ ਵੱਲ
ਪੁੱਛਦਾ ਹਾਂ ਸਵਾਲ ਆਪਣੇ ਆਪ ਨੂੰ
ਕਿ ਮੈਂ ਕੀ ਗੁਨਾਹ ਕੀਤਾ ?
ਕਿ ਦੁਨੀਆ
ਮੇਰੀ ਮੌਤ ਨੂੰ ਅੱਖੋਂ ਪਰੋਖਾ ਕਰ ਰਹੀ ਹੈ।

(10)

ਉੱਤਰ ਦਿਸ਼ਾ 'ਚ
ਕੋਈ ਸਾਲਮ ਸਬੂਤਾ
ਘਰ ਨਹੀਂ ਬਚਿਆ
ਕੋਈ ਰੁੱਖ ਨਹੀਂ ਰਿਹਾ
ਜੋ ਛਾਂ ਦੇਵੇ।

(11)

ਮੈਂ ਹਰ ਰੋਜ਼ ਰਾਤ ਨੂੰ
ਮੌਤ ਦੀ ਸੰਘੀ ਨੱਪਦਾ ਹਾਂ
ਉਹਦੀ ਗਰਦਨ ਮਰੋੜਦਾ ਹਾਂ
ਤਾਂ ਕਿ ਤੁਹਾਨੂੰ ਦੱਸ ਸਕਾਂ
ਕਹਿ ਸਕਾਂ
ਕਿ ਬੰਦ ਕਰੋ ਇਹ ਨਸਲਕੁਸ਼ੀ
ਰੋਕ ਦਿਓ ਨਰਸੰਘਾਰ।

(12)

ਤੁਹਾਡੇ ਘੜਿਆਲੀ ਅੱਥਰੂ
ਸਾਡੇ ਨਰਸੰਘਾਰ ਨੂੰ
ਸਾਡੀ ਨਸਲਕੁਸ਼ੀ ਨੂੰ
ਮੁੜ ਪਰਿਭਾਸ਼ਤ ਨਹੀਂ ਕਰ ਸਕਦੇ
ਨਵੇਂ ਸਿਰੇ ਤੋਂ
ਨਵੀਂ ਵਿਆਖਿਆ ਨਹੀਂ ਕਰ ਸਕਦੇ
ਇਹ ਹੰਝੂ
ਸਾਡੇ ਮਾਰੇ ਗਏ ਮਾਸੂਮ ਬੱਚਿਆਂ ਨੂੰ
ਜੀਵਨ ਨਹੀਂ ਦੇ ਸਕਦੇ
ਉਜਾੜੇ ਤੇ ਸਾੜੇ ਜਾਣ ਤੋਂ ਬਾਅਦ
ਸ਼ਹਿਰ ਦਾ ਨਿਰਮਾਣ ਨਹੀਂ ਕਰ ਸਕਦੇ
ਇਹ ਅੱਥਰੂ-ਅਰਥਹੀਣ ਨੇ
ਬੇਅਰਥ ਨੇ ਤੁਹਾਡੇ ਯੁੱਧ ਵਾਂਗ

(13)

ਤੁਹਾਡੇ ਬਿਲਕੁਲ ਸਨਮੁੱਖ ਜੋ ਚਿਹਰਾ ਹੈ
ਲਹੂ ਨਾਲ ਲਿਬੜਿਆ
ਜ਼ਖ਼ਮਾਂ ਨਾਲ ਭਰਿਆ
ਇਸ ਚਿਹਰੇ ਉੱਤੇ ਜੋ ਉਮੀਦ ਅਤੇ ਸ਼ਾਂਤੀ ਦੇ
ਧੱਬੇ ਅਤੇ ਨਿਸ਼ਾਨ ਹਨ
ਜੋ ਦੁਨੀਆ ਨੇ ਦੇਣ ਦਾ ਅਹਿਦ ਕੀਤਾ ਸੀ
ਵਾਅਦਾ ਕੀਤਾ ਸੀ
ਇਹ ਮੇਰੇ ਖੋਹੇ ਹੋਏ ਬਚਪਨ ਦਾ
ਚਿਹਰਾ ਹੈ
ਮੇਰੇ ਟੱਬਰ ਤੇ ਮੇਰੇ ਸ਼ਹਿਰ ਦੇ ਮਲਬੇ 'ਚ
ਕਿਤੇ ਡੂੰਘਾ ਦੱਬਿਆ ਹੋਇਆ
ਜਿਹਨੂੰ ਮੈਂ ਹੁਣ ਤੱਕ ਨਹੀਂ ਸਕਦਾ।

*ਅਨੁਵਾਦ-ਮਦਨ ਵੀਰਾ*

ਮੋਬਾ. 94178-26296

## ਸਫ਼ਾ 3 ਦੀ ਬਾਕੀ — ਜੀਵਨ ਅਨੁਭਵ ਦਾ ਸੰਵੇਦਨਮਈ ਕੈਨਵਸ...

ਭਵਿੱਖ ਦੀ ਚਿੰਤਾ ਕਰਦਾ ਹੈ।

'ਸਰਦੀ ਆਉਣ ਵਾਲੀ' ਕਵਿਤਾ ਵਿਚ ਗਰੀਬ ਲੋਕਾਂ ਵੱਲੋਂ ਬਦਲਦੇ ਸਮੇਂ ਵਿਚ ਰੋਜ਼ੀ-ਰੋਟੀ ਵਾਸਤੇ ਕੀਤੀ ਮਿਹਨਤ ਦੀ ਦਾਸਤਾਂ ਦਰਸਾਉਂਦੀ ਹੈ। 'ਵੰਡ' ਕਵਿਤਾ ਕੁਦਰਤੀ ਨਿਆਮਤਾਂ ਖੋਲ੍ਹਦੀ ਹੈ।ਕਵੀ ਆਪਣੀਆਂ ਯਾਦਾਂ ਵਿੱਚ ਪਈ ਹੋਈ ਸਮੱਗਰੀ ਦਾ ਆਦਰਸ਼ੀਕਰਨ ਕਰਦਾ ਹੋਇਆ ਇਸ ਨੂੰ ਕੁਦਰਤ ਅਤੇ ਸਮਾਜ ਵਿੱਚੋਂ ਲੱਭਦਾ ਹੈ। ਉਹ ਸਮਾਜ ਵਿਚਲੀ ਘਟਨਾ ਕਰਮ ਨੂੰ ਇਸ ਤਰ੍ਹਾਂ ਮੋੜ ਦਿੰਦਾ ਹੈ ਕਿ ਕਵਿਤਾ ਅੰਦਰਲੀ ਸੁਭਾਵਿਕਤਾ ਤੇ ਸਦਾਚਾਰਕ ਡੂੰਘਾਈ ਨਾਲ ਆਪਣਾ ਰਾਬਤਾ ਰੱਖਦੀ ਪ੍ਰਗਟ ਹੁੰਦੀ ਹੈ।ਕਵੀ ਦੀ ਕਲਪਨਾ ਉਡਾਰੀ ਅਨੁਭਵ ਦੀ ਵਿਸ਼ਾਲਤਾ ਨੂੰ ਪ੍ਰਗਟਾਉਂਦੀ ਕਾਵਿ ਵਿਚਲੇ ਇਹ ਪਾਸਾਰ ਨੂੰ ਆਲੇ-ਦੁਆਲੇ, ਰੋਜ਼ਮਰ੍ਹਾ ਦੀਆਂ ਘਟਨਾਵਾਂ ਦੀ ਛਾਣਬੀਣ ਕਰਦਿਆਂ ਆਤਮ ਕੇਂਦਰਿਤ ਛਿਣਾਂ ਦਾ ਵੀ ਮਾਨਵੀਕਰਨ ਕਰ ਦਿੰਦਾ ਹੈ।ਕਵਿਤਾ ਦਾ ਮੁਹੱਬਤੀ ਪਾਸਾਰ ਮੁਹੱਬਤ ਦੇ ਜਜ਼ਬਿਆਂ ਨੂੰ ਦੇਹ ਤੋਂ ਪਾਰ ਰੂਹਾਨੀ ਆਨੰਦ ਅਵਸਥਾ ਤੱਕ ਕਲਪਿਤ ਕਰਦਾ ਹੈ।ਉਸ ਦੀ ਮੁਹੱਬਤ ਖੁੱਲ੍ਹੇ ਆਸਮਾਨ ਦੀ ਤਲਾਸ਼ ਕਰਦੀ ਆਪਣੇ ਪਿਆਰ ਪ੍ਰਤੀ ਸ਼ਿੱਦਤ ਨਾਲ ਪੇਸ਼ ਆਉਂਦੀ ਹੈ। ਅਜਿਹੀ ਮੁਹੱਬਤ ਦੇ ਪੈਂਡੇ ਇੱਕ-ਦੂਜੇ ਪ੍ਰਤੀ ਵਫ਼ਾਦਾਰੀ ਦਾ ਸੰਕੇਤ ਬਣਦੇ ਇੱਕ ਦੂਜੇ ਪ੍ਰਤੀ ਇੱਕਮੁੱਕ ਹਨ।ਉਸ ਲਈ ਮੁਹੱਬਤੀ ਯਾਦਾਂ ਦੇ ਰਾਹ ਕਿਸੇ ਹੋਂਦ ਦਾ ਅਹਿਸਾਸ ਹਨ। 'ਮੈਂ ਇੱਕ ਅਮਲਤਾਸ', 'ਮੁਹੱਬਤ ਇੱਕ ਪਿੰਜਰਾ', 'ਚੱਲ ਪਤੰਗ ਬਣਾ ਉੱਡੀਏ', 'ਸਈਏ ਨੀ', 'ਦੱਸ', 'ਅੱਜ ਕੱਲ੍ਹ', 'ਸਭ ਦੇ ਹਿੱਸੇ ਨਹੀਂ', 'ਪੁਰਾਣੇ ਸ਼ਹਿਰ 'ਚੋਂ ਲੰਘਦਿਆਂ', 'ਪਾਰਕ ਵਿੱਚ ਦੋ ਪ੍ਰੇਮੀ', 'ਫ਼ਰਕ', 'ਨਹੀਂ ਕਰ ਸਕਿਆ', 'ਡਰ', 'ਵਿਹਲੇ ਵੇਲੇ ਦਾ ਗੀਤ', 'ਬਰਸਾਤ' ਆਦਿ ਕਵਿਤਾਵਾਂ ਵਿੱਚੋਂ ਪਿਆਰ ਦੀਆਂ ਕਈ ਸੇਡਜ਼ ਦਿਸਦੀਆਂ ਹਨ।ਨਾਰੀ ਕੇਂਦਰਤ ਪਾਸਾਰ ਵਿੱਚ ਨਾਰੀ ਦੀ ਚੁੱਪ ਨੂੰ ਤੋੜਨ ਦੀ ਗੱਲ ਕਰਦੀ ਕਵਿਤਾ 'ਬੋਲਣ ਦਿਉ ਉਸ ਨੂੰ' ਫੌਜੀ ਸਾਹਮਣੇ ਮੁੱਕਾ ਤਾਣ ਕੇ ਖੜ੍ਹੀ ਕੁੜੀ, ਪੇਕਿਆਂ ਦਾ ਸੂਟ, ਕੁੜੀਆਂ ਆਦਿ ਕਵਿਤਾਵਾਂ ਵਿੱਚ ਨਾਰੀ ਪੱਖੀ ਸੋਚ ਦਾ ਆਭਾਸ ਹੁੰਦਾ। ਬਚਪਨ, ਜਵਾਨੀ ਤੇ ਸੇਵਾਮੁਕਤ ਤੋਂ ਬਾਅਦ ਜੀਵਨ ਕਾਲ ਦੀਆਂ ਭਾਵਨਾਵਾਂ ਦਾ ਇਜ਼ਹਾਰ ਕਰਦਾ ਕਵੀ ਆਪਣੇ ਸੁਪਨੇ ਦੇ ਕਾਲਮੁਖੀ ਪੜਾਵਾਂ ਤੋਂ ਵੀ ਜਾਣੂ ਹੈ। ਜਿੱਥੇ 'ਉਦਾਸੀ ਦਾ ਤਾਂਡਵ', 'ਦੁੱਖ ਇੱਕ ਛਲੇਡਾ', 'ਕਿਤੇ ਨਹੀਂ ਕੋਈ ਥਾਂ', 'ਮਹਿਕ ਵਿਹੂਣੇ ਫੁੱਲ' ਕਵਿਤਾਵਾਂ ਕਵੀ ਦੇ ਆਪਣੇ ਬੀਤੇ ਤੇ ਅਜੋਕੇ ਪਲਾਂ ਦੀ ਅਭੀਵਿਅਕਤੀ ਹੈ, ਉੱਥੇ 'ਮਗਰੂ ਦਾ ਦਾਦਾ', 'ਜਿਉਂਤੀ' ਕੋਰੋਨਾ ਸਮੇਂ ਦੀ ਦਰਦਮਈ ਗਾਥਾ ਹੈ। 'ਬੂਟੇ' ਵਰਗੀ ਕਵਿਤਾ ਅਣਚਾਹੇ ਵਕਤ ਦਾ ਦੁਖਾਂਤ ਹੈ।'ਇੱਕ ਸਫ਼ਲ ਬੁੱਧੀਜੀਵੀ', 'ਕਾਮਯਾਬ ਆਦਮੀ' ਤਨਜ਼ਮਈ ਰੰਗਤ ਵਿੱਚ ਲਿਖੀਆਂ ਉਹ ਕਵਿਤਾਵਾਂ ਹਨ, ਜੋ ਮਨੁੱਖ ਦੇ ਕਾਰਜ ਦਾ ਅਰਥ ਸਿਰਜਦੀਆਂ ਹਨ। ਕਵੀ ਮਨੁੱਖੀ ਹੋਂਦ ਤੇ ਭਾਸ਼ਾ ਦੇ ਡਾਇਲੈਕਟ ਨੂੰ ਸਮਝਦਾ ਹੋਇਆ ਮਨੁੱਖੀ ਸੰਸਕ੍ਰਿਤੀ ਦੇ ਵਿਕਾਸ ਦਾ ਹਾਮੀ ਬਣਦਾ ਹੈ।ਇਸ ਸ਼ਾਇਰੀ ਨੇ ਕਵੀ ਅੰਦਰ ਦੱਬੀਆਂ ਅਧੂਰੀਆਂ ਕਵਿਤਾਵਾਂ ਨੂੰ ਪੂਰਾ ਕਰਨ ਲਈ ਹੋਰ ਨਵੇਂ ਰਾਹਾਂ 'ਤੇ ਅਸਵਾਰ ਹੋਣ ਦਾ ਰੂਪ ਅਖਤਿਆਰ ਕਰਨਾ ਹੈ।ਅਜਿਹੀ ਕਵਿਤਾ ਅੰਦਰ ਸੋਹਣਾ ਸਮਾਜ ਸਿਰਜਣ ਦਾ ਸੁਪਨਾ ਤਾਂ ਹੈ, ਪਰ ਉਸ ਸੁਪਨੇ ਨੂੰ ਸਾਕਾਰਤ ਕਰਨ ਲਈ ਜ਼ਰਖ਼ੇਜ਼ ਜ਼ਮੀਨ ਤਿਆਰ ਕਰਨ ਲਈ ਤਾਂਘਦੀ ਜ਼ਿੰਦਗੀ ਅਜੇ ਅਣਲਿਖਿਆ ਸਿਰਨਾਵਾਂ ਬਣੀ ਬੈਠੀ ਹੈ।ਕਵੀ ਦੀਆਂ ਇਨ੍ਹਾਂ ਅਧੂਰੀਆਂ ਕਵਿਤਾਵਾਂ ਵਿੱਚ ਉਸ ਦੇ ਅੰਤਰਮਨ ਦੀ ਅਵਸਥਾ ਬੋਲਦੀ ਹੈ।

ਇਸ ਕਵਿਤਾ ਦੀ ਖ਼ੂਬਸੂਰਤੀ ਇਸ ਵਿਚਲੇ ਵਿਚਾਰ ਪਿਛਲੀ ਸੋਚ, ਪੇਸ਼ਕਾਰੀ ਦੀ ਘਾੜਤ ਵਿੱਚ ਪਈ ਹੈ।ਕਵਿਤਾ ਦੀ ਬੁਣਤੀ ਵਿਚਲੇ ਸ਼ਬਦਾਂ ਦਾ ਵਹਾਅ, ਖਿਆਲਾਂ ਦੀ ਤਰਲਤਾ, ਸਰਲਤਾ, ਸੰਜਮਤਾ ਤੇ ਕਿਤੇ ਦਾਰਸ਼ਨਿਕਤਾ ਜੋ ਵਿਚਾਰਾਂ ਦੀ ਸੰਯੁਕਤ ਪੇਸ਼ਕਾਰੀ ਵਿੱਚ ਆਪਣਾ ਪ੍ਰਭਾਵ ਪਾਉਂਦੀ ਹੈ।ਕਵਿਤਾ ਵਿਚਲੀ ਕਿਤੇ-ਕਿਤੇ ਆਈ ਸਰਲਤਾ ਵਾਰਤਕ ਦਾ ਭੁਲੇਖਾ ਲੱਗਦੀ ਹੈ, ਪਰ ਭਾਵਾਂ ਦੀ ਰਿਦਮ ਕਿਤੇ ਵੀ ਕਾਵਿ ਵਸਤੂ ਨੂੰ ਖੰਡਿਤ ਨਹੀਂ ਹੋਣ ਦਿੰਦੀ। ਅਮਰਜੀਤ ਕੌਂਕੇ ਸਵੈ ਇੱਛਿਤ ਯਥਾਰਥ ਦੀ ਕਲਪਨਾ, ਤੁਰਦੇ ਜੀਵਨ ਵਿੱਚ ਰੋਸੇ, ਉਦਰੇਵੇਂ, ਗਿਲੇ, ਸ਼ਿਕਵੇ, ਮੇਲ-ਮਿਲਾਪ ਦਾ ਪ੍ਰਗਟਾਵਾ ਬਾਖ਼ੂਬੀ ਨਾਲ ਕਰਦਾ ਹੈ।ਸਮੇਂ ਦੇ ਆਰ-ਪਾਰ ਮਾਨਵੀ ਸੰਕਟ ਦੀਆਂ ਕਈ ਦਿਸ਼ਾਵਾਂ ਖੋਲ੍ਹਦੀ ਇਸ ਸ਼ਾਇਰੀ ਤੋਂ ਜੀਵਨ ਦੀਆਂ ਹੋਰ ਅਣਛੋਹੇ ਰਾਹਾਂ ਦੀ ਤਲਾਸ਼ ਕਰਨ ਦੀ ਉਮੀਦ ਜਾਗਦੀ ਹੈ। ਬੇਗਾਨਗੀ ਦੇ ਦੌਰ ਵਿੱਚ ਵਰਤਮਾਨੀ ਦਹਿਲੀਜ਼ 'ਤੇ ਖੜ੍ਹ ਸਮੇਂ ਦੇ ਉਤਰਾਅ- ਚੜ੍ਹਾਅ ਦੇ ਸਮਾਨੰਤਰ ਬੀਤੇ ਸਮੇਂ ਦੇ ਅਨੁਭਵ ਨੂੰ ਕਵਿਤਾ ਵਿੱਚ ਅਨੁਵਾਦ ਕਰਨਾ ਇਸ ਪੁਸਤਕ ਦਾ ਹਾਸਲ ਹੈ।

# ਮਿੰਨੀ ਕਹਾਣੀਆਂ

## ਖਤ ਲਈ ਸ਼ੁਕਰੀਆ

ਮੋਨਿਕਾ ਨੇ ਮਨਮੋਹਨ ਨੂੰ ਕਈ ਵਾਰ ਵਰਜਿਆ ਸੀ ਕਿ ਉਹ ਉਸ ਨੂੰ ਕੋਈ ਖਤ ਨਾ ਲਿਖੇ। ਉਹ ਹੁਣ ਸ਼ਾਦੀਸ਼ੁਦਾ ਹੈ। ਉਸ ਦਾ ਪਤੀ ਪਰਮਜੀਤ ਉਸ ਨੂੰ ਬਹੁਤ ਸਨਮਾਨ ਤੇ ਪਿਆਰ ਕਰਦਾ ਹੈ। ਜਿਹੜਾ ਮੁਹੱਬਤ ਦਾ ਰਿਸ਼ਤਾ ਸਾਡੇ ਵਿਚਕਾਰ ਸੀ, ਉਸ ਦਾ ਅਹਿਸਾਸ ਖਤਮ ਹੋ ਚੁੱਕਿਆ ਹੈ। ਕਿਉਂਕਿ ਇਸ ਦਾ ਭੋਗ ਤੇ ਅੰਤ ਖੁਦ ਤੁਸੀਂ ਹੀ ਕੀਤਾ ਸੀ। ਜੇ ਤੁਸੀਂ ਸੱਚਾ ਪਿਆਰ ਕਰਦੇ ਹੁੰਦੇ ਤਾਂ ਮੇਰੇ ਨਾਲ ਵਿਆਹ ਰਚਾ ਲੈਂਦੇ, ਪਰ ਤੁਸੀਂ ਮੇਰੇ ਵਿਸ਼ਵਾਸ ਦਾ ਕਤਲ ਕੀਤਾ ਸੀ। ਤੁਸੀਂ ਹਮੇਸ਼ਾ ਮੈਨੂੰ ਝੂਠਾ ਭਰੋਸਾ ਦਿੰਦੇ ਰਹੇ। ਜਨਮ-ਮਰਨ ਦੀਆਂ ਝੂਠੀਆਂ ਕਸਮਾਂ ਖਾਂਦੇ ਰਹੇ। ਤੁਸੀਂ ਇਹ ਕਹਿੰਦੇ ਰਹੇ ਕਿ ਮੈਂ ਜਾਤ-ਪਾਤ ਨੂੰ ਤਰਜੀਹ ਨਹੀਂ ਦਿੰਦਾ। ਮੈਂ ਸਮਾਜ ਦੇ ਰੀਤੀ-ਰਿਵਾਜਾਂ ਨੂੰ ਠੋਕਰ ਮਾਰ ਕੇ ਤੈਨੂੰ ਅਪਨਾ ਲਵਾਂਗਾ। ਕੀ ਹੋਇਆ ਜੇ ਤੂੰ ਅਨੁਸੂਚਿਤ ਜਾਤੀ ਨਾਲ ਸੰਬੰਧ ਰੱਖਦੀ ਹੈਂ। ਜਦੋਂ ਸਾਡਾ ਵਿਆਹ ਹੋ ਜਾਵੇਗਾ, ਤੇਰੀ ਜਾਤ ਵੀ ਬਦਲ ਜਾਵੇਗੀ ਤੇ ਤੂੰ ਮੋਨਿਕਾ ਸ਼ਰਮਾ ਬਣ ਜਾਵੇਂਗੀ।

ਤੇਰੇ ਲਈ ਸਾਰੇ ਕਾਲਜ ਵਿੱਚ ਇਹ ਚਰਚਾ ਸੀ ਕਿ ਇਹ ਚੰਨ-ਚਕੌਰ ਦੀ ਜੋੜੀ ਹੈ। ਹਰ ਵਿਦਿਆਰਥੀ ਦੀ ਜ਼ੁਬਾਨ 'ਤੇ ਸਾਡਾ ਨਾਂਅ ਅੰਕਿਤ ਸੀ। ਤੁਹਾਡੇ ਕੁਝ ਦੋਸਤ ਤਾਂ ਮੈਨੂੰ ਭਾਬੀ ਵੀ ਕਹਿਣ ਲੱਗ ਪਏ ਸਨ। ਮੈਨੂੰ ਕੀ ਪਤਾ ਸੀ ਕਿ ਮੇਰਾ ਪ੍ਰੇਮੀ ਕਿੰਨਾ ਦਿਲ ਦਾ ਕਮਜ਼ੋਰ ਇਨਸਾਨ ਸੀ। ਸੁੰਦਰਤਾ ਵਿੱਚ ਮੈਨੂੰ ਮਿਸ ਕਾਲਜ ਦਾ ਖਿਤਾਬ ਮਿਲਿਆ ਸੀ। ਉਸ ਦਿਨ ਤਾਂ ਤੁਸੀਂ ਕਿਹਾ ਸੀ ਕਿ ਤੂੰ ਮੈਨੂੰ ਵਿਸ਼ਵ ਸੁੰਦਰੀ ਲੱਗਦੀ ਏਂ। ਫੇਰ ਤੁਸੀਂ ਬ੍ਰਾਹਮਣਵਾਦ ਅੱਗੇ ਘੁਟਣੇ ਕਿਉਂ ਟੇਕ ਦਿੱਤੇ। ਮੇਰੇ ਪਿਆਰ ਦੀ ਖਿੱਲੀ ਕਿਉਂ ਉਡਾਈ। ਕਿਉਂ ਮੈਨੂੰ ਠੁਕਰਾਇਆ, ਜਦੋਂ ਤੁਸੀਂ ਕਹਿੰਦੇ ਰਹੇ ਕਿ ਅਸੀਂ ਇਸ ਸਮਾਜ ਤੋਂ ਦੂਰ ਜਾ ਕੇ ਘਰ ਵਸਾਵਾਂਗੇ।

— ਗੋਪਾਲ ਸ਼ਰਮਾ ਫਿਰੋਜ਼ਪੁਰੀ

## ਖਾਨਦਾਨੀ ਮੁੰਡਾ

ਬਾਹਰਲੇ ਰੰਗ-ਰੂਪ, ਚਾਲ-ਢਾਲ, ਕੱਦ-ਕਾਠ ਵਜੋਂ ਅੰਮ੍ਰਿਤਪਾਲ ਮੈਨੂੰ ਦੋ ਸਾਲ ਪਹਿਲਾਂ ਵਿਨੀਪੈੱਗ ਦੇ ਇੱਕ ਹੋਟਲ ਵਿੱਚ ਖਾਣਾ ਪਰੋਸ ਰਹੇ ਅਤੇ ਬਾਅਦ ਵਿੱਚ ਬਰਤਨ ਸਾਫ ਕਰ ਰਹੇ ਇੱਕ ਨੌਜਵਾਨ ਵਰਗਾ ਜਾਪਿਆ। ਫਰਕ ਸਿਰਫ ਏਨਾ ਸੀ ਕਿ ਅੰਮ੍ਰਿਤਪਾਲ ਨੇ ਜਚਾਅ ਕੇ ਪੱਗ ਬੰਨ੍ਹ ਰੱਖੀ ਸੀ, ਪ੍ਰੰਤੂ ਬੈਰ੍ਹੇ ਦੀ ਭੂਮਿਕਾ ਨਿਭਾਅ ਰਹੇ ਨੌਜਵਾਨ ਨੇ ਦਾੜ੍ਹੀ ਅਤੇ ਸਿਰ ਦੇ ਵਾਲ ਮੁੰਨਾਏ ਹੋਏ ਸਨ। ਦੋਹਾਂ ਦੀ 'ਕਹਾਣੀ' ਲੱਗਭੱਗ ਮਿਲਦੀ-ਜੁਲਦੀ ਸੀ। ਅੰਮ੍ਰਿਤਪਾਲ ਮਾਂ-ਬਾਪ ਦਾ 'ਕੱਲਾ-ਕਾਰਾ ਮੁੰਡਾ ਸੀ। ਜ਼ਮੀਨ-ਜਾਇਦਾਦ ਵੀ ਚੰਗੀ ਸੀ। ਬਾਰ੍ਹਵੀਂ ਨੱਬੇ ਪ੍ਰਤੀਸ਼ਤ ਅੰਕਾਂ ਨਾਲ 'ਨਾਨ-ਮੈਡੀਕਲ' ਵਿੱਚ ਕੀਤੀ ਹੋਈ। ਫਿਰ ਵੀ ਉਹ ਅਗਲੀ ਪੜ੍ਹਾਈ ਕਰਨ ਲਈ ਰੀਜਾਈਨਾ ਆ ਪਹੁੰਚਿਆ।

ਮੈਂ ਸੁਭਾਵਕ ਤੌਰ 'ਤੇ ਇਸ ਦਾ ਕਾਰਨ ਪੁੱਛ ਲਿਆ।

'ਅੰਕਲ ਜੀ, ਨਸ਼ਿਆਂ ਤੋਂ ਬਚਣ ਖਾਤਰ!' ਮੈਂ ਅਜੇ ਦਾਦ ਵੀ ਨਹੀਂ ਸੀ ਦਿੱਤੀ ਕਿ ਮੁੰਡੇ ਨੇ ਅੱਗੇ ਕਿਹਾ, 'ਹੁਣ ਤਾਂ ਜੀ, ਪੰਜਾਬ ਦੇ ਨੌਜਵਾਨਾਂ ਨੂੰ ਜ਼ਬਰਦਸਤੀ ਨਸ਼ਿਆਂ 'ਤੇ ਲਾਉਣ ਲੱਗ ਪਏ ਐ।'

ਉਸ ਨੇ ਲੱਗਦੇ ਹੱਥ ਇਹ ਜ਼ਿਕਰ ਵੀ ਕਰ ਦਿੱਤਾ, 'ਕਾਲਜ ਤਾਂ ਕੀ?... ਹੁਣ ਤਾਂ ਸਕੂਲਾਂ ਵਿੱਚ ਵੀ।'

ਵੈਸੇ ਅੱਜ ਅੰਮ੍ਰਿਤਪਾਲ ਬਹੁਤ ਹੀ ਮੌਕੇ 'ਤੇ ਆ ਪਹੁੰਚਿਆ ਸੀ। ਆਪਣੀ ਰਿਹਾਇਸ਼ ਦੇ ਪਿੱਛੇ 'ਯਾਰਡ' ਵਿੱਚ ਅਸੀਂ ਘਾਹ ਲੁਆਉਣ ਅਤੇ ਹੋਰ ਸੈਟਿੰਗ ਕਰਨ ਦੀ ਮੁਹਿੰਮ ਚਲਾ ਰੱਖੀ ਸੀ। ਤਕੜੇ ਜੁੱਸੇ ਵਾਲੇ, ਪੈਂਹਠ-ਸੱਤਰ ਸਾਲ ਦੇ ਪੰਜਾਬੀ ਮਿਸਤਰੀ ਨੇ ਸਾਡੇ ਪਰਵਾਰਕ ਮੈਂਬਰਾਂ ਦੇ ਇਲਾਵਾ ਇੱਕ ਹੋਰ ਬੰਦਾ ਲਿਆਉਣ 'ਤੇ ਜ਼ੋਰ ਪਾ ਰੱਖਿਆ ਸੀ ਕਿ ਐਨ ਮੌਕੇ 'ਤੇ ਅੰਮ੍ਰਿਤਪਾਲ ਹਾਜ਼ਰ ਹੋ ਗਿਆ।

ਸਾਨੂੰ ਅੰਮ੍ਰਿਤਪਾਲ ਦੀ ਲੋੜ ਸੀ ਅਤੇ ਅੰਮ੍ਰਿਤਪਾਲ ਨੂੰ ਸਾਡੀ।

ਬੇਟੇ ਨੇ ਬਾਰਾਂ ਡਾਲਰ ਘੰਟੇ ਦੇ ਕਹਿ ਦਿੱਤੇ। ਉਸ ਨੇ ਕੋਈ 'ਨਾਂਹ-ਨੁੱਕਰ' ਨਾ ਕੀਤੀ। ਉਹ ਤਾਂ ਸ਼ਾਇਦ ਦਸ ਡਾਲਰਾਂ 'ਤੇ ਵੀ ਮੰਨ ਜਾਂਦਾ।

ਛੇ ਮਹੀਨੇ ਕੈਨੇਡਾ ਆਏ ਨੂੰ ਹੋ ਗਏ ਸਨ, ਪਰ ਅੰਮ੍ਰਿਤਪਾਲ ਨੂੰ ਕੋਈ ਢੰਗ ਸਿਰ ਦਾ ਕੰਮ ਆਦਿ ਮਿਲਿਆ ਨਹੀਂ ਸੀ। 'ਬੇਸਮੈਂਟ' ਦੇ ਕਿਰਾਏ ਦੇ ਆਪਣੇ ਹਿੱਸੇ ਦੇ ਤਿੰਨ ਸੌ ਡਾਲਰ ਦੇਣੇ ਉਸ ਲਈ ਔਖੇ ਹੋਏ ਪਏ ਸਨ।

ਆਖਿਰ ਪਿੱਛੋਂ ਕਿੰਨੇ ਕੁ ਵਾਰੀ ਪੈਸੇ ਮੰਗਵਾਉਂਦਾ?

...ਅੱਜ ਦਿਹਾੜੀ 'ਤੇ ਲੱਗ ਜਾਣ ਕਾਰਨ ਉਹ ਪੂਰੇ ਹੌਸਲੇ ਵਿੱਚ ਸੀ। ਇਸੇ ਲਈ ਕੰਮ ਵੀ ਭੱਜ-ਭੱਜ ਕੇ ਕਰ ਰਿਹਾ ਸੀ। ਮਿੱਟੀ ਢੋਣ ਤੋਂ ਵਿਹਲਾ ਹੋ ਕੇ ਇਸ ਨੂੰ ਪੱਧਰਾ ਕਰਨ ਲੱਗਦਾ। ਘਾਹ ਦੇ ਗੱਦੇ ਲਿਤੜਨ ਲੱਗ ਪੈਂਦਾ। ਅੱਠ ਘੰਟੇ ਉਸ ਨੇ ਮੁਸ਼ੱਕਤ ਕੀਤੀ। ਇੱਕ ਮਿੰਟ ਵੀ ਆਰਾਮ ਨਾ ਕੀਤਾ। ਅਨਪੜ੍ਹ ਮਿਸਤਰੀ ਦੀਆਂ ਝਿੜਕਾਂ ਅੱਡ ਸਹਿਣ ਕੀਤੀਆਂ। ਮਿੱਟੀ ਨਾਲ ਮਿੱਟੀ ਹੁੰਦਾ ਰਿਹਾ ਅੰਮ੍ਰਿਤਪਾਲ ਸ਼ਾਮ ਤੱਕ ਰੰਗੋਂ ਬੇਰੰਗ ਹੋ ਗਿਆ।

ਮੈਨੂੰ ਉਸ 'ਤੇ ਤਰਸ ਆ ਰਿਹਾ ਸੀ। ਪਤਾ ਨਹੀਂ ਸਵੇਰ ਵੇਲੇ ਕੁਝ ਖਾ ਕੇ ਵੀ ਆਇਆ ਵੀ ਜਾਂ ਨਹੀਂ। ਇੱਥੇ ਤਾਂ ਉਸ ਨੇ ਚਾਹ ਦੇ ਨਾਲ ਦੋ ਬਿਸਕੁੱਟ ਤੱਕ ਵੀ ਨਾ ਖਾਧੇ। ਅੰਮ੍ਰਿਤਪਾਲ ਮੈਨੂੰ ਹਰ ਪੱਖੋਂ ਖਾਨਦਾਨੀ ਮੁੰਡਾ ਜਾਪਿਆ।

ਮੇਰੇ ਜ਼ਿਹਨ ਵਿੱਚ ਇਹ ਗੱਲ ਵੀ ਉੱਭਰ ਕੇ ਸਾਹਮਣੇ ਆਈ ਕਿ ਉਹ ਵਿਨੀਪੈੱਗ ਦੇ ਇੱਕ ਹੋਟਲ ਵਿੱਚ ਭਾਂਡੇ ਧੋਣ ਵਾਲਾ ਨੌਜਵਾਨ ਵੀ ਜ਼ਰੂਰ ਹੀ ਖਾਨਦਾਨੀ ਹੋਵੇਗਾ।

- ਬਿਕਰਮਜੀਤ ਨੂਰ

## ਸਫ਼ਾ 2 ਦੀ ਬਾਕੀ — ਭਾਰਤ ਨੂੰ ਪੁਲਸ ਤਸੀਹਿਆਂ...

ਦੁਹਰਾਈ ਸੀ, ਪਰ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ।

ਸੰਸਦ ਵਿਚ ਪੇਸ਼ ਕੀਤਾ ਗਿਆ 'ਪ੍ਰੀਵੈਂਸ਼ਨ ਆਫ਼ ਟਾਰਚਰ ਬਿੱਲ 2017' ਵੀ ਕਾਨੂੰਨ ਨਹੀਂ ਬਣ ਸਕਿਆ। 2019 ਵਿਚ ਜਦੋਂ ਸਾਬਕਾ ਕੇਂਦਰੀ ਕਾਨੂੰਨ ਮੰਤਰੀ ਅਸ਼ਵਨੀ ਕੁਮਾਰ ਸਿੰਘ ਨੇ ਇਸ ਮਾਮਲੇ ਵਿਚ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਤਾਂ ਅਦਾਲਤ ਨੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਤੋਂ ਜਵਾਬ ਮੰਗਿਆ, ਪਰ ਕੋਈ ਨਤੀਜਾ ਨਹੀਂ ਨਿਕਲਿਆ। ਸੁਪਰੀਮ ਕੋਰਟ ਨੇ ਅੰਤ ਵਿਚ ਇਹ ਕਹਿੰਦੇ ਹੋਏ ਪਟੀਸ਼ਨ ਖਾਰਜ ਕਰ ਦਿੱਤੀ ਕਿ 'ਇਹ ਪੁਲਸ ਦਾ ਫ਼ੈਸਲਾ ਹੈ', ਜੋ ਇਕ ਸੰਵਿਧਾਨਕ ਅਦਾਲਤ ਲਈ ਉਚਿੱਤ ਨਹੀਂ ਹੈ, ਜੋ ਇਸ ਲੋਕਤੰਤਰ ਵਿਚ ਰਾਜ ਦੇ ਜ਼ੁਲਮਾਂ ਦੇ ਖਿਲਾਫ਼ ਇੱਕੋ-ਇਕ ਸੁਰੱਖਿਆ ਕਵਚ ਹੋਣੀ ਚਾਹੀਦੀ ਹੈ।

ਦੂਜੇ ਪਾਸੇ, ਸੁਪਰੀਮ ਕੋਰਟ ਨੇ ਡੀ.ਕੇ. ਬਸੂ ਬਨਾਮ ਪੱਛਮੀ ਬੰਗਾਲ ਰਾਜ (1996) ਦੇ ਮਾਮਲੇ ਵਿਚ ਕਿਹਾ ਸੀ ਕਿ 'ਹਿਰਾਸਤ ਵਿਚ ਤਸੀਹੇ ਮਨੁੱਖੀ ਮਾਣ-ਸਨਮਾਨ ਦਾ ਨੰਗਾ-ਚਿੱਟਾ ਘਾਣ ਹੈ, ਜੋ ਵਿਅਕਤੀਤਵ ਨੂੰ ਬਹੁਤ ਹੱਦ ਤੱਕ ਨਸ਼ਟ ਕਰ ਦਿੰਦੇ ਹਨ। ਇਹ ਮਨੁੱਖੀ ਮਾਣ-ਸਨਮਾਨ 'ਤੇ ਇਕ ਸੋਚਿਆ-ਸਮਝਿਆ ਹਮਲਾ ਹੈ।'

ਅੱਗੇ ਦਾ ਰਾਹ

ਓ ਐੱਮ ਸੀ ਟੀ ਦੇ ਸਕੱਤਰ ਜਨਰਲ ਜੇਰਾਲਡ ਸਟੈਬਰੋਕ ਨੇ ਕਿਹਾ, 'ਗਲੋਬਲ ਟਾਰਚਰ ਇੰਡੈਕਸ' ਉਸ ਸਮੇਂ 'ਚ ਕਾਨੂੰਨ ਦੇ ਰਾਜ ਦੀ ਮਜ਼ਬੂਤੀ ਦਾ ਪੈਮਾਨਾ ਹੈ, ਜਦੋਂ ਤਾਨਾਸ਼ਾਹੀ, ਧਰੁਵੀਕਰਨ ਅਤੇ ਨਾਬਰਾਬਰੀ ਵਧ ਰਹੀ ਹੈ। ਇਹ ਦੇਖਦਾ ਹੈ ਕਿ ਸਾਡਾ ਸਮਾਜ ਕਿੰਨਾ ਨਿਰਪੱਖ, ਸਿਹਤਮੰਦ ਅਤੇ ਸੁਰੱਖਿਅਤ ਹੈ।' ਇੰਡੈਕਸ ਵਿਚ ਸੱਤ ਪ੍ਰਮੁੱਖ ਸਿਫ਼ਾਰਸ਼ਾਂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਸੀ ਏ ਟੀ ਨੂੰ ਮਨਜ਼ੂਰੀ, ਮਨੁੱਖੀ ਅਧਿਕਾਰਾਂ ਦੇ ਪਹਿਰੇਦਾਰਾਂ ਦੇ ਖਿਲਾਫ਼ ਦਹਿਸ਼ਤਵਾਦ ਵਿਰੋਧੀ ਕਾਨੂੰਨਾਂ ਦੀ ਦੁਰਵਰਤੋਂ ਰੋਕਣਾ, ਜਨਤਾ ਨਾਲ ਨਜਿੱਠਣ ਵਿਚ ਤਾਕਤ ਦੀ ਵਰਤੋਂ ਬਾਰੇ ਸੰਯੁਕਤ ਰਾਸ਼ਟਰ ਦੇ ਮੂਲ ਸਿਧਾਂਤਾਂ ਦੀ ਪਾਲਣਾ, ਪੁਲਸ ਅਤੇ ਨਿਆਂਇਕ ਹਿਰਾਸਤ ਵਿਚ ਮੌਤਾਂ ਦੀ ਡੂੰਘੀ ਜਾਂਚ ਅਤੇ ਜੀ ਏ ਐੱਨ ਐੱਚ ਆਰ ਆਈ ਦੀਆਂ ਸਿਫ਼ਾਰਸ਼ਾਂ ਨੂੰ ਸ਼ਾਮਲ ਕਰਦੇ ਹੋਏ ਮਨੁੱਖੀ ਅਧਿਕਾਰ ਸੁਰੱਖਿਆ ਐਕਟ 2019 ਵਿਚ ਸੋਧ ਕਰਨਾ ਸ਼ਾਮਲ ਹਨ। ਜੇਕਰ ਸਰਕਾਰ ਇਨ੍ਹਾਂ ਸੁਝਾਵਾਂ 'ਤੇ ਅਮਲ ਕਰੇ ਤਾਂ ਅਸੀਂ ਸਾਰੇ ਇਸ ਅਣਐਲਾਨੀ ਐਮਰਜੈਂਸੀ ਤੋਂ ਮੁਕਤ ਹੋ ਸਕਦੇ ਹਾਂ।

## ਆਖਰੀ ਸਫ਼ਾ ਦੀ ਬਾਕੀ — ਡਾਇਨਾਮਾਈਟ ਦੇ ਕਾਢਕਾਰ ਤੇ ਨੋਬੇਲ ਪੁਰਸਕਾਰ ਦੇ ਬਾਨੀ ...

ਐਲਫ਼ਰੈਂਡ ਨੇ ਅਪਾਰ ਧਨ ਕਮਾਇਆ। ਉਸ ਨੇ 27 ਨਵੰਬਰ, 1895 ਨੂੰ ਆਪਣੇ ਹੱਥੀਂ, ਬਿਨਾਂ ਕਿਸੇ ਵਕੀਲ਼ ਦੀ ਮਦਦ ਦੇ ਵਸੀਅਤ ਤਿਆਰ ਕੀਤੀ ਅਤੇ ਪਹਿਲੀ ਦਸੰਬਰ ਨੂੰ ਪੈਰਿਸ ਦੀ ਸਵੀਡਿਸ਼ ਕਲੱਬ ਵਿੱਚ ਚਾਰ ਗੁਆਹਾਂ ਦੇ ਹਸਤਾਖਰਾਂ ਨਾਲ਼ ਇਸ ਨੂੰ ਅੰਤਿਮ ਰੂਪ ਦਿੱਤਾ। ਨਾਲ਼ ਹੀ ਉਸ ਨੇ ਅਜਿਹੇ ਸਾਰੇ ਪਿਛਲੇਰੇ ਪ੍ਰਗਟਾਵੇਂ ਰੱਦ ਕਰ ਦਿੱਤੇ। ਇਸ ਤੋਂ ਪਹਿਲਾਂ 14 ਮਾਰਚ, 1893 ਨੂੰ ਕੀਤੀ ਵਸੀਅਤ ਵਿੱਚ ਉਸ ਨੇ ਹਰ ਪ੍ਰਕਾਰ ਦੇ ਇਨਾਮਾਂ ਦਾ ਫ਼ੈਸਲਾ ਕਰਨ ਦੇ ਅਧਿਕਾਰ ਰਾਇਲ ਸਵੀਡਿਸ਼ ਵਿਗਿਆਨ ਅਕਾਡਮੀ ਨੂੰ ਦੇ ਦਿੱਤੇ ਸਨ। ਦੋਹਾਂ ਵਸੀਅਤਾਂ ਦਾ ਮੂਲ-ਮੁੱਦਾ ਉਸ ਦੀ ਜਾਇਦਾਦ ਨੂੰ ਮੁੱਖ ਰੂਪ ਵਿੱਚ ਵਿਗਿਆਨਕ ਖੋਜਾਂ ਦੇ ਵਾਧੇ, ਗਿਆਨ ਅਤੇ ਮੋਢੀਆਂ ਵਾਲੇ ਕੰਮ ਲਈ ਵਰਤਣਾ ਹੀ ਸੀ। ਵਿਆਪੀ ਭਲਾਈ ਕਾਰਜਾਂ ਵਿੱਚ ਵਰਤੇ ਜਾਣ ਲਈ ਨੋਬਲ ਦੀ ਵਸੀਅਤ ਅਸੀਂ ਏਥੇ ਅੰਕਿਤ ਕਰਦੇ ਹਾਂ: ਮੇਰੀ ਸਾਰੀ ਮਨੁੱਖੀ ਉਨਤੀ ਦੇ ਅਪਾਰ ਦੌਲਤ ਦੀਆਂ ਭਾਵਨਾਵਾਂ ਵਿਸ਼ਾਲ ਘੇਰੇ ਵਿੱਚ ਮਾਨਵਤਾ ਦੇ ਵਿਸ਼ਵ ਤੋਂ ਜਾਣੂੰ ਕਰਾਉਣ।

**ਉਗਰਾਹੇ ਜਾਣ ਜੋਗੀ ਬਾਕੀ ਸੰਪਤੀ ਹੇਠ ਲਿਖੇ ਢੰਗ ਨਾਲ਼ ਵਰਤੀ ਜਾਵੇਗੀ :**

ਸਾਰੀ ਰਾਸ਼ੀ ਮੇਰੇ ਕਾਰਜਕਾਰੀ ਸੁਰੱਖਿਅਤ ਸਕਿਓਰਟੀਆਂ (ਜ਼ਮਾਨਤ-ਨਾਮਿਆਂ) ਵਿੱਚ ਲਗਾ ਕੇ ਇੱਕ ਫ਼ੰਡ ਦਾ ਨਿਰਮਾਣ ਕਰਨਗੇ, ਜਿਸ ਤੋਂ ਮਿਲਣ ਵਾਲੇ ਵਿਆਜ ਨਾਲ ਹਰ ਸਾਲ ਪਿਛਲੇਰੇ ਸਾਲ ਵਿੱਚ ਮਨੁੱਖਤਾ ਦਾ ਸਰਵੋਤਮ ਭਲਾ ਕਰਨ ਵਾਲਿਆਂ ਨੂੰ ਵੰਡਣਗੇ। ਕਥਿਤ ਵਿਆਜ ਨੂੰ ਪੰਜ ਬਰਾਬਰ ਭਾਗਾਂ ਵਿੱਚ ਵੰਡਿਆ ਜਾਵੇਗਾ, ਜਿਸ ਨੂੰ ਨਿਮਨ ਢੰਗ ਨਾਲ ਤਕਸੀਮ ਕੀਤਾ ਜਾਵੇਗਾ : ਇੱਕ ਭਾਗ ਉਸ ਵਿਅਕਤੀ ਨੂੰ ਦਿੱਤਾ ਜਾਵੇਗਾ, ਜਿਸ ਨੇ ਭੌਤਿਕ-ਵਿਗਿਆਨ ਦੇ ਖੇਤਰ ਵਿੱਚ ਸਭ ਤੋਂ ਵੱਡੀ ਖੋਜ ਕੱਢੀ ਹੋਵੇਗੀ। ਇੱਕ ਭਾਗ ਰਸਾਇਣਕ-ਖੋਜ ਜਾਂ ਸੁਧਾਰ ਵਾਲੇ ਨੂੰ, ਇੱਕ ਭਾਗ : ਸਰੀਰ-ਵਿਗਿਆਨ ਜਾਂ ਦਵਾਈ-ਸਾਜ਼ੀ ਦੇ ਖੇਤਰ ਵਿਚ ਸਰਵੋਤਮ ਕਾਢ ਵਾਲੇ ਨੂੰ, ਇੱਕ ਭਾਗ ਅਜਿਹੇ ਸਰਵੋਤਮ ਸਾਹਿਤਕਾਰ ਨੂੰ, ਜਿਸ ਦੀ ਰਚਨਾ ਆਦਰਸ਼ਕ ਰੁਚੀ ਵਾਲੀ ਬਹੁਤ ਹੀ ਵਧੀਆ ਹੋਵੇ, ਲਈ ਹੋਵੇਗਾ; ਅਤੇ ਇੱਕ ਹਿੱਸਾ ਉਸ ਵਿਅਕਤੀ ਨੂੰ ਦਿੱਤਾ ਜਾਵੇਗਾ, ਜਿਸ ਨੇ ਕੌਮਾਂ ਵਿੱਚ ਭਰੱਪਣ ਵਧਾਉਣ ਲਈ ਫ਼ੌਜਾਂ ਦੀ ਗਿਣਤੀ ਘਟਾਉਣ ਜਾਂ ਫ਼ੌਜਾਂ ਤੋੜਨ ਅਤੇ 'ਅਮਨ ਕਾਨਫ਼ਰੰਸਾਂ' ਰੱਖਣ ਲਈ ਉੱਤਮ ਤੇ ਵਧੀਆ ਕਾਰਜ ਕੀਤਾ ਹੋਵੇਗਾ। ਭੌਤਿਕ ਵਿਗਿਆਨ ਤੇ ਰਸਾਇਣਕ-ਵਿਗਿਆਨ ਦੇ ਇਨਾਮ ਸਵੀਡਿਸ਼ ਵਿਗਿਆਨ ਅਕਾਡਮੀ ਦੇਵੇਗੀ, ਜਦਕਿ ਸਰੀਰ-ਵਿਗਿਆਨ ਅਤੇ ਡਾਕਟਰੀ-ਕਾਰਜਾਂ ਲਈ ਸਟਾਕਹਾਮ ਦੀ ਕੈਰੋਲੀਨ ਇੰਸਟੀਚਿਊਟ ਦਿਆ ਕਰੇਗੀ। ਸਾਹਿਤ ਦਾ ਪੁਰਸਕਾਰ ਸਟਾਕਹਾਮ ਵਿੱਚ ਸਵੀਡਿਸ਼ ਅਕਾਡਮੀ ਪ੍ਰਦਾਨ ਕਰੇਗੀ ਅਤੇ ਸ਼ਾਂਤੀ ਦੇ ਘੁਲਾਟੀਆਂ ਦਾ ਫ਼ੈਸਲਾ ਨਾਰਵੇਜੀਅਨ ਸਟਾਰਟਿੰਗ ਵੱਲੋਂ ਚੁਣੇ ਹੋਏ 5 ਪੁਰਸ਼ਾਂ ਦੀ ਕਮੇਟੀ ਕਰੇਗੀ। ਮੇਰੀ ਤੀਬਰ ਇੱਛਾ ਹੈ ਕਿ ਇਨਾਮ ਦੇਣ ਵਿਚ ਉਮੀਦਵਾਰ ਦੀ ਕੌਮੀਅਤ ਦਾ ਕੋਈ ਲਿਹਾਜ਼ ਨਾ ਰੱਖਿਆ ਜਾਏ, ਤਾਂ ਜੋ ਸਭ ਤੋਂ ਯੋਗ ਵਿਅਕਤੀ ਹੀ ਇਨਾਮ ਪ੍ਰਾਪਤ ਕਰ ਸਕੇ, ਚਾਹੇ ਉਹ ਸਕੈਂਡਨੇਵੀਅਨ ਹੋਵੇ ਜਾਂ ਨਾ।'ਐਲਫ਼ਰੈਂਡ ਬਰਨਹਾਰਡ ਨੋਬੇਲ ਪੈਰਿਸ, ਨਵੰਬਰ 27, 1895 ਦਸ ਦਸੰਬਰ, 1896 ਨੂੰ ਨੋਬੇਲ ਅਲਫ਼ਰੈਂਡ ਸਾਨ ਰੇਮੋ ਵਿਖੇ ਚਲਾਣਾ ਕਰ ਗਿਆ। ਗਿਆਰਾਂ ਦਸੰਬਰ ਨੂੰ ਉਸ ਦੇ ਦੋ ਭਤੀਜੇ ਜਲਮਾਰ ਨੰਬੈਲ ਅਤੇ ਅਮੈਨੂਅਲ ਉਥੇ ਪੁੱਜ ਗਏ। ਸਭ ਤੋਂ ਨਜ਼ਦੀਕੀ ਵੱਡਾ ਸੰਬੰਧੀ ਹੋਣ ਕਰਕੇ, ਅਮੈਨੂਅਲ ਨੰਬੈਲ ਨੇ ਅਲਫ਼ਰੈਂਡ ਦੇ ਕਿਰਿਆ-ਕਰਮ ਦੇ ਪ੍ਰਬੰਧਾਂ ਨੂੰ ਸੰਭਾਲਿਆ। ਅਲਫ਼ਰੈਂਡ ਦੀ ਇੱਛਾ ਅਨੁਸਾਰ। ਪ੍ਰਕਾਸ਼ਤ ਕਰ। ਨੋਬੇਲ ਦੇ ਵੰਡਣ ਦੀਆਂ 24 ਮਾਰਚ, ਆਪੋ ਆਪਣੀ ਪੈਰਿਸ ਵਿਖੇ ਸਵੀਡਿਸ਼ ਚਰਚ ਦੇ ਪਰੀਸਟ ਨਾਥਨ ਸੈਂਡਲ ਗੋਲਮ ਨੂੰ ਪੈਰਿਸ ਤੋਂ ਸਾਨਰੇਮੋਂ ਬੁਲਾਇਆ ਗਿਆ। ਆਨਰੇਮ ਫ਼ਰਾਂਸੀਸੀ ਸਰਹੱਦ ਦੇ ਪਾਰ ਰੋਮ-ਸਾਗਰੀ ਤੱਟ ਉਤੇ ਇਟਾਲੀਅਨ ਰਵੀਰਾ ਵਿੱਚ ਸਥਿਤ ਹੈ। ਉਸ ਨੇ 17 ਦਸੰਬਰ ਨੂੰ ਅਲਫ਼ਰੈਂਡ ਨੋਬੇਲ ਦੀ ਅਰਥੀ ਉਤੇ ਸ਼ਾਨਦਾਰ ਯਾਦਗਾਰੀ ਅਲਵਿਦਾਈ ਅਰਦਾਸੀ-ਭਾਸ਼ਨ ਦਿੱਤਾ। ਐਂਡਰਸ ਓਸਟਰਲਿੰਗ ਨੂੰ ਵਸੀਅਤ ਦਾ ਕਾਰਜਕਾਰੀ ਨਿਯੁਕਤ ਕੀਤਾ ਗਿਆ ਸੀ। ਅਲਫ਼ਰੈਂਡ ਨੋਬੇਲ ਨੇ ਇਹ ਨਿਯੁਕਤੀ ਉਸ ਵਿੱਚ ਆਪਣੇ ਅਟੁੱਟ ਭਰੋਸੇ ਕਾਰਨ ਕੀਤੀ ਸੀ। ਜਨਵਰੀ, 1897 ਨੂੰ ਸਟਾਕਹਾਮ ਦੇ ਅਖ਼ਬਾਰ ਨੇ ਨੋਬੇਲ ਦੀ ਵਸੀਅਤ ਦਿੱਤੀ। ਅਨੇਕਾਂ ਪਾਸਿਆਂ ਤੋਂ ਇਸ ਵਸੀਅਤ ਵਿਰੁੱਧ ਵਾਵੇਲਾ ਉੱਠ ਖੜੋਤਾ। ਸਕੇ-ਸੰਬੰਧੀਆਂ ਨੇ ਕਾਨੂੰਨੀ-ਚਾਰਾਜੋਈ ਰਾਹੀਂ ਨੋਬੇਲ ਦੀ ਜਾਇਦਾਦ ਨੂੰ ਗੱਲਾਂ ਛੋਹ ਦਿੱਤੀਆਂ। ਕਾਰਜਕਾਰੀਆਂ ਨੇ ਸਾਰੇ ਬਖੇੜੇ ਨੂੰ ਮੁੱਖ ਰੱਖਦਿਆਂ 1897 ਨੂੰ ਨੋਬੇਲ ਵੱਲੋਂ ਨਿਯੁਕਤ ਸੰਸਥਾਵਾਂ ਨੂੰ ਪੱਤਰ ਲਿਖ ਕੇ ਜ਼ਿੰਮੇਵਾਰੀ ਸੰਭਾਲਣ ਦੀ ਬੇਨਤੀ ਕੀਤੀ ਅਤੇ ਵਸੀਅਤ ਦੀ ਇੱਕ ਨਕਲ ਸ਼ਾਹ ਸਵੀਡਨ ਦੀ ਹਜ਼ੂਰੀ ਵਿੱਚ ਪੇਸ਼ ਕੀਤੀ ਗਈ। ਸਵੀਡਿਸ਼ ਬਾਦਸ਼ਾਹ ਨੇ ਕਾਨੂੰਨੀ ਚਾਰਾਜੋਈ ਕੀਤੀ, ਜਿਸ ਨੂੰ ਫ਼ਰਾਂਸੀਸੀ ਅਦਾਲਤ ਨੇ ਰੱਦ ਕਰ ਦਿੱਤਾ। ਉਨ੍ਹਾਂ ਨੇ ਸਟਾਕਹਾਮ ਅਤੇ ਬੋਫ਼ਰਜ਼ ਵਿੱਚ ਵੀ ਮੁਕੱਦਮੇ ਦਰਜ ਕੀਤੇ। ਵਸੀਅਤ ਨੂੰ ਦਰੁੱਸਤ ਸਾਬਤ ਕਰਨ ਲਈ ਜ਼ਰੂਰੀ ਸੀ ਕਿ ਇਨਾਮਕਾਰੀ ਸੰਸਥਾਵਾਂ ਇਨ੍ਹਾਂ ਪੇਸ਼ਕਸ਼ਾਂ ਨੂੰ ਪੇਸ਼ਗੀ ਸਵੀਕਾਰ ਕਰਨ, ਨਹੀਂ ਤਾਂ ਵਸੀਅਤ ਰੱਦ ਹੋ ਜਾਵੇਗੀ। ਅਖ਼ੀਰ ਦੋਹਾਂ ਧਿਰਾਂ ਵਿੱਚ ਸਮਝੌਤਾ ਹੋ ਗਿਆ। ਵਿਦੇਸ਼ੀ ਵਕੀਲਾਂ ਦੀ ਇੱਕ ਕਾਨਫ਼ਰੰਸ ਬੁਲਾਈ ਗਈ, ਜਿਸ ਨੇ ਕਾਨੂੰਨੀ ਅੜਚਨਾਂ ਦਾ ਸਮਾਧਾਨ ਕਰ ਦਿੱਤਾ। 30 ਅਕਤੂਬਰ, 1897 ਨੂੰ ਬੋਫ਼ਰਜ਼ ਵਿਖੇ ਅਦਾਲਤ ਵਿੱਚ ਦੋਨੋਂ ਧਿਰਾਂ ਪੇਸ਼ ਹੋਈਆਂ। ਅਖ਼ੀਰ ਨੋਬੇਲ ਦੀ ਸਾਰੀ ਜਾਇਦਾਦ ਜੋ ਨੌਂ ਮੁਲਕਾਂ ਸਵੀਡਨ, ਨਾਰਵੇ, ਜਰਮਨੀ, ਆਸਟਰੀਆ, ਫ਼ਰਾਂਸ, ਸਟਾਕਲੈਂਡ, ਇਟਲੀ ਅਤੇ ਰੂਸ ਵਿੱਚ ਫੈਲੀ ਹੋਈ ਸੀ ਅਤੇ ਜਿਸ ਦਾ ਦੇਣਦਾਰੀਆਂ ਕੱਢ ਕੇ ਕੁਲ ਜੋੜ 3 ਕਰੋੜ 15 ਲੱਖ 87 ਹਜ਼ਾਰ 202.28 (31587202.28) ਕਰਨਰ ਸੀ।ਇਸ ਵਿੱਚ ਅੱਧਿਓਂ ਵੱਧ ਰਕਮ ਅਜਿਹੀ ਸੀ, ਜਿਸ ਉਤੇ ਕੋਈ ਵਿਦੇਸ਼ੀ ਮ੍ਰਿਤ-ਕਰ ਨਹੀਂ ਦੇਣਾ ਸੀ। ਗਿਆਰਾਂ ਫ਼ਰਵਰੀ, 1898 ਨੂੰ ਨੋਬੇਲ ਦੇ ਰੂਸ ਵਿੱਚ ਰਹਿੰਦੇ ਰਿਸ਼ਤੇਦਾਰਾਂ ਨੂੰ ਬੁਲਾਇਆ ਗਿਆ, ਕਿਉਂਕਿ ਇਸ ਦਿਨ ਨੋਬਲ ਫ਼ਾਊਂਡੇਸ਼ਨ ਦੀ ਸਥਾਪਨਾ ਦਾ ਫ਼ੈਸਲਾ ਹੋਣਾ ਸੀ। ਕੇਵਲ 10 ਦਿਨ ਪਹਿਲਾਂ ਸਵੀਡਨ ਵਿੱਚ ਰਹਿੰਦੇ ਰਿਸ਼ਤੇਦਾਰਾਂ ਨੇ ਵਸੀਅਤ ਦੇ ਖ਼ਿਲਾਫ ਕਾਨੂੰਨੀ ਕਾਰਵਾਈ ਕਰਨ ਦਾ ਫ਼ੈਸਲਾ ਕਰ ਲਿਆ। 5 ਜੂਨ, 1898 ਨੂੰ ਵਾਰਸਾਂ ਨੇ ਨੋਬੇਲ ਸੰਪਤੀ ਉਤੇ ਬਿਨਾਂ ਸ਼ਰਤ ਆਪਣੇ ਸਾਰੇ ਅਧਿਕਾਰ ਛੱਡ ਦਿੱਤੇ।

ਨੋਬੇਲ ਫ਼ਾਊਂਡੇਸ਼ਨ : ਨੋਬੇਲ ਫ਼ਾਊਂਡੇਸ਼ਨ ਦੇ ਵਿਧਾਨ ਦਾ ਖਰੜਾ 27, 28 ਅਪਰੈਲ 1899 ਨੂੰ ਸਵੀਡਿਸ਼ ਸਰਕਾਰ ਨੂੰ ਸਾਧਾਰਨ ਪ੍ਰਵਾਨਗੀ ਲਈ ਭੇਜਿਆ ਗਿਆ।ਇਸ ਵਿੱਚ ਬਹੁਤ ਸਾਰੀਆਂ ਸੋਧਾਂ ਤੇ ਸਪੱਸ਼ਟੀਕਰਨ ਦਰਜ ਕੀਤੇ ਗਏ।

(ੳ) 'ਦੀ ਅਕਾਡਮੀ ਇਨ ਸਟਾਕਹਾਮ' ਦਾ ਅਰਥ 'ਸਵੀਡਿਸ਼ ਅਕਾਡਮੀ'

(ਅ) ਸ਼ਬਦ 'ਲਿਟਰੇਚਰ' ਦਾ ਅਰਥ ਨਾ ਕੇਵਲ ਸਾਹਿਤਕ ਰਚਨਾਵਾਂ ਹੀ ਹੋਣਗੀਆਂ, (Belles Letters) ਹੀ ਨਹੀਂ ਹੋਵੇਗਾ, ਸਗੋਂ ਆਪਣੀ ਸਮੱਗਰੀ ਅਤੇ ਸ਼ੈਲੀ ਵਜੋਂ ਸਾਹਿਤਕ ਮੁੱਲ ਵਾਲੀਆਂ ਰਚਨਾਵਾਂ ਵੀ ਇਸ ਵਿੱਚ ਸ਼ਾਮਲ ਮੰਨੀਆਂ ਜਾਣਗੀਆਂ।

(ੲ) 'ਪਿਛਲੇ ਸਾਲ ਦੌਰਾਨ' (During the Preceding year) ਵਿੱਚ ਰਚਨਾ ਦਾ ਅਰਥ ਨਾ ਕੇਵਲ ਨਵੀਨਤਮ ਰਚਨਾ ਹੀ ਹੋਵੇਗੀ, ਸਗੋਂ ਪਹਿਲਾਂ ਰਚੀ ਗਈ ਅਜਿਹੀ ਰਚਨਾ ਵੀ ਹੋਵੇਗਾ, ਜਿਸ ਦਾ ਮਹੱਤਵ ਹਾਲੇ ਹੁਣੇ ਹੀ ਸਥਾਪਤ ਹੋਇਆ ਹੋਵੇ।

(ਸ) ਇਨਾਮ ਵਾਸਤੇ ਲਿਖੀ ਤੇ ਛਪੀ ਹੋਈ ਰਚਨਾ ਹੀ ਵਿਚਾਰੀ ਜਾਵੇਗੀ।

ਉਪਰੋਕਤ ਸਪੱਸ਼ਟੀਕਰਨਾਂ ਤੋਂ ਇਲਾਵਾ ਹੇਠ ਲਿਖੇ ਨਿਰਣੇ ਵੀ ਸਪੱਸ਼ਟ ਕੀਤੇ ਗਏ : (ੳ) ਇੱਕ ਇਨਾਮ ਇਨਾਮਯੋਗ ਸਮਝੀਆਂ ਗਈਆਂ ਹੋਰ ਰਚਨਾਵਾਂ ਵਿੱਚ ਵੰਡਿਆ ਜਾ ਸਕਦਾ ਹੈ। ਸਾਂਝ ਦਾਰੀ ਵਿੱਚ ਦੋ ਤੋਂ ਵੱਧ ਵਿਅਕਤੀਆਂ ਵੱਲੋਂ ਕੀਤਾ ਗਿਆ ਕੰਮ ਸਭ ਵਿਅਕਤੀਆਂ ਵਿੱਚ ਵੰਡਿਆ ਜਾ ਸਕਦਾ ਹੈ।

ਹੋਵੇ ਤਾਂ ਉਹ ਇਸ ਨੂੰ ਇਨਾਮ (ਅ) ਇਨਾਮ ਦੀ ਰਕਮ ਜੇਕਰ ਦਿੱਤੀ ਜਾ ਸਕਣੀ ਸੰਭਵ ਨਾ ਵਿਸ਼ੇਸ਼ ਫ਼ੰਡ ਵਿੱਚ ਜਾਂ (ਮੁਕਤ-ਫੰਡ) ਵਿੱਚ ਵਟ ਜਾਵੇਗੀ ਜਾਂ ਇਸ ਤੋਂ ਬਿਨਾਂ ਹੋਰ ਕੰਮਾਂ ਵਿਚ ਵਰਤਿਆ ਜਾ ਸਕੇਗਾ।

(ੲ) ਇਨਾਮਾਂ ਵਾਸਤੇ ਮੁੱਢਲੀਆਂ ਖੋਜਾਂ ਕਰਨ ਲਈ ਸਵੀਡਿਸ਼ ਪੁਰਸਕਾਰ ਸੰਸਥਾਵਾਂ ਨੂੰ ਤਿੰਨ ਤੋਂ ਪੰਜ ਬੰਦਿਆਂ ਉੱਤੇ ਆਧਾਰਤ ਨੋਬੇਲ ਕਮੇਟੀਆਂ ਬਣਾਉਣ ਦਾ ਅਧਿਕਾਰ ਹੋਵੇਗਾ, ਜਦ ਕਿ ਸ਼ਾਂਤੀ ਪੁਰਸਕਾਰ ਲਈ ਵਿਸ਼ੇਸ਼ ਕਮੇਟੀ ਦਾ ਗਠਨ ਨਾਰਵੇਜੀਅਨ ਸਟਾਰਟਿੰਗ ਕਰੇਗੀ।

(ਸ) ਪੁਰਸਕਾਰ-ਜੇਤੂਆਂ ਦੀ ਚੋਣ ਨਾਲ ਸੰਬੰਧਤ ਪੜਤਾਲ ਵਿੱਚ ਸਹਾਇਤਾ ਲੈਣ ਲਈ ਪੁਰਸਕਾਰ-ਦਾਤਿਆਂ ਨੂੰ ਵਿਗਿਆਨਕ ਸੰਸਥਾਵਾਂ ਅਤੇ ਹੋਰ ਸੰਗਠਨ ਸਥਾਪਤ ਕਰਨ ਦਾ ਹੱਕ ਹੋਵੇਗਾ। ਇਹ ਸੰਸਥਾਵਾਂ ਨੋਬੇਲ ਫ਼ਾਊਂਡੇਸ਼ਨ ਨਾਲ ਸੰਬੰਧਤ ਹੋਣਗੀਆਂ ਅਤੇ ਇਨ੍ਹਾਂ ਦਾ ਨਾਂਅ ਨੋਬੇਲ ਇੰਸਟੀਚਿਊਟ ਹੋਵੇਗਾ।

ਆਰਥਿਕ ਪੱਖੋਂ ਇਹ ਫ਼ੈਸਲਾ ਕੀਤਾ ਗਿਆ ਕਿ ਮੁੱਖ ਫ਼ੰਡ ਵਿੱਚੋਂ ਹੋਣ ਵਾਲੀ ਵਾਰਸ਼ਿਕ ਆਮਦਨੀ ਵਿੱਚੋਂ ਹਰੇਕ ਇਨਾਮ-ਪ੍ਰਦਾਤੀ ਸਬ-ਕਮੇਟੀ ਆਪਣੇ ਪ੍ਰਬੰਧਕੀ ਖ਼ਰਚਿਆਂ ਲਈ ਮਿਲਣ ਵਾਲੀ ਰਕਮ ਦਾ ਚੌਥਾ ਹਿੱਸਾ ਵਰਤ ਸਕੇਗੀ। ਇਹ ਵੀ ਫ਼ੈਸਲਾ ਕੀਤਾ ਗਿਆ ਕਿ ਫ਼ਾਊਂਡੇਸ਼ਨ ਦਾ ਸੰਚਾਲਨ ਪੰਜ ਬੰਦਿਆਂ ਦਾ ਇੱਕ ਬੋਰਡ ਕਰੇਗਾ, ਜਿਨ੍ਹਾਂ ਦੇ ਸਹਾਇਕ ਡਿਪਟੀ ਹੋਣਗੇ, ਜਿਨ੍ਹਾਂ ਕੋਲ ਫੰਡਾਂ ਦੇ ਆਰਥਿਕ ਪ੍ਰਬੰਧ ਦਾ ਅਤੇ ਫ਼ਾਊਂਡੇਸ਼ਨ ਦੀ ਜਾਇਦਾਦ ਦਾ ਜ਼ਿੰਮਾ ਹੋਵੇਗਾ ਅਤੇ ਜਿਹੜੇ ਸਾਧਾਰਨ ਪ੍ਰਬੰਧ ਨੂੰ ਵੀ ਚਲਾਉਣਗੇ। ਬੋਰਡ ਦੇ ਚੇਅਰਮੈਨ, ਉਸ ਦਾ ਡਿਪਟੀ ਤੇ ਉਸ ਦੇ ਡਿਪਟੀ ਦੀ ਨਿਯੁਕਤੀ ਸਵੀਡਿਸ਼ ਸਰਕਾਰ ਵੱਲੋਂ ਹੋਵੇਗੀ। ਬਾਕੀ ਚਾਰ ਮੈਂਬਰ ਅਤੇ ਦੋ ਡਿਪਟੀ ਪੁਰਸਕਾਰ ਪਰਦਾਤੀਆਂ ਸੰਸਥਾਵਾਂ ਵੱਲੋਂ ਚੁਣੇ ਗਏ ਵਿਸ਼ੇਸ਼ ਟਰੱਸਟੀਆਂ ਵੱਲੋਂ। ਵਿਸ਼ੇਸ਼ ਧਾਰਾ ਰਾਹੀਂ ਪ੍ਰਬੰਧਕੀ ਉਦੇਸ਼ਾਂ ਲਈ ਵਿਸ਼ੇਸ਼ ਇਮਾਰਤਾਂ ਦੀ ਉਸਾਰੀ ਲਈ ਲੋੜੀਂਦੇ ਫ਼ੰਡ ਵੱਖਰੇ ਰੱਖਣ ਦਾ ਵੀ ਅਧਿਕਾਰ ਹੋਵੇਗਾ। 25 ਸਤੰਬਰ, 1900 ਨੂੰ ਨੋਬੇਲ ਫ਼ਾਊਂਡੇਸ਼ਨ ਦੇ ਟਰੱਸਟੀ ਪਹਿਲੀ ਵਾਰ ਵਿਗਿਆਨ ਅਕਾਡਮੀ ਦੇ ਸਭ ਤੋਂ ਵਡੇਰੀ ਉਮਰ ਦੇ ਮੈਂਬਰ R Torn blatch ਦੇ ਸੱਦੇ ਉਤੇ ਇਕੱਠੇ ਹੋਏ ਜਿਹੜਾ ਕਿ Bank of Sweden ਦਾ ਡਾਇਰੈਕਟਰ ਸੀ। ਸਰਕਾਰ ਨੇ ਨੋਬੇਲ ਫ਼ਾਊਂਡੇਸ਼ਨ ਦਾ ਪ੍ਰਧਾਨ, ਸਾਬਕ ਪ੍ਰਧਾਨ ਮੰਤਰੀ 5. 7. Bostram ਨੂੰ ਨਿਯੁਕਤ ਕਰ ਦਿੱਤਾ। ਇਉਂ ਅਲਫ਼ਰੈਡ ਨੋਬੇਲ ਦੀ ਵਸੀਅਤ ਉਤੇ ਚੱਲੇ ਝਗੜੇ ਦਾ ਅੰਤ ਹੋਇਆ ਅਤੇ ਨੋਬੇਲ ਪੁਰਸਕਾਰਾਂ ਦਾ ਵਿਤਰਨ ਆਰੰਭ ਹੋਇਆ।

10 ਦਸੰਬਰ ਹਰ ਸਾਲ ਅਲਫ਼ਰੈਡ ਨੋਬੇਲ ਦੀ ਬਰਸੀ ਮਨਾਈ ਜਾਂਦੀ ਹੈ। ਇਸ ਦਿਨ ਇਨਾਮ ਜੇਤੂਆਂ ਦਾ ਸਮਾਗਮ ਰਚਿਆ ਜਾਂਦਾ ਹੈ। ਸਟਾਕਹਾਮ ਵਿਖੇ ਬਹੁਤ ਹੀ ਸਜੇ ਤੇ ਪ੍ਰਭਾਵਸ਼ਾਲੀ ਸਮਾਗਮ ਵਿੱਚ ਭੌਤਿਕ-ਵਿਗਿਆਨ, ਰਸਾਇਣਕ-ਵਿਗਿਆਨ, ਸਰੀਰ ਵਿਗਿਆਨ ਤੇ ਦਵਾਈਆਂ ਅਤੇ ਸਾਹਿਤ ਦੇ ਪੁਰਸਕਾਰ ਵੰਡੇ ਜਾਂਦੇ ਹਨ। ਸਮਾਗਮ ਦੀ ਪ੍ਰਧਾਨਗੀ ਸ਼ਾਹ ਸਵੀਡਨ ਕਰਦਾ ਹੈ। ਸ਼ਾਂਤੀ ਪੁਰਸਕਾਰ ਵੀ ਇਸੇ ਦਿਨ ਹੀ ਨਾਰਵੇ ਦੀ ਰਾਜਧਾਨੀ ਓਸਲੋ ਵਿਖੇ ਪ੍ਰਦਾਨ ਕੀਤਾ ਜਾਂਦਾ ਹੈ। ਇਨਾਮ ਵਿਚ ਇਨਾਮੀ-ਰਕਮ ਦਾ ਚੈੱਕ, ਇਕ ਡਿਪਲੋਮਾ ਅਲਫ਼ਰੈਡ ਨੋਬੇਲ ਦੀ ਮੂਰਤ ਵਾਲਾ ਸੁਨਹਿਰੀ ਤਮਗ਼ਾ ਅਤੇ ਇੱਕ ਢੁਕਵਾਂ ਸ਼ਿਲਾਲੇਖ ਹੁੰਦਾ ਹੈ। ਚਾਹੇ ਕਿਸੇ ਵੀ ਕਾਰਨ ਕਰਕੇ ਸਹੀ, ਜੇਕਰ ਇੱਕ ਚੈੱਕ ਆਉਂਦੇ ਅਕਤੂਬਰ ਤੱਕ ਤੁੜਵਾਇਆ ਨਾ ਜਾਵੇ ਤਾਂ ਇਹ ਰਕਮ ਨੋਬਲ ਖਾਤਿਆਂ ਵਿੱਚ ਪਰਤ ਜਾਂਦੀ ਹੈ।

ਇਹ ਇਨਾਮ ਇਨਾਮ-ਜੇਤੂ ਨੂੰ ਨਿੱਜੀ ਰੂਪ ਵਿੱਚ 10 ਦਸੰਬਰ ਨੂੰ ਸਟਾਕਹਾਮ ਵਿਖੇ ਪੁੱਜ ਕੇ ਪ੍ਰਾਪਤ ਕਰਨਾ ਪੈਂਦਾ ਹੈ। ਅਤਿਅੰਤ ਅਵੱਸ਼ਕ ਹਾਲਤਾਂ ਵਿੱਚ ਹਾਜ਼ਰੀ ਤੋਂ ਛੋਟ ਮਿਲਦੀ ਹੈ। ਉਸ ਨੂੰ ਸੰਬੰਧਤ ਵਿਸ਼ੇ 'ਤੇ ਛੇ ਮਹੀਨਿਆਂ ਦੇ ਵਿੱਚ-ਵਿੱਚ ਅਰਥਾਤ ਅਗਲੇ ਸਾਲ ਦੇ 10 ਜੂਨ ਤੱਕ ਸਟਾਕਹਾਮ ਵਿੱਚ ਭਾਸ਼ਨ ਦੇਣ ਪੈਂਦਾ ਹੈ। ਇਨਾਮ ਸੰਬੰਧੀ ਕਿਸੇ ਪ੍ਰਕਾਰ ਦੇ ਇਤਰਾਜ਼ਾਂ ਨੂੰ ਕੋਈ ਵੀ ਪੁਰਸਕਾਰ ਕਮੇਟੀ ਸਵੀਕਾਰ ਨਹੀਂ ਕਰਦੀ।

ਇੱਥੇ ਛੇਵਾਂ ਪੁਰਸਕਾਰ ਬਾਰੇ ਵੀ ਕੁਝ ਪੰਕਤੀਆਂ ਲਿਖਣੀਆਂ ਉਚਿੱਤ ਹਨ। ਛੇਵਾਂ ਅਰਥ-ਵਿਗਿਆਨ ਦਾ ਨੋਬੇਲ ਪੁਰਸਕਾਰ ਅਲਫ਼ਰੈਂਡ ਨੋਬੇਲ ਦੀ ਯਾਦ ਵਿੱਚ ਸਵੀਡਨ ਦੀ ਸੈਂਟਰਲ ਬੈਂਕ ਨੇ ਆਪਣੀ ਤੀਜੀ ਸ਼ਤਾਬਦੀ ਸਮੇਂ 1968 ਵਿੱਚ ਸਥਾਪਤ ਕੀਤਾ। ਸਵੀਡਿਸ਼ ਰਾਇਲ ਵਿਗਿਆਨ ਅਕਾਡਮੀ ਵੱਲੋਂ ਚੁਣੇ ਗਏ ਅਰਥ-ਵਿਗਿਆਨੀ ਨੂੰ ਇਨਾਮ ਦੀ ਰਕਮ ਇਹ ਬੈਂਕ ਮੁਹੱਈਆ ਕਰਦੀ ਹੈ।

**ਪ੍ਰਕਿਰਨ ਵਿਧੀ** : ਯੋਗ ਅਥਵਾ ਨਿਯੁਕਤ ਵਿਅਕਤੀਆਂ ਵੱਲੋਂ ਲਿਖਤੀ ਤਜਵੀਜ਼ਾਂ ਪੁਰਸਕਾਰ ਕਮੇਟੀ ਦੇ ਸਕੱਤਰ ਨੂੰ ਸੰਬੰਧਤ ਸਾਲ ਦੀ ਪਹਿਲੀ ਫ਼ਰਵਰੀ ਤੋਂ ਚਾਹੀਦੀਆਂ ਹਨ। ਇਨਾਮ ਵਾਸਤੇ ਤਜਵੀਜ਼ਾਂ ਭੇਜਣ ਦਾ ਅਧਿਕਾਰ ਯੋਗਤਾ ਸਰਬ-ਵਿਆਪਕਤਾ ਦੇ ਅਸੂਲਾਂ ਦੇ ਆਧਾਰ ਉਤੇ ਨਿਮਨ-ਲਿਖਤ ਅਨੁਸਾਰ ਹੈ : 1. 2. 3. ਰਾਇਲ-ਵਿਗਿਆਨ ਅਕੈਡਮੀ ਦੇ ਸਵੀਡਿਸ਼ ਤੇ ਵਿਦੇਸ਼ੀ ਮੈਂਬਰਾਂ ਨੂੰ, ਅਰਥ-ਵਿਗਿਆਨ ਵਿੱਚ ਅਲਫ਼ਰੈਂਡ ਨੋਬੇਲ ਯਾਦਗਾਰੀ ਇਨਾਮ ਵਾਸਤੇ ਪੁਰਸਕਾਰ ਕਮੇਟੀ ਦੇ ਮੈਂਬਰਾਂ ਨੂੰ, ਅਰਥ ਅਤੇ ਵਿਗਿਆਨ ਵਿੱਚ ਪੁਰਸਕ੍ਰਿਤ ਵਿਅਕਤੀਆਂ ਨੂੰ, 4. 5. ਸਵੀਡਨ, ਡੈਨਮਾਰਕ, ਫ਼ਿਨਲੈਂਡ, ਆਈਸਲੈਂਡ ਅਤੇ ਨਾਰਵੇ ਵਿਖੇ ਯੂਨੀਵਰਸਿਟੀ ਅਤੇ ਕਾਲਜਾਂ ਦੇ ਸੰਬੰਧਤ ਵਿਸ਼ਿਆਂ ਦੇ ਸਥਾਈ ਪ੍ਰੋਫ਼ੈਸਰਾਂ ਨੂੰ ਵਿਗਿਆਨ ਅਕੈਡਮੀ ਵੱਲੋਂ ਸੰਬੰਧਤ ਸਾਲ ਵਿੱਚ ਚੁਣੀਆਂ ਗਈਆਂ 6 ਯੂਨੀਵਰਸਿਟੀਆਂ ਜਾਂ ਕਾਲਜਾਂ ਦੇ ਸੰਬੰਧਤ ਵਿਸ਼ਿਆਂ ਦੇ ਪ੍ਰਧਾਨਾਂ ਨੂੰ ਤਾਂ ਜੋ ਵੱਖ-ਵੱਖ ਦੇਸ਼ਾਂ ਅਤੇ ਉਹਨਾਂ ਦੇ ਵਿੱਦਿਆ ਕੇਂਦਰਾਂ ਵਿੱਚ ਦਰੁਸਤ ਵੰਡ ਨੂੰ ਨਿਸ਼ਚਿਤ ਕੀਤਾ ਜਾ ਸਕੇ; 6. ਉਹਨਾਂ ਵਿਗਿਆਨੀਆਂ ਨੂੰ, ਜਿਨ੍ਹਾਂ ਨੂੰ ਅਕਾਡਮੀ ਨੇ ਤਜਵੀਜ਼ਾਂ ਭੇਜਣ ਦੇ ਯੋਗ ਸਮਝਿਆ ਹੋਵੇ। ਉਪਰੋਕਤ ਧਾਰਾ 5 ਤੇ 6 ਵਿੱਚ ਚੁਣੇ ਜਾਣ ਵਾਲੇ ਅਧਿਆਪਕਾਂ ਤੇ ਵਿਗਿਆਨੀਆਂ ਦਾ ਫ਼ੈਸਲਾ ਕੀਤਾ ਜਾਂਦਾ ਹੈ।

# ਡਾਇਨਾਮਾਈਟ ਦੇ ਕਾਢਕਾਰ ਤੇ ਨੋਬੇਲ ਪੁਰਸਕਾਰ ਦੇ ਬਾਨੀ

# ਐਲ.ਫਰੈਡ ਨੋਬੇਲ

ਆਤਮ ਹਮਰਾਹੀ

ਸੰਸਾਰ ਵਿੱਚ ਸ਼ਾਇਦ ਹੀ ਕੋਈ ਹੋਰ ਸਵੈਂਡ ਨਾਂਅ ਐਲਫ਼ਰੈਡ ਨੋਬੇਲ ਜਿੰਨਾ ਪ੍ਰਸਿੱਧ ਹੋਇਆ ਹੋਵੇ, ਫਿਰ ਵੀ ਸਾਧਾਰਨ ਜਨਤਾ ਉਸ ਦੇ ਜੀਵਨ ਬਾਰੇ ਨਾ-ਮਾਤਰ ਹੀ ਜਾਣਦੀ ਹੈ। ਡਾਇਨਾਮਾਈਟ ਦਾ ਮਹਾਨ ਕਾਢਕਾਰ ਹੋਣ ਤੋਂ ਇਲਾਵਾ ਉਹ ਸੰਸਾਰ ਦਾ ਸਭ ਤੋਂ ਵੱਡਾ ਪੁਰਸਕਾਰ-ਪ੍ਰਦਾਤਾ ਸੀ। ਵਿਅਕਤੀਗਤ ਰੂਪ ਵਿੱਚ ਉਹ ਬਹੁਤ ਹੀ ਇਕਾਂਤ-ਪਸੰਦ, ਰੁੱਖਾ, ਸੰਕੋਚੀ ਅਤੇ ਸਵੈ-ਵਿਚਾਰ ਮਗਨ ਵਿਅਕਤੀ ਸੀ, ਜੋ ਹਰ ਪ੍ਰਕਾਰ ਦੀ ਇਸ਼ਤਿਹਾਰਬਾਜ਼ੀ ਨੂੰ ਨਫ਼ਰਤ ਕਰਨ ਵਾਲਾ ਇੱਕ ਉੱਚ ਕੋਟੀ ਦਾ ਵਿਦਵਾਨ ਅਤੇ ਸੰਪੂਰਨ ਰੂਪ ਵਿੱਚ ਆਦਰਸ਼ਵਾਦੀ ਸੀ। ਉਸ ਦੇ ਕਿਰਦਾਰ ਵਰਗੀਆਂ ਵਿਸੰਗਤੀਆਂ ਬਹੁਤ ਘੱਟ ਲੋਕਾਂ ਵਿੱਚ ਮਿਲਦੀਆਂ ਹਨ। ਤੁੱਛ ਜਿਹੀ ਦਿੱਖ ਵਾਲਾ ਇਹ ਸਟੈਂਡ ਸੰਸਾਰ-ਅਮਨ ਦਾ ਹਾਰਦਿਕ ਮੁੱਦਈ ਸੀ, ਭਾਵੇਂ ਉਹ ਮੌਤ ਦਾ ਮਸਾਲਾ ਵੇਚ ਕੇ ਹੀ ਅਰਬਪਤੀ ਬਣਿਆ ਸੀ। ਉਸ ਨੇ ਆਪਣੀਆਂ ਬਾਰੂਦੀ-ਕਾਢਾਂ ਤੇ ਵਸਤਾਂ ਹਰੇਕ ਉਸ ਦੇਸ਼ ਨੂੰ ਵੇਚੀਆਂ, ਜਿਹੜਾ ਉਸ ਦੀ ਮੂੰਹ-ਮੰਗੀ ਰਕਮ ਤਾਰਨ ਲਈ ਤਿਆਰ ਹੁੰਦਾ। ਉਸ ਦੀ ਮੌਤ ਸੰਪੂਰਨ ਬਰਬਾਦੀ ਵਾਲੀ ਸ਼ਕਤੀ ਦੀ ਕਾਢ ਕੱਢਦਿਆਂ ਹੋਈ ਅਤੇ ਉਸ ਦੀ ਆਖ਼ਰੀ ਵਸੀਅਤ ਵਿੱਚ ਸਭ ਜੰਗਾਂ ਨੂੰ ਖ਼ਤਮ ਕਰਨ ਵਾਲੇ ਕਲਪਨਾ-ਸ਼ੀਲ ਯਤਨਾਂ ਦੀਆਂ ਸ਼ਰਤਾਂ ਅੰਕਿਤ ਹਨ, ਜਿਨ੍ਹਾਂ ਦੇ ਆਧਾਰ ਉਤੇ ਹੀ 'ਨੋਬਲ ਸ਼ਾਂਤੀ ਪੁਰਸਕਾਰ' ਦੀ ਸਥਾਪਨਾ ਹੋਈ।

ਅਸਲ ਵਿੱਚ ਉਹ ਵਿਸੰਗਤੀਆਂ ਤੇ ਸਵੈ-ਵਿਰੋਧੀ ਗੁਣਾਂ ਦਾ ਮੁਜੱਸਮਾ ਸੀ। ਕੱਦ ਦਾ ਮਧਰਾ ਉਹ ਅਸਲੋਂ ਹੀ ਅਣ-ਉੱਘੜਵਾਂ, ਬੇ-ਰੰਗ ਤੇ ਸਵੈ-ਮੰਸੂ ਸੀ। ਉਹ ਸਨਕੀ ਤੇ ਨੀਰਸ ਆਦਰਸ਼ਵਾਦੀ ਪਰ ਅਜਿਹਾ ਰੌਚਕ ਵਾਰਤਾਲਾਪੀ ਸੀ, ਜੋ ਸਵੈ-ਸੰਗਤ ਨੂੰ ਹੀ ਤਰਜੀਹ ਦਿਆ ਕਰਦਾ ਸੀ। ਆਪਣੀ ਏਸੇ ਬਿਰਤੀ ਕਾਰਨ ਹੀ ਉਸ ਨੇ ਸ਼ਾਦੀ ਨਾ ਕਰਵਾਈ। ਉਹ ਕਾਵਿ ਦਾ ਰਸੀਆ ਸੀ, ਜਿਸ ਨੇ ਦਰਦੀਲੀ-ਕਾਵਿ ਸਿਰਜਨਾ ਦਾ ਪ੍ਰਯਤਨ ਕੀਤਾ। ਫਿਰ ਵੀ ਉਹ ਡਾਇਨਾਮਾਈਟ ਤੇ ਹੋਰਨਾਂ ਅਨੇਕਾਂ ਵਿਸਫੋਟਕ ਪਦਾਰਥਾਂ ਦਾ ਕਾਢਕਾਰ ਸੀ, ਜਿਸ ਨੇ ਸਿਰਫ਼ ਦਸ ਹੀ ਸਾਲਾਂ ਵਿੱਚ ਆਪਣੇ ਅੰਤਰ-ਰਾਸ਼ਟਰੀ ਅਸਲਾ-ਵਿਉਪਾਰ ਰਾਹੀਂ ਆਪਣੀ ਅਪਾਰ ਦੌਲਤ ਇਕੱਠੀ ਕੀਤੀ ਅਤੇ ਹਾਰਦਿਕ ਇੱਛਾ ਪ੍ਰਗਟਾਈ ਕਿ 'ਉਸ ਦੀ ਇਹ ਦੌਲਤ ਕੌਮਾਂ ਵਿਚਕਾਰ ਮਿੱਤਰਤਾ ਵਧਾਏ ਜਾਣ ਅਤੇ ਮੁਕੰਮਲ ਜਾਂ ਅੰਸ਼ਕ ਨਿਸ਼ਸਤਰੀਕਰਨ ਦੀ ਸਥਾਪਨਾ ਵਿੱਚ ਵਰਤੀ ਜਾਣੀ ਚਾਹੀਦੀ ਹੈ। ਅੱਜ ਉਸ ਦੀ ਸੰਸਾਰ-ਕੀਰਤੀ ਦਾ ਆਧਾਰ ਨਾ ਕੇਵਲ ਉਸ ਦੀ ਅਵਿਸ਼ਕਾਰਿਕ-ਪ੍ਰਤਿਭਾ ਹੀ ਹੈ, ਸਗੋਂ ਉਸ ਦੀ ਪ੍ਰਸਿੱਧੀ ਉਸ ਦੇ ਨਾਂਅ ਉੱਤੇ ਪ੍ਰਚੱਲਤ ਅੰਤਰਰਾਸ਼ਟਰੀ ਪੁਰਸਕਾਰਾਂ ਕਾਰਨ ਵਧੇਰੇ ਹੈ।

ਉਸ ਦੇ ਵਡੇਰੇ ਸਵੀਡਨ ਦੀ ਦੱਖਣੀ ਨੁੱਕਰ ਦੇ ਵਸਨੀਕ ਸਕੇਨੀਅਨ ਕਿਸਾਨ ਸਨ, ਜਿਨ੍ਹਾਂ ਦਾ ਗੋਤ 'ਨੋਬੇਲੀਅਸ' ਸੀ। ਸਤਾਰ੍ਹਵੀਂ ਸਦੀ ਵਿੱਚ ਉਹਨਾਂ ਦੇ ਇੱਕ ਵਡੇਰੇ ਨੇ ਆਪਣੇ ਆਪ ਨੂੰ 'ਨੋਬੇਲੀਅਸ' ਕਿਹਾ, ਜਿਹੜਾ ਵਿਸ਼ਵਵਿਦਿਆਲੇ ਤੱਕ ਪੜ੍ਹਿਆ ਸੀ। ਇਹ ਵਿਅਕਤੀ ਪੀਟਰਸ ਓਲਾਵੀ ਨੋਬੇਲੀਅਸ ਉਪਾਸਲਾ ਵਿਸ਼ਵਵਿਦਿਆਲੇ ਵਿੱਚ ਪੜ੍ਹਦਿਆਂ ਆਪਣੀ ਸੰਗੀਤ-ਕਲਾ ਕਾਰਨ ਉਥੋਂ ਦੇ ਬੁੱਧੀਜੀਵੀ ਆਗੂ ਓਲੋਫ਼ ਰੁਡਬੈਕ ਦੇ ਸੰਪਰਕ ਵਿੱਚ ਆ ਗਿਆ; ਜੋ ਉਪਾਸਲਾ ਵਿਖੇ ਸੰਗੀਤਕ ਜੀਵਨ ਦਾ ਮੋਢੀ ਸੀ। ਪੜ੍ਹਾਈ ਉਪਰੰਤ ਨੋਬੇਲੀਅਸ ਅਪਲੈਂਡ ਪ੍ਰਾਂਤ ਵਿੱਚ ਜੱਜ ਲੱਗ ਗਿਆ ਅਤੇ ਆਪਣੇ ਸਰਪ੍ਰਸਤ ਦੀ ਧੀ ਵੰਡੇਲਾ ਰੁਡਬੈੱਕ ਨਾਲ ਸ਼ਾਦੀ ਕਰਵਾ ਲਈ। ਉਸ ਦੇ ਇੱਕ ਪੋਤਰੇ ਨੇ, ਜਿਹੜਾ ਸੈਨਿਕ ਸੇਵਾ ਵਿੱਚ ਸੀ, ਛੁਟਿਆ ਕੇ ਆਪਣਾ ਉਪ-ਨਾਮ ਨੋਬੇਲੀਅਸ ਤੋਂ 'ਨੋਬੇਲ' ਰੱਖ ਲਿਆ, ਜਿਸ ਨੂੰ ਐਲਫ਼ਰੈਡ ਨੇ ਆਪਣੇ ਪੁਰਸਕਾਰਾਂ ਰਾਹੀਂ ਸਾਰੀ ਸੁਸਿਖਿਅਤ ਮਾਨਵਤਾ ਤੱਕ ਸਦਾ ਲਈ ਪਸਾਰ ਦਿੱਤਾ। ਰੁਡਬੈਕੀ-ਗੁਣ ਪਿਛਲੇਰੇ ਬਰਸਾਂ ਵਿੱਚ ਕਾਇਮ ਰਿਹਾ, ਜਿਸ ਦੀ ਸਪੱਸ਼ਟ ਹੋਂਦ ਐਲਫ਼ਰੈਡ ਨੋਬਲ, ਉਸ ਦੇ ਭਰਾਵਾਂ ਤੇ ਉਸ ਦੇ ਕਾਢਕਾਰ ਪਿਤਾ ਇਮੈਨੂਅਲ ਨੋਬੇਲ ਦੇ ਜੀਵਨ ਵਰਤਾਰਿਆਂ ਵਿੱਚ ਵੇਖੀ ਜਾ ਸਕਦੀ ਹੈ।

ਇਮੈਨੂਅਲ ਅਨਪੜ੍ਹ ਜਿਹਾ ਹੋਣ ਦੇ ਬਾਵਜੂਦ ਜਮਾਂਦਰੂ ਪ੍ਰਤਿਭਾਵਾਨ ਸੀ। ਉਸ ਚੱਜ ਨਾਲ਼ ਸਕੂਲੀ ਪੜ੍ਹਾਈ ਪ੍ਰਾਪਤ ਨਹੀਂ ਕੀਤੀ ਸੀ। ਉਹ ਕੋਈ ਵੀ ਵਿਦੇਸ਼ੀ ਭਾਸ਼ਾ ਨਹੀਂ ਜਾਣਦਾ ਸੀ, ਮੁਸ਼ਕਲ ਨਾਲ਼ ਹੀ ਲਿਖ ਸਕਦਾ ਸੀ। ਅਮਲੀ ਤੌਰ 'ਤੇ ਉਸ ਨੇ ਆਪਣਾ ਗਿਆਨ ਸਵੈ-ਯਤਨਾਂ ਨਾਲ ਹੀ ਪ੍ਰਾਪਤਿਆ ਸੀ, ਪਰ ਉਹ ਫੁਰਨਿਆਂ, ਵਿਚਾਰਾਂ ਅਤੇ ਸਕੀਮਾਂ ਨਾਲ ਭਰਪੂਰ ਸੀ, ਜਿਨ੍ਹਾਂ ਵਿਚੋਂ ਕੁਝ ਅਨੋਖੇ ਸਨ, ਜਦਕਿ ਕਈ ਉਸ ਦੀ ਬੇਜੋੜ ਪ੍ਰਤਿਭਾ ਤੇ ਸੂਝ-ਬੂਝ ਦੇ ਲਖਾਇਕ ਸਨ। ਉਸ ਨੇ ਚੌਦਵੇਂ ਸਾਲ ਸਕੂਲ ਛੱਡ ਦਿੱਤਾ ਅਤੇ ਆਪਣੀ ਜਨਮ-ਨਗਰੀ 'ਗਾਲਵ' ਦੇ ਇੱਕ ਜਹਾਜ਼ ਵਿੱਚ ਕੇਬਿਨ-ਮੁੰਡ ਵਜੋਂ ਭਰਤੀ ਹੋ ਗਿਆ। ਉਹ 1801 ਵਿੱਚ ਜਨਮਿਆ ਸੀ। ਇਸ ਜਹਾਜ਼ ਦੇ ਰੋਮ-ਸਾਗਰੀ ਦੌਰੇ ਨੂੰ ਤਿੰਨ ਸਾਲ ਲੱਗੇ। ਕੁਝ ਸਮਾਂ ਉਸ ਨੇ ਗਾਲਵ ਤੇ ਸਟਾਕਹਾਮ ਵਿੱਚ ਇੱਕ ਮਕਾਨ-ਉਸਰੱਈਏ ਦੀ ਸ਼ਾਗਿਰਦੀ ਵੀ ਕੀਤੀ। ਸਟਾਕਹਾਮ ਵਿੱਚ ਉਸ ਨੇ ਵਿਹਲੇ ਸਮੇਂ ਵਿੱਚ ਹਫ਼ਤੇ ਦੇ ਕੁਝ ਘੰਟੇ ਮਕੈਨੀਕਲ ਸਕੂਲ ਵਿੱਚ ਕੁਝ ਪ੍ਰਸਿਖਿਆ ਪ੍ਰਾਪਤ ਕੀਤੀ। ਚੌਵੀਵੇਂ ਸਾਲ ਉਹ ਖ਼ੁਦ ਆਰਕੀਟੈਕਟ ਬਣ ਗਿਆ। ਉਹ ਬਹੁਤ ਹੀ ਉਤਸ਼ਾਹੀ ਸੀ। ਉਸ ਦੀ ਖ਼ਰੀਦੀ ਇੱਕ ਇਮਾਰਤ ਸੜ ਗਈ ਤੇ 1833 ਵਿੱਚ ਉਹ ਆਪਣਾ ਪਹਿਲਾ ਦਿਵਾਲਾ ਕੱਢਣ ਲਈ ਮਜਬੂਰ ਹੋ ਗਿਆ।

ਇੱਥੇ ਹੀ ਏਸੇ ਦੀਵਾਲੀਏ ਵਾਲੇ ਸਾਲ 1833 ਵਿੱਚ ਐਲਫ਼ਰੈਡ ਦਾ ਜਨਮ 21 ਅਕਤੂਬਰ ਨੂੰ ਨਾਰਮੈਂਸਗਾਟਨ ਵਿਖੇ ਹੋਇਆ। ਉਹ ਏਨਾ ਕਮਜ਼ੋਰ ਅਤੇ ਰੋਗੀ ਸੀ ਕਿ ਉਸ ਦੀ ਜਾਨ ਮਾਂ ਦੀ ਸਮਰਪਤ ਪਾਲਣਾ ਤੇ ਨਿਰੰਤਰ ਧਿਆਨ ਕਾਰਨ ਹੀ ਬਚ ਸਕੀ। ਉਸ ਦਾ ਪਿਤਾ, ਇਮੈਨੂਅਲ, ਤਿੰਨਾਂ ਪੁੱਤਰਾਂ ਨੂੰ ਪਤਨੀ ਦੇ ਹਵਾਲੇ ਕਰਕੇ, ਮੁੜ ਪੈਰਾਂ ਸਿਰ ਹੋਣ ਲਈ ਰੂਸ ਵਿੱਚ ਸੇਂਟ ਪੀਟਰਸਬਰਗ ਵਿਖੇ ਚਲਿਆ ਗਿਆ। ਇਹ ਵਿਛੋੜਾ ਚਾਰ ਸਾਲ ਰਿਹਾ, ਜਿਸ ਦੌਰਾਨ ਮਾਂ ਤੇ ਪੁੱਤਰਾਂ ਵਿਚਕਾਰ ਪਿਆਰ ਦੀਆਂ ਤੰਦਾਂ ਪ੍ਰਪੱਕ ਤੇ ਬਣ ਗਈਆਂ। ਐਲਫ਼ਰੈੱਡ ਸਾਰੀ ਉਮਰ ਆਪਣੀ ਮਾਂ ਦਾ ਅਨਿੰਨ ਭਗਤ ਰਿਹਾ। 1842 ਤੱਕ ਪਰਵਾਰ ਸਟਾਕਹਾਮ ਵਿਖੇ ਹੀ ਟਿਕਿਆ ਰਿਹਾ। ਅਚਾਨਕ ਪਿਤਾ ਨੇ ਐਲਾਨ ਕਰ ਦਿੱਤਾ ਕਿ ਉਹਨਾਂ ਦੇ ਦਿਨ ਫਿਰ ਆਏ ਹਨ, ਕਿਉਂਕਿ ਰੂਸ ਦੇ ਜ਼ਾਰ ਦਾ ਧਿਆਨ ਉਸ ਦੀ ਇੱਕ ਵਿਸਫ਼ੋਟਕ ਮਾਈਨ ਦੀ ਕਾਢ ਨੇ ਖਿੱਚ ਲਿਆ ਸੀ। 18 ਅਕਤੂਬਰ, 1842 ਨੂੰ ਪਰਵਾਰ ਸੇਂਟ ਪੀਟਰਸਬਰਗ ਨੂੰ ਤੁਰ ਪਿਆ। ਏਥੇ ਪਿਤਾ ਨੇ ਪਤਨੀ ਤੇ ਪੁੱਤਰਾਂ ਦੀ ਪਰਵਰਿਸ਼ ਦੇ ਸਾਰੇ ਪਾੜੇ ਮੇਲ ਦਿੱਤੇ ਅਤੇ ਉਹਨਾਂ ਲਈ ਇੱਕ ਸਵੈਂਡ ਗ੍ਰਹਿ-ਅਧਿਆਪਕ ਵੀ ਰੱਖ ਦਿੱਤਾ। ਇਸ ਤੋਂ ਪਹਿਲਾਂ ਐਲਫ਼ਰੈਡ ਕੇਵਲ ਇੱਕ ਹੀ ਸਾਲ ਜੈਕਬ ਦੇ ਸਕੂਲ ਗਿਆ ਸੀ।

ਪੀਟਰਸਬਰਗ ਵਿਖੇ ਐਲਫ਼ਰੈਂਡ ਨੇ ਰੂਸੀ, ਅੰਗਰੇਜ਼ੀ, ਫ਼ਰਾਂਸੀਸੀ ਤੇ ਜਰਮਨ ਭਾਸ਼ਾਵਾਂ ਸਿੱਖੀਆਂ, ਪਰ ਉਹ ਯੂਨੀਵਰਸਿਟੀ ਵਿੱਚ ਕਦੇ ਵੀ ਨਾ ਪੜ੍ਹਿਆ। ਆਪਣੀ ਕਮਜ਼ੋਰ ਸਿਹਤ ਤੇ ਮਾਤਾ ਉਤੇ ਸੰਪੂਰਨ ਨਿਰਭਰਤਾ ਕਾਰਨ, ਪਿਤਾ ਉਸ ਪ੍ਰਤੀ ਬਹੁਤਾ ਪ੍ਰਸੰਨ ਨਹੀਂ ਸੀ। ਉਸ ਨੇ ਇੱਕ ਵਾਰ ਤਿੰਨ ਪੁੱਤਰਾਂ ਬਾਰੇ ਕਿਹਾ ਸੀ, ਲੁਡਵਿਗ ਵਿੱਚ ਪ੍ਰਤਿਭਾ ਸਭ ਤੋਂ ਵੱਧ ਹੈ, ਐਲਫ਼ਰੈਡ ਵਿੱਚ ਮਿਹਨਤ ਅਤੇ ਰਾਬਰਟ ਵਿੱਚ ਦਲੇਰੀ। ਰਾਬਰਟ ਨੇ ਬਾਕੂ ਵਿਖੇ ਪੈਟਰੋਲੀਅਮ ਉਦਯੋਗਾਂ ਦਾ ਵਿਕਾਸ ਕੀਤਾ, ਲੁਡਵਿਗ ਨੇ ਸੇਂਟ ਪੀਟਰਸਬਰਗ ਵਿਖੇ ਸੰਸਾਰ ਪ੍ਰਸਿੱਧ ਅਸਲਾਖ਼ਾਨੇ ਸਥਾਪਤ ਕੀਤੇ ਅਤੇ ਬਾਕੂ ਸੰਸਥਾਵਾਂ ਦੀ ਆਰਥਿਕ ਜ਼ਿੰਮੇਵਾਰੀ ਨਿਭਾਈ। ਸਭ ਤੋਂ ਛੋਟਾ ਐਲਫ਼ਰੈਡ ਆਪਣੇ ਡਾਇਨਾਮਾਈਟੀ ਉਦਯੋਗਾਂ ਤੇ ਪੁਰਸਕਾਰਾਂ ਕਾਰਨ ਸਦੀਵੀ ਕੀ ਰਤੀ ਦਾ ਮਾਲਕ ਬਣਿਆ। ਸਕੂਲ ਯੂਨੀਵਰਸਿਟੀ ਵਿੱਚੋਂ ਡਿਗਰੀ ਪ੍ਰਾਪਤ ਕਰਨ ਦਾ ਤਾਂ ਉਸ ਨੂੰ ਅਵਸਰ ਹੀ ਨਾ ਮਿਲਿਆ। ਘਰੇਲੂ-ਟਿਊਸ਼ਨ ਵੀ 1850 ਤੱਕ ਉਸ ਦੇ ਸੋਲ੍ਹਵੇਂ ਸਾਲ ਤੱਕ ਹੀ ਸੰਭਵ ਰਹੀ, ਪਰ ਆਪਣੇ ਹਮ-ਉਮਰ ਲੋਕਾਂ ਵਿੱਚੋਂ ਉਹ ਪ੍ਰਤਿਭਾ ਤੇ ਗਿਆਨ ਦੇ ਪੱਖੋਂ ਬਹੁਤ ਅੱਗੇ ਸੀ, ਤਦ ਤੱਕ ਉਹ ਵਿਗਿਆਨਕ ਤੌਰ 'ਤੇ ਸੁਸਿਖਿਅਤ ਕੈਮਿਸਟ ਬਣ ਚੁੱਕਾ ਸੀ, ਇੱਕ ਅਜਿਹਾ ਭਾਸ਼ਾ-ਗਿਆਨੀ ਜੋ ਰੂਸੀ ਤੇ ਸਵੈਂਡ ਤੋਂ ਇਲਾਵਾ ਜਰਮਨ, ਅੰਗਰੇਜ਼ੀ ਤੇ ਫ਼ਰਾਂਸੀਸੀ ਦਾ ਵੀ ਚੰਗਾ ਗਿਆਤਾ ਸੀ ਅਤੇ ਸਾਹਿਤ, ਵਿਸ਼ੇਸ਼ ਕਰਕੇ ਅੰਗਰੇਜ਼ੀ ਕਵਿਤਾ ਵਿੱਚ ਡੂੰਘੀ ਦਿਲਚਸਪੀ ਰੱਖਦਾ ਸੀ। ਉਹ ਤਦ ਤੱਕ ਆਪਣੇ ਜੀਵਨ-ਦਰਸ਼ਨ ਦੀਆਂ ਨੀਂਹਾਂ ਰੱਖ ਚੁੱਕਾ ਸੀ। ਇਸ ਕਾਲ ਵਿਚ ਲਿਖੇ ਉਸ ਦੇ ਖ਼ਤਾਂ ਤੋਂ ਉਸ ਦੇ ਉਮਰੋਂ ਅਗੇਤਰਾ ਤੇ ਅਸਾਧਾਰਨ ਬੁੱਧੀਵਾਨ ਹੋਣ ਪਰ ਨਾਲ਼ ਹੀ ਰੋਗੀ, ਸੁਪਨੇ-ਸਾਜ਼ ਅਤੇ ਅੰਤਰ-ਮੁਖੀ ਗੱਭਰੂ ਹੋਣ ਦਾ ਪ੍ਰਭਾਵ ਪੈਂਦਾ ਹੈ, ਜਿਹੜਾ ਕਿ ਇਕੱਲੇ ਵਿਚਰਨ ਨੂੰ ਤਰਜੀਹ ਦਿੰਦਾ ਸੀ।


ਇਸ ਸਮੇਂ ਉਨ੍ਹਾਂ ਦੇ ਪਿਤਾ ਦੀ ਹਾਲਤ ਬਹੁਤ ਚੰਗੀ ਹੋ ਗਈ ਸੀ, ਕਿਉਂਕਿ ਰੂਸ ਵਿੱਚ ਇਮੈਨੂਅਲ ਚੋਖਾ ਸਫਲ ਹੋ ਚੁੱਕਾ ਸੀ। ਉਸ ਦੀਆਂ ਵਿਸਫ਼ੋਟਕ-ਪਲੀਤਾ ਸੁਰੰਗਾਂ (Mines) ਨੂੰ ਬਹੁਤ ਸਫਲਤਾ ਮਿਲੀ ਸੀ, ਤੋਂ ਉਸ ਨੇ ਆਪਣੀਆਂ ਢੇਰ ਨਵੀਆਂ ਕਾਢਾਂ ਚੋਖੇ ਮੁਨਾਫ਼ੇ ਉਤੇ ਵੇਚੀਆਂ ਸਨ। ਉਹ ਸੇਂਟ ਪੀਟਰਸਬਰਗ ਦੇ ਵਿਉਪਾਰੀਆਂ ਦੀ ਪਹਿਲੀ ਜੱਥੇਬੰਦੀ ਦਾ ਮੈਂਬਰ ਵੀ ਬਣ ਗਿਆ ਸੀ ਤੇ ਜ਼ਾਰ ਕੋਲੋਂ ਉਸ ਨੂੰ ਸ਼ਾਹੀ ਸੁਨਹਿਰੀ ਸੰਸਾਰ ਦੇ ਨੋਬੇਲ ਸਾਹਿਤਕਾਰ ਦਾ ਤਮਗ਼ਾ ਵੀ ਮਿਲ਼ਿਆ ਸੀ। ਉਸ ਸਮੇਂ ਰਾਬਰਟ ਵੀਹਾਂ, ਲੁਡਵਿਗ ਅਠਾਰਾਂ ਤੇ ਐਲਫ਼ਰੈਡ ਸੋਲਾਂ ਸਾਲਾਂ ਦਾ ਸੀ ਕਿ ਪਿਤਾ ਨੇ ਫ਼ੈਸਲਾ ਕੀਤਾ ਕਿ ਉਹਨਾਂ ਨੂੰ ਚੰਗੀ ਲੋੜੀਂਦੀ ਸਿਖਿਆ ਮਿਲ ਗਈ ਹੈ, ਇਸ ਲਈ ਉਸ ਨੇ ਵੱਡੇ ਦੋਹਾਂ ਨੂੰ ਕਾਰੋਬਾਰ ਵਿੱਚ ਸ਼ਾਮਲ ਕਰ ਲਿਆ ਅਤੇ ਐਲਫ਼ਰੈਂਡ ਨੂੰ ਦੁਨੀਆ ਦਾ ਤਜਰਬਾ ਹਾਸਲ ਕਰਨ ਲਈ ਵਿਦੇਸ਼ ਯਾਤਰਾ ਉੱਤੇ ਭੇਜ ਦਿੱਤਾ। ਐਲਫ਼ਰੈਂਡ ਨੇ ਯੂਰਪ ਦੇ ਬਹੁਤੇ ਦੇਸ਼ਾਂ ਦੀ ਅਤੇ ਅਮਰੀਕਾ ਵਿੱਚ ਨਿਊਯਾਰਕ ਤੱਕ ਦੀ ਸੈਰ ਕੀਤੀ। ਦੋ ਸਾਲ ਮਗਰੋਂ ਪਰਤ ਕੇ ਉਸ ਨੇ ਵੇਖਿਆ ਕਿ ਉਸ ਦਾ ਪਿਤਾ ਵੱਡੇ ਪ੍ਰਾਜੈਕਟਾਂ ਵਿੱਚ ਉਲਝਿਆ ਹੋਇਆ ਹੈ। 1854 ਦੀ ਕ੍ਰੀਮੀਅਨ ਜੰਗ ਨੇ ਨੋਬਲ ਕਾਰਖ਼ਾਨਿਆਂ ਲਈ ਕੰਮਾਂ ਦੇ ਢੇਰ ਲਗਾ ਦਿੱਤੇ ਸਨ। ਇਸ ਜੰਗ ਵਿੱਚ ਰੂਸ ਦੀ ਬੜੀ ਤਬਾਹੀ ਹੋਈ, ਇਸ ਲਈ ਨਵੇਂ ਜ਼ਾਰ ਅਲੈਗਜ਼ੈਂਡਰ ਦੂਜੇ ਨੇ ਨਿੱਜੀ ਕਾਰਖ਼ਾਨੇਦਾਰਾਂ ਨੂੰ ਦਿੱਤੇ ਸਾਰੇ ਆਰਡਰ ਰੱਦ ਕਰ ਦਿੱਤੇ। ਨੋਬੇਲਾਂ ਦੇ ਵੱਡੇ ਕਾਰਖ਼ਾਨੇ ਵਿੱਚ ਹੋਏ ਅਗਨੀ-ਕਾਂਡ ਨੇ ਇਮੈਨੂਅਲ ਦੀ ਤਬਾਹੀ ਮੁਕੰਮਲ ਕਰ ਦਿੱਤੀ ਅਤੇ ਉਸ ਲਈ ਦੂਜੀ ਵਾਰ ਦੀਵਾਲਾ ਕੱਢਣ ਤੋਂ ਸਿਵਾ ਹੋਰ ਕੋਈ ਚਾਰਾ ਨਾ ਰਿਹਾ।

ਪੁੱਤਰ ਆਪੋ-ਆਪਣੇ ਕੰਮਾਂ ਵਿੱਚ ਲੱਗੇ ਵੀ ਰਹੇ। ਲੁਡਵਿਗ ਆਪਣੇ ਪਿਤਾ ਦੇ ਕਾਰੋਬਾਰ ਦਾ ਭੁਗਤਾਨੀਆ ਬਣਿਆ ਤੇ ਸੇਂਟ ਪੀਟਰਸਬਰਗ ਵਿਖੇ ਇੱਕ ਛੋਟੀ ਜਿਹੀ ਫ਼ੈਕਟਰੀ ਕਿਰਾਏ 'ਤੇ ਲੈ ਕੇ ਕੰਮ ਕਰਨ ਲੱਗਾ।ਰਾਬਰਟ ਨੇ ਫ਼ਿਨਲੈਂਡ ਵਿੱਚ ਲੈਂਪਾਂ ਦਾ ਕੰਮ ਖੋਲ੍ਹਿਆ।ਐਲਫ਼ਰੈਂਡ ਨੇ ਨਾਇਟਰੋ ਗਲਿਸਟਰੀਨ ਉਤੇ ਨਵੇਂ ਪ੍ਰਯੋਗ ਆਰੰਭ ਦਿੱਤੇ, ਜਿਸ ਦੀ ਕਾਢ ਇੱਕ ਅਤਾਲਵੀ ਵਿਗਿਆਨੀ ਅਸਕੈਨੀਓ ਮੈਂਬਰੋ ਨੇ 1847 ਵਿਚ ਕੱਢ ਦਿੱਤੀ ਸੀ ਅਤੇ ਸੇਂਟ ਪੀਟਰਸਬਰਗ ਦੇ ਪ੍ਰੋਫ਼ੈਸਰ ਜ਼ਿਨੀਅਨ ਨੇ ਜਿਸ ਵੱਲ ਐਲਫ਼ਰੈਂਡ ਦਾ ਧਿਆਨ ਦਿਵਾਇਆ ਸੀ। ਐਲਫ਼ਰੈਂਡ ਨੇ ਪਹਿਲਾ ਧਮਾਕਾ ਜੂਨ, 1862 ਵਿੱਚ ਕੀਤਾ ਅਤੇ ਅਗਲੇ ਸਾਲ ਉਸ ਨੇ ਇਸ ਪਦਾਰਥ ਨੂੰ 'ਨੋਬੇਲ ਲਾਈਟਰ' ਦੇ ਨਾਂਅ ਨਾਲ਼ ਸਵੀਡਨ ਵਿੱਚ ਪੇਟੈਂਟ ਕਰਾ ਲਿਆ। ਤਦ ਤੱਕ ਉਸ ਦੇ ਮਨ ਵਿੱਚ ਇਸ ਸਿਧਾਂਤ ਦਾ ਨਿਰਮਾਣ ਹੋ ਰਿਹਾ ਸੀ ਕਿ ਥੋੜ੍ਹੀ ਮਾਤਰਾ ਵਿੱਚ ਇੱਕ ਵਿਸਫੋਟਕ ਨਾਲ ਭਾਰੀ ਪੱਥਰਾਂ ਨੂੰ ਉਡਾਇਆ ਜਾ ਸਕਦਾ ਹੈ ਜਾਂ ਕਿ ਇਸ ਲਈ ਇੱਕ ਹੋਰ ਵਿਸਫੋਟਕ ਦੀ ਵਰਤੋਂ ਕਰਨੀ ਪਵੇਗੀ। ਇਸ ਸਿਧਾਂਤ ਦਾ ਨਾਂਅ 'ਪ੍ਰਾਇਮਰੀ ਚਾਰਜ' ਰੱਖਿਆ ਗਿਆ, ਜੋ ਮਗਰੋਂ ਉੱਚੇ ਵਿਸਫੋਟਕਾਂ ਦੀ ਨੀਂਹ ਬਣਿਆ। ਬਾਰੂਦ ਦੀ ਕਾਢ ਉਪਰੰਤ ਇਸ ਖੇਤਰ ਵਿੱਚ ਇਹ ਸੰਸਾਰ ਦੀ ਸਭ ਤੋਂ ਵੱਡੀ ਕਾਢ ਸੀ।

ਐਲਫ਼ਰੈਂਡ ਨੇ ਆਪਣੇ ਛੋਟੇ ਭਰਾ ਔਸਕਰ ਇਮਾਈਲ ਦੀ ਸਹਾਇਤਾ ਨਾਲ਼ ਆਪਣੀ ਪ੍ਰਯੋਗਸ਼ਾਲਾ ਵਿੱਚ ਤਜਰਬੇ ਕਰਨੇ ਜਾਰੀ ਰੱਖੇ। ਇੱਕ ਦਿਨ ਜਦੋਂ ਐਲਫ਼ਰੈਡ ਇੱਕ ਧਨੀ ਬੈਂਕਰ ਜੇ. ਡਬਲਯੂ ਸਮਿੱਟ ਨਾਲ ਆਪਣੇ ਕਾਰੋਬਾਰ ਲਈ ਧਨ ਲਗਾਉਣ ਦੀ ਗੱਲ ਕਰਨ ਗਿਆ ਹੋਇਆ ਸੀ, ਤਾਂ ਇੱਕ ਧਮਾਕੇ ਨੇ ਉਸ ਦੀ ਪ੍ਰਯੋਗਸ਼ਾਲਾ ਉਡਾ ਦਿੱਤੀ, ਜਿਸ ਵਿੱਚ ਚਾਰ ਬੰਦੇ ਮਾਰੇ ਗਏ, ਜਿਨ੍ਹਾਂ ਵਿੱਚ ਉਸ ਦਾ ਭਰਾ ਵੀ ਸ਼ਾਮਲ ਸੀ। ਇਸ ਨਾਲ ਐਲਫ਼ਰੈੱਡ ਡੌਰ-ਭੌਰ ਹੋ ਗਿਆ, ਪਰ ਉਸ ਨੂੰ ਇਹ ਨੈਤਿਕ ਗੁਨਾਹ ਨਾ ਜਾਪਿਆ। ਵਿਸਫੋਟਕਾਂ ਦਾ ਨਿਰਮਾਣ ਇੱਕ ਖ਼ਤਰਨਾਕ ਕਿੱਤਾ ਸੀ, ਜਿਸ ਨਾਲ ਅਖ਼ੀਰ ਦਾ ਭਲਾ ਹੋਣਾ ਸੀ। ਇਸ ਲਈ ਉਹ ਸੋਚਦਾ ਸੀ ਕਿ ਇਸ ਖੇਤਰ ਵਿਚ ਕੰਮ ਕਰਨ ਵਾਲ਼ਿਆਂ ਨੂੰ ਆਪਣੀਆਂ ਜਾਨਾਂ ਲਈ ਖ਼ਤਰਾ ਤਾਂ ਸਹੇੜਨਾ ਹੀ ਪਵੇਗਾ। ਪੁਲਸ ਦੀ ਪੜਤਾਲ ਕਾਰਨ ਸ਼ਹਿਰ ਦੀਆਂ ਜੂਹਾਂ ਵਿੱਚ ਨਾਇਟਰੋਗਲਿਸਰੀਨ ਦੇ ਨਿਰਮਾਣ ਉਤੇ ਤਾਂ ਪਾਬੰਦੀ ਲੱਗ ਗਈ, ਪਰ ਨੋਬੇਲ ਇਸਤਗਾਸੇ ਦੀ ਕਾਰਵਾਈ ਤੋਂ ਬਚ ਗਏ। ਇਸ ਤਬਾਹੀ ਨੇ ਬਿਰਧ ਬਾਪ ਨੂੰ ਦਰੜ ਸੁਟਿਆ। ਕੁਝ ਹਫ਼ਤੇ ਮਗਰੋਂ ਉਸ ਨੂੰ ਦਿਲ ਦਾ ਦੌਰਾ ਪਿਆ ਪਰ ਉਹ ਬਚ ਗਿਆ। ਉਹ ਤਨੋਂ-ਮਨੋਂ ਮੁੜ ਕਦੇ ਵੀ ਸੰਤੁਲਿਤ ਨਾ ਹੋ ਸਕਿਆ। ਮਗਰੋਂ ਉਸ ਨੇ ਲੱਕੜੀ ਦੇ ਬੂਰੇ ਤੇ ਚਪਟੀਆਂ ਨੂੰ ਸਰੇਸ਼ ਨਾਲ਼ ਜੋੜ ਕੇ ਜਿਹੜੀ ਕਾਢ ਕੱਢੀ, ਉਹੀ ਅੱਜ 'ਪਲਾਈਵੁੱਡ' ਅਖਵਾਉਂਦੀ ਹੈ। ਇਉਂ ਉਸ ਨੇ ਸਵੀਡਨ ਦੀ ਬੇਰੋਜ਼ਗਾਰੀ ਤੇ ਵਿਦੇਸ਼ਾਂ ਨੂੰ ਜਾਣ ਦੀ ਰੁਚੀ ਨੂੰ ਠੱਲ੍ਹ ਪਾਉਣ ਦਾ ਉਪਰਾਲਾ ਕੀਤਾ। ਉਸ ਨੇ ਪਲਾਈਵੁੱਡ ਦੇ ਘਰ ਬਣਾ ਕੇ ਲੋੜੀਂਦੀਆਂ ਥਾਂਵਾਂ ਉਤੇ ਲਗਾਏ ਜਾਣ ਦੀ ਯੋਜਨਾ ਵੀ ਬਣਾਈ, ਪਰ ਆਪਣੇ ਜੀਵਨ ਦੀ ਇਸ ਸਭ ਤੋਂ ਵੱਡੀ ਕਾਢ ਦੀ ਪੂਰਤੀ ਤੋਂ ਪਹਿਲਾਂ ਹੀ 3 ਸਤੰਬਰ, 1872 ਨੂੰ ਇਮੈਨੁਅਲ ਚਲਾਣਾ ਕਰ ਗਿਆ।

> ਸਵੀਡਨ ਦੇ ਰਸਾਇਣ ਵਿਗਿਆਨੀ ਐਲਫਰੈੱਡ ਨੋਬੇਲ ਨੇ ਰਸਾਇਣ ਵਿਗਿਆਨ, ਭੌਤਿਕ ਵਿਗਿਆਨ, ਚਕਿਤਸਿਕ ਖੋਜ, ਸਾਹਿਤ ਅਤੇ ਅਮਨ ਦੇ ਖੇਤਰਾਂ ਵਿੱਚ ਸ੍ਰੇਸ਼ਟ ਰਚਨਾਤਮਕ ਪ੍ਰਾਪਤੀ ਕਰਨ ਵਾਲੇ ਲੇਖਕਾਂ ਲਈ ਨੋਬੇਲ ਪੁਰਸਕਾਰਾਂ ਦੀ ਸਥਾਪਨਾ ਕੀਤੀ।ਉਨੀ ਸੌ ਇੱਕ ਤੋਂ ਲੈ ਕੇ ਹੁਣ ਤੱਕ ਸੈਂਕੜੇ ਪੁਰਸਕਾਰ ਦਿੱਤੇ ਜਾ ਚੁੱਕੇ ਹਨ। ਭਾਵੇਂ ਅੰਗਰੇਜ਼ੀ ਭਾਸ਼ਾ ਦੁਆਰਾ ਸੁਲਭ ਸਾਹਿਤ ਹੀ ਨੋਬੇਲ ਸਾਹਿਤ ਦਾ ਹੱਕਦਾਰ ਬਣਿਆ, ਫਿਰ ਵੀ ਸਾਹਿਤ ਦਾ ਸਮੁੱਚਾ ਸੰਸਾਰ ਐਲਫਰੈੱਡ ਨੋਬੇਲ ਦੀ ਇਸ ਵਡਮੁੱਲੀ ਭਾਵਨਾ ਦਾ ਰਿਣੀ ਹੈ।

ਐਲਫ਼ਰੈੱਡ ਨੇ ਹੌਸਲਾ ਨਾ ਹਾਰਿਆ। ਉਸ ਦੇ ਵਿਸਫੋਟਕਾਂ ਦੀ ਧਮਾਕਾਖੇਜ਼ ਸ਼ਕਤੀ ਨੇ ਧਨੀਆਂ ਨੂੰ ਆਕਰਸ਼ਿਤ ਕੀਤਾ ਅਤੇ ਉਹਨਾਂ ਨੇ ਸਵੀਡਨ ਵਿੱਚ ਐਲਫ਼ਰੈਂਡ ਦੇ ਪੇਟੈਂਟਾਂ ਤੋਂ ਲਾਭ ਪ੍ਰਾਪਤ ਕਰਨ ਲਈ ਇੱਕ ਕੰਪਨੀ ਬਣਾ ਲਈ। ਇਸ ਕੰਪਨੀ ਨੇ ਮਗਰੋਂ ਸਵੀਡਨ ਨੂੰ ਉੱਚੇ ਵਿਸਫੋਟਕਾਂ ਦੇ ਖੇਤਰ ਵਿਚ ਸੰਸਾਰ ਦਾ ਮੁੱਢੀ ਦੇਸ਼ ਬਣਾਇਆ। ਐਲਫ਼ਰੈਂਡ ਨੇ ਆਪਣੇ ਭਰਾ ਰਾਬਰਟ ਨੂੰ ਆਪਣੇ ਨਾਂਅ ਉਤੇ 'ਫ਼ਿਨਿਸ਼-ਪੇਟੈਂਟ' ਉਸ ਦੇ ਲਾਭਾਂ ਲਈ ਦਿਲਵਾ ਦਿੱਤਾ। ਮਹੀਨੇ ਕੁ ਮਗਰੋਂ ਉਸ ਨੇ ਨਾਰਵੇ ਵਿੱਚ ਆਪਣਾ ਪੇਟੈਂਟ ਨਗਦ ਵੇਚ ਕੇ ਮਾਪਿਆਂ ਨੂੰ ਤੰਦਰੁਸਤੀ ਲਈ ਇਕ ਖਣਿਜੀ-ਸ਼ਮੇ ਉਤੇ ਰਹਿਣ ਲਈ ਪੈਸੇ ਦੇ ਦਿੱਤੇ। ਆਪ ਉਹ ਅਨੇਕਾਂ ਮੁਲਕਾਂ ਵਿੱਚ ਕੰਪਨੀਆਂ ਖੜ੍ਹੀਆਂ ਕਰਨ ਲਈ ਤੁਰ ਗਿਆ। ਰੁਕਾਵਟਾਂ ਬੇਅੰਤ ਸਨ ਪਰ ਕੁਝ ਹੀ ਸਾਲਾਂ ਵਿੱਚ ਨਾਈਟਰੋਗਲਿਸਰੀਨ ਦਾ ਉਤਪਾਦਨ ਇੱਕ ਸੰਸਾਰ ਉਦਯੋਗ ਬਣ ਗਿਆ। ਇਸ ਸਾਰੇ ਪ੍ਰਬੰਧਕੀ-ਰੁਝੇਵੇਂ ਵਿੱਚ ਉਸ ਨੂੰ ਇੰਗਲੈਂਡ, ਫ਼ਰਾਂਸ ਤੇ ਅਮਰੀਕਾ ਦੀ ਲਗਾਤਾਰ ਯਾਤਰਾ ਕਰਨੀ ਪੈਂਦੀ ਸੀ, ਫਿਰ ਵੀ ਉਸ ਨੇ ਨਵੇਂ ਪ੍ਰਯੋਗ ਕਰਨੇ ਜਾਰੀ ਰੱਖੇ ਤੇ ਇੱਕ ਨਵੇਂ ਸੋਧੇ ਹੋਏ ਵਿਸਫੋਟਕ 'ਡਾਇਨਾਮਾਈਟ' ਦੀ ਕਾਢ ਕੱਢ ਲਈ, ਜਿਸ ਉਤੇ ਉਸ ਨੂੰ 1863 ਵਿੱਚ ਪੇਟੈਂਟ ਮਿਲ ਗਿਆ। ਇਸ ਮਗਰੋਂ ਉਹ ਨਵੀਂ ਤੋਂ ਨਵੀਂ ਕਾਢ ਕੱਢਦਾ ਤੁਰਿਆ ਗਿਆ। ਢੋਆ-ਢੁਆਈ ਦੌਰਾਨ ਅਲ਼ਗਰਜ਼ੀ, ਬੇਧਿਆਨੀ ਤੇ ਵਹਿ ਤੁਰਨ ਵਾਲਾ ਪਦਾਰਥ ਹੋਣ ਕਰਕੇ ਨਾਈਟਰੋਗਲਿਸਰੀਨ ਨਾਲ, ਭਿਆਨਕ ਧਮਾਕੇ ਹੋ ਜਾਂਦੇ ਸਨ, ਜਿਸ ਕਰਕੇ ਨੋਬੈਲਾਂ ਨੇ ਆਪਣੇ ਇਸ ਵਿਸਫੋਟਕ ਪਦਾਰਥ ਦਾ ਨਾਂਅ 'ਗਲੋਨੀਅਨ ਆਇਲ' ਰੱਖ ਦਿੱਤਾ ਸੀ। ਭਿਆਨਕ ਧਮਾਕਿਆਂ ਕਾਰਨ ਆਪਣੇ ਪਦਾਰਥ ਉਤੇ ਕਈ ਦੇਸ਼ਾਂ ਵਿੱਚ ਪਾਬੰਦੀ ਲੱਗ ਜਾਣ ਦੇ ਤੌਖਲੇ ਕਾਰਨ ਐਲਫ਼ਰੈਂਡ ਕਿਸੇ ਵਧੇਰੇ ਸੁਰੱਖਿਅਤ ਪਦਾਰਥ ਦੇ ਆਵਿਸ਼ਕਾਰ ਵਿੱਚ ਜੁਟ ਗਿਆ। ਉਸ ਨੇ ਅਨੁਮਾਨ ਲਗਾ ਲਿਆ ਕਿ ਇਸ ਅੰਤਰ-ਰਾਸ਼ਟਰੀ ਵਪਾਰ ਵਿੱਚ ਇਸ ਤਰਲ ਪਦਾਰਥ ਦੀ ਬੇਧਿਆਨੀ ਚੁੱਪਧਰ ਨੂੰ ਰੋਕਿਆ ਨਹੀਂ ਜਾ ਸਕਦਾ। ਇਸ ਦਾ ਹੱਲ ਕੇਵਲ ਇਸ ਦਾ ਠੋਸ ਰੂਪ ਤਿਆਰ ਕਰਨ ਵਿੱਚ ਹੀ ਕੋਇਲਾ, ਬੂਰਾ, ਇੱਟਾਂ ਦਾ ਪ੍ਰਯੋਗ ਕੀਤੇ ਹੋ ਸਕਦਾ ਸੀ। ਇਸ ਲਈ ਉਸ ਨੇ ਲੱਕੜੀ ਦਾ ਪੀਸਿਆ ਸੁਆਹ ਅਤੇ ਸੀਮੇਂਟ ਤੱਕ ਨੂੰ ਰੱਖਕ ਵਜੋਂ ਵਰਤਣ ਦੇ ਪਰ ਉਸ ਨੂੰ ਢੁੱਕਵੇਂ ਪਦਾਰਥ ਦੀ ਲੱਭਤ ਦੇਵਨੇਤ ਹੀ ਹੋਈ। ਇਕ ਜਹਾਜ਼ੀ ਭਾਰ ਵਿੱਚ ਕਿਸੇ ਨੇ ਲੱਕੜੀ ਦੇ ਬੂਰੇ ਦੀ ਥਾਂ ਨਾਈਟਰੋਗਲਿਸਰੀਨ ਦੇ ਬਕਸਿਆਂ ਦੇ ਨਾਲ ਉਤਰੀ ਜਰਮਨੀ ਵਿੱਚ ਮਿਲਣ ਵਾਲੀ 'ਕੀਸਲਗੂਹਰ' (Kieselguhar) ਨਾਂਅ ਦੀ ਚੀਕਣੀ ਮਿੱਟੀ ਭਰ ਦਿੱਤੀ। ਇਸ ਪੇਟੀ ਵਿੱਚੋਂ ਇੱਕ ਡੱਬਾ ਲੀਕ ਕਰ ਗਿਆ, ਪਰ ਕੀਸਲਗੂਹਰ ਨੇ ਸਾਰੀ ਡੁੱਲ੍ਹੀ ਗਲਿਸਰੀਨ ਸੋਕ ਲਈ ਅਤੇ ਫਿਰ ਵੀ ਦਾਣੇਦਾਰ ਹੀ ਬਣੀ ਰਹੀ।ਉਸ ਨੇ ਪ੍ਰਯੋਗਸ਼ਾਲਾ ਵਿੱਚ ਇਸ ਦੀ ਪਰਖ ਕੀਤੀ ਤਾਂ ਵੇਖਿਆ ਕੀਸਲਗੂਹਰ ਤਾਪ ਤੇ ਸੱਟ ਦੀ ਨਾਈਟਰੱਗਲਿਸਰੀਨਾਂ ਵਾਂਗ ਹੀ ਪ੍ਰਤੀਕਿਰਿਆ ਕਰਦੀ ਹੈ। ਉਸ ਨੇ ਇਸ ਨੂੰ ਡੱਟ ਲਗਾ ਕੇ ਧਮਾਕਾ ਕੀਤਾ ਤਾਂ ਵੇਖਿਆ ਇਹ ਤੇਲ ਨਾਲੋਂ ਬਿਹਤਰ ਸੀ। ਇਉਂ ਸੰਸਾਰ ਨੂੰ 'ਡਾਇਨਾਮਾਈਟ' ਦੀ ਪ੍ਰਾਪਤੀ ਹੋਈ। ਐਲਫ਼ਰੈਂਡ ਨੇ ਇਸ ਨੂੰ ਦੋ ਨਾਂਵਾਂ ਨਾਲ਼ ਪੇਟੈਂਟ ਕਰਵਾਇਆ; 'ਡਾਈਨਾਮਾਈਟ' ਅਤੇ 'ਨੋਬੈਲਜ਼ ਸੇਫ਼ਟੀ-ਪਾਊਡਰ'। ਵਿਗਿਆਨਕ ਤੌਰ 'ਤੇ ਕੀਸਲਗੂਹਰ ਦੀ ਕਰਾਮਾਤੀ ਮਿੱਟੀ ਦਾ ਨਾਂਅ 'ਡਾਇਟਮਾਈਟ' ਹੈ ਜਿਹੜੇ ਕਰੋੜਾਂ ਸਾਲ ਧਰਤੀ ਵਿਚੋਂ ਦੱਬੇ ਰਹਿਣ ਵਾਲੇ ਪਥਰਾਟਾਂ (Fossils) ਤੋਂ ਬਣੀ ਹੈ। 1867 ਵਿਚ ਨੋਬੇਲ ਕੰਪਨੀ ਨੇ ਭਾਰੀ ਮਾਤਰਾ ਵਿੱਚ ਡਾਇਨਾਮਾਈਟ ਦੀ ਨਿਰਯਾਤ ਸ਼ੁਰੂ ਕਰ ਦਿੱਤੀ। ਇਉਂ 'ਬਾਰੂਦੀ-ਸੁਲਤਾਨ' ਆਪਣੀ ਸੰਸਾਰ-ਅਮੀਰੀ ਦੇ ਤਖ਼ਤ ਵੱਲ ਨੂੰ ਠਿਲ੍ਹ ਪਿਆ। ਉਸ ਦਾ ਡਾਇਨਾਮਾਈਟ ਜੰਗਲ ਦੀ ਅੱਗ ਵਾਂਗ ਧਰਤੀ ਦੇ ਚੱਪੇ-ਚੱਪੇ ਉਤੇ ਫੈਲ ਗਿਆ।



ਉਸ ਨੂੰ ਹਰ ਤਰ੍ਹਾਂ ਦੇ ਸਨਮਾਨਾਂ ਤੇ ਸਤਿਕਾਰਾਂ ਤੋਂ ਬੜੀ ਚਿੜ੍ਹ ਸੀ, ਪਰ ਜਿਹੜਾ ਗੋਲਡ ਮੈਡਲ ਉਸ ਨੂੰ 1868 ਵਿੱਚ ਸਵੀਡਿਸ਼ ਵਿਗਿਆਨ ਅਕਾਡਮੀ ਨੇ ਦਿੱਤਾ, ਉਸ ਨੇ ਉਸ ਨੂੰ ਬੇਹੱਦ ਪ੍ਰਸੰਨਤਾ ਦਿੱਤੀ। ਇਹ ਸਨਮਾਨ ਉਸ ਨੂੰ ਉਸ ਦੇ ਕਲਾ, ਸਾਹਿਤ ਤੇ ਵਿਗਿਆਨ ਦੇ ਖੇਤਰ ਵਿੱਚ ਬੇਜੋੜ ਮੌਲਿਕ ਕੰਮ ਜਾਂ ਮਨੁੱਖਤਾ ਦੀ ਖ਼ਾਤਰ ਉਸ ਦੀਆਂ ਅਮਲੀ ਮੁੱਲ ਦੀਆਂ ਮਹੱਤਵਪੂਰਨ ਖੋਜਾਂ ਲਈ ਦਿੱਤਾ ਗਿਆ ਸੀ।

ਜਦਕਿ ਯੂਰਪ ਵਿੱਚ ਉਸ ਦੀਆਂ ਫ਼ੈਕਟਰੀਆਂ ਖੁੰਬਾਂ ਵਾਂਗ ਫੁੱਟ ਰਹੀਆਂ ਸਨ, ਉਥੇ ਉਸ ਨੂੰ ਅਮਰੀਕਾ ਵਿੱਚ ਵਪਾਰ ਦੇ ਦੂਹਰੇ ਢੰਗਾਂ ਕਾਰਨ ਪੈਰ ਲਾਉਣੇ ਮੁਸ਼ਕਲ ਹੋ ਰਹੇ ਸਨ। ਸਖ਼ਤ ਮਾਰੂ ਮੁਕਾਬਲੇਬਾਜ਼ੀ ਉਪਰੰਤ ਉਸ ਨੇ 1885 ਤੋਂ ਮਗਰੋਂ ਅਮਰੀਕਾ ਵੱਲੋਂ ਮੂੰਹ ਭੰਵਾ ਲਿਆ ਅਤੇ ਵਿਸਫੋਟਕਾਂ ਦੇ ਖੇਤਰ ਵਿੱਚ ਡੂ ਪੌਂਟ ਐਮਪਾਇਰ ਨੂੰ ਸਭ ਤੋਂ ਵੱਡੀ ਕੰਪਨੀ ਬਣਨ ਲਈ ਮੈਦਾਨ ਛੱਡ ਦਿੱਤਾ। ਭਾਵੇਂ ਫ਼ਰਾਂਸ ਨੇ ਨਾਇਟਰੋਗਲਿਸਰੀਨ ਦੇ ਦਾਖ਼ਲੇ ਉਤੇ ਪਾਬੰਦੀ ਲਗਾ ਰੱਖੀ ਸੀ, ਫਿਰ ਵੀ ਐਲਫ਼ਰੈਂਡ ਨੇ ਆਪਣੀ ਰਿਹਾਇਸ਼ ਪੈਰਿਸ ਵਿਖੇ ਹੀ ਰੱਖੀ ਹੋਈ ਸੀ, ਜਿਹੜਾ ਉਸ ਸਮੇਂ ਦੂਜੀ ਐਮਪਾਇਰ ਵਜੋਂ ਹਾਲੇ ਮੂੰਹ-ਝਾਖ਼ਰੇ ਦੀ ਅਵਸਥਾ ਵਿੱਚ ਹੀ ਸੀ, ਬ੍ਰਿਟੇਨ ਨੇ ਪਹਿਲਾਂ-ਪਹਿਲ ਉਸ ਦੇ ਘਾਤਕ ਤਰਲ ਦਾ ਵਿਰੋਧ ਕੀਤਾ, ਪਰ ਮਗਰੋਂ ਫੌਜ ਡਾਇਨਾਮਾਈਟ ਨੂੰ ਅਪਣਾ ਲਿਆ। ਨੇ ਆਇਰਸ਼ਾਇਰ ਵਿੱਚ ਆਰਡਰੋਸਨ ਦੇ ਲਾਗੇ ਆਰਡਰ ਵਿਖੇ ਡਾਇਨਾਮਾਈਟ ਦਾ ਸੰਸਾਰ ਦਾ ਸਭ ਤੋਂ ਵੱਡਾ ਕਾਰਖ਼ਾਨਾ ਲਗਾਇਆ।

ਇਸ ਸਮੇਂ ਤੱਕ ਦੌਲਤ ਉਸ ਉਤੇ ਮੀਂਹ ਵਾਂਗ ਵਰ੍ਹ ਰਹੀ ਸੀ ਅਤੇ ਉਹ ਅਜਿਹੇ ਵਪਾਰੀ ਸਾਥੀਆਂ ਨਾਲ ਘਿਰਿਆ ਹੋਇਆ ਸੀ, ਜਿਹੜੇ ਉਸ ਨੂੰ ਹੋਰ ਅਮੀਰ ਬਣਾਉਣ ਅਤੇ ਨਾਲ ਖ਼ੁਦ ਅਮੀਰ ਬਣਨ ਵਿੱਚ ਉਸ ਦੇ ਨਾਲ ਜੁੜਨ ਲਈ ਤਤਪਰ ਸਨ। ਉਸ ਨੇ ਆਪਣੇ ਇੱਕ ਵਾਕਫ਼ਕਾਰ ਨੂੰ ਇੱਕ ਵਾਰ ਲਿਖਿਆ ਸੀ:

ਕਿੱਥੇ ਹਨ ਮੇਰੇ ਅਣ-ਗਿਣਤ ਮਿੱਤਰ? ਉਹ ਭਰਮ-ਜਾਲ ਵਿੱਚ ਤੇਜ਼ੀ ਨਾਲ਼ ਗੁਆਚ ਗਏ ਹਨ ਜਾਂ ਧਨ-ਕਮਾਉਣ ਦੀ ਜਿਲ੍ਹਣ ਵਿੱਚ ਫਸ ਗਏ ਹਨ। ਮੈਂ ਤੈਨੂੰ ਯਕੀਨ ਦਿਵਾਉਂਦਾ ਹਾਂ ਕਿ ਅਨੇਕਾਂ ਮਿੱਤਰ ਕੇਵਲ ਕੁੱਤਿਆਂ ਵਿੱਚ ਹੀ ਮਿਲਦੇ ਹਨ, ਜਿਨ੍ਹਾਂ ਨੂੰ ਅਸੀਂ ਹੋਰਨਾਂ ਲੋਕਾਂ ਦਾ ਮਾਸ ਖੁਆਉਂਦੇ ਹਾਂ ਜਾਂ ਉਹਨਾਂ ਨੂੰ ਅਸੀਂ ਆਪਣਾ ਮਾਸ ਛਕਾਉਂਦੇ ਹਾਂ, ਵਿੱਚ ਮਿਲਦੇ ਹਨ, ਜਿਨ੍ਹਾਂ ਨੂੰ

ਇਸ ਲਈ ਉਸ ਨੂੰ ਹਰ ਕਿਸੇ ਮਰਦਾਂ ਨਾਲ਼ ਚਤੁਰਾਈ ਨਾਲ-ਨਾਲ ਵੀ। ਉਸ ਦੇ ਜੀਵਨ ਦੇ ਕਿਉਂਕਿ ਹੁਣ ਉਹ ਬੇਹੱਦ ਧਨਾਢ ਹੋ ਚੁੱਕਾ ਸੀ, ਦੇ ਮਕਸਦਾਂ ਬਾਰੇ ਬੇ-ਇਤਬਾਰੀ ਹੋ ਗਈ ਸੀ। ਉਹ ਗੱਲਾਂ ਕਰਨਾ ਲੋਚਦਾ ਤੇ ਦਲੇਰੀ ਤੇ ਉਚੇਰੇ ਇਖ਼ਲਾਕ ਚਾਲ੍ਹੀਵੇਂ ਸਾਲ ਤੱਕ ਵੀ ਉਸ ਦਾ ਕੋਈ ਵੀ ਜੀਵਨੀਕਾਰ ਉਸ ਦੇ ਜੀਵਨ ਦੇ ਕਿਸੇ ਰੋਮਾਂਸ ਦੀ ਟੋਹ ਨਹੀਂ ਦਰਸਾ ਸਕਿਆ। ਇਸ ਦਾ ਇੱਕ ਕਾਰਨ ਉਸ ਦਾ ਆਪਣੀ ਮਾਂ ਨਾਲ਼ ਬੇ-ਓੜਕਾ ਪਿਆਰ ਸੀ ਅਤੇ ਦੂਜਾ ਉਸ ਦਾ ਇੱਕ ਅਦੁੱਤੀ ਇਸਤਰੀ 'ਬਰਥਾ ਵੌਨ ਸਟੱਨਰ' ਨਾਲ ਅਫ਼ਲਾਤੂਨੀ ਪਿਆਰ। ਉਹ ਉਸ ਦੇ ਤਰਤਾਲੀਵੇਂ ਸਾਲ ਵਿੱਚ ਪੈਰਿਸ ਵਿੱਚ ਉਸ ਦੀ ਸਕੱਤਰ ਬਣੀ ਸੀ, ਤਦ ਜਿਸ ਦੀ ਉਮਰ ਤੇਤੀ ਸਾਲਾਂ ਦੀ ਸੀ। ਉਹ ਚਾਰ ਭਾਸ਼ਾਵਾਂ ਬੋਲ ਸਕਦੀ ਸੀ, ਅਤੇ ਸੂਰਤ ਤੇ ਸੀਰਤ ਦੇ ਪੱਖੋਂ ਇੱਕ ਸੰਪੂਰਨ ਔਰਤ ਸੀ। ਉਸ ਦਾ ਅਸਲ ਨਾਉਂ 'ਕਾਊਂਟੇਸ ਬਰਥਾ ਕਿਨਸਕੀ ਵੌਨ ਚਿਨਿਕ ਐਂਡ ਟੈਟਉ' ਸੀ। ਆਪਣੀ ਮਾਂ ਦੇ ਇੱਕ ਪਰਕਾਰ ਦੇ ਜੂਏ 'ਰੂਲੇਟ' ਵਿੱਚ ਆਪਣੀ ਸਾਰੀ ਦੌਲਤ ਗਵਾ ਦੇਣ ਪਿੱਛੋਂ, ਬਰਥਾ ਵੀਆਨਾ ਵਿੱਚ ਇੱਕ ਨਵਾਬੀ ਮਹੱਲ ਸਟੱਨਰ ਵਿਖੇ ਗਵਰਨੈਸ (ਘਰੇਲੂ ਉਸਤਾਨੀ) ਲੱਗ ਗਈ ਸੀ। ਉਸ ਨੇ ਨੋਬੇਲ ਦੀ ਨੌਕਰੀ ਨੂੰ ਅਪਣਾ ਲੈਣ ਲਈ ਗੰਭੀਰਤਾ ਨਾਲ ਸੋਚਿਆ। ਉਸ ਦੀ ਸੁੰਦਰਤਾ, ਹਾਜ਼ਰ-ਜੁਆਬੀ, ਪ੍ਰਤਿਭਾ, ਬੁੱਧੀ, ਚਤੁਰਾਈ ਅਤੇ ਨਿਰਕਪਟਤਾ ਨੇ ਭਰਮੀ ਤੇ ਇਕਾਂਤਵਾਦੀ ਕਰੋੜਪਤੀ ਨੂੰ ਮੋਹ ਲਿਆ ਸੀ। ਉਸ ਨੇ ਬਰਥਾ ਨੂੰ ਆਪਣੇ ਅਜਿਹੇ ਸੰਪੂਰਨ ਭਰੋਸੇ ਵਿੱਚ ਲੈ ਲਿਆ ਸੀ, ਜਿਸ ਦੀ ਪਹਿਲਾਂ ਉਸ ਦੇ ਜੀਵਨ ਵਿੱਚ ਮਿਸਾਲ ਵੀ ਨਹੀਂ ਮਿਲਦੀ। ਉਸ ਨੇ ਉਸ ਲਈ ਆਪਣੇ ਪੈਰਿਸ ਮਹੱਲ ਵਿੱਚ ਇੱਕ ਵੱਖਰਾ ਭਾਗ ਮੁੜ ਉਸਰਵਾ ਦਿੱਤਾ ਸੀ, ਪਰ ਉਸ ਨੂੰ ਇਹ ਵੇਖ ਕੇ ਨਿਰਾਸ਼ਾ ਹੋਈ ਕਿ ਉਸ ਦਾ ਮਨ ਹਾਲੇ ਵੀ ਵੀਆਨਾ ਵਿੱਚ ਹੀ ਸੀ। ਨੋਬੇਲ ਨੂੰ ਆਪਣੇ ਬਾਦਸ਼ਾਹ ਔਸਕਰ ਦੂਜੇ ਦੇ ਸੱਦੇ ਉਤੇ ਸਟਾਕਹਾਮ ਜਾਣਾ ਪਿਆ। ਮਗਰੋਂ ਬਰਥਾ ਨੂੰ ਵੀਆਨਾ ਭੱਜ ਪੁੱਜਣ ਦੀ ਤਾਰ ਮਿਲ਼ ਗਈ, ਜੋ ਉਸ ਦੇ ਪ੍ਰੇਮੀ ਆਰਥਰ ਵੱਲੋਂ ਸੀ। ਇਸ ਵਿੱਚ ਕੇਵਲ ਏਨਾ ਹੀ ਲਿਖਿਆ ਸੀ, ਤੇਰੇ ਬਗ਼ੈਰ ਜਿਉਂਦਾ ਨਹੀਂ ਰਹਿ ਸਕਦਾ, ਭਾਗ ਤਦ ਤੋਂ ਸਦਾ ਲਈ ਖ਼ਾਲੀ ਡਾਇਨਾਮਾਈਟ-ਸਮਰਾਟ ਦੇ ਪੈਰਿਸ ਮਹੱਲ ਦਾ ਉਹ ਹੀ ਪਿਆ ਰਿਹਾ।

ਬਰਥਾ ਤੇ ਆਰਥਰ ਨੇ ਜੂਨ, 1876 ਵਿੱਚ ਆਸਟਰੀਆ ਵਿੱਚ ਸ਼ਾਦੀ ਕਰ ਲਈ ਅਤੇ ਬਰਥਾ ਵੋਨ ਸਟੱਨਰ ਉਨ੍ਹੀਵੀਂ ਸਦੀ ਦੇ ਪੱਛਮੀ ਯੂਰਪ ਵਿੱਚ ਅਮਨ ਦੀ ਪ੍ਰਚਾਰਕਾ ਵਜੋਂ ਸਭ ਤੋਂ ਵੱਧ ਪ੍ਰਸਿੱਧ ਨਾਂਅ ਬਣ ਗਈ। ਚੋਖਾ ਚਿਰ ਮਗਰੋਂ ਸੰਸਾਰ ਨੂੰ ਪਤਾ ਲੱਗਾ ਕਿ 'ਨੋਬੇਲ ਸ਼ਾਂਤੀ ਪੁਰਸਕਾਰ' ਦੀ ਉਹੀ ਸਭ ਤੋਂ ਵੱਡੀ ਪ੍ਰੇਰਕ-ਸ਼ਕਤੀ ਸੀ।

ਵੌਨ ਸਟੱਨਰ ਪਰਵਾਰ ਕਾਕੇਸ਼ੀਆ ਵਿਖੇ ਹਨੀਮੂਨ ਮਨਾਉਣ ਲਈ ਗਿਆ ਦਸ ਸਾਲ ਉਥੇ ਹੀ ਟਿਕਿਆ ਰਿਹਾ। ਉਸ ਨੂੰ ਐਲਫ਼ਰੈਡ ਨੋਬਲ ਵੱਲੋਂ ਸੰਪੂਰਨ ਮੁਆਫ਼ੀ ਹੋਰ ਵੀ ਕਈ ਸਾਲ ਉਡੀਕਣੀ ਪਈ।ਗਿਆਰਾਂ ਸਾਲਾਂ ਵਿੱਚ ਉਹਨਾਂ ਨੇ ਇੱਕ ਦਰਜਨ ਖ਼ਤ ਵੀ ਸਾਂਝੇ ਨਾ ਕੀਤੇ।

1950 ਵਿੱਚ ਐਲਫ਼ਰੈਂਡ ਨੋਬਲ ਦੇ ਇੱਕ ਹੋਰ ਗੰਭੀਰ ਰੋਮਾਂਸ ਦਾ ਪਤਾ ਲੱਗਾ। ਵੀਆਨਾ ਦੀ ਇੱਕ ਦੁਕਾਨ-ਵਿਕਰੇਤਾ ਕੁੜੀ ਸੋਫ਼ੀਆ ਹੈਸ ਨਾਲ ਉਸ ਦਾ ਇਸ਼ਕ, ਜਦੋਂ ਉਹ ਆਪ ਤਰਤਾਲੀ ਸਾਲਾਂ ਦਾ ਸੀ, 1876 ਤੋਂ ਅਠਾਰਾਂ ਸਾਲ ਤੱਕ ਚਲਦਾ ਰਿਹਾ। ਇਸ ਦਾ ਸੰਸਾਰ ਨੂੰ ਤਦ ਹੀ ਪਤਾ ਲੱਗਾ, ਜਦੋਂ ਨੋਬੇਲ ਸੰਸਥਾ ਨੇ ਸਟਾਕਹਾਮ ਵਿਖੇ ਐਲਫ਼ਰੈਂਡ ਵੱਲੋਂ ਹੈਸ ਨੂੰ ਲਿਖੇ ਗਏ 216 ਖ਼ਤਾਂ ਦਾ ਇਨਸ਼ਾਫ਼ ਕੀਤਾ। ਇਸ ਮੁਆਸ਼ਕੇ ਦਾ ਅੰਤ ਹੈਸ ਦੇ ਇੱਕ ਘੋੜ-ਸਵਾਰ ਵੱਲੋਂ ਇੱਕ ਨਾਜਾਇਜ਼ ਬੱਚੇ ਨੂੰ ਜਨਮ ਦੇਣ ਨਾਲ ਹੋਇਆ, ਜਿਸ ਨਾਲ ਉਸ ਨੇ ਮਗਰੋਂ ਸ਼ਾਦੀ ਕਰਵਾ ਲਈ।

ਬਰਥਾ ਤੇ ਆਰਥਰ ਨੇ ਕਾਕੇਸ਼ੀਆ ਵਿੱਚ ਆਪਣਾ ਬਹੁਤ ਸਮਾਂ ਸਫ਼ਰਨਾਮਾ ਪੁਸਤਕਾਂ ਲਿਖਣ ਵਿਚ ਬਿਤਾਇਆ, ਜਿਹੜੀਆਂ ਖ਼ੂਬ ਵਿਕੀਆਂ। ਇਸ ਲਈ ਉਹਨਾਂ ਨੇ ਵੀਆਨਾ ਤੇ ਪੈਰਿਸ ਦੇ ਸੱਭਿਅਕ ਸੰਸਾਰ ਵਿੱਚ ਪਰਤ ਆਉਣ ਦਾ ਫ਼ੈਸਲਾ ਕੀਤਾ। ਪੈਰਿਸ ਵਿਖੇ ਨੋਬੇਲ ਉਹਨਾਂ ਦਾ ਮੇਜ਼ਬਾਨ ਰਿਹਾ ਅਤੇ ਉਹਨਾਂ ਨੂੰ ਉਥੋਂ ਦੀਆਂ ਅਨੇਕਾਂ ਸਾਹਿਤਕ ਸੰਸਥਾਵਾਂ ਤੇ ਮਹਿਫ਼ਲਾਂ ਵੱਲੋਂ ਨਿਮੰਤ੍ਰਿਤ ਕਰਵਾਇਆ। ਉਹਨਾਂ ਦੀ ਗੱਲਬਾਤ ਦਾ ਵਿਸ਼ਾ ਸਦਾ ਜੰਗ ਰਹਿੰਦਾ, ਇਸ ਲਈ ਬਰਥਾ ਨੇ ਇੱਕ ਨਾਵਲ ਰਾਹੀਂ ਸ਼ਾਂਤੀ ਲਈ ਸੰਗਰਾਮ ਕਰਨ ਦਾ ਫ਼ੈਸਲਾ ਕੀਤਾ। ਉਸ ਦੇ ਇਸ ਨਾਵਲ ਨੇ ਸਾਰੇ ਯੂਰਪ ਵਿੱਚ ਤਰਥੱਲੀ ਮਚਾ ਦਿੱਤੀ। ਜਰਮਨੀ ਵਿੱਚ ਇਸ ਦਾ ਨਾਂਅ ਸੀ 'ਡਾਈ ਵੇਫ਼ਨ ਲੀਡਰ', ਅੰਗਰੇਜ਼ੀ ਵਿੱਚ 'ਲੇ ਡਾਊਨ ਆਰਮਜ਼' ਅਥਵਾ ਹਥਿਆਰ ਸੁੱਟ ਦਿਓ।

ਛੇਤੀ ਹੀ ਉਹ ਅਮਨ-ਸੰਸਥਾਵਾਂ ਦੀ ਚਰਚਾ ਦਾ ਕੇਂਦਰ ਬਣ ਗਈ ਅਤੇ ਉਸ ਨੇ ਸੰਸਾਰ ਦੀ ਤੀਜੀ ਸ਼ਾਂਤੀ ਕਾਨਫ਼ਰੰਸ ਵਿੱਚ ਆਸਟਰੀਅਨ ਡੈਲੇਗੇਸ਼ਨ ਦੀ ਪ੍ਰਧਾਨ ਵਜੋਂ ਭਾਗ ਲਿਆ। ਉਸ ਨੇ ਐਲਫ਼ਰੈਂਡ ਵੱਲ ਗੰਭੀਰਤਾ ਨਾਲ਼ ਧਿਆਨ ਦਿੱਤਾ ਅਤੇ ਉਸ ਨੂੰ ਬਰਨ ਵਿਖੇ ਚੌਥੀ ਕਾਨਫ਼ਰੰਸ ਵਿੱਚ ਸ਼ਾਮਲ ਹੋਣ ਲਈ ਮਨਾ ਲਿਆ, ਜਿਸ ਵਿੱਚ ਉਸ ਨੇ ਗੁਪਤ ਰੂਪ ਵਿੱਚ ਭਾਗ ਲਿਆ। ਉਥੇ ਉਹਨਾਂ ਇੱਕ ਹਫ਼ਤਾ ਦਲੀਲਾਂ ਘੜਦਿਆਂ ਵਿਚਾਰ-ਵਟਾਂਦਰਾ ਕਰਦਿਆਂ ਅਤੇ ਚੀਰਫਾੜ ਕਰਦਿਆਂ ਇਕੱਠਿਆਂ ਬਿਤਾਇਆ। ਜੰਗ ਦੀ ਭਿਆਨਕਤਾ ਦੇ ਖ਼ਾਤਮੇ ਲਈ ਵਿਧੀਆਂ ਲੱਭਣ ਲਈ ਭਾਵੇਂ ਬਰਥਾ ਉਸ ਨੂੰ ਤਿਆਰ ਕਰ ਸਕੀ, ਫਿਰ ਵੀ ਉਸ ਨੇ ਉਸ ਕੋਲੋਂ ਉਸ ਦਾ ਉਹ ਸਿਧਾਂਤ ਰੱਦ ਕਰਵਾ ਲਿਆ ਕਿ ਜੰਗ ਨੂੰ ਮਨੁੱਖਤਾ ਦੀ ਸੰਪੂਰਨ ਤਬਾਹੀ ਵਾਲਾ ਹਥਿਆਰ ਸਿਰਜ ਕੇ ਹੀ ਜੰਗਾਂ ਨੂੰ ਅਸੰਭਵ ਬਣਾਇਆ ਜਾ ਸਕਦਾ ਹੈ। ਜਦੋਂ ਉਹ ਸਵਿਟਜ਼ਰਲੈਂਡ ਵਿੱਚੋਂ ਵਿੱਛੜੇ ਤਾਂ ਬਰਥਾ ਨੇ ਉਸ ਕੋਲ਼ੋਂ ਅਮਨ-ਸ਼ਾਂਤੀ ਦੀ ਮਹਾਨ ਤਹਿਰੀਕ ਲਈ ਕੁਝ ਕਰਨ ਦਾ ਵਾਅਦਾ ਕਰਵਾ ਲਿਆ ਸੀ। 7 ਜਨਵਰੀ, 1893 ਨੂੰ ਨੋਬੇਲ ਨੇ ਬਰਥਾ ਨੂੰ ਲਿਖਿਆ : ਮੈਂ ਆਪਣੀ ਦੌਲਤ ਦਾ ਕੁਝ ਭਾਗ ਪੰਜ ਸਾਲਾਂ ਵਿਚ ਇੱਕ ਵਾਰੀ ਸ਼ਾਂਤੀ-ਪੁਰਸਕਾਰ ਦਿੱਤੇ ਜਾਣ ਲਈ ਰਾਖਵਾਂ ਕਰ ਦੇਣਾ ਚਾਹੁੰਦਾ ਹਾਂ, ਇਹ ਉਸ ਮਰਦ ਜਾਂ ਔਰਤ ਨੂੰ ਦਿੱਤਾ ਜਾਇਆ ਕਰੇਗਾ, ਜਿਸ ਨੇ ਯੂਰਪ ਵਿੱਚ ਅਮਨ-ਸ਼ਾਂਤੀ ਦੀ ਸਥਾਪਨਾ ਲਈ ਸਭ ਤੋਂ ਵੱਧ ਕੰਮ ਕੀਤਾ ਹੋਵੇਗਾ।

ਸ਼ਾਂਤੀ-ਪੁਰਸਕਾਰ ਸੰਬੰਧੀ ਇਹ ਪਹਿਲਾ ਹਵਾਲਾ ਹੈ। ਨਵੰਬਰ, 1895 ਵਿੱਚ ਨੋਬਲ ਨੇ ਆਪਣੀ ਅੰਤਮ ਵਸੀਅਤ ਉਤੇ ਹਸਤਾਖਰ ਕੀਤੇ, ਜਿਸ ਵਿੱਚ ਪੁਰਸਕਾਰ ਲਈ ਹੋਰ ਕਦਮ ਅੱਗੇ ਪੁੱਟਿਆ ਗਿਆ ਸੀ। ਇਸ ਵਿੱਚ ਫ਼ੈਸਲਾ ਕੀਤਾ ਗਿਆ ਸੀ "ਪੁਰਸਕਾਰ ਉਸ ਵਿਅਕਤੀ ਨੂੰ ਦਿੱਤਾ ਜਾਇਆ ਕਰੇਗਾ, ਜਿਸ ਨੇ ਕੌਮਾਂ ਵਿਚਕਾਰ ਮਿੱਤਰਤਾ ਦੀ ਸਥਾਪਨਾ ਲਈ ਪ੍ਰਭਾਵਸ਼ਾਲੀ ਕੰਮ ਕੀਤਾ ਹੋਵੇਗਾ ਅਤੇ ਫ਼ੌਜਾਂ ਦੀ ਛਾਂਟੀ ਜਾਂ ਘਟਾਉਣ ਦੇ ਉਪਰਾਲੇ ਕੀਤੇ ਹੋਣਗੇ ਅਤੇ ਨਾਲ ਹੀ ਅਮਨ-ਕਾਨਫ਼ਰੰਸਾਂ ਦੇ ਸੰਗਠਨ ਤੇ ਲੋਕ-ਪ੍ਰਿਯ ਬਣਾਉਣ ਵਿੱਚ ਉੱਘਾ ਯੋਗਦਾਨ ਪਾਇਆ ਹੋਵੇਗਾ।

ਇਹੀ ਫ਼ਾਰਮੂਲਾ ਉਸ ਦੀ ਮੌਤ ਮਗਰੋਂ ਇਸ ਨੋਬੇਲ ਅਮਨ-ਪੁਰਸਕਾਰ ਦਾ ਮੂਲ ਸਿਧਾਂਤ ਬਣਿਆ। 1895 ਵਿੱਚ ਉਹ ਸਵੀਡਨ ਪਰਤ ਆਇਆ, ਜਿੱਥੇ ਉਸ ਨੇ ਇੱਕ ਨਾਟਕ ਲਿਖਿਆ, ਪਰ ਉਹ ਏਨਾ ਘਟੀਆ ਸੀ ਕਿ ਉਸ ਦਾ ਕਿਸੇ ਨੇ ਵੀ ਮੰਚਨ ਨਾ ਕੀਤਾ ਤੇ ਨਾ ਹੀ ਕਿਸੇ ਇਸ ਨੂੰ ਪ੍ਰਕਾਸ਼ਿਤ ਕੀਤਾ। ਉਸ ਨੇ ਇਸ ਨੂੰ ਪੈਰਿਸ ਵਿੱਚ ਛਪਵਾਇਆ, ਪਰ ਪ੍ਰੈੱਸ ਤੋਂ ਇਸ ਦੇ ਬਾਹਰ ਆਉਣ ਤੋਂ ਪਹਿਲਾਂ ਹੀ ਉਸ ਦੇ ਖ਼ਾਨਸਾਮੇ ਨੇ ਵੇਖਿਆ ਕਿ ਉਸ ਦਾ ਅਰਬ-ਪਤੀ ਮਾਲਕ ਆਪਣੀ ਮੇਜ਼ ਉਤੇ ਮਰਿਆ ਪਿਆ ਸੀ। ਇਹ ਘਟਨਾ 10 ਦਸੰਬਰ, 1896 ਦੀ ਹੈ, ਜਦੋਂ ਉਹ 63 ਸਾਲਾਂ ਦਾ ਸੀ। ਉਸ ਦੇ ਮੇਜ਼ ਦੇ ਦਰਾਜ਼ਾਂ ਵਿੱਚ ਕਾਗ਼ਜ਼ਾਂ ਦੇ ਢੇਰ ਵਿੱਚ ਜੰਗ ਦੇ ਨਵੇਂ ਹਥਿਆਰਾਂ ਦੇ ਡੀਜ਼ਾਈਨ, ਉਸ ਦੀ ਅੰਤਿਮ ਵਸੀਹਤ ਅਤੇ ਸ਼ਾਂਤੀ ਸਿਧਾਂਤ ਪਏ ਸਨ।

**ਉਸ ਦੀ ਸ਼ਖ਼ਸੀਅਤ ਬਾਰੇ ਕੁਝ ਹੋਰ ਵੇਰਵੇ ਵੀ ਮਿਲਦੇ ਹਨ:**

ਖ਼ਾਲੀ ਹੱਥੀਂ ਸ਼ੁਰੂ ਹੋਇਆ ਐਫ਼ਡਰੈਬ ਨੋਬੇਲ ਇਉਂ ਤੇਜ਼ੀ ਨਾਲ਼ ਬਹੁਤ ਹੀ ਧਨਾਢ ਵਿਅਕਤੀ ਬਣਿਆ, ਪਰ ਉਸ ਨੂੰ ਖ਼ੁਸ਼ੀ ਕਦੇ ਵੀ ਨਸੀਬ ਨਾ ਹੋਈ ਅਤੇ ਉਸ ਦੇ ਦੂਜੇ ਲੋਕਾਂ ਨਾਲ ਸੰਪਰਕਾਂ ਦਾ ਤਜਰਬਾ ਨਿਰਾਸ਼ਾਜਨਕ ਰਿਹਾ। ਸੁਭਾਅ ਪੱਖੋਂ ਉਹ ਵਿਸ਼ਾਦ-ਗ੍ਰਸਤ, ਦਿਲਗੀਰ, ਸੁਪਨੇਸਾਜ਼ ਅਤੇ ਇਕਾਂਤ-ਪਸੰਦ ਵਿਅਕਤੀ ਸੀ। ਕਦੇ ਉਹ ਅਜਿਹਾ ਅਲੋਪ ਹੁੰਦਾ ਕਿ ਕਿਸੇ ਨੂੰ ਵੀ ਉਸ ਦਾ ਥਹੁ-ਪਤਾ ਨਾ ਮਿਲਦਾ। ਜਦੋਂ ਉਸ ਨੂੰ ਕੌੜ ਚੜ੍ਹਦੀ ਤਾਂ ਉਸ ਨੂੰ ਇਕੱਲ ਦੀ ਲੋੜ ਪ੍ਰਤੀਤ ਹੁੰਦੀ। ਉਹ ਬਿਰਛਾਂ, ਝਾੜੀਆਂ ਅਤੇ ਖ਼ਾਮੋਸ਼ ਮਿੱਤਰਾਂ ਵਿਚਕਾਰ ਵਿਚਰਨਾ ਲੋੜਦਾ, ਜਿਹੜੇ ਉਸ ਦੇ ਸੁਭਾਅ ਤੇ ਨਸਾਂ ਦਾ ਸਤਿਕਾਰ ਕਰਦੇ ਸਨ ਅਤੇ ਜਦ ਵੀ ਉਸ ਨੂੰ ਮੌਕਾ ਮਿਲਦਾ, ਉਹ ਵੱਡੇ ਸ਼ਹਿਰਾਂ ਅਤੇ ਮਾਰੂਥਲਾਂ ਤੋਂ ਦੂਰ ਭੱਜ ਜਾਂਦਾ। ਸਮਾਜਿਕ ਤੌਰ 'ਤੇ ਉਸ ਨੂੰ ਕਦੇ ਵੀ ਸਫਲਤਾ ਨਾ ਮਿਲੀ, ਭਾਵੇਂ ਉਸ ਦੇ ਖ਼ਤਾਂ ਤੋਂ ਉਸ ਦੇ ਪ੍ਰਤਿਭਾਵਾਨ ਹੋਣ ਦਾ ਪ੍ਰਮਾਣ ਮਿਲਦਾ ਹੈ। ਉਹ ਸੁਭਾਵਿਕ ਹੀ ਬੜਾ ਹਾਜ਼ਰ-ਜਵਾਬ ਸੀ ਅਤੇ ਸਵੈਡ ਵਾਂਗ ਜਰਮਨ, ਅੰਗਰੇਜ਼ੀ ਤੇ ਫ਼ਰਾਂਸੀਸੀ ਭਾਸ਼ਾਵਾਂ ਰਵਾਨੀ ਨਾਲ ਬੋਲ ਸਕਦਾ ਸੀ। ਫਿਰ ਵੀ ਪੈਰਿਸ ਵਰਗੇ ਰੰਗੀਨ ਮਹਾਂ-ਨਗਰ ਵਿੱਚ ਉਸ ਦੇ ਕੋਈ ਮਿੱਤਰ ਨਹੀਂ ਸਨ। ਉਸ ਦਾ ਬਹੁਤਾ ਸਮਾਂ ਪ੍ਰਯੋਗਸ਼ਾਲਾ ਵਿੱਚ ਬੀਤਦਾ ਅਤੇ ਆਪਣੇ ਮੌਲਿਕ ਪ੍ਰਯੋਗਾਂ ਵਿੱਚ ਏਨਾ ਖੁੱਭ ਜਾਂਦਾ ਕਿ ਉਸ ਨੂੰ ਅਕਸਰ ਆਪਣਾ ਖਾਣਾ ਵੀ ਭੁੱਲ ਜਾਂਦਾਸ਼ ਪਰ ਉਹ ਕੰਮ ਦਾ ਗ਼ੁਲਾਮ ਹੀ ਨਹੀਂ ਸੀ, ਜਦੋਂ ਉਸ ਨੂੰ ਕੋਈ ਮਨਭਾਉਂਦੀ ਰਹ ਮਿਲ ਜਾਂਦੀ ਤਾਂ ਉਹ ਬੜਾ ਸਖ਼ੀ, ਮਿਲਣਸਾਰ, ਹਾਜ਼ਰ-ਜੁਆਬ ਅਤੇ ਹੰਢਿਆ-ਵਰਤਿਆ ਸਿੱਧ ਹੁੰਦਾ। ਉਸ ਦੇ ਤਰਤਾਲੀਵੇਂ ਸਾਲ ਵਿੱਚ ਉਸ ਦੀ ਦਿਖ ਬਾਰੇ ਬਰਥਾ ਨੇ ਲਿਖਿਆ ਹੈ। ਸਕੱਤਰ ਲਾਉਣ ਲਈ ਦਿੱਤੇ ਇਸ਼ਤਿਹਾਰ ਵਿੱਚ ਉਸ ਨੇ ਆਪਣੇ ਆਪ ਨੂੰ 'ਇੱਕ ਵਡੇਰੀ ਉਮਰ ਦਾ ਭੱਦਰਪੁਰਸ਼' ਲਿਖਿਆ ਸੀ, ਜਿਸ ਤੋਂ ਬਰਥਾ ਨੇ ਇੱਕ ਧੌਲ਼-ਦਾਹੜੀਏ ਕਰਾਹੁਦੇ ਬੁੱਢੇ ਦੀ ਕਲਪਨਾ ਕੀਤੀ, ਪਰ ਅਜਿਹੀ ਗੱਲ ਨਹੀਂ ਸੀ। ਉਹ ਕਾਲ਼ੀ ਦਾਹੜੀ ਵਾਲਾ ਰਤਾ ਕੁ ਸਮੱਧਰ, ਨਾ ਕੋਝਾ ਨਾ ਸੋਹਣਾ, ਕੁਝ ਉਦਾਸ ਜਿਹਾ ਵਿਅਕਤੀ ਸੀ। ਉਸ ਦੀਆਂ ਨੀਲੀਆਂ ਅੱਖਾਂ ਪ੍ਰਭਾਵਸ਼ਾਲੀ ਸਨ। ਉਸ ਦੀ ਆਵਾਜ਼ ਕਦੇ ਨਿਰਾਸ਼ਾਜਨਕ ਹੋ ਜਾਂਦੀ ਅਤੇ ਕਦੇ ਵਿਅੰਗਾਤਮਿਕ। ਉਹ ਬਰਥਾ ਨੂੰ ਉਸ ਦੇ ਵਿਸ਼ਰਾਮੀ ਹੋਟਲ ਵਿੱਚ ਮਿਲਿਆ, ਖ਼ਤਾਂ ਲਈ ਧੰਨਵਾਦ ਕੀਤਾ ਅਤੇ ਛੇਤੀ ਹੀ ਉਹ ਏਨੇ ਘੁੰਮ ਗਏ ਕਿ ਜਿਵੇਂ ਉਹ ਅਜਨਬੀ ਹੋਣ ਹੀ ਨਾ। ਆਸ ਦੀ ਲੋਅ ਜਗੀ ਤੇ ਫੇਰ ਜਿਵੇਂ ਬੁਝੀ, ਉਸ ਬਾਰੇ ਅਸੀਂ ਪਿੱਛੇ ਲਿਖ ਹੀ ਆਏ ਹਾਂ। ਉਸ ਨੂੰ ਕਦੇ ਵੀ 'ਮਨ ਦਾ ਮੀਤ' ਨਾ ਮਿਲਿਆ। ਦੌਲਤ ਬੜੀ ਚੀਜ਼ ਹੈ, ਫਿਰ ਵੀ ਇਹ ਮੁਹੱਬਤ ਤੇ ਸਿਦਕ ਨਹੀਂ ਵਿਹਾਜ ਸਕਦੀ। ਮਨ-ਇਛਿੱਤ ਸੰਪੂਰਨ ਸਮਰਪਤ ਮੁਹੱਬਤ ਨਸੀਬਾਂ ਦੀ ਗੱਲ ਹੈ।

ਧਨੀ ਹੋਣ ਕਰਕੇ ਲੋਕ ਉਸ ਨੂੰ ਉਸ ਦੀ ਆਤਮ-ਕਥਾ ਤੇ ਫੋਟੋਗਰਾਫ਼ ਦੇਣ ਲਈ ਅਕਸਰ ਕਹਿੰਦੇ, ਪਰ ਅਜਿਹੀਆਂ ਬੇਨਤੀਆਂ ਨੂੰ ਉਹ ਸਖ਼ਤੀ ਨਾਲ਼ ਰੱਦ ਕਰ ਦਿੰਦਾ। ਉਸ ਨੇ ਤਾਂ ਆਪਣਾ ਚਿੱਤਰ ਵੀ ਨਾ ਤਿਆਰ ਕਰਵਾਇਆ। ਜਿਹੜਾ ਪੋਰਟਰੇਟ ਮਿਲਦਾ ਹੈ ਅਤੇ ਇਥੇ ਪ੍ਰਕਾਸ਼ਿਤ ਕੀਤਾ ਹੈ, ਉਹ ਤਾਂ ਉਸ ਦੀ ਮੌਤ ਤੋਂ ਮਗਰੋਂ ਦਾ ਹੈ। ਅਸਲ ਵਿੱਚ ਉਸ ਨੂੰ ਦਿਖਾਵੇ ਦਾ ਉੱਕਾ ਹੀ ਘੁਮੰਡ ਨਹੀਂ ਸੀ, ਉਹ ਸ਼ੇਖੀਬਾਜ਼ ਤੇ ਲਕੌੜੀ ਨਹੀਂ ਸੀ। 'ਛੁਪੇ ਰਹਿਣ ਦੀ ਚਾਹ ਤੇ ਛੁਪ ਟੁਰ ਜਾਣ ਦੀ। ਉਸ ਉਤੇ ਸਹੀ ਤੌਰ 'ਤੇ ਲਾਗੂ ਹੁੰਦੀ ਹੈ।

ਉਹ ਇੱਕ ਤਨਹਾ ਆਦਮੀ ਸੀ ਅਤੇ ਆਪਣੇ ਸੰਵੇਦਨੀ ਸੁਭਾਅ ਕਾਰਨ ਉਹ ਘਰਹੀਣਤਾ ਦੀ ਬਦਕਿਸਮਤੀ ਦਾ ਸਦਾ ਹੀ ਭਾਗੀ ਰਿਹਾ। ਉਸ ਨੂੰ ਸਵੈਂਡ ਹੋਣ ਦਾ ਸਦਾ ਹੀ ਫ਼ਖ਼ਰ ਰਿਹਾ, ਪਰ ਨੌਵੇਂ ਸਾਲ ਵਿੱਚ ਉਸ ਨੂੰ ਆਪਣਾ ਵਤਨ ਛੱਡਣਾ ਪਿਆ ਅਤੇ ਮਗਰੋਂ ਉਹ ਆਰਜ਼ੀ ਤੌਰ 'ਤੇ ਹੀ ਦੇਸ਼ ਪਰਤਿਆ। ਉਹ ਕਿਤੇ ਵੀ ਸਥਾਪਤ ਨਾ ਹੋ ਸਕਿਆ। ਸੇਂਟ ਪੀਟਰਸਬਰਗ ਵਾਲ਼ਾ ਪਰਵਾਰਕ ਘਰ 1859 ਵਿੱਚ ਭੰਗ ਹੋ ਗਿਆ।

**ਅਲਫਰੈੱਡ ਨੋਬੇਲ ਜੀਵਨ-ਪ੍ਰੀਚੇ**

ਜਦੋਂ ਉਸ ਦੀਆਂ ਵਿਸ਼ਵ-ਵਿਆਪੀ ਉਦਯੋਗਿਕ ਸਰਗਰਮੀਆਂ ਸ਼ੁਰੂ ਹੋਈਆਂ ਤਾਂ ਉਸ ਨੇ ਹਮਬਰਗ ਲਾਗੇ ਕਰਮੱਲ ਵਿਖੇ ਰਿਹਾਇਸ਼ ਰੱਖੀ, ਪਰ ਉੱਥੇ ਲੈਬਾਰਟਰੀ ਤੋਂ ਵੱਧ ਕੁਝ ਨਹੀਂ ਸੀ। ਉਸ ਦਾ ਬਹੁਤਾ ਸਮਾਂ ਰੇਲ-ਗੱਡੀਆਂ, ਸਟੀਮ-ਜਹਾਜ਼ਾਂ ਦੇ ਕੈਬਨਾਂ ਅਤੇ ਹੋਟਲਾਂ ਵਿੱਚ ਹੀ ਬੀਤਿਆ। 1875 ਵਿੱਚ ਉਸ ਨੇ ਪੈਰਿਸ ਵਿੱਚ ਇੱਕ ਮਕਾਨ ਖ਼ਰੀਦਿਆ, ਪਰ ਪ੍ਰਯੋਗਸ਼ਾਲਾ ਲਈ ਛੋਟਾ ਰਹਿ ਜਾਣ ਕਰਕੇ ਰਾਜਧਾਨੀ ਦੀ ਫਿਰਨੀ ਉਤੇ ਜੈਵਰਨ ਵਿਖੇ ਇੱਕ ਨਵਾਂ ਘਰ ਬਣਾਇਆ, ਪਰ ਇੱਥੇ ਵੀ ਟਿਕ ਨਾ ਸਕਿਆ। 1890 ਵਿੱਚ ਉਹ ਇਟਲੀ ਚਲਾ ਗਿਆ, ਜਿੱਥੇ ਉਸ ਨੇ ਸਾਨ ਰੇਮੋਂ ਵਿਖੇ 'ਮੀਉ ਨੀਡ' ਨਾਂਅ ਦਾ ਇੱਕ ਵਿਲਾ ਖ਼ਰੀਦਿਆ। ਅੰਤਿਮ ਦਿਨਾਂ ਵਿੱਚ ਇਹ ਗੱਲ ਸਾਹਮਣੇ ਆਈ ਕਿ ਉਹ ਚੰਗੇ ਮੌਸਮ ਵਿੱਚ ਰਹਿਣ ਲਈ ਸਵੀਡਨ ਵਿੱਚ ਘਰ ਬਣਾਉਣਾ ਚਾਹੁੰਦਾ ਸੀ, ਜਿੱਥੇ ਉਹ ਆਪਣੇ ਅੰਤਿਮ ਦਿਨ ਗੁਜ਼ਾਰ ਸਕੇ। 'ਬੋਫ਼ਰਜ਼' ਵਿਖੇ ਉਸ ਨੇ ਆਪਣਾ ਘਰ ਬਣਾ ਲਿਆ, ਪਰ ਉਥੇ ਰਹਿਣ ਦੀ ਯੋਜਨਾ ਨੇਪਰੇ ਨਾ ਚੜ੍ਹ ਸਕੀ। ਉਸ ਦੀ ਮੌਤ 10 ਦਸੰਬਰ, 1896 ਨੂੰ ਉਸ ਦੇ ਇਟਾਲੀਅਨ ਘਰ 'ਮੀਉ ਨੀਡ' ਵਿਖੇ ਹੋਈ ਸੀ। ਇਉਂ ਉਸ ਨੇ ਸੱਚਮੁੱਚ ਹੀ ਇੱਕ 'ਖ਼ਾਨਾ ਬਦੋਸ਼' ਵਾਲਾ ਜੀਵਨ ਬਤੀਤ ਕੀਤਾ।

ਉਸ ਨੂੰ ਹਰੇਕ ਦੇਸ਼ ਵਿਚਲਾ ਆਪਣਾ ਥੋੜ੍ਹਾ ਜਾਂ ਬਹੁਤਾ ਨਿਵਾਸ 'ਖ਼ਾਨਾਬਦੋਸ਼ੀ ਹੀ ਮਹਿਸੂਸ ਹੁੰਦਾ ਰਿਹਾ। ਭਾਵੇਂ ਸਿਧਾਂਤਕ ਤੌਰ 'ਤੇ 'ਮਹਾਂ-ਨਗਰੀਆ' ਸੀ, ਪਰ ਤਨੋਂ-ਮਨੋਂ ਉਹ ਸਵੈਡ ਹੀ ਰਿਹਾ, ਜਿਸ ਦਾ ਪ੍ਰਗਟਾਵਾ ਉਸ ਨੇ ਆਪਣੀ ਵਸੀਹਤ ਵਿੱਚ ਵੀ ਕੀਤਾ ਹੈ। ਇਸ ਦਾ ਉਸ ਦੀ ਅਟੁੱਟ ਪਰਵਾਰਕ ਸੁਹਿਰਦਤਾ ਨਾਲ ਸੰਬੰਧ ਹੈ। ਉਸ ਵਰਗੇ ਆਗਿਆਕਾਰ ਤੇ ਮਾਂ-ਭਗਤ ਪੁੱਤਰ ਘੱਟ ਹੀ ਹੁੰਦੇ ਹਨ। ਉਹ ਆਪਣੀ ਮਾਂ ਦੀ ਪੂਜਾ ਕਰਦਾ ਸੀ ਤੇ ਹਰ ਸਾਲ ਬੁੱਢੀ ਮਾਂ ਦੀ ਪ੍ਰਸੰਨਤਾ ਦੀ ਖ਼ਾਤਰ ਉਸ ਦੇ ਜਨਮ-ਦਿਨ ਉੱਤੇ ਸਟਾਕਹਾਮ ਜ਼ਰੂਰ ਪੁੱਜਿਆ ਕਰਦਾ ਸੀ। ਉਹ ਆਪਣੀ ਮਾਂ ਦੇ ਸਾਰੇ ਦਿਲੀ ਪਰੀਚਕਾਂ ਨੂੰ ਖ਼ਤ ਅਤੇ ਸ਼ਮਸ ਦੇ ਉਪਹਾਰ ਭੇਜਿਆ ਕਰਦਾ। ਪੁੱਤਰ ਦੀ ਸਖ਼ਾਵਤ ਕਾਰਨ ਹੀ ਬੁੱਢੀ ਮਾਂ ਮਰਨ ਸਮੇਂ ਇੱਕ ਧਨਾਢ ਔਰਤ ਸੀ। ਉਸ ਨੇ ਆਪਣੀ ਮਾਂ ਦੀ ਵਰਾਸਤ ਚੰਦਿਆਂ, ਰਿਸ਼ਤੇਦਾਰਾਂ ਤੇ ਮਿੱਤਰਾਂ ਨੂੰ ਉਪਹਾਰਾਂ ਦੇ ਰੂਪ ਵਿੱਚ ਵੰਡ ਦਿੱਤੀ।

ਉਹ ਅਦੁੱਤੀ ਦਾਨੀ ਤੇ ਸਖ਼ੀ ਸੀ, ਆਪਣੇ ਸਮਿਆਂ ਦਾ 'ਹਾਤਮ ਤਾਈ'। ਕਦੇ-ਕਦੇ ਉਸ ਦੇ ਦਾਨ ਉਸ ਦੀ ਆਮਦਨੀ ਦੀਆਂ ਹੱਦਾਂ ਵੀ ਟੱਪ ਜਾਂਦੇ। ਉਸ ਨੂੰ ਪੁੱਜੇ ਦਾਨ-ਮੰਗ ਪੱਤਰ ਹੀ ਕਈ ਪੁਸਤਕਾਂ ਜਿੰਨੀ ਸਮੱਗਰੀ ਦੱਸੇ ਜਾਂਦੇ ਹਨ। ਕਈ ਵਾਰ ਤਾਂ ਉਹ ਅੱਕ ਕੇ ਨਾਂਹ ਕਰ ਜਾਂਦਾ ਸੀ, ਪਰ ਅਸਲ ਲੋੜਵੰਦਾਂ ਤੇ ਵਿਗਿਆਨਕ ਪ੍ਰਾਜੈਕਟਾਂ ਲਈ ਉਹ ਕਦੇ ਨਾਂਹ ਨਾ ਕਰਦਾ। ਕਿਸੇ ਸਮਾਰਕ, ਬੁੱਤ ਜਾਂ ਜਸ਼ਨ ਬਾਰੇ ਉਸ ਦਾ ਵਤੀਰਾ ਨਾਂਹ-ਪੱਖੀ ਹੀ ਹੁੰਦਾ। ਉਸ ਨੇ ਲਿਖਿਆ ਹੈ ਕਿ ਮਰਿਆਂ ਦੀਆਂ ਯਾਦਾਂ ਉਸਾਰਨ ਨਾਲ ਮੈਂ ਭੁੱਖੇ-ਢਿੱਡ ਭਰਨ ਨੂੰ ਤਰਜੀਹ ਦਿੰਦਾ ਹਾਂ। ਉਸ ਦੀ ਸਖ਼ਾਵਤ ਦਾ ਇੱਕ ਕਾਰਨ ਉਸ ਦਾ ਧਾਰਮਿਕ ਦ੍ਰਿਸ਼ਟੀਕੋਣ ਵੀ ਸੀ। ਉਹ ਮਨੁੱਖਤਾ ਦੇ ਪਿਆਰ ਨੂੰ ਹੀ ਧਰਮ ਸਮਝਦਾ ਸੀ। ਉਹ ਨਾਸਤਕ ਨਹੀਂ ਸੀ। ਜਵਾਨੀ ਵਿੱਚ ਉਹ ਅੰਗਰੇਜ਼ੀ ਕਵੀ ਸ਼ੈਲੇ ਤੋਂ ਪ੍ਰਭਾਵਤ ਹੋਇਆ।ਉਸ ਦੀ ਫ਼ਿਲਾਸਫ਼ੀ ਉਤੇ ਸ਼ੈਲੇ ਦੀ ਡੂੰਘੀ ਛਾਪ ਲੱਗੀ ਰਹੀ।

**ਸੰਸਾਰ ਦੇ ਨੋਬਲ ਸਾਹਿਤਕਾਰ**

ਉਹ ਤਤਕਾਲੀਨ ਧਾਰਮਿਕ ਮਤਾਂਤਰਾਂ ਅਨੁਸਾਰ ਰੱਬ ਦੀ ਹੋਂਦ ਦਾ ਵਿਸ਼ਵਾਸੀ ਨਹੀਂ ਸੀ, ਕਿਉਂਕਿ ਉਸ ਨੂੰ ਧਰਮਾਂ ਦਾ ਰੱਬ ਕੁਝ ਜ਼ਾਲਮ ਅਤੇ ਅਨਿਆਈ ਸੰਸਾਰ-ਸ਼ਾਸ਼ਕ ਪ੍ਰਤੀਤ ਹੁੰਦਾ ਸੀ, ਜਿਹੜਾ ਸਾਰੇ ਜੰਗਾਂ ਤੇ ਕਤਲਾਂ ਲਈ ਜ਼ਿੰਮੇਵਾਰ ਸੀ, ਪਰ ਉਹ ਮਨੁੱਖ ਦੇ ਵਿਆਪਕ ਪਿਆਰ ਵਾਲੇ ਖ਼ੁਦਾ ਨੂੰ ਮੰਨਦਾ ਸੀ। ਜਵਾਨੀ ਵਿੱਚ ਲਿਖੀਆਂ ਉਸ ਦੀਆਂ ਕਵਿਤਾਵਾਂ ਉਸ ਦੇ ਅਜਿਹੇ ਸ਼ੈਲੀਵਾਦੀ, ਈਸਾਈਅਤ ਅਤੇ ਅਫ਼ਲਾਤੂਨੀ ਦ੍ਰਿਸ਼ਟੀਕੋਨਾਂ ਦਾ ਸੰਗਮ ਹਨ। ਸੰਸਾਰ ਸ਼ਾਂਤੀ ਦਾ ਜਿਹੜਾ ਸੰਕਲਪ ਨੋਬੇਲ ਨੇ ਪ੍ਰਗਟਾਇਆ, ਅੱਜ ਦੇ ਸੰਸਾਰ ਨੇਤਾ ਇਸੇ ਦਾ ਸਮਰਥਨ ਕਰਦੇ ਜਾਂ ਸਮਰਥਨ ਕਰਨ ਦਾ ਦਿਖਾਵਾ ਕਰਨ ਉਤੇ ਮਜਬੂਰ ਹਨ।

ਉਸ ਨੂੰ ਨੋਬਲ ਦੀਆਂ ਮੁੱਖ ਦਿਲਚਸਪੀਆਂ ਸਾਹਿਤਕ ਤੇ ਵਿਗਿਆਨਕ ਸਨ, ਕਾਫ਼ੀ ਹੱਦ ਤੱਕ ਕਾਵਿਕ ਗੁਣਾਂ ਦੀ ਬਖ਼ਸ਼ਿਸ਼ ਸੀ-ਡੂੰਘੀ ਸੰਵੇਦਨਾ ਅਤੇ ਚੋਖੀ ਕਲਪਨਾ ਸ਼ਕਤੀ ਸੀ। ਵੀਹਾਂ ਦਾ ਹੋਣ ਤੋਂ ਪਹਿਲਾਂ ਦੀਆਂ ਲਿਖੀਆਂ ਉਸ ਦੀਆਂ ਕਵਿਤਾਵਾਂ ਚੰਗੇ ਚੋਖੇ ਪੱਧਰ ਦੀਆਂ ਦੱਸੀਆਂ ਗਈਆਂ ਹਨ। ਸ਼ੈਲੇ ਦੇ ਪ੍ਰਭਾਵ ਹੇਠ ਅੰਗਰੇਜ਼ੀ ਵਿੱਚ ਲਿਖੀਆਂ ਉਸ ਦੀਆਂ ਇਹਨਾਂ ਕਵਿਤਾਵਾਂ ਵਿੱਚ ਉਸ ਦੀ ਆਪਣੀ ਨਿੱਜੀ ਛਾਪ, ਉਸ ਦੀ ਦਿਲਗੀਰੀ, ਸੰਵੇਦਨਸ਼ੀਲਤਾ ਅਤੇ ਧਾਰਮਿਕ ਚਿੰਤਨ ਦਾ ਪ੍ਰਗਟਾਵਾ ਮਿਲਦਾ ਹੈ। ਉਸ ਦੀ ਅੰਗਰੇਜ਼ੀ ਦੀ ਮੁਹਾਰਤ ਤੋਂ ਇੱਕ ਅੰਗਰੇਜ਼ ਪਾਦਰੀ ਬੜਾ ਪ੍ਰਭਾਵਤ ਹੋਇਆ। ਉਸ ਨੇ ਲਿਖਿਆ ਸੀ ਕਿ ਜਿਹੜਾ ਆਦਮੀ ਇੱਕ ਵਿਦੇਸ਼ੀ ਭਾਸ਼ਾ ਵਿੱਚ ਏਨਾ ਵਧੀਆ ਲਿਖ ਸਕਦਾ ਹੈ, ਉਹ ਆਪਣੀ ਮਾਂ-ਬੋਲੀ ਵਿੱਚ ਉਸ ਤੋਂ ਵੀ ਵਧੀਆ ਸਿਰਜ ਸਕਦਾ ਹੈ, ਪਰ ਬਹੁ-ਭਾਸ਼ੀ ਹੋਣ ਕਾਰਨ ਹੀ ਉਹ ਲੇਖਕ ਨਾ ਬਣ ਸਕਿਆ। ਅਸਲ ਮੁਹਾਰਤ ਇੱਕ ਦੀ ਭਾਸ਼ਾ ਵਿੱਚ ਪ੍ਰਾਪਤ ਹੋ ਸਕਦੀ ਹੈ। ਵਿਦੇਸ਼ਾਂ ਵਿਚ ਰੁੱਝਿਆ ਰਹਿਣ ਕਰਕੇ ਨੋਬੇਲ ਸਵੈਡ ਭਾਸ਼ਾ ਦੀਆਂ ਲੋੜੀਂਦੀਆਂ ਸਾਹਿਤਕ ਤੇ ਭਾਸ਼ਕ ਬਾਰੀਕੀਆਂ ਨੂੰ ਗ੍ਰਹਿਣ ਨਾ ਕਰ ਸਕਿਆ। ਜਵਾਨੀ ਤੋਂ ਮਗਰੋਂ ਉਸ ਦੇ ਵਿਗਿਆਨਕ ਰੁਝੇਵਿਆਂ ਨੇ ਵੀ ਉਸ ਨੂੰ ਕਵਿਤਾਵਾਂ ਲਿਖਣ ਦੀ ਵਿਹਲ ਨਾ ਦਿੱਤੀ, ਪਰ ਉਸ ਦਾ ਸਕੰਡ ਨੇਵੀਅਨ ਭਾਸ਼ਾਵਾਂ ਵਿੱਚ ਲਿਖੀਦੇ ਸਾਹਿਤ ਨਾਲ ਸੰਬੰਧ ਨਿਰੰਤਰ ਬਣਿਆ ਰਿਹਾ। ਨੋਬਲ ਸਾਹਿਤਕ ਪੁਰਸਕਾਰ ਉਸ ਦੀ ਏਸੇ ਸਾਹਿਤਕ ਮੱਸ ਦਾ ਪ੍ਰਗਟਾਵਾ ਹੈ। ਵਸੀਅਤ ਅਤੇ ਮੌਤ ਕਿੰਨੇ ਹੀ ਦੇਸ਼ਾਂ ਵਿੱਚ ਆਪਣੇ ਵਿਸ਼ਾਲ ਕਾਰਖ਼ਾਨਿਆਂ ਰਾਹੀਂ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ